ਐਤਵਾਰ, 11 ਮਈ, 2025
29 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 340

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 11 MAY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਚਾਰ ਦਿਨਾਂ ਬਾਅਦ ਛੱਡ-ਛਡਾਅ

ਨਵੀਂ ਦਿੱਲੀ : ਭਾਰਤ ਤੇ ਪਾਕਿਸਤਾਨ ਸਨਿੱਚਰਵਾਰ ਸ਼ਾਮੀਂ ਪੰਜ ਵਜੇ ਤੋਂ ਫਾਇਰਿੰਗ ਤੇ ਮਿਲਟਰੀ ਐਕਸ਼ਨ ਰੋਕਣ ਲਈ ਰਾਜ਼ੀ ਹੋ ਗਏ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਦੱਸਿਆ ਕਿ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਅਪ੍ਰੇਸ਼ਨਜ਼ (ਡੀ ਜੀ ਐੱਮ ਓ) ਨੇ ਤਿੰਨ ਵੱਜ ਕੇ 35 ਮਿੰਟ 'ਤੇ ਭਾਰਤ ਦੇ ਡੀ ਜੀ ਐੱਮ ਓ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਦੋਨੋਂ ਰਾਜ਼ੀ ਹੋਏ ਕਿ ਦੋਨੋਂ ਧਿਰਾਂ ਸ਼ਾਮੀਂ ਪੰਜ ਵਜੇ ਤੋਂ ਧਰਤੀ, ਹਵਾ ਤੇ ਸਮੁੰਦਰ ਤੋਂ ਹਰ ਤਰ੍ਹਾਂ ਦੀ ਫਾਇਰਿੰਗ ਤੇ ਮਿਲਟਰੀ ਐਕਸ਼ਨ ਰੋਕ ਦੇਣਗੀਆਂ। ਮਿਸਰੀ ਨੇ ਅੱਗੇ ਦੱਸਿਆ ਕਿ ਦੋਨੋਂ ਜਨਰਲ 12 ਮਈ ਦੀ ਦੁਪਹਿਰ ਫਿਰ ਗੱਲ ਕਰਨਗੇ।

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀ ਦੱਸਿਆ ਕਿ ਦੋਨੋਂ ਦੇਸ਼ ਫਾਇਰਿੰਗ ਤੇ ਮਿਲਟਰੀ ਐਕਸ਼ਨ ਰੋਕਣ ਲਈ ਸਮਝ ਬਣਾਉਣ 'ਤੇ ਰਾਜ਼ੀ ਹੋ ਗਏ ਹਨ। ਉਨ੍ਹਾ ਇਹ ਵੀ ਕਿਹਾ ਕਿ ਭਾਰਤ ਦਹਿਸ਼ਤਗਰਦੀ ਨਾਲ ਸਮਝੌਤਾ ਨਹੀਂ ਕਰੇਗਾ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸ਼ਾਕ ਡਾਰ ਨੇ ਵੀ ਕਿਹਾ ਕਿ ਦੋਨੋਂ ਦੇਸ਼ ਫੌਰੀ ਗੋਲੀਬੰਦੀ ਲਈ ਰਾਜ਼ੀ ਹੋ ਗਏ ਹਨ।

ਦਰਅਸਲ ਸਭ ਤੋਂ ਪਹਿਲਾਂ ਜੰਗਬੰਦੀ ਦਾ ਐਲਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਦਾਅਵਾ ਕਰਦਿਆਂ ਕੀਤਾ ਕਿ ਅਮਰੀਕਾ ਦੀ ਵਿਚੋਲਗੀ ਨਾਲ ਹੋਈ ਗੱਲਬਾਤ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ 'ਪੂਰੀ ਅਤੇ ਤੁਰੰਤ' ਜੰਗਬੰਦੀ ਲਈ ਸਹਿਮਤ ਹੋ ਗਏ ਹਨ। ਜੰਗਬੰਦੀ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਵੱਲੋਂ ਇੱਕ-ਦੂਜੇ ਦੇ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਤੋਂ ਕੁਝ ਘੰਟੇ ਬਾਅਦ ਹੋਈ। ਟਰੰਪ ਨੇ ਟਰੁਥ ਸੋਸ਼ਲ 'ਤੇ ਇੱਕ ਪੋਸਟ ਵਿਚ ਐਲਾਨ ਕੀਤਾ, 'ਅਮਰੀਕਾ ਦੀ ਵਿਚੋਲਗੀ ਨਾਲ ਹੋਈ ਰਾਤ ਭਰ ਦੀ ਗੱਲਬਾਤ ਤੋਂ ਬਾਅਦ ਮੈਨੂੰ ਇਹ ਐਲਾਨ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਪਾਕਿਸਤਾਨ ਪੂਰੀ ਅਤੇ ਤੁਰੰਤ ਜੰਗਬੰਦੀ ਲਈ ਸਹਿਮਤ ਹੋ ਗਏ ਹਨ।' ਟਰੰਪ ਨੇ ਅੱਗੇ ਕਿਹਾ, 'ਯੋਗ ਸਮਝ ਅਤੇ ਮਹਾਨ ਬੁੱਧੀ ਦੀ ਵਰਤੋਂ ਕਰਨ 'ਤੇ ਦੋਵਾਂ ਦੇਸ਼ਾਂ ਨੂੰ ਵਧਾਈਆਂ। ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।'

ਟਰੰਪ ਵੱਲੋਂ ਇਹ ਐਲਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕ ਰੂਬੀਓ ਵੱਲੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਅਤੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨਾਲ ਗੱਲ ਕਰਨ ਤੋਂ ਬਾਅਦ ਆਇਆ। ਰੂਬੀਓ ਨੇ ਵੀ 'ਐੱਕਸ' 'ਤੇ ਇਸੇ ਤਰ੍ਹਾਂ ਦਾ ਬਿਆਨ ਦਿੱਤਾ ਸੀ। ਉਸ ਨੇ ਕਿਹਾ ਸੀ, 'ਪਿਛਲੇ 48 ਘੰਟਿਆਂ ਦੌਰਾਨ ਵੈਂਸ ਅਤੇ ਮੈਂ ਸੀਨੀਅਰ ਭਾਰਤੀ ਅਤੇ ਪਾਕਿਸਤਾਨੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਾਹਬਾਜ਼ ਸ਼ਰੀਫ, ਵਿਦੇਸ਼ ਮੰਤਰੀ ਸੁਬਰਾਮਨੀਅਮ ਜੈਸ਼ੰਕਰ, ਫੌਜ ਮੁਖੀ ਅਸੀਮ ਮੁਨੀਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਅਸੀਮ ਮਲਿਕ ਸ਼ਾਮਲ ਹਨ।' ਉਸ ਨੇ ਕਿਹਾ ਕਿ ਉਸ ਨੂੰ ਇਹ ਐਲਾਨ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੁਰੰਤ ਜੰਗਬੰਦੀ ਲਈ ਸਹਿਮਤ ਹੁੰਦਿਆਂ ਇੱਕ ਨਿਰਪੱਖ ਸਥਾਨ 'ਤੇ ਮੁੱਦਿਆਂ ਦੇ ਇਕ ਵਿਸ਼ਾਲ ਸਮੂਹ 'ਤੇ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋ ਗਈਆਂ ਹਨ ।'



ਸ੍ਰੀਨਗਰ ਦੇ ਲਾਲ ਚੌਕ 'ਚ ਸ਼ਨੀਵਾਰ ਸਵੇਰੇ ਅਮਨ ਦੀ ਦੁਆ ਮੰਗਦੇ ਪਰਿੰਦੇ।

ਭਾਰਤ ਨੇ ਕਿਹਾ ਪਾਕਿਸਤਾਨ ਦੇ ਡੀ ਜੀ ਐੱਮ ਓ ਵੱਲੋਂ ਭਾਰਤ ਦੇ ਡੀ ਜੀ ਐੱਮ ਓ ਨਾਲ ਫੋਨ ਰਾਹੀਂ ਗੱਲਬਾਤ ਕੀਤੀ ਗਈ, ਇਸ ਦੌਰਾਨ ਦੋਵੇਂ ਧਿਰਾਂ ਸ਼ਾਮ ਪੰਜ ਵਜੇ ਤੋਂ ਜੰਗਬੰਦੀ ਲਈ ਸਹਿਮਤ ਹੋ ਗਈਆਂ। ਟਕਰਾਅ ਟਾਲਣ ਲਈ ਚੀਨ ਤੇ ਸਾਊਦੀ ਅਰਬ ਵੀ ਕਾਫੀ ਸਰਗਰਮ ਰਹੇ। ਜੀ-7 ਦੇ ਵਿਦੇਸ਼ ਮੰਤਰੀਆਂ ਨੇ ਭਾਰਤ ਤੇ ਪਾਕਿਸਤਾਨ ਨੂੰ ਫੌਰੀ ਤਣਾਅ ਘਟਾਉਣ ਤੇ ਟਕਰਾਅ ਦੇ ਸ਼ਾਂਤੀਪੂਰਨ ਹੱਲ ਲਈ ਸਿੱਧੀ ਗੱਲਬਾਤ ਦੇ ਰਾਹ ਪੈਣ ਦਾ ਸੱਦਾ ਦਿੱਤਾ ਸੀ।

ਜੀ-7 ਵਿਚ ਸ਼ਾਮਲ ਮੈਂਬਰ ਮੁਲਕਾਂ ਨੇ ਕਿਹਾ, 'ਅਸੀਂ ਫੌਰੀ ਤਣਾਅ ਘਟਾਉਣ ਦੀ ਮੰਗ ਕਰਦੇ ਹਾਂ ਅਤੇ ਦੋਵਾਂ ਦੇਸ਼ਾਂ ਨੂੰ ਮਸਲੇ ਦੇ ਸ਼ਾਂਤੀਪੂਰਨ ਹੱਲ ਲਈ ਸਿੱਧੇ ਸੰਵਾਦ ਦੇ ਰਾਹ ਪੈਣ ਦਾ ਸੱਦਾ ਦਿੰਦੇ ਹਾਂ। ਅਸੀਂ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ ਅਤੇ ਫੌਰੀ ਤੇ ਕੂਟਨੀਤਕ ਹੱਲ ਲਈ ਆਪਣੇ ਵੱਲੋਂ ਹਮਾਇਤ ਦੇਣ ਦੀ ਇੱਛਾ ਜਤਾਉਂਦੇ ਹਾਂ।'

ਬਿਆਨ ਵਿੱਚ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਵੱਧ ਤੋਂ ਵੱਧ ਸੰਜਮ ਨਾਲ ਕੰਮ ਲੈਣ ਦੀ ਅਪੀਲ ਕੀਤੀ ਗਈ ਹੈ। ਜੀ-7 ਮੈਂਬਰ ਮੁਲਕਾਂ ਨੇ ਕਿਹਾ, 'ਫੌਜੀ ਟਕਰਾਅ ਖੇਤਰੀ ਸਥਿਰਤਾ ਲਈ ਗੰਭੀਰ ਖਤਰਾ ਪੈਦਾ ਕਰਦਾ ਹੈ। ਸਾਨੂੰ ਦੋਵਾਂ ਮੁਲਕਾਂ ਦੇ ਨਾਗਰਿਕਾਂ ਦੀ ਸੁਰੱਖਿਆ ਦੀ ਫ਼ਿਕਰ ਹੈ।' ਜੀ-7 ਵਿੱਚ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ, ਯੂ ਕੇ ਅਤੇ ਅਮਰੀਕਾ ਤੇ ਯੂਰਪੀਅਨ ਯੂਨੀਅਨ ਦੇ ਪ੍ਰਤੀਨਿਧੀ ਸ਼ਾਮਲ ਹਨ।

ਇਸ ਤੋਂ ਪਹਿਲਾਂ ਖਬਰ ਸੀ ਕਿ ਭਾਰਤ ਭਵਿੱਖ 'ਚ ਹੋਣ ਵਾਲੇ ਅੱਤਵਾਦੀ ਕਾਰੇ/ਹਮਲੇ ਨੂੰ ਦੇਸ਼ ਵਿਰੁੱਧ 'ਜੰਗ ਦੀ ਕਾਰਵਾਈ' ਮੰਨੇਗਾ ਅਤੇ ਉਸ ਅਨੁਸਾਰ ਜਵਾਬ ਦੇਵੇਗਾ। ਉੱਚ ਪੱਧਰੀ ਸੂਤਰਾਂ ਮੁਤਾਬਕ ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਅੱਤਵਾਦੀ ਘਟਨਾਵਾਂ ਵਿਰੁੱਧ ਲਾਲ ਲਕੀਰ ਖਿੱਚਣ ਦੀ ਕੋਸ਼ਿਸ਼ ਹੈ ਅਤੇ ਦੋਸ਼ੀਆਂ/ਸਾਜ਼ਿਸ਼ਕਾਰਾਂ ਨੂੰ ਸਖਤੀ ਨਾਲ ਜਵਾਬ ਦੇਣ ਦੇ ਆਪਣੇ ਇਰਾਦੇ ਨੂੰ ਸਪੱਸ਼ਟ ਕਰਦੀ ਹੈ।

ਇਸ ਨੂੰ ਪਾਕਿਸਤਾਨ ਨੂੰ ਇਕ ਸੰਦੇਸ਼ ਵਜੋਂ ਦੇਖਿਆ ਜਾ ਰਿਹਾ ਹੈ, ਜੋ ਭਾਰਤੀਆਂ ਨੂੰ ਨਿਸ਼ਾਨਾ ਬਣਾਉਣ ਵਿੱਚ ਸ਼ਾਮਲ ਵੱਖ-ਵੱਖ ਅੱਤਵਾਦੀ ਸਮੂਹਾਂ ਨਾਲ ਜੁੜਿਆ ਹੋਇਆ ਹੈ। ਇਹ ਫੈਸਲਾ 22 ਅਪਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ ਵਧਦੇ ਟਕਰਾਅ ਦੇ ਵਿਚਕਾਰ ਆਇਆ ਹੈ, ਜਿਸ ਵਿੱਚ 26 ਨਾਗਰਿਕ ਮਾਰੇ ਗਏ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿੱਚਰਵਾਰ ਆਪਣੀ ਰਿਹਾਇਸ਼ 'ਤੇ ਉੱਚ ਪੱਧਰੀ ਬੈਠਕ ਵਿੱਚ ਸੁਰੱਖਿਆ ਹਾਲਾਤ ਦੀ ਸਮੀਖਿਆ ਕੀਤੀ। ਮੀਟਿੰਗ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਚੀਫ ਆਫ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ ਅਤੇ ਤਿੰਨੋਂ ਸੈਨਾਵਾਂ ਦੇ ਮੁਖੀ ਸ਼ਾਮਲ ਹੋਏ। ਪ੍ਰਧਾਨ ਮੰਤਰੀ ਨੇ ਪਾਕਿਸਤਾਨ ਦੀ ਡਰੋਨ ਘੁਸਪੈਠ ਖਿਲਾਫ ਭਾਰਤ ਦੀ ਜਵਾਬੀ ਕਾਰਵਾਈ ਦਾ ਵੀ ਨੋਟਿਸ ਲਿਆ।

ਪ੍ਰਧਾਨ ਮੰਤਰੀ ਨੇ ਇਹ ਮੀਟਿੰਗ ਅਜਿਹੇ ਮੌਕੇ ਕੀਤੀ, ਜਦੋਂ ਅਮਰੀਕਾ, ਚੀਨ ਤੇ ਸਾਊਦੀ ਅਰਬ ਨੇ ਦੋਵਾਂ ਮੁਲਕਾਂ (ਭਾਰਤ ਤੇ ਪਾਕਿਸਤਾਨ) ਦਰਮਿਆਨ ਤਣਾਅ ਘਟਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਸਨ ਅਤੇ ਪਾਕਿਸਤਾਨ ਨੇ ਵੀ ਸਪੱਸ਼ਟ ਕੀਤਾ ਸੀ ਕਿ ਪ੍ਰਮਾਣੂ ਹਥਿਆਰ ਵਰਤਣ ਦਾ ਹਾਲ ਦੀ ਘੜੀ ਉਸ ਦਾ ਕੋਈ ਇਰਾਦਾ ਨਹੀਂ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸ਼ਾਕ ਡਾਰ ਨੇ ਕਿਹਾ ਸੀ ਕਿ ਜੇ ਭਾਰਤ ਹੋਰ ਹਮਲੇ ਨਹੀਂ ਕਰਦਾ ਤਾਂ ਉਨ੍ਹਾਂ ਦਾ ਮੁਲਕ ਤਣਾਅ ਘਟਾਉਣ ਬਾਰੇ ਵਿਚਾਰ ਕਰ ਸਕਦਾ ਹੈ। ਡਾਰ ਨੇ ਪਾਕਿਸਤਾਨ ਦੇ ਜੀਓ ਨਿਊਜ਼ ਨੂੰ ਦੱਸਿਆ ਕਿ ਜਦੋਂ ਦੋ ਘੰਟੇ ਪਹਿਲਾਂ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਨਵੀਂ ਦਿੱਲੀ ਨਾਲ ਗੱਲਬਾਤ ਕਰਨ ਤੋਂ ਬਾਅਦ ਉਨ੍ਹਾ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਰੂਬੀਓ ਨੂੰ ਵੀ ਇਹੀ ਸੁਨੇਹਾ ਦਿੱਤਾ ਸੀ।

ਲੜਾਈ ਦੇ ਮੈਦਾਨ 'ਚ ਪਾਕਿਸਤਾਨੀ ਡਰੋਨਾਂ ਵੱਲੋਂ ਸ਼ੁੱਕਰਵਾਰ ਰਾਤ ਪੱਛਮੀ ਫਰੰਟ ਦੇ ਨਾਲ-ਨਾਲ 26 ਥਾਵਾਂ 'ਤੇ ਘੁਸਪੈਠ ਮਗਰੋਂ ਭਾਰਤੀ ਹਥਿਆਰਬੰਦ ਬਲਾਂ ਨੇ ਸਨਿੱਚਰਵਾਰ ਵੱਡੇ ਤੜਕੇ ਪਾਕਿਸਤਾਨ ਦੇ ਕਰੀਬ ਅੱਧੀ ਦਰਜਨ ਫੌਜੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਨ੍ਹਾਂ ਹਮਲਿਆਂ ਨਾਲ ਪਾਕਿਸਤਾਨ ਦੀ ਹਵਾਈ • ਬਾਕੀ ਸਫਾ 2 'ਤੇ

## ਕਬੱਡੀ ਖਿਡਾਰੀਆਂ ਦੀ ਕਾਰ ਹਾਦਸੇ ਦਾ ਸ਼ਿਕਾਰ, ਇੱਕ ਦੀ ਮੌਤ, ਪੰਜ ਜ਼ਖਮੀ



**ਨੰਗਲ :** ਚੰਡੀਗੜ੍ਹ ਮੇਨ ਸੜਕ 'ਤੇ ਪਿੰਡ ਬ੍ਰਾਹਮਪੁਰ ਨੇੜੇ ਸੜਕ ਹਾਦਸੇ 'ਚ ਇੱਕ ਕਬੱਡੀ ਖਿਡਾਰੀ ਦੀ ਮੌਤ ਹੋ ਗਈ ਜਦਕਿ ਪੰਜ ਖਿਡਾਰੀ ਗੰਭੀਰ ਜ਼ਖਮੀ ਹੋ ਗਏ। ਖਿਡਾਰੀ ਹਰਿਆਣਾ ਦੇ ਦੱਸੇ ਗਏ ਹਨ, ਜੋ ਹਿਮਾਚਲ ਦੇ ਜ਼ਿਲ੍ਹਾ ਊਨਾ ਦੇ ਇੱਕ ਪਿੰਡ ਵਿੱਚ ਕਬੱਡੀ ਮੈਚ ਖੇਡਣ ਜਾ ਰਹੇ ਸਨ। ਬ੍ਰਾਹਮਪੁਰ ਕੋਲ ਟਰੱਕ ਨੂੰ ਓਵਰਟੇਕ ਕਰਦੇ ਹੋਏ ਉਨ੍ਹਾਂ ਦੀ ਕਾਰ ਦੀ ਨੰਗਲ ਤੋਂ ਜਾ ਰਹੇ ਟਰੱਕ ਨਾਲ ਜ਼ਬਰਦਸਤ ਟੱਕਰ ਹੋ ਗਈ। ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ ਤੇ ਨੌਜਵਾਨਾਂ ਨੂੰ ਲੋਕਾਂ ਨੇ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ।

## ਰਾਜੋਆਣਾ ਮਾਮਲੇ 'ਤੇ ਮੀਟਿੰਗ

**ਪਟਿਆਲਾ :** ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਕਈ ਸਾਲਾਂ ਤੋਂ ਕੇਂਦਰ ਕੋਲ ਬਕਾਇਆ ਪਈ ਰਹਿਮ ਦੀ ਪਟੀਸ਼ਨ ਦੇ ਮਾਮਲੇ 'ਤੇ ਚਰਚਾ ਕਰਨ ਲਈ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਵਿਦਵਾਨਾਂ ਦੀ ਮੀਟਿੰਗ ਸ਼ਨਿੱਚਰਵਾਰ ਪਟਿਆਲਾ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ। ਧਾਮੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੀਟਿੰਗਾਂ ਦਾ ਦੌਰ ਅਜੇ ਜਾਰੀ ਹੈ ਤੇ ਹੋਰ ਵਿਦਵਾਨਾਂ ਅਤੇ ਹੋਰ ਸੰਬੰਧਤ ਧਿਰਾਂ ਦੀ ਰਾਇ ਲੈ ਕੇ ਫਿਰ ਕੋਈ ਅੰਤਮ ਫੈਸਲਾ ਲਿਆ ਜਾਵੇਗਾ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਸਿੰਘ ਗੜ੍ਹੀ, ਗੁਰਚਰਨ ਸਿੰਘ ਗਰੇਵਾਲ, ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਜਸਸ਼ੇਰ ਸਿੰਘ ਲਾਛੜੂ ਅਤੇ ਵਿਦਵਾਨ ਹਰਦਿੱਤ ਸਿੰਘ, ਡਾ. ਬਲਕਾਰ ਸਿੰਘ, ਡਾ. ਕੇਹਰ ਸਿੰਘ, ਪਰਮਵੀਰ ਸਿੰਘ ਅਤੇ ਜਸਵਿੰਦਰ ਸਿੰਘ ਖੁਣਖੁਣ ਕਲਾਂ ਆਦਿ ਸ਼ਾਮਲ ਸਨ।

## ਰਾਜੌਰੀ ਦੇ ਏ ਡੀ ਸੀ ਤੇ ਦੋ ਸਾਲ ਦੀ ਬੱਚੀ ਸਣੇ 6 ਮਾਰੇ ਗਏ

**ਜੰਮੂ :** ਪਾਕਿਸਤਾਨ ਵੱਲੋਂ ਸਨਿੱਚਰਵਾਰ ਤੜਕੇ ਜੰਮੂ ਖੇਤਰ ਵਿੱਚ ਦਾਗੇ ਮੋਰਟਾਰ ਗੋਲਿਆਂ ਅਤੇ ਡਰੋਨ ਹਮਲਿਆਂ ਵਿੱਚ ਜੰਮੂ-ਕਸ਼ਮੀਰ ਦੇ ਸੀਨੀਅਰ ਸਰਕਾਰੀ ਅਧਿਕਾਰੀ ਤੇ ਦੋ ਸਾਲਾ ਬੱਚੀ ਸਣੇ 6 ਵਿਅਕਤੀ ਮਾਰੇ ਗਏ।

ਐਡੀਸ਼ਨਲ ਡਿਪਟੀ ਕਮਿਸ਼ਨਰ ਰਾਜੌਰੀ ਰਾਜ ਕੁਮਾਰ ਥਾਪਾ ਤੇ ਉਨ੍ਹਾ ਦੇ ਦੋ ਸਟਾਫ ਮੈਂਬਰ ਰਾਜੌਰੀ ਕਸਬੇ ਵਿੱਚ ਘਰ ਉੱਤੇ ਡਿੱਗੇ ਗੋਲੇ ਕਰਕੇ ਗੰਭੀਰ ਜ਼ਖਮੀ ਹੋ ਗਏ। ਤਿੰਨਾਂ ਨੂੰ ਫੌਰੀ ਸਰਕਾਰੀ ਮੈਡੀਕਲ ਕਾਲਜ ਲਿਆਂਦਾ ਗਿਆ, ਜਿੱਥੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਥਾਪਾ ਦੀ ਮੌਤ ਹੋ ਗਈ, ਜਦੋਂਕਿ ਸਟਾਫ ਮੈਂਬਰਾਂ ਦੀ ਹਾਲਤ ਗੰਭੀਰ ਬਣੀ ਹੋਈ ਸੀ। ਇਸ ਦੌਰਾਨ ਰਾਜੌਰੀ ਕਸਬੇ ਵਿੱਚ ਸਨਅਤੀ ਇਲਾਕੇ ਨੇੜੇ ਦਾਗੇ ਮੋਰਟਾਰ ਗੋਲਿਆਂ ਕਰਕੇ ਆਇਸ਼ਾ ਨੂਰ (2) ਤੇ ਮੁਹੰਮਦ ਸ਼ੋਇਬ (35) ਦੀ ਮੌਤ ਹੋ ਗਈ, ਜਦੋਂਕਿ ਤਿੰਨ ਹੋਰ ਜ਼ਖਮੀ ਦੱਸੇ ਜਾਂਦੇ ਹਨ। ਪੁਣਛ ਜ਼ਿਲ੍ਹੇ ਦੇ ਮੇਂਧੜ ਸੈਕਟਰ ਦੇ ਕਾਂਗੜਾ-



ਰਾਜ ਕੁਮਾਰ ਥਾਪਾ, ਸੁਰਿੰਦਰ ਕੁਮਾਰ

ਗਲਹੁੱਟਾ ਪਿੰਡ ਵਿੱਚ ਇੱਕ ਘਰ 'ਤੇ ਮੋਰਟਾਰ ਗੋਲਾ ਡਿੱਗਣ ਕਰਕੇ 55 ਸਾਲਾ ਮਹਿਲਾ ਰਾਸ਼ਿਦਾ ਬੀ ਦੀ ਮੌਤ ਹੋ ਗਈ। ਇੱਕ ਹੋਰ ਘਟਨਾ 'ਚ ਜੰਮੂ ਜ਼ਿਲ੍ਹੇ ਦੇ ਆਰ ਐੱਸ ਪੁਰਾ ਸੈਕਟਰ 'ਚ ਸਰਹੱਦ ਪਾਰੋਂ ਗੋਲੀਬਾਰੀ 'ਚ ਬਿਧੀਪੁਰ ਜੱਟਾਂ ਪਿੰਡ ਦੇ ਅਸ਼ੋਕ ਕੁਮਾਰ ਉਰਫ ਸ਼ੋਕੀ ਦੀ ਮੌਤ ਹੋ ਗਈ। ਪੁਣਛ ਵਿੱਚ ਜਾਰੀ ਗੋਲਾਬਾਰੀ 'ਚ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਰਾਜੌਰੀ ਦੇ ਨੌਸ਼ਹਿਰਾ ਸੈਕਟਰ 'ਚ ਮੁਕਾਮੀ ਪੱਤਰਕਾਰ ਜ਼ਖਮੀ ਹੋ ਗਿਆ। ਜੰਮੂ ਸ਼ਹਿਰ ਦੇ ਰੇਹਾੜੀ ਤੇ ਰੂਪ ਨਗਰ ਵਿੱਚ ਵੀ ਮੋਰਟਾਰ ਗੋਲਿਆਂ ਤੇ ਸ਼ੱਕੀ ਡਰੋਨ ਹਮਲਿਆਂ ਵਿਚ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਰਿਪੋਰਟ ਹੈ।

ਪਾਕਿਸਤਾਨੀ ਹਮਲੇ ਵਿੱਚ ਊਧਮਪੁਰ 'ਚ ਮੈਡੀਕਲ ਅਸਿਸਟੈਂਟ ਸੁਰਿੰਦਰ ਕੁਮਾਰ ਦੀ ਮੌਤ ਹੋ ਗਈ। ਰਾਜਸਥਾਨ ਦੇ ਝੁਨਝੁਨੂ ਦੇ ਪਿੰਡ ਮਹਾਰਦਾਸੀ ਦਾ ਸੁਰਿੰਦਰ ਕੁਮਾਰ ਆਪਣੇ ਪਿੱਛੇ ਮਾਂ, ਪਤਨੀ, 11 ਸਾਲ ਦੀ ਧੀ ਤੇ ਚਾਰ ਸਾਲ ਦਾ ਪੁੱਤਰ ਛੱਡ ਗਿਆ ਹੈ। ਉਹ ਏਅਰਪੋਰਟ ਦੀ ਮੈਡੀਕਲ ਡਿਸਪੈਂਸਰੀ ਵਿੱਚ ਤਾਇਨਾਤ ਸੀ। ਜੰਮੂ ਵਿੱਚ ਕੌਮਾਂਤਰੀ ਸਰਹੱਦ ਦੇ ਨਾਲ ਆਰ ਐੱਸ ਪੁਰਾ ਸੈਕਟਰ ਵਿੱਚ ਪਾਕਿਸਤਾਨੀ ਗੋਲਾਬਾਰੀ 'ਚ ਬੀ ਐੱਸ ਐੱਫ ਦੇ ਅੱਠ ਜਵਾਨ ਜ਼ਖਮੀ ਹੋ ਗਏ।

## ਕਾਮਰੇਡ ਪ੍ਰੇਮ ਸਿੰਘ ਮੰਢਾਲੀ ਦਾ ਘਰ 'ਚ ਕਤਲ

**ਬੰਗਾ (ਅਵਤਾਰ ਕਲੇਰ)**

ਸੀ ਪੀ ਆਈ (ਐੱਮ) ਦੇ ਪੁਰਾਣੇ ਵਰਕਰ ਕਾਮਰੇਡ ਪ੍ਰੇਮ ਸਿੰਘ ਮੰਢਾਲੀ (70) ਦਾ ਅਣਪਛਾਤੇ ਵਿਅਕਤੀ ਨੇ ਘਰ 'ਚ ਦਾਖਲ ਹੋ ਕੇ ਕਤਲ ਕਰ ਦਿੱਤਾ। ਮੰਢਾਲੀ ਅਤੇ ਉਹਨਾ ਦੀ ਪਤਨੀ ਹਰਜੀਤ ਕੌਰ, ਜੋ ਕਿ ਅਧਰੰਗ ਦੀ ਮਰੀਜ਼ ਹੈ, ਦੋਨੋਂ ਘਰ ਵਿੱਚ ਰਹਿੰਦੇ ਸਨ। ਪੁੱਤਰ ਜਸਵੀਰ ਸਿੰਘ ਤੇ ਦੋ ਧੀਆਂ ਵਿਦੇਸ਼ ਵਿੱਚ ਹਨ। ਉਹਨਾਂ ਆਪਣੀ ਦੇਖਭਾਲ ਲਈ ਰਵੀ ਪੁੱਤਰ ਮੋਹਣ ਲਾਲ ਵਾਸੀ ਮੰਢਾਲੀ ਨੂੰ ਰੱਖਿਆ ਹੋਇਆ ਸੀ। ਇਸ ਘਟਨਾ ਵਿੱਚ ਰਵੀ ਵੀ ਜ਼ਖਮੀ ਹੋ ਗਿਆ, ਜਿਸ ਨੂੰ ਇਲਾਜ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾਂ ਦਾਖਲ ਕਰਵਾਇਆ ਗਿਆ। ਕਾਮਰੇਡ ਪ੍ਰੇਮ ਸਿੰਘ ਲੰਮਾ ਸਮਾਂ ਪਿੰਡ ਮੰਢਾਲੀ ਦੇ ਪੰਚ ਰਹੇ ਅਤੇ ਪਾਰਟੀ ਦੇ ਹਰ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ।



ਐੱਸ ਪੀ ਸਰਵਜੀਤ ਸਿੰਘ, ਡੀ ਐੱਸ ਪੀ (ਐਚ) ਨਿਰਮਲ ਸਿੰਘ, ਡੀ ਐੱਸ ਪੀ ਬੰਗਾ ਹਰਜੀਤ ਸਿੰਘ ਰੰਧਾਵਾ, ਐੱਸ ਐੱਚ ਓ ਬਹਿਰਾਮ ਸੁਖਪਾਲ ਸਿੰਘ, ਮੇਹਲੀ ਚੌਕੀ ਇੰਚਾਰਜ ਸਤਨਾਮ ਸਿੰਘ ਨੇ ਪਿੰਡ ਪਹੁੰਚ ਕੇ ਜਾਂਚ ਆਰੰਭ ਕਰ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ ਹੈ ਅਤੇ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਉਨ੍ਹਾ ਦੀ ਮੌਤ 'ਤੇ ਸੀ ਪੀ ਆਈ ਐੱਮ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰੇਤ ਮੈਂਬਰ ਸੁਖਪ੍ਰੀਤ ਸਿੰਘ ਜੌਹਲ, ਸੂਬਾ ਕਮੇਟੀ ਮੈਂਬਰ ਰਾਮ ਸਿੰਘ ਨੂਰਪੁਰੀ, ਬਲਵੀਰ ਸਿੰਘ ਜਾਡਲਾ, ਜ਼ਿਲ੍ਹਾ ਸਕੱਤਰ ਚਰਨਜੀਤ ਸਿੰਘ ਦੌਲਤਪੁਰ, ਜੋਗਿੰਦਰ ਲੜੋਆ, ਪੰਜਾਬ ਸੀਟੂ ਦੇ ਪ੍ਰਧਾਨ ਮਹਾਂ ਸਿੰਘ ਰੋੜੀ, ਪ੍ਰੇਮ ਰੱਕੜ, ਕੁਲਦੀਪ ਝਿੰਗੜ, ਸੁਖਦੇਵ ਸਿੰਘ ਗਰਚਾ, ਸੁਨੀਤਾ ਤਲਵੰਡੀ, ਸੁਸ਼ੀਲ ਮੰਢਾਲੀ, ਰੋਸ਼ਨ ਲਾਲੀ, ਹੁਸਨ ਸਿੰਘ ਮਾਂਗਟ, ਦਰਸ਼ਨ ਸਿੰਘ ਮੱਟੂ, ਲਛਮਣ ਸਿੰਘ ਜੌਹਲ ਆਦਿ ਨੇ ਦੁੱਖ ਪ੍ਰਗਟ ਕਰਦਿਆਂ ਮੁਲਜ਼ਮ ਨੂੰ ਫੌਰੀ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

## ਕਈ ਪਿੰਡਾਂ 'ਚ ਡਿੱਗੇ ਪਾਕਿਸਤਾਨੀ ਡਰੋਨਾਂ ਦੇ ਅੰਗ

**ਕਿਸ਼ਨਗੜ੍ਹ/ਫਿਰੋਜ਼ਪੁਰ (ਸੁਖਜੀਤ ਕੁਮਾਰ/ਅਸ਼ੋਕ ਸ਼ਰਮਾ)**

ਥਾਣਾ ਮਕਸੂਦਾਂ ਦੇ ਪਿੰਡ ਸਰਮਸਤਪੁਰ ਵਿਖੇ ਸ਼ਨੀਵਾਰ ਤੜਕੇ ਸਾਢੇ ਚਾਰ ਕੁ ਵਜੇ ਖੇਤਾਂ 'ਚ ਰਾਤੀਂ ਰਾਕਟਨੁਮਾ ਚੀਜ਼ ਡਿੱਗੀ। ਪਿੰਡ ਵਾਸੀਆਂ ਨੇ ਦੱਸਿਆ ਕਿ ਸ਼ਨੀਵਾਰ ਤੜਕੇ ਸਾਢੇ ਕੁ ਚਾਰ ਵਜੇ ਪਿੰਡ ਵਿੱਚ ਜ਼ੋਰ ਦੀ ਖੜਾਕ ਦੀ ਆਵਾਜ਼ ਸੁਣਾਈ ਦਿੱਤੀ। ਥੋੜੀ ਦੇਰ ਬਾਅਦ ਪਤਾ ਚੱਲਿਆ ਕਿ ਖੇਤ 'ਚ ਕੋਈ ਚੀਜ਼ ਅਸਮਾਨ ਵਿੱਚੋਂ ਡਿੱਗੀ ਸੀ।

ਇਸ ਤਰ੍ਹਾਂ ਹੀ ਥਾਣਾ ਕਰਤਾਰਪੁਰ ਦੇ ਪਿੰਡ ਮੰਡ ਮੌੜ ਵਿਖੇ ਕਿਸ਼ਨਗੜ੍ਹ-ਕਰਤਾਰਪੁਰ ਰੋਡ 'ਤੇ ਪ੍ਰਵਾਸੀਆਂ ਦੀਆਂ ਝੁਗੀਆਂ ਸਾਹਮਣੇ ਅਸਮਾਨ ਤੋਂ ਰਾਕਟਨੁਮਾ ਚੀਜ਼ ਮਿਲਣ ਨਾਲ ਇਲਾਕੇ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ। ਸਿਵਲ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦੋਵਾਂ ਪਿੰਡਾਂ 'ਚੋਂ ਇਹ ਰਾਕਟਨੁਮਾ ਚੀਜ਼ਾਂ ਆਪਣੇ ਕਬਜ਼ੇ ਵਿੱਚ ਲੈ ਲਈਆਂ ਸਨ।



ਮੰਡ ਮੌੜ ਦੇ ਖੇਤ 'ਚ ਡਿੱਗਿਆ ਮਿਜ਼ਾਈਲ ਦਾ ਟੁਕੜਾ।

ਆਦਮਪੁਰ ਨੇੜੇ ਕੰਗਣੀਵਾਲ ਪਿੰਡ ਦੇ ਲੋਕਾਂ ਨੇ ਸਨਿੱਚਰਵਾਰ ਰਾਤ 1:30 ਵਜੇ ਦੇ ਕਰੀਬ ਧਮਾਕੇ ਦੀ ਆਵਾਜ਼ ਸੁਣੀ। ਪਿੰਡ ਵਾਸੀਆਂ ਨੇ ਕਿਹਾ ਕਿ ਜਿਵੇਂ ਹੀ ਉਹ ਘਰਾਂ ਦੇ ਬਾਹਰ ਆਏ ਤਾਂ ਉਨ੍ਹਾਂ ਮਿਜ਼ਾਈਲ ਦਾ ਮਲਬਾ ਦੇਖਿਆ। ਘਰ ਦੇ ਬਾਹਰ ਖੜ੍ਹੀ ਇੱਕ ਕਾਰ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਇੱਕ ਹੋਰ ਘਰ ਵਿੱਚ ਪਾਣੀ ਦੀ ਟੈਂਕੀ ਵਿੱਚ ਤਰੇੜਾਂ ਆ ਗਈਆਂ ਸਨ। ਫਗਵਾੜਾ ਨੇੜੇ ਰਾਮਪੁਰ ਖਲਿਆਨ ਪਿੰਡ ਵਿੱਚ ਵੀ ਮਿਜ਼ਾਈਲ ਦਾ ਮਲਬਾ ਮਿਲਿਆ, ਜਿੱਥੇ ਖੇਤ ਵਿੱਚ 8 ਫੁੱਟ ਡੂੰਘਾ ਟੋਆ ਪੈ ਗਿਆ।

ਸਨਿੱਚਰਵਾਰ ਸਵੇਰੇ 7:15 ਵਜੇ ਤੋਂ ਬਾਅਦ ਘੱਟੋ-ਘੱਟ ਚਾਰ ਹੋਰ ਧਮਾਕੇ ਸੁਣੇ ਗਏ। ਪ੍ਰਸ਼ਾਸਨ ਵੱਲੋਂ ਸਾਇਰਨ ਵਜਾਏ ਜਾ ਰਹੇ ਸਨ। ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇੱਕ ਸੁਨੇਹਾ ਵਿਚ ਕਿਹਾ, 'ਜਲੰਧਰ ਸਾਰੀ ਰਾਤ ਰੈੱਡ ਅਲਰਟ 'ਤੇ ਸੀ। ਬਹੁਤ ਸਾਰੀਆਂ ਚੀਜ਼ਾਂ (ਮਿਜ਼ਾਈਲਾਂ/ਡਰੋਨ) ਵੇਖੀਆਂ ਗਈਆਂ ਅਤੇ ਹਥਿਆਰਬੰਦ ਬਲਾਂ ਨੇ ਉਨ੍ਹਾਂ ਨੂੰ ਬੇਅਸਰ ਕਰ ਦਿੱਤਾ ਹੈ। ਸ਼ਾਂਤ ਰਹੋ ਅਤੇ ਜਿੰਨਾ ਹੋ ਸਕੇ ਘਰਾਂ ਅੰਦਰ ਰਹੋ।' ਇਸੇ ਤਰ੍ਹਾਂ ਮੁਹੱਦੀਪੁਰ ਅਰਾਈਆਂ, ਧੋਗੜੀ, ਸਿਕੰਦਰਪੁਰ ਵਿੱਚ ਡਰੋਨ ਦੇ ਟੁਕੜੇ ਮਿਲੇ ਹਨ। ਸਾਰੀ ਰਾਤ ਹੋਏ ਧਮਾਕਿਆਂ ਕਾਰਨ ਲੋਕਾਂ ਨੇ ਰਾਤ ਜਾਗ ਕੇ ਕੱਢੀ।

ਰਈਆ ਦੇ ਨਜ਼ਦੀਕੀ ਪਿੰਡ ਜੱਲੂਪੁਰ ਖੈੜਾ ਦੇ ਖੇਤਾਂ ਵਿੱਚ ਸ਼ੁੱਕਰਵਾਰ ਰਾਤ ਅਸਮਾਨ ਤੋਂ ਵੱਡੀ ਮਾਤਰਾ ਵਿੱਚ ਮਿਜ਼ਾਈਲ/ ਡਰੋਨ ਦੇ ਟੁਕੜੇ ਡਿੱਗੇ। ਰਾਤ ਪਹਿਲਾਂ ਸਾਢੇ 8 ਵਜੇ ਤੇ ਫਿਰ 1 ਵਜੇ ਅਤੇ ਸਵੇਰੇ ਕਰੀਬ 5 ਵਜੇ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਪਿੰਡ ਜੱਲੂਪੁਰ ਖੈੜਾ ਦੇ ਬਾਹਰ ਡੇਰਿਆਂ ਵਿੱਚ ਡੇਢ ਕਿਲੋਮੀਟਰ ਤੱਕ ਵੱਡੀ ਮਾਤਰਾ ਵਿੱਚ ਟੁਕੜੇ ਖਿਲਰੇ ਦਿਖਾਈ ਦਿੱਤੇ। ਲੋਕਾਂ ਨੇ ਦੱਸਿਆ ਕਿ ਰਾਤ 1 ਵਜੇ ਤੋਂ ਬਾਅਦ ਅਸਮਾਨ ਵਿੱਚ ਭਾਰੀ ਧਮਾਕਾ ਸੁਣਾਈ ਦਿੱਤਾ, ਜਿਸ ਉਪਰੰਤ ਦਰਵਾਜ਼ੇ ਅਤੇ ਖਿੜਕੀਆਂ ਕੰਬਣ ਲੱਗ ਪਏ ਅਤੇ ਖੇਤਾਂ ਵਿੱਚ ਧੂੰਆਂ ਹੀ ਧੂੰਆਂ ਦਿਖਾਈ।
ਕ ਸ ਬ ਾ • ਬਾਕੀ ਸਫਾ 2 'ਤੇ

## ਅੱਜ-ਨਾਮਾ

ਭਾਰਤ-ਪਾਕਿ ਵਿੱਚ ਵੇਖ ਹਾਲਾਤ ਵਿਗੜੇ,
ਰਹੇ ਆ ਸਹਿਮ ਨਾਲ ਲੋਕ ਤ੍ਰਹਿਕ ਬੇਲੀ।
ਹਮਲਾ ਹੋਣ ਦੀ ਕੋਈ ਅਫਵਾਹ ਆਉਂਦੀ,
ਜ਼ਿੰਦਗੀ ਜਾਪਦੀ ਰਹੀ ਬੱਸ ਸਹਿਕ ਬੇਲੀ।
ਮੂਰਖ ਮੱਤ ਨਹੀਂ ਲੋਕਾਂ ਨੂੰ ਟਿਕਣ ਦਿੰਦੀ,
ਜਾਵਣ ਪਲਾਂ ਦੇ ਵਿੱਚ ਉਹ ਬਹਿਕ ਬੇਲੀ।
ਸੁਣਿਆ ਜਦੋਂ ਧਮਾਕਾ ਅਸਮਾਨ ਦੇ ਵਿੱਚ,
ਨਜ਼ਾਰੇ ਵੇਖਣ ਨੂੰ ਜਾਂਦੇ ਈ ਟਹਿਕ ਬੇਲੀ।
ਘੜੀ ਕੁ ਪਹਿਲਾਂ ਜੇ ਮੌਤ ਦਾ ਸਹਿਮ ਹੁੰਦਾ,
ਨਜ਼ਾਰਾ ਵੇਖਣ ਲਈ ਜਾਂਦਾ ਈ ਭੁੱਲ ਬੇਲੀ।
ਸੁਰੱਖਿਆ ਸਾਰੀ ਟਿਕਾਈ ਫਿਰ ਕਿਸੇ ਖੂੰਜੇ,
ਤੁਰ ਜਾਣ ਲੈਣ ਮੁਸੀਬਤ ਉਹ ਮੁੱਲ ਬੇਲੀ।

-ਤੀਸ ਮਾਰ ਖਾਂ

## ਪਾਕਿਸਤਾਨ 'ਚ ਪੰਜ ਸਿਖਰਲੇ ਦਹਿਸ਼ਤਗਰਦ ਮਾਰੇ ਗਏ

**ਨਵੀਂ ਦਿੱਲੀ :** ਸਰਕਾਰ ਨੇ ਅਪ੍ਰੇਸ਼ਨ ਸਿੰਧੂਰ ਦੇ ਪਹਿਲੇ ਪੜਾਅ ਵਿੱਚ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦੇ ਦੋ ਨੇੜਲੇ ਰਿਸ਼ਤੇਦਾਰਾਂ ਸਣੇ ਪੰਜ ਸਿਖਰਲੇ ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਇਨ੍ਹਾਂ ਦਹਿਸ਼ਤਗਰਦਾਂ ਵਿੱਚ ਮੁਦੱਸਰ ਖਾਦਿਆਨ ਖਾਸ ਉਰਫ ਮੁਦੱਸਰ ਉਰਫ ਅਬੂ ਜੁੰਦਾਲ ਵੀ ਸ਼ਾਮਲ ਹੈ, ਜੋ ਲਸ਼ਕਰ-ਏ-ਤਈਬਾ ਨਾਲ ਸੰਬੰਧਤ ਤੇ ਮਰਕਜ਼ ਤਈਬਾ ਮੁਰੀਦਕੇ ਦਾ ਇੰਚਾਰਜ ਸੀ।

ਮੁਰੀਦਕੇ ਉਹੀ ਦਹਿਸ਼ਤੀ ਟਿਕਾਣਾ ਹੈ, ਜਿਸ ਨੂੰ ਭਾਰਤੀ ਸੁਰੱਖਿਆ ਬਲਾਂ ਨੇ 7 ਮਈ ਦੇ ਹਮਲੇ ਦੌਰਾਨ ਨਿਸ਼ਾਨਾ ਬਣਾਇਆ ਸੀ। ਮੁੰਬਈ ਦਹਿਸ਼ਤੀ ਹਮਲੇ ਨਾਲ ਸੰਬੰਧਤ ਦਹਿਸ਼ਤਗਰਦਾਂ ਅਜਮਲ ਕਸਾਬ ਤੇ ਮੁੱਖ ਸਾਜ਼ਿਸ਼ਘਾੜੇ ਡੇਵਿਡ ਹੈਡਲੀ ਨੂੰ ਮੁਰੀਦਕੇ ਮਰਕਜ਼ ਵਿੱਚ ਹੀ ਸਿਖਲਾਈ ਦਿੱਤੀ ਗਈ ਸੀ। ਖਾਸ ਨੂੰ ਸਪੁਰਦੇ ਖਾਕ ਕੀਤੇ ਜਾਣ ਮੌਕੇ ਪਾਕਿਸਤਾਨੀ ਫੌਜ ਵੱਲੋਂ ਗਾਰਡ ਆਫ ਆਨਰ ਵੀ ਦਿੱਤਾ ਗਿਆ। ਪਾਕਿਸਤਾਨੀ ਫੌਜ ਦੇ ਮੁਖੀ ਅਤੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ।



ਪਾਕਿਸਤਾਨੀ ਫੌਜ ਨੇ ਦਹਿਸ਼ਤਗਰਦ ਮੁਦੱਸਰ ਖਾਦਿਆਨ ਖਾਸ ਨੂੰ ਅੰਤਮ ਰਸਮਾਂ ਮੌਕੇ 'ਗਾਰਡ ਆਫ ਆਨਰ' ਦਿੱਤਾ।

ਖਾਸ ਦੀਆਂ ਅੰਤਮ ਰਸਮਾਂ ਸਰਕਾਰੀ ਸਕੂਲ ਵਿੱਚ ਕੀਤੀਆਂ ਗਈਆਂ, ਜਿਸ ਦੀ ਅਗਵਾਈ ਜਮਾਤ-ਉਦ-ਦਾਵਾ (ਇੱਕ ਨਾਮਜ਼ਦ ਆਲਮੀ ਦਹਿਸ਼ਤੀ ਜਥੇਬੰਦੀ) ਦੇ ਹਾਫਿਜ਼ ਅਬਦੁਲ ਰਊਫ ਨੇ ਕੀਤੀ। ਅੰਤਮ ਰਸਮਾਂ ਵਿੱਚ ਪਾਕਿਸਤਾਨੀ ਫੌਜ ਦੇ ਇੱਕ ਸੇਵਾਮੁਕਤ ਲੈਫਟੀਨੈਂਟ ਜਨਰਲ ਅਤੇ ਪੰਜਾਬ ਪੁਲਸ ਦੇ ਆਈ ਜੀ ਨੇ ਵੀ ਸ਼ਿਰਕਤ ਕੀਤੀ।

ਭਾਰਤੀ ਹਮਲੇ ਵਿੱਚ ਮਾਰਿਆ ਗਿਆ ਦੂਜਾ ਦਹਿਸ਼ਤਗਰਦ ਹਾਫਿਜ਼ ਮੁਹੰਮਦ ਜਮੀਲ ਹੈ, ਜੋ ਜੈਸ਼-ਏ-ਮੁਹੰਮਦ ਨਾਲ ਜੁੜਿਆ ਹੋਇਆ ਹੈ। ਉਹ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਦਾ ਸਭ ਤੋਂ ਵੱਡਾ ਭਣੋਈਆ ਸੀ, ਜੋ ਕਿ ਭਾਰਤ ਦੇ ਸਭ ਤੋਂ ਵੱਧ ਲੋੜੀਂਦੇ ਅੱਤਵਾਦੀਆਂ ਵਿੱਚੋਂ ਇੱਕ ਸੀ ਅਤੇ ਉਸ 'ਤੇ ਕਈ ਘਾਤਕ ਹਮਲਿਆਂ ਦੀ ਯੋਜਨਾ ਬਣਾਉਣ ਦਾ ਦੋਸ਼ ਸੀ। ਇਸ ਵਿੱਚ 2019 ਦਾ ਪੁਲਵਾਮਾ ਬੰਬ ਧਮਾਕਾ ਵੀ ਸ਼ਾਮਲ ਹੈ, ਜਿਸ ਵਿੱਚ 40 ਸੀ ਆਰ ਪੀ ਐੱਫ ਜਵਾਨ ਮਾਰੇ ਗਏ ਸਨ। ਹਾਫਿਜ਼ ਮੁਹੰਮਦ ਜਮੀਲ ਬਹਾਵਲਪੁਰ ਦੇ ਮਰਕਜ਼ ਸੁਭਾਨ ਅੱਲ੍ਹਾ ਦਾ ਇੰਚਾਰਜ ਸੀ। ਇਸੇ ਮਰਕਜ਼ ਉੱਤੇ ਭਾਰਤ ਨੇ ਹਮਲਾ ਕੀਤਾ ਸੀ। ਉਹ ਨੌਜਵਾਨਾਂ ਨੂੰ ਕੱਟੜਪੰਥੀ ਸਿੱਖਿਆ ਦੇਣ ਅਤੇ ਜੈਸ਼-ਏ-ਮੁਹੰਮਦ ਲਈ ਫੰਡ ਇਕੱਠਾ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਜੈਸ਼-ਏ-ਮੁਹੰਮਦ ਦਾ ਮੁਹੰਮਦ ਯੂਸਫ ਅਜ਼ਹਰ ਉਰਫ ਉਸਤਾਦ ਜੀ ਉਰਫ ਮੁਹੰਮਦ ਸਲੀਮ ਉਰਫ ਘੋਸੀ ਸਾਹਿਬ, ਜੋ ਮੌਲਾਨਾ ਮਸੂਦ ਅਜ਼ਹਰ ਦਾ ਸਾਲਾ ਸੀ, ਵੀ ਮਾਰਿਆ ਗਿਆ। ਉਹ ਜੈਸ਼-ਏ-ਮੁਹੰਮਦ ਲਈ ਹਥਿਆਰਾਂ ਦੀ ਸਿਖਲਾਈ ਸੰਭਾਲਦਾ ਸੀ। ਜੰਮੂ-ਕਸ਼ਮੀਰ ਵਿੱਚ ਕਈ ਅੱਤਵਾਦੀ ਹਮਲਿਆਂ ਵਿੱਚ ਸ਼ਾਮਲ ਸੀ ਅਤੇ ਆਈ ਸੀ-814 ਹਾਈਜੈਕਿੰਗ ਮਾਮਲੇ ਵਿੱਚ ਲੋੜੀਂਦਾ ਸੀ।

ਮਾਰਿਆ ਜਾਣ ਵਾਲਾ ਚੌਥਾ ਦਹਿਸ਼ਤਗਰਦ ਖਾਲਿਦ ਉਰਫ ਅਬੂ ਅਕਾਸ਼ਾ ਹੈ, ਜੋ ਲਸ਼ਕਰ-ਏ-ਤੋਈਬਾ ਨਾਲ ਸੰਬੰਧਤ ਸੀ ਅਤੇ ਜੰਮੂ-ਕਸ਼ਮੀਰ ਵਿੱਚ ਕਈ ਦਹਿਸ਼ਤੀ ਹਮਲਿਆਂ ਵਿੱਚ ਸ਼ਾਮਲ ਸੀ। ਉਹ ਅਫਗਾਨਿਸਤਾਨ ਤੋਂ ਹਥਿਆਰਾਂ ਦੀ ਤਸਕਰੀ ਵਿੱਚ ਵੀ ਸ਼ਾਮਲ ਸੀ। ਉਸ ਦੀਆਂ ਅੰਤਮ ਰਸਮਾਂ ਫੈਸਲਾਬਾਦ ਵਿੱਚ ਹੋਈਆਂ, ਜਿਸ ਵਿੱਚ ਪਾਕਿਸਤਾਨੀ ਫੌਜ ਦੇ ਸੀਨੀਅਰ ਅਧਿਕਾਰੀਆਂ ਅਤੇ ਫੈਸਲਾਬਾਦ ਦੇ ਡਿਪਟੀ ਕਮਿਸ਼ਨਰ ਨੇ ਸ਼ਿਰਕਤ ਕੀਤੀ। ਪੰਜਵਾਂ ਲੋੜੀਂਦਾ ਅੱਤਵਾਦੀ ਮੁਹੰਮਦ ਹਸਨ ਖਾਨ ਸੀ, ਜੋ ਕਿ ਜੈਸ਼-ਏ-ਮੁਹੰਮਦ ਨਾਲ ਸੰਬੰਧਤ ਸੀ। ਉਹ ਮੁਫਤੀ ਅਸਗਰ ਖਾਨ ਕਸ਼ਮੀਰੀ ਦਾ ਪੁੱਤਰ ਹੈ, ਜੋ ਮਕਬੂਜ਼ਾ ਕਸ਼ਮੀਰ ਵਿੱਚ ਜੈਸ਼-ਏ-ਮੁਹੰਮਦ ਦਾ ਸੰਚਾਲਨ ਕਮਾਂਡਰ ਸੀ ਅਤੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਹਮਲਿਆਂ ਦੇ ਤਾਲਮੇਲ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਸੀ।

## ਭਾਜਪਾ ਵੱਲੋਂ ਮੰਡਲ ਪ੍ਰਧਾਨਾਂ ਦੀ ਨਿਯੁਕਤੀ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਫਤਿਹਗੜ੍ਹ ਸਾਹਿਬ ਜ਼ਿਲ੍ਹਾ ਪ੍ਰਧਾਨ ਦੇ ਦਫਤਰ ਭੱਟੀ ਫਾਰਮ ਸਰਹਿੰਦ ਵਿਖੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਦੀ ਅਗਵਾਈ ਹੇਠ ਮੰਡਲ ਪ੍ਰਧਾਨਾਂ ਦੀ ਚੋਣ ਰਿਟਰਨਿੰਗ ਅਫਸਰ ਸਾਬਕਾ ਮੰਤਰੀ ਤ੍ਰਿਕਸ਼ਨ ਸੂਦ, ਸਹਾਇਕ ਰਿਟਰਨਿੰਗ ਅਫਸਰ ਪ੍ਰਦੀਪ ਗਰਗ ਦੀ ਦੇਖ-ਰੇਖ ਹੇਠ ਕਰਵਾਈ ਗਈ, ਜਿਸ ਵਿੱਚ ਸਰਹਿੰਦ ਤੋਂ ਰਵਿੰਦਰ ਕੁਮਾਰ ਭੱਟ, ਸਰਹਿੰਦ ਬਾਡਾ ਮੰਡਲ ਤੋਂ ਰਵਿੰਦਰ ਸਿੰਘ ਵੈਦਵਾਨ, ਬਡਾਲੀ ਆਲਾ ਸਿੰਘ ਤੋਂ ਜਸਵਿੰਦਰ ਸਿੰਘ ਬਰਸ, ਮੁਲੇਪੁਰ ਤੋਂ ਪੰਡਿਤ ਭੁਵਾਸ਼ ਕੁਮਾਰ, ਚਰਨਾਥਲ ਕਲਾਂ ਤੋਂ ਬੀਬੀ ਪਰਮਜੀਤ ਕੌਰ, ਮੰਡੀ ਗੋਬਿੰਦਗੜ੍ਹ ਸਾਊਥ ਤੋਂ ਰਜੀਵ ਵਰਮਾ, ਬਸੀ ਪਠਾਣਾ ਤੋਂ ਓਮ ਪ੍ਰਕਾਸ਼ ਗੌਤਮ ਤੇ ਚੁੰਨੀ ਕਲਾਂ ਤੋਂ ਮੋਹਨ ਸਿੰਘ ਨੂੰ ਮੰਡਲ ਪ੍ਰਧਾਨ ਚੁਣਿਆ ਗਿਆ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਸਹਾਇਕ ਰਿਟਰਨਿੰਗ ਅਫਸਰ ਪ੍ਰਦੀਪ ਗਰਗ ਨੇ ਦੱਸਿਆ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਲਈ 13 ਮੰਡਲ ਪ੍ਰਧਾਨਾਂ ਵਿੱਚੋਂ ਅੱਠ ਮੰਡਲ ਪ੍ਰਧਾਨਾਂ ਦੀ ਅੱਜ ਚੋਣ ਕੀਤੀ ਗਈ ਹੈ, ਜਿਨ੍ਹਾਂ ਵੱਲੋਂ ਪੂਰੀ ਤਨਦੇਹੀ ਨਾਲ ਪਾਰਟੀ ਲਈ ਸੇਵਾ ਨਿਭਾਈ ਜਾਵੇਗੀ।ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਤੇ ਸੀਨੀਅਰ ਭਾਜਪਾ ਆਗੂ ਕਮਲਦੀਪ ਸਿੰਘ ਟੌਹੜਾ ਨੇ ਦੱਸਿਆ ਕਿ ਜੋ ਨਿਯੁਕਤੀਆਂ ਅੱਜ ਕੀਤੀਆਂ ਗਈਆਂ ਹਨ, ਉਸ ਤਹਿਤ ਭਾਰਤੀ ਜਨਤਾ ਪਾਰਟੀ ਨੂੰ ਵੱਡੇ ਪੱਧਰ 'ਤੇ ਬਲ ਮਿਲੇਗਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੰਡਲ ਪ੍ਰਧਾਨਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਤੇ ਹੋਰ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਦੀ ਚੋਣ ਕੀਤੀ ਜਾਵੇਗੀ। ਇਸ ਮੌਕੇ ਰੋਸ਼ਨਾਂ ਤੋਂ ਇਲਾਵਾ ਕੰਵਰਵੀਰ ਸਿੰਘ ਟੌਹੜਾ ਕੁਲਦੀਪ ਸਹੋਤਾ, ਗੁਰਬਖ਼ਸ਼ ਸਿੰਘ ਬਖਸ਼ੀ, ਰਸ਼ਪਿੰਦਰ ਸਿੰਘ ਢਿੱਲੋਂ, ਹਰੀਸ਼ ਅਗਰਵਾਲ, ਜਸਪਾਲ ਸਿੰਘ ਅਨੰਤਪੁਰਾ, ਸੰਜੀਵ ਕੁਮਾਰ ਦੀਪੂ, ਸ਼ਿੰਗਾਰਾ ਸਿੰਘ ਬਰਸ, ਬਲਵੀਰ ਸਿੰਘ ਬੀਰਾ, ਕਰਨੈਲ ਸਿੰਘ ਨਵੀਪੁਰ, ਸੰਦੀਪ ਗਾਬਾ, ਰੋਹਿਤ ਸ਼ਰਮਾ ਰਿੰਕੀ, ਧਰਮਪਾਲ ਸਿੰਘ ਸਹੋਤਾ, ਪਰਵਿੰਦਰ ਸਿੰਘ ਦਿਓਲ ਆਦਿ ਹਾਜ਼ਰ ਸਨ।

## ਫੂਡ ਸਪਲਾਈ ਵਿਭਾਗ ਵੱਲੋਂ ਕਾਲਾ-ਬਾਜ਼ਾਰੀ ਰੋਕਣ ਲਈ ਦੁਕਾਨਾਂ 'ਤੇ ਚੈਕਿੰਗ

### ਖਪਤਕਾਰਾਂ ਨੂੰ ਐੱਮ.ਆਰ.ਪੀ. ਰੇਟ ਤੋਂ ਵੱਧ ਰੇਟ ਲਗਾਉਣ ਵਾਲਿਆਂ ਖਿਲਾਫ ਕਾਰਵਾਈ ਦੀ ਚੇਤਾਵਨੀ



ਬਾਘਾ ਪੁਰਾਣਾ (ਮਨੀ ਸਿੰਗਲਾ)-ਭਾਰਤ ਤੇ ਪਾਕਿਸਤਾਨ ਦਰਮਿਆਨ ਲੜਾਈ ਦੀਆਂ ਖ਼ਬਰਾਂ ਨੂੰ ਲੈ ਕੇ ਆਮ ਪਬਲਿਕ ਪੂਰੀ ਤਰ੍ਹਾਂ ਡਰੀ ਹੋਈ ਹੈ ਅਤੇ ਲੜਾਈ ਹੋਣ ਦੇ ਆਸਾਰ ਨੂੰ ਦੇਖਦੇ ਹੋਏ ਲੋਕ ਵੱਡੇ ਪੱਧਰ 'ਤੇ ਘਰਾਂ ਵਿੱਚ ਰਾਸ਼ਨ ਜਮ੍ਹਾਂ ਕਰ ਰਹੇ ਹਨ ਤੇ ਇਸ ਤੋਂ ਇਲਾਵਾ ਨਿੱਤ ਵਰਤੋਂ ਦੀਆਂ ਵਸਤਾਂ ਦੀ ਭਾਰੀ ਪੱਧਰ 'ਤੇ ਖਰੀਦ ਕਰ ਰਹੇ ਹਨ।ਵੇਖਿਆ ਗਿਆ ਕਿ ਆਮ ਪਬਲਿਕ ਵੱਲੋਂ ਵੱਡੇ ਪੱਧਰ 'ਤੇ ਰਾਸ਼ਨ ਦੀਆਂ ਦੁਕਾਨਾਂ 'ਤੇ ਰਾਸ਼ਨ ਦੀ ਖਰੀਦ ਕੀਤੀ ਜਾ ਰਹੀ ਸੀ, ਉੱਥੇ ਹੀ ਨਿੱਤ ਵਰਤੋਂ ਦੀਆਂ ਚੀਜ਼ਾਂ ਆਮ ਪਬਲਿਕ ਵੱਲੋਂ ਵੱਡੇ ਪੱਧਰ 'ਤੇ ਖਰੀਦ ਕੀਤੀਆਂ ਜਾ ਰਹੀਆਂ ਸਨ ਅਤੇ ਪੈਟਰੋਲ ਪੰਪਾਂ 'ਤੇ ਵੀ ਲੋਕਾਂ ਦੀਆਂ ਭਾਰੀ ਭੀੜਾਂ ਲੱਗੀਆਂ ਹੋਈਆਂ ਸਨ ਅਤੇ ਸਬਜ਼ੀ ਦੀਆਂ ਦੁਕਾਨਾਂ 'ਤੇ ਵੀ ਭਾਰੀ ਰਸ਼ ਸੀ ਅਤੇ ਲੋਕ ਸਬਜ਼ੀ ਖਰੀਦ ਕਰ ਰਹੇ ਹਨ, ਜਿਸ ਦੇ ਤਹਿਤ ਪੰਜਾਬ ਸਰਕਾਰ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਜਮ੍ਹਾਂਖੋਰੀ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ, ਇਸ ਤਰ੍ਹਾਂ ਕਰ ਕੇ ਅਸੀਂ ਕਾਲਾਬਾਜ਼ਾਰੀ ਨੂੰ ਬੜ੍ਹਾਵਾ ਦਿੰਦੇ ਹਾਂ, ਜਿਸ ਕਰ ਕੇ ਅੱਜ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਜਸਵਿੰਦਰ ਸਿੰਘ ਸੰਧੂ ਤੇ ਮੋਹਜੀਤ ਸਿੰਘ ਵੱਲੋਂ ਬਾਘਾ ਪੁਰਾਣਾ ਮੰਡੀ ਕਰਿਆਨਾ ਐਸੋਸੀਏਸ਼ਨ ਦੀਆਂ ਦੁਕਾਨਾਂ ਦੀ ਚੈਕਿੰਗ ਕਰਨ ਦੇ ਨਾਲ ਨਾਲ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਇਸ ਮਾਹੌਲ ਵਿੱਚ ਉਹ ਐੱਮ.ਆਰ.ਪੀ. ਰੇਟ 'ਤੇ ਹੀ ਖਪਤਕਾਰਾਂ ਨੂੰ ਵਸਤੂਆਂ ਦੇ ਵਿੱਕਰੀ ਕਰਨ ਤੇ ਕਿਸੇ ਵੀ ਗਾਹਕ ਨੂੰ ਵੱਧ ਰੇਟ ਨਾ ਲਗਾਉਣ, ਜੇਕਰ ਕੋਈ ਵੀ ਦੁਕਾਨਦਾਰ ਵੱਧ ਰੇਟ ਵਸੂਲਦਾ ਪਾਇਆ ਗਿਆ ਤੇ ਜੇ ਕਿਸੇ ਦੁਕਾਨਦਾਰ ਦੀ ਉਨ੍ਹਾਂ ਨੂੰ ਸ਼ਿਕਾਇਤ ਮਿਲਦੀ ਹੈ ਤਾਂ ਉਸ ਉੱਪਰ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਫੂਡ ਸਪਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਕਰਿਆਨਾ ਯੂਨੀਅਨ ਦੇ ਸੰਦੀਪ ਗੋਇਲ ਤੇ ਵਿਕਾਸ ਕਟਾਰੀਆ ਹਾਜ਼ਰ ਸਨ।ਉਨ੍ਹਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕੋਈ ਵੀ ਕਰਿਆਨਾ ਵਪਾਰੀ ਜਮ੍ਹਾਂਖੋਰੀ ਤੇ ਕਾਲਾ ਬਾਜ਼ਾਰੀ ਨਾ ਕਰੇ, ਕਿਉਂਕਿ ਸਰਕਾਰ ਵੱਲੋਂ ਆਮ ਪਬਲਿਕ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਵਪਾਰੀਆਂ ਨੂੰ ਕਿਹਾ ਕਿ ਰੇਟ ਲਿਸਟਾਂ ਤੇ ਸਟੋਕ ਦੀਆਂ ਲਿਸਟਾਂ ਆਪਣੀਆਂ ਦੁਕਾਨਾਂ ਦੇ ਬਾਹਰ ਡਿਸਪਲੇਅ ਕਰਨ ਤੇ ਕੋਈ ਵੀ ਸਮਾਨ ਐੱਮ.ਆਰ.ਪੀ. ਰੇਟ ਤੋਂ ਵੱਧ ਨਾ ਵੇਚਣ।

ਇਸ ਮੌਕੇ ਦੁਕਾਨਦਾਰਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਘੜੀ ਵਿੱਚ ਸਰਕਾਰ ਦੇ ਨਾਲ ਹਨ, ਉਨ੍ਹਾਂ ਨੂੰ ਕਿਸੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ।

## ਤਰੁਨਪ੍ਰੀਤ ਸਿੰਘ ਸੌਂਦ ਤੇ ਡਾ. ਬਲਜੀਤ ਕੌਰ ਵੱਲੋਂ ਫਾਜ਼ਿਲਕਾ ਦਾ ਦੌਰਾ

### ਸਿਵਲ ਤਿਆਰੀਆਂ ਦਾ ਲਿਆ ਜਾਇਜ਼ਾ, ਲੋਕਾਂ ਨਾਲ ਰੂਬਰੂ ਹੋ ਕੇ ਵਧਾਇਆ ਹੌਸਲਾ



ਫਾਜ਼ਿਲਕਾ (ਪਰਮਜੀਤ ਢਾਬਾਂ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਜਾਰੀ ਕੀਤੇ ਨਿਰਦੇਸ਼ਾਂ ਅਨੁਸਾਰ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਡਾ. ਬਲਜੀਤ ਕੌਰ ਨੇ ਫਾਜ਼ਿਲਕਾ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਬੈਠਕ ਕਰਨ ਦੇ ਨਾਲ ਨਾਲ ਸਿਵਲ ਹਸਪਤਾਲ ਵਿਖੇ ਤਿਆਰੀਆਂ ਦਾ ਜਾਇਜ਼ਾ ਲਿਆ।ਦੋਵਾਂ ਮੰਤਰੀਆਂ ਨੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਲੋਕਾਂ ਨੂੰ ਮਿਲ ਕੇ ਉਨ੍ਹਾਂ ਦਾ ਹੌਸਲਾ ਵੀ ਵਧਾਇਆ।ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਸਰਹੱਦੀ ਇਲਾਕੇ ਦੇ ਲੋਕਾਂ ਨਾਲ ਡੱਟ ਕੇ ਖੜੀ ਹੈ।ਸਰਕਾਰ ਵੱਲੋਂ ਸਾਡੀਆਂ ਸੈਨਾਵਾਂ ਨੂੰ ਵੀ ਹਰ ਪ੍ਰਕਾਰ ਦੀ ਮਦਦ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਹਰ ਪ੍ਰਕਾਰ ਦੇ ਸਿਵਲ ਪ੍ਰਸ਼ਾਸਨ ਦੀਆਂ ਤਿਆਰੀਆਂ ਦੀ ਸਮੀਖਿਆ ਲਈ ਉਹ ਜ਼ਿਲ੍ਹੇ ਦਾ ਦੌਰਾ ਕਰ ਰਹੇ ਹਨ ਅਤੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਫਾਜ਼ਿਲਕਾ ਵਾਸੀਆਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਸਭ ਤਿਆਰੀਆਂ ਮੁਕੰਮਲ ਹਨ।ਇਸ ਦੌਰਾਨ ਦੋਹਾਂ ਮੰਤਰੀਆਂ ਨੇ ਫਾਜ਼ਿਲਕਾ ਦੇ ਸਿਵਲ ਹਸਪਤਾਲ ਦਾ ਦੌਰਾ ਵੀ ਕੀਤਾ ਤੇ ਦੱਸਿਆ ਕਿ ਇੱਥੇ ਬੈੱਡ ਤੇ ਦਵਾਈਆਂ ਲੋੜ ਅਨੁਸਾਰ ਉਪਲੱਬਧ ਹਨ।ਉਨ੍ਹਾਂ ਕਿਹਾ ਕਿ ਸਾਰਾ ਸਿਵਲ, ਪੁਲਸ ਤੇ ਸਿਹਤ ਵਿਭਾਗ ਦਾ ਅਮਲਾ 24 ਘੰਟੇ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ ਅਤੇ ਆਪਣੇ ਲੋਕਾਂ ਦੀ ਬਿਹਤਰੀ ਲਈ ਕੰਮ ਕਰ ਰਿਹਾ ਹੈ।ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਨਾਲ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਪ੍ਰਕਾਰ ਦੇ ਡਰ ਜਾਂ ਘਬਰਾਹਟ ਵਿੱਚ ਆਉਣ ਦੀ ਲੋੜ ਨਹੀਂ ਹੈ, ਸਰਕਾਰ ਨੇ ਹਰ ਸਥਿਤੀ 'ਤੇ ਨਜ਼ਰ ਰੱਖੀ ਹੋਈ ਹੈ।ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਬਲੱਡ ਬੈਂਕ, ਸਿਵਿਲ ਸੇਵਾਵਾਂ ਤੇ ਸਿਹਤ ਸਹੂਲਤਾਂ ਦੀ ਸਮੀਖਿਆ ਵੀ ਕੀਤੀ। ਦੋਹਾਂ ਮੰਤਰੀਆਂ ਵੱਲੋਂ ਫਾਜ਼ਿਲਕਾ ਦੇ ਬਾਜ਼ਾਰਾਂ ਦਾ ਦੌਰਾ ਕਰਕੇ ਇੱਥੇ ਆਮ ਲੋਕਾਂ ਤੇ ਦੁਕਾਨਦਾਰਾਂ ਨਾਲ ਵੀ ਗੱਲਬਾਤ ਕੀਤੀ ਗਈ।ਦੋਵਾਂ ਮੰਤਰੀਆਂ ਨੇ ਬਾਜ਼ਾਰਾਂ ਵਿੱਚ ਲੋਕਾਂ ਨੂੰ ਕਿਹਾ ਕਿ ਲੋਕ ਕਿਸੇ ਵੀ ਪ੍ਰਕਾਰ ਦੀ ਘਬਰਾਹਟ ਵਿੱਚ ਨਾ ਆਉਣ, ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਹੈ।ਇਸ ਮੌਕੇ ਲੋਕਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਤਿਆਰੀਆਂ ਤੋਂ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ ਤੇ ਲੋਕ ਆਪਣੀਆਂ ਰੱਖਿਆ ਸੈਨਾਵਾਂ ਨਾਲ ਡੱਟ ਕੇ ਖੜ੍ਹੇ ਹਨ। ਇਸ ਦੌਰੇ ਦੌਰਾਨ ਫ਼ਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ, ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ, ਬਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫ਼ਿਰ, ਸਾਬਕਾ ਵਿਧਾਇਕ ਅਰੁਣ ਨਾਰੰਗ ਵੀ ਹਾਜ਼ਰ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਐੱਸ ਐੱਸ ਪੀ ਵਰਿੰਦਰ ਸਿੰਘ ਬਰਾੜ, ਏਡੀਸੀ ਜਨਰਲ ਡਾ. ਮਨਦੀਪ ਕੌਰ, ਏਡੀਸੀ ਵਿਕਾਸ ਸੁਭਾਸ਼ ਚੰਦਰ ਐੱਸਡੀਐੱਮ ਕੰਵਰਜੀਤ ਸਿੰਘ ਮਾਨ ਤੇ ਵੀਰਪਾਲ ਕੌਰ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ



ਭੀਖੀ (ਹਰਮਵੀਰ ਸ਼ਰਮਾ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਭੀਖੀ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾ. ਗੁਰਤੇਜ ਕੋਟੜਾ ਦੀ ਅਗਵਾਈ ਵਿੱਚ ਹੋਈ, ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਡਾ. ਗੁਰਤੇਜ ਕੋਟੜਾ ਨੇ ਕਿਹਾ ਕਿ ਸਰਕਾਰ ਵੱਲੋਂ ਜਿਨ੍ਹਾਂ ਦਵਾਈਆਂ 'ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ ਦੀ ਵਰਤੋਂ ਨਾ ਕੀਤੀ ਜਾਵੇ ਤੇ ਕਿਸੇ ਵੀ ਵਿਅਕਤੀ ਨੂੰ ਸਰਿੰਜ ਨਾ ਦਿੱਤੀਆਂ ਜਾਣ।ਮੀਟਿੰਗ ਵਿੱਚ ਸਬ ਇੰਸਪੈਕਟਰ ਗੁਰਦਿਤ ਸਿੰਘ ਐਸਐਚਓ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਨ ਲਈ ਉਨ੍ਹਾਂ ਪ੍ਰੈਕਟੀਸ਼ਨਰਾਂ ਤੋਂ ਸਹਿਯੋਗ ਦੀ ਅਪੀਲ ਕੀਤੀ।ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਡਾ. ਜਸਵੀਰ ਸਿੰਘ ਗੁੜ੍ਹੱਦੀ ਨੇ ਸੂਬੇ ਅੰਦਰ ਚੱਲ ਰਹੀਆਂ ਗਤੀਵਿਧੀਆਂ ਬਾਰੇ ਬਲਾਕ ਅਹੁਦੇਦਾਰਾਂ ਨੂੰ ਚਾਨਣਾ ਪਾਇਆ ਤੇ ਵਿਸ਼ਵਾਸ ਦਿਵਾਇਆ ਜਥੇਬੰਦੀ ਦੀ ਤਰੱਕੀ ਲਈ ਉਹ ਦਿਨ-ਰਾਤ ਮਿਹਨਤ ਕਰਨਗੇ।ਮੀਟਿੰਗ ਦੌਰਾਨ ਡਾ. ਹਰਦੀਪ ਸਿੰਘ ਵਰ੍ਹੇ ਜ਼ਿਲ੍ਹਾ ਪ੍ਰਧਾਨ ਮਾਨਸਾ, ਡਾ. ਹਰਜਿੰਦਰ ਸਿੰਘ ਬਲਾਕ ਇੰਚਾਰਜ ਡਾ. ਜੀਵਨ ਗਰਗ ਐੱਮ.ਡੀ. ਮੈਡੀਸਨ ਤੋਂ ਇਲਾਵਾ ਡਾ. ਹਰਦੀਪ ਸਿੰਘ ਸਮਾਓਂ, ਡਾ. ਮਹਾਂਵੀਰ ਕੁਮਾਰ, ਡਾ. ਹਰਜਿੰਦਰ ਸਿੰਘ, ਡਾ. ਰਾਜ ਕੁਮਾਰ, ਡਾ. ਜਗਸੀਰ ਸਿੰਘ ਗੋਰਾ, ਡਾ. ਰਾਜ ਖਾਨ, ਡਾ. ਰਿੰਕੂ ਰਿਸ਼ੀ, ਡਾ. ਸਤਪਾਲ ਸਿੰਘ, ਡਾ. ਹਾਕਮ ਖਾਨ, ਡਾ. ਸਤਵਿੰਦਰ ਪਾਲ ਸ਼ਰਮਾ, ਡਾ. ਅਮਰੀਕ ਖਾਨ, ਡਾ. ਬਬਲੀ ਸਿੰਘ, ਡਾ. ਕੋਮਲਪ੍ਰੀਤ ਸਿੰਘ ਆਦਿ ਹਾਜ਼ਰ ਸਨ।ਸਟੇਜ ਦੀ ਕਾਰਵਾਈ ਡਾ. ਬਲਕਰਨ ਸਿੰਘ ਨੇ ਨਿਭਾਈ।ਅੰਤ ਵਿੱਚ ਪਹੁੰਚੇ ਮਹਿਮਾਨਾਂ ਨੂੰ ਸਨਮਾਨ ਕੀਤਾ ਗਿਆ।

## ਜੰਗਬੰਦੀ ਦਾ ਸਵਾਗਤ

ਲੁਧਿਆਣਾ (ਰੈਕਟਰ ਕਥੂਰੀਆ)

ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈੱਲਪਮੈਂਟ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਸਵਾਗਤ ਕੀਤਾ ਹੈ। ਡਾਕਟਰ ਅਰੁਣ ਮਿੱਤਰਾ ਨੇ ਕਿਹਾ ਕਿ ਅਸੀ ਚਾਹੁੰਦੇ ਹਾਂ ਕਿ ਦੋਵੇਂ ਦੇਸ਼ ਇਕੱਠੇ ਬੈਠ ਕੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ।ਅਸੀਂ ਲੋਕਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਫਿਰਕੂ ਨਫ਼ਰਤ ਫੈਲਾਉਣ ਵਾਲੀਆਂ ਤਾਕਤਾਂ ਦੇ ਨਾਪਾਕ ਮਨਸੂਬਿਆਂ ਤੋਂ ਦੂਰ ਰਹਿਣ।

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਵੀ ਜੰਗਬੰਦੀ ਦਾ ਸਵਾਗਤ ਕੀਤਾ ਹੈ। ਡੀ ਪੀ ਮੌੜ ਜ਼ਿਲ੍ਹਾ ਸਕੱਤਰ ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਅਤੇ ਜੰਗ ਨਾਲ ਆਮ ਲੋਕਾਂ ਦਾ ਤੇ ਮਿਹਨਤਕਸ਼ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਜਾਂਦਾ ਹੈ।

## ਡੀ ਸੀ ਤੇ ਐੱਸ ਪੀ ਵੱਲੋਂ ਅਫ਼ਵਾਹਾਂ ਨੂੰ ਠੱਲ੍ਹ ਪਾਉਣ ਲਈ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੀ ਹਦਾਇਤ

### ਅਫਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਹੋਵੇਗਾ ਕੇਸ ਦਰਜ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰਸ਼ਾਸਨਕ ਤੇ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਫ਼ਵਾਹਾਂ ਨੂੰ ਠੱਲ੍ਹ ਪਾਉਣ ਲਈ ਵਧੇਰੇ ਚੌਕਸੀ ਵਰਤਣ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਪਿਛਲੇ ਇੱਕ-ਦੋ ਦਿਨਾਂ ਤੋਂ ਅਜਿਹੇ ਮਾਮਲੇ ਉਨ੍ਹਾਂ ਦੇ ਧਿਆਨ ਵਿੱਚ ਆ ਰਹੇ ਹਨ ਕਿ ਕੁਝ ਸ਼ਰਾਰਤੀ ਕਿਸਮ ਦੇ ਅਨਸਰ, ਜਾਣਬੁੱਝ ਕੇ ਨਾਗਰਿਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਾਲੀਆਂ ਫੇਕ ਨਿਊਜ਼ ਤੇ ਤੱਥਹੀਣ ਸਮੱਗਰੀ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਰਹੇ ਹਨ, ਜਿਸ ਨੂੰ ਸਖ਼ਤੀ ਨਾਲ ਰੋਕੇ ਜਾਣ ਦੀ ਤੁਰੰਤ ਲੋੜ ਹੈ।

ਡਿਪਟੀ ਕਮਿਸ਼ਨਰ ਨੇ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ਼ ਆਉਣ, ਕਿਉਂਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਸਥਿਤੀ ਪੂਰੀ ਤਰ੍ਹਾਂ ਸ਼ਾਂਤਮਈ ਹੈ ਤੇ ਲੋਕਾਂ ਨੂੰ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜਾਂ ਹੋਰ ਸਾਧਨਾਂ ਰਾਹੀਂ ਫੈਲਾਈਆਂ ਜਾ ਰਹੀਆਂ ਬੇਬੁਨਿਆਦ ਤੇ ਤੱਥਹੀਣ ਖ਼ਬਰਾਂ 'ਤੇ ਬਿਲਕੁਲ ਵੀ ਵਿਸ਼ਵਾਸ ਨਾ ਕਰਨ ਅਤੇ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਜਾਂ ਪੁਲਸ ਵੱਲੋਂ ਲੋਕ ਹਿੱਤ ਵਿੱਚ ਕੋਈ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਹੀ ਸਹੀ ਮੰਨਿਆ ਜਾਵੇ।ਡਾ. ਸੋਨਾ ਥਿੰਦ ਨੇ ਕਿਹਾ ਕਿ ਵਟਸਐਪ 'ਤੇ ਆਉਣ ਵਾਲੀਆਂ ਗੈਰ-ਪ੍ਰਮਾਣਿਤ ਖ਼ਬਰਾਂ ਨੂੰ ਵੀ ਅੱਗੇ ਕਿਸੇ ਨਾਲ ਸਾਂਝਾ ਨਾ ਕੀਤਾ ਜਾਵੇ, ਕਿਉਂਕਿ ਅਫ਼ਵਾਹਾਂ ਫੈਲਾਉਣ ਵਾਲਿਆਂ 'ਤੇ ਪੁਲਸ ਦੇ ਸਾਇਬਰ ਸੈੱਲ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਤੇ ਜੇਕਰ ਕੋਈ ਵਿਅਕਤੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ਼ ਪੁਲਸ ਕੇਸ ਦਰਜ ਕੀਤਾ ਜਾਵੇਗਾ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਾਗਰਿਕਾਂ ਦੀ ਸੁਵਿਧਾ ਲਈ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ 01763-232-838 ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵੀ ਲੋਕਾਂ ਦੀ ਸਹੂਲਤ ਲਈ ਇਕ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜਿਸ ਤਹਿਤ ਸੰਪਰਕ ਨੰ.-0172-2741803 ਤੇ 0172-2749901 ਜਾਰੀ ਕੀਤੇ ਗਏ ਹਨ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਇਨ੍ਹਾਂ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਐੱਸ.ਪੀ. ਰਾਕੇਸ਼ ਕੁਮਾਰ ਯਾਦਵ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਜ਼ਿਲ੍ਹੇ ਵਿੱਚ ਸੁਰੱਖਿਆ ਦੇ ਬਿਹਤਰੀਨ ਪ੍ਰਬੰਧ ਹਨ ਤੇ ਅਹਿਤਿਆਤ ਦੇ ਤੌਰ 'ਤੇ ਨਾਗਰਿਕਾਂ ਨੂੰ ਵਧੇਰੇ ਚੌਕਸੀ ਵਰਤਣ ਦੀ ਸਲਾਹ ਦਿੱਤੀ ਜਾ ਰਹੀ ਹੈ।ਮੀਟਿੰਗ ਦੌਰਾਨ ਏ.ਡੀ.ਸੀ. ਹਰਪ੍ਰੀਤ ਸਿੰਘ, ਏਡੀਸੀ (ਵਿਕਾਸ) ਸੁਰਿੰਦਰ ਧਾਲੀਵਾਲ, ਸਮੂਹ ਉਪਮੰਡਲ ਮੈਜਿਸਟਰੇਟ, ਸਿਵਲ ਸਰਜਨ, ਡੀ ਐੱਫ ਐੱਸ ਸੀ, ਕਮਾਂਡੈਂਟ ਪੰਜਾਬ ਹੋਮਗਾਰਡਜ਼ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

## ਏ ਡੀ ਸੀ ਨੇ ਆਪਣੀ ਕੁਰਸੀ 'ਤੇ ਬਿਠਾ ਕੇ ਵਿਦਿਆਰਥਣ ਹਰਨੂਰ ਦੇ ਸੁਪਨਿਆਂ ਨੂੰ ਦਿੱਤੀ ਨਵੀਂ ਉਡਾਣ

### *ਹਰਨੂਰ ਨੇ ਅੱਠਵੀਂ ਦੀ ਪ੍ਰੀਖਿਆ 'ਚ ਜ਼ਿਲ੍ਹੇ 'ਚੋਂ ਹਾਸਲ ਕੀਤਾ ਸੀ ਪਹਿਲਾ ਸਥਾਨ*



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿਛਲੇ ਮਹੀਨੇ ਅੱਠਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ 98 ਫ਼ੀਸਦੀ ਅੰਕਾਂ ਨਾਲ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਸਰਕਾਰੀ ਸਕੂਲ ਅਤਾਪੁਰ ਦੀ ਵਿਦਿਆਰਥਣ ਹਰਨੂਰ ਕੌਰ ਦੇ ਸੁਪਨਿਆਂ ਨੂੰ ਨਵੀਂ ਉਡਾਣ ਮਿਲੀ ਹੈ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਤਹਿਗੜ੍ਹ ਸਾਹਿਬ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਬੀਤੇ ਦਿਨੀਂ ਇਸ ਹੋਣਹਾਰ ਬੱਚੀ ਤੇ ਇਸ ਦੇ ਮਾਪਿਆਂ ਨਾਲ ਉਸ ਦੀ ਕਾਬਲੀਅਤ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਹਰਨੂਰ ਕੌਰ ਨੂੰ ਆਪਣੀ ਕੁਰਸੀ 'ਤੇ ਬਿਠਾ ਕੇ ਉਸਦੇ ਸੁਪਨਿਆਂ ਨੂੰ ਨਵੀਂ ਉਡਾਣ ਦਿੱਤੀ।ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਹਰਨੂਰ, ਭਵਿੱਖ ਵਿੱਚ ਪਸ਼ੂ ਪਾਲਣ ਵਿਭਾਗ ਵਿੱਚ ਵੈਟਰਨਰੀ ਅਫਸਰ ਬਣਨਾ ਚਾਹੁੰਦੀ ਹੈ ਤੇ ਇਸ ਮੁਕਾਮ ਨੂੰ ਹਾਸਲ ਕਰਨ ਲਈ ਉਸ ਨੂੰ ਵਿੱਤੀ ਜਾਂ ਅਕਾਦਮਿਕ ਪੱਧਰ 'ਤੇ ਜਿਹੜੇ ਵੀ ਸਹਿਯੋਗ ਦੀ ਜ਼ਰੂਰਤ ਹੋਵੇਗੀ, ਉਸ ਨੂੰ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਇਹ ਵਿਦਿਆਰਥਣ ਹਿੰਮਤ 'ਤੇ ਹੌਸਲੇ ਨਾਲ ਭਰਪੂਰ ਹੈ, ਜਿਸ ਨੇ ਆਪਣੇ ਮਾਪਿਆਂ ਦੀ ਨਿਰੰਤਰ ਹੱਲਾਸ਼ੇਰੀ ਨਾਲ ਨਾਮ ਚਮਕਾਇਆ ਹੈ।ਹਰਨੂਰ ਦੇ ਪਿਤਾ ਹਰਮਿੰਦਰ ਸਿੰਘ ਗ੍ਰੈਜੂਏਟ ਹਨ ਤੇ ਮਾਤਾ ਬਲਜੀਤ ਕੌਰ ਭਾਵੇਂ ਖੁਦ ਉਚੇਰੀ ਪੜ੍ਹਾਈ ਤੋਂ ਵਾਂਝੇ ਰਹੇ, ਪਰ ਉਹ ਦੋਵੇਂ ਹਰਨੂਰ ਤੇ ਉਸ ਦੀ ਛੋਟੀ ਭੈਣ ਨੂੰ ਜ਼ਿੰਦਗੀ ਵਿੱਚ ਬੁਲੰਦੀਆਂ ਛੂਹਣ ਦੇ ਸਮਰੱਥ ਬਣਾਉਣ ਦੇ ਚਾਹਵਾਨ ਹਨ।ਏ.ਡੀ.ਸੀ. ਸੁਰਿੰਦਰ ਸਿੰਘ ਧਾਲੀਵਾਲ ਨੇ ਹਰਨੂਰ ਨੂੰ ਉਸ ਦੀ ਮਾਣਯੋਗ ਪ੍ਰਾਪਤੀ ਲਈ ਸ਼ਾਬਾਸ਼ੀ ਵਜੋਂ ਤੋਹਫ਼ਾ ਦਿੰਦੇ ਹੋਏ ਭਵਿੱਖ ਵਿੱਚ ਪੂਰੀ ਮਿਹਨਤ, ਲਗਨ ਤੇ ਦ੍ਰਿੜ੍ਹਤਾ ਨਾਲ ਆਪਣਾ ਮੁਕਾਮ ਹਾਸਲ ਕਰਨ ਲਈ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।

## ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸਿਸ ਮੁਲਾਜ਼ਮਾਂ ਦੀ ਇਕੱਤਰਤਾ




ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਕੰਟਰੈਕਟ ਵਰਕਰ ਯੂਨੀਅਨ ਰਜਿ. ਨੰਬਰ 23 ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਤੇ ਸੂਬਾ ਆਗੂ ਪ੍ਰਦੀਪ ਕੁਮਾਰ ਚੀਮਾ ਵੱਲੋਂ ਸੀਵਰੇਜ ਬੋਰਡ ਅੰਦਰ ਕੰਮ ਕਰਦੇ ਆਊਟਸੋਰਸ ਮੁਲਾਜ਼ਮਾਂ ਨਾਲ ਇਕੱਤਰਤਾ ਕੀਤੀ ਗਈ, ਜਿਸ ਵਿੱਚ ਕ੍ਰਿਸ਼ਨ ਸਿੰਘ ਨੀਟਾ ਆਪਣੇ ਦੋ ਦਰਜਨ ਦੇ ਕਰੀਬ ਸਾਥੀਆਂ ਨਾਲ ਜਥੇਬੰਦੀ ਵਿੱਚ ਸ਼ਾਮਲ ਹੋਏ। ਸੂਬਾ ਕਮੇਟੀ ਦੇ ਮੈਂਬਰਾਂ ਵੱਲੋਂ ਇੱਕ ਮਤੇ ਰਾਹੀਂ ਕ੍ਰਿਸ਼ਨ ਸਿੰਘ ਨੀਟਾ ਨੂੰ ਸੂਬਾ ਕਮੇਟੀ ਅੰਦਰ ਮੈਂਬਰ ਚੁਣਿਆ ਗਿਆ।ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਸੀਵਰੇਜ ਬੋਰਡ ਵਿੱਚ ਆਊਟਸੋਰਸ ਕਾਮਿਆਂ ਨੂੰ ਵਿਭਾਗ ਵਿੱਚ ਮਰਜ਼ ਕਰਵਾ ਕੇ ਰੈਗੂਲਰ ਕਰਵਉਣ ਤੱਕ ਪਿੱਛੇ ਨਹੀਂ ਹਟਣਗੇ ਤੇ ਆਪਣਾ ਪੂਰਾ ਸਹਿਯੋਗ ਕਰਨਗੇ ਤੇ ਜਥੇਬੰਦੀ ਵਿੱਚ ਅੱਗੇ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਉਣਗੇ।ਇਸ ਮੌਕੇ ਸੂਬਾ ਆਗੂ ਗਗਨਦੀਪ ਸਿੰਘ ਸੁਨਾਮ, ਗਗਨ ਸ਼ਰਮਾ, ਮੁਖਤਿਆਰ ਸਿੰਘ ਕਾਂਝਲਾ, ਸੋਹਣ ਲਾਲ, ਗੁਰਜੰਟ ਸਿੰਘ ਘਰਾਚੋਂ, ਸਤਨਾਮ ਸਿੰਘ ਘਰਾਚੋਂ, ਸੁਖਵਿੰਦਰ ਸਿੰਘ ਘਰਾਚੋਂ, ਸ਼ਮਸ਼ੇਰ ਸਿੰਘ, ਬਲਦੇਵ ਕਾਂਤ, ਇਸ਼ੂ ਕੁਮਾਰ, ਹਰਪ੍ਰੀਤ ਸਿੰਘ, ਕਾਲਾ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ।

## ਲੋਕ ਅਫ਼ਵਾਹਾਂ ਤੋਂ ਸੁਚੇਤ ਰਹਿਣ : ਡੀ ਸੀ



ਮਾਨਸਾ (ਆਤਮਾ ਸਿੰਘ ਪਮਾਰ)-ਡਿਪਟੀ ਕਮਿਸ਼ਨਰ ਮਾਨਸਾ ਕੁਲਵੰਤ ਸਿੰਘ ਆਈ.ਏ.ਐੱਸ. ਨੇ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਜਾਂ ਤੱਥਹੀਣ ਗੱਲਾਂ ਤੋਂ ਸੁਚੇਤ ਰਹਿਣ ਤੇ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਸਾਧਨਾਂ ਰਾਹੀਂ ਪ੍ਰਾਪਤ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰਨ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜੋ ਵੀ ਹਦਾਇਤਾਂ ਹੋਣਗੀਆਂ, ਉਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਨੂੰ ਸਮੇਂ-ਸਮੇਂ ਜਾਣੂ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਸਥਿਤੀ ਵਿੱਚ ਮੀਡੀਆ ਤੇ ਆਮ ਜਨਤਾ ਆਪਣੀ ਉਸਾਰੀ ਭੂਮਿਕਾ ਨਿਭਾਵੇ ਤੇ ਕੋਈ ਵੀ ਵੀਡੀਓ ਜਾਂ ਤਸਵੀਰ ਪ੍ਰਸ਼ਾਸਨ ਜਾਂ ਫੌਜ ਦੀ ਪੁਸ਼ਟੀ ਤੋਂ ਬਿਨਾਂ ਪ੍ਰਕਾਸ਼ਤ ਨਾ ਕੀਤੀ ਜਾਵੇ।ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਤੇ ਤੱਥਹੀਣ ਗਲਾਂ, ਖ਼ਬਰਾਂ ਜਾਂ ਤਸਵੀਰਾਂ ਨੂੰ ਅੱਗੇ ਸ਼ੇਅਰ ਕਰਨ ਤੋਂ ਗੁਰੇਜ਼ ਕੀਤਾ ਜਾਵੇ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਬਿਨ੍ਹਾਂ ਵਜ੍ਹਾ ਹੀ ਲੋਕਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਹੋ ਜਾਂਦਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਅਫ਼ਵਾਹਾਂ ਫੈਲਾਅ ਰਿਹਾ ਹੈ ਤਾਂ ਉਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾਵੇ ਤੇ ਜੇਕਰ ਕੋਈ ਵਿਅਕਤੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸਰਹੱਦ 'ਤੇ ਬਣੇ ਵਰਤਮਾਨ ਹਾਲਾਤ ਦੇ ਮੱਦੇਨਜ਼ਰ ਅਪੀਲ ਕੀਤੀ ਕਿ ਲੋਕ ਬਿਲਕੁੱਲ ਵੀ ਘਬਰਾਉਣ ਨਾ, ਬਲਕਿ ਅਜਿਹੇ ਹਾਲਾਤਾਂ ਵਿੱਚ ਹਰੇਕ ਨਾਗਰਿਕ ਨੂੰ ਸੁਚੇਤ ਤੇ ਜ਼ਿੰਮੇਵਾਰੀ ਵਾਲੀ ਭੂਮਿਕਾ ਨਿਭਾਉਣੀ ਚਾਹੀਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਦ ਕੋਈ ਖਤਰੇ ਦਾ ਸੰਕੇਤ ਮਿਲਦਾ ਹੈ ਤਾਂ ਬਲੈਕਆਊਟ ਕੀਤਾ ਜਾਵੇਗਾ।ਇਸ ਲਈ ਹਰੇਕ ਨਾਗਰਿਕ ਨੂੰ ਇਸ ਸਬੰਧੀ ਕੁਝ ਜ਼ਰੂਰੀ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਾਇਰਨ ਦਾ ਮਤਲਬ ਅਸਲ ਖਤਰਾ ਹੈ ਤੇ ਰਾਤ ਸਮੇਂ ਬਿਜਲੀ ਜਾਣ ਨੂੰ ਵੀ ਖਤਰੇ ਦਾ ਸੰਕੇਤ ਮੰਨਿਆ ਜਾਵੇ।ਬਿਜਲੀ ਬੰਦ ਹੋਣ 'ਤੇ ਇਨਵਰਟਰ ਜਾਂ ਜੈਨਰੇਟਰ ਨਾਲ ਵੀ ਕੋਈ ਲਾਈਟ ਨਾ ਜਗਾਓ।ਆਪਣੇ ਫੋਨ ਪਹਿਲਾਂ ਤੋਂ ਹੀ ਚਾਰਜ ਰੱਖੋ।ਜੇਕਰ ਡਰੋਨ ਜਾਂ ਕੋਈ ਉਡਦੀ ਚੀਜ਼ ਵੇਖੋ ਤਾਂ ਤੁਰੰਤ ਕੰਟਰੋਲ ਰੂਮ ਜਾਂ ਅਧਿਕਾਰੀ ਨੂੰ ਇਤਲਾਹ ਦਿਓ। ਇਸ ਨੂੰ ਮੌਕਾ ਅਭਿਆਸ ਸਮਝਣ ਦੀ ਭੁੱਲ ਨਾ ਕਰੋ ਹੁਣ ਹਰ ਸਾਇਰਨ ਅਸਲ ਖਤਰੇ ਦੀ ਨਿਸ਼ਾਨੀ ਹੈ।ਅਫਵਾਹਾਂ ਨਾ ਫੈਲਾਓ ਤੇ ਨਾ ਵਿਸ਼ਵਾਸ ਕਰੋ।ਕੇਵਲ ਸਰਕਾਰੀ ਹਦਾਇਤਾਂ 'ਤੇ ਭਰੋਸਾ ਕਰੋ ਤੇ ਉਨ੍ਹਾਂ ਦੀ ਪਾਲਣ ਕਰੋ।

## ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ ਰਾਤ ਸਮੇਂ ਸ਼ਹਿਰ ਵਾਸੀ ਲਾਈਟਾਂ ਬੰਦ ਰੱਖਣ : ਰਾਜਪੂਤ

ਕੋਟ ਈਸੇ ਖਾਂ (ਅਰੋੜਾ)-ਭਾਰਤ ਤੇ ਪਾਕਿਸਤਾਨ ਸਰਹੱਦ 'ਤੇ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਸ਼ਾਸਨ ਵੱਲੋਂ ਜੋ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਪਾਲਣਾ ਕਰਕੇ ਇਹੋ ਜਿਹੇ ਸਮੇਂ ਵਿੱਚ ਸੰਪੂਰਨ ਸਹਿਯੋਗ ਦੇਣਾ ਚਾਹੀਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਪੰਚਾਇਤ ਪ੍ਰਧਾਨ ਸ਼ਿੰਦਰ ਕੌਰ ਤੇ ਉਨ੍ਹਾਂ ਦੇ ਪਤੀ ਆਪ ਆਗੂ ਪ੍ਰਕਾਸ਼ ਸਿੰਘ ਰਾਜਪੂਤ ਵੱਲੋਂ ਪ੍ਰੈੱਸ ਦੇ ਜ਼ਰੀਏ ਲੋਕਾਂ ਨੂੰ ਜਾਣਕਾਰੀ ਦੇਣ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਚਲਦਿਆਂ ਰਾਤ ਸਮੇਂ ਰੋਸ਼ਨੀ ਨਾ ਕਰਨ ਦੀ ਅਪੀਲ ਕੀਤੀ ਗਈ ਹੈ, ਜਿਸ ਦੇ ਚਲਦਿਆਂ ਸਾਨੂੰ ਉਸ ਸਮੇਂ ਆਪਣੇ ਘਰਾਂ, ਦੁਕਾਨਾਂ ਦੀਆਂ ਲਾਈਟਾਂ ਬੰਦ ਰੱਖਣੀਆਂ ਚਾਹੀਦੀਆਂ ਹਨ ਅਤੇ ਕਿਸੇ ਤਰ੍ਹਾਂ ਦੀ ਰੋਸ਼ਨੀ ਨਹੀਂ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਘਰਾਂ ਜਾਂ ਦੁਕਾਨਾਂ ਦੇ ਬਾਹਰ ਕੈਮਰੇ ਲੱਗੇ ਹੁੰਦੇ ਹਨ, ਉਨ੍ਹਾਂ ਦੀ ਲਾਈਟ ਵੀ ਬੰਦ ਕਰਨਾ ਲਾਜ਼ਮੀ ਹੈ।ਸਾਨੂੰ ਸਾਰਿਆਂ ਨੂੰ ਜ਼ਿੰਮੇਵਾਰੀ ਸਮਝਦੇ ਹੋਏ ਹੁਕਮ ਦੀ ਪਾਲਣਾ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ।ਇਸ ਦੌਰਾਨ ਕਿਸੇ ਨੂੰ ਵੀ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ, ਬਲਕਿ ਸੁਚੇਤ ਹੋਣ ਦੀ ਜ਼ਰੂਰਤ ਹੈ।

## ਦਮਨ ਬਾਜਵਾ ਤੇ ਹਰਮਨਦੇਵ ਵੱਲੋਂ ਪੱਲੇਦਾਰ ਯੂਨੀਅਨ ਨਾਲ ਮੁਲਾਕਾਤ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਥਾਨਕ ਸ਼ਹਿਰ ਵਿਖੇ ਰੇਲਵੇ ਪਲੇਟੀ ਨੂੰ ਲੈ ਕੇ ਪੱਲੇਦਾਰ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ, ਇਸ ਮਸਲੇ ਸਬੰਧੀ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਬਾਜਵਾ ਤੇ ਹਰਮਨਦੇਵ ਬਾਜਵਾ ਨਾਲ ਰੇਲਵੇ ਵਿਭਾਗ ਤੋਂ ਆਈ.ਓ.ਡਬਲਯੂ. ਸੁਰੇਸ਼ ਕੁਮਾਰ ਸੰਗਰੂਰ ਰੇਲਵੇ ਪਲੇਟੀ 'ਤੇ ਪਹੁੰਚ ਕੇ ਮਜ਼ਦੂਰਾਂ ਨੂੰ ਮਿਲੇ।ਇਸ ਮੌਕੇ ਪਹੁੰਚੇ ਮੈਡਮ ਦਾਮਨ ਬਾਜਵਾ ਤੇ ਰੇਲਵੇ ਆਈ.ਓ.ਡਬਲਯੂ. ਸੁਰੇਸ਼ ਕੁਮਾਰ ਸੰਗਰੂਰ ਨੂੰ ਪੱਲੇਦਾਰ ਮਜ਼ਦੂਰ ਯੂਨੀਅਨ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਸੁਨਾਮ ਊਧਮ ਸਿੰਘ ਵਾਲਾ ਰੇਲਵੇ ਲਾਈਨ 04, ਜਿਸ 'ਤੇ ਮਜ਼ਦੂਰਾਂ ਵੱਲੋਂ ਅਨਾਜ, ਖਾਦ ਦਾ ਲੋਡਿੰਗ ਤੇ ਅਨਲੋਡਿੰਗ ਦਾ ਕੰਮ ਕੀਤਾ ਜਾਂਦਾ ਹੈ, ਉਸ ਜਗ੍ਹਾ 'ਤੇ ਪਲੇਟੀ ਰੇਲਵੇ ਲਾਈਨ ਨਾਲੋਂ ਕਾਫੀ ਉੱਚੀ ਹੈ, ਜਿਸ ਕਰਕੇ ਮਜ਼ਦੂਰਾਂ ਨੂੰ ਕੰਮ ਕਰਦੇ ਸਮੇਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਮਸਲੇ 'ਤੇ ਧਿਆਨ ਦਿੰਦੇ ਹੋਏ ਮੈਡਮ ਦਾਮਨ ਬਾਜਵਾ ਨੇ ਕਿਹਾ ਕਿ ਮੈਂ ਇਸ ਦੀ ਜਾਣਕਾਰੀ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਧਿਆਨ ਵਿੱਚ ਲਿਆ ਦਿੱਤੀ ਹੈ ਤੇ ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਰੇਲਵੇ ਵਿਭਾਗ ਵੱਲੋਂ ਸੀਨੀਅਰ ਅਧਿਕਾਰੀਆਂ ਦੀ ਟੀਮ ਆਵੇਗੀ, ਜਿਸ ਤਰ੍ਹਾਂ ਵੀ ਇਸ ਮਸਲੇ ਦਾ ਹੱਲ ਨਿਕਲਦਾ ਹੋਇਆ, ਅਸੀਂ ਹਰ ਹਾਲਤ ਵਿੱਚ ਇਸ ਦਾ ਹੱਲ ਕਰਵਾ ਕੇ ਦੇਵਾਂਗੇ।ਇਸ ਮੌਕੇ ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਸੁਨਾਮ ਊਧਮ ਸਿੰਘ ਵਾਲਾ ਵੱਲੋਂ ਮੈਡਮ ਦਾਮਨ ਬਾਜਵਾ ਤੇ ਹਰਮਨਦੇਵ ਬਾਜਵਾ ਨੂੰ ਮੰਗ ਪੱਤਰ ਵੀ ਦਿੱਤਾ ਗਿਆ।ਇਸ ਮੌਕੇ ਪ੍ਰਧਾਨ ਕੇਵਲ ਸਿੰਘ, ਸੈਕਟਰੀ ਨਰੈਣ ਸਿੰਘ, ਪ੍ਰੇਮ ਸਿੰਘ, ਸਾਬਕਾ ਪ੍ਰਧਾਨ ਜੋਰਾ ਸਿੰਘ, ਪ੍ਰਵੀਨ ਗੋਇਲ, ਚੰਦਰ ਮੋਹਨ, ਰਾਜੀਵ ਮੱਖਣ ਭਾਜਪਾ ਮੰਡਲ ਪ੍ਰਧਾਨ ਆਦਿ ਹਾਜ਼ਰ ਸਨ।

## ਓ ਬੀ ਸੀ ਭਾਈਚਾਰੇ ਨੇ ਚੌਥਾ ਪੰਜਾਬ ਰਾਜ ਸਮਾਗਮ ਕਰਵਾਇਆ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਭਾਰਤ ਸਰਕਾਰ ਵੱਲੋਂ ਜਾਤੀ ਜਨਗਣਨਾ ਕਰਵਾਏ ਜਾਣ, ਪੰਜਾਬ ਵਿੱਚ ਓ ਬੀ ਸੀ ਭਾਈਚਾਰੇ ਲਈ ਬੱਜਟ ਵਿੱਚੋਂ ਬਣਦਾ ਹਿੱਸਾ ਖ਼ਰਚ ਕਰਵਾਏ ਜਾਣ, ਪੰਜਾਬ ਵਿੱਚ ਐੱਸ ਸੀ ਕਮਿਸ਼ਨ ਦੀ ਤਰਜ਼ 'ਤੇ ਓ ਬੀ ਸੀ ਕਮਿਸ਼ਨ ਬਣਵਾਏ ਜਾਣ, ਈ ਵੀ ਐੱਮ ਦੀ ਬਜਾਏ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਏ ਜਾਣ, ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਪੰਜਾਬ ਅੰਦਰ ਵੀ 27 ਪ੍ਰਤੀਸ਼ਤ ਰਿਜ਼ਰਵੇਸ਼ਨ ਲਾਗੂ ਕਰਵਾਏ ਜਾਣ ਤੇ ਆਰ ਐੱਸ ਐੱਸ/ਬੀਜੇਪੀ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਮੇਤ ਹੋਰਨਾਂ ਮੂਲ ਨਿਵਾਸੀ ਮਹਾਂਪੁਰਖਾਂ ਦਾ ਅਪਮਾਨ ਕਰਨ ਵਾਲਿਆਂ ਖ਼ਿਲਾਫ਼ ਵਿਸ਼ਾਲ ਏਕਤਾ ਦੀ ਉਸਾਰੀ ਲਈ ਨਿਹਾਲ ਸਿੰਘ ਵਾਲਾ ਦੇ ਵਿਕਰਾਜ ਪੈਲੇਸ ਰਾਸ਼ਟਰੀ ਪਿੱਛੜਾ ਵਰਗ ਮੋਰਚੇ ਦੇ ਚੌਥੇ ਪੰਜਾਬ ਸੰਮੇਲਨ ਵਿੱਚ ਉਕਤ ਸੁਆਲਾਂ 'ਤੇ ਡੂੰਘੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਆਗੂਆਂ ਨੇ ਕਿਹਾ ਕਿ ਦੇਸ਼ ਭਰ ਵਿੱਚ ਓ ਬੀ ਸੀ ਭਾਈਚਾਰੇ ਲਈ ਸਿਆਸੀ ਰਿਜ਼ਰਵੇਸ਼ਨ ਲਈ ਸੰਘਰਸ਼ ਦੇ ਮੈਦਾਨ ਵਿੱਚ ਆਉਣਾ ਪਵੇਗਾ।ਉਨ੍ਹਾਂ ਕਿਹਾ ਕਿ ਓਬੀਸੀ ਭਾਈਚਾਰੇ, ਜੋ ਕਿ ਸੁੱਤਾ ਹੋਇਆ ਸ਼ੇਰ ਹੈ, ਨੂੰ ਜਾਗਰੂਕ ਕਰਕੇ ਪੜ੍ਹੋ, ਜੁੜੋ, ਸੰਘਰਸ਼ ਕਰੋ ਦੇ ਨਾਅਰੇ 'ਤੇ ਲੈ ਕੇ ਆਉਣਾ ਇੱਕ ਵੱਡੀ ਚੁਣੌਤੀ ਹੈ।ਉਨ੍ਹਾਂ ਕਿਹਾ ਕਿ ਓ ਬੀ ਸੀ ਭਾਈਚਾਰੇ ਦੇ ਮਾਨ ਸਨਮਾਨ ਦੀ ਬਹਾਲੀ ਤੇ ਉਨ੍ਹਾਂ ਦੇ ਹੱਕੀ ਮੰਗਾਂ ਤੇ ਮਸਲਿਆਂ ਨੂੰ ਹੱਲ ਕਰਵਾਏ ਜਾਣ ਲਈ ਰਾਸ਼ਟਰੀ ਪਿੱਛੜਾ ਵਰਗ ਮੋਰਚਾ ਨਿਰੰਤਰ ਯਤਨਸ਼ੀਲ ਰਹੇਗਾ।ਇਸ ਮੌਕੇ ਇਕੱਠ ਨੂੰ ਮਾਣਯੋਗ ਚੌਧਰੀ ਵਿਕਾਸ ਪਟੇਲ ਰਾਸ਼ਟਰੀ ਪ੍ਰਧਾਨ ਪਿੱਛੜਾ ਵਰਗ ਮੋਰਚਾ, ਸੂਬਾ ਪ੍ਰਧਾਨ ਮੁਕੰਦ ਸਿੰਘ, ਸੂਬਾ ਵਾਈਸ ਪ੍ਰਧਾਨ ਡਾਕਟਰ ਹਰ ਗੁਰਪ੍ਰਤਾਪ ਸਿੰਘ, ਇੰਦਰਜੀਤ ਸਿੰਘ ਬੱਬੂ, ਦਲਜੀਤ ਸਿੰਘ ਡਿਪਟੀ ਡਾਇਰੈਕਟਰ ਰਿਟਾਇਰਡ ਦੂਰਦਰਸ਼ਨ ਕੇਂਦਰ ਜਲੰਧਰ, ਧਰਮਿੰਦਰ ਸਿੰਘ ਭਾਰਤ ਮੁਕਤੀ ਮੋਰਚਾ, ਦੀਪ ਸ਼ੇਰਗਿੱਲ ਸੂਬਾ ਪ੍ਰਧਾਨ ਬਹੁਜਨ ਮੁਕਤੀ ਮੋਰਚਾ, ਸਤਨਾਮ ਸਿੰਘ ਦਮਦਮੀ ਸੂਬਾ ਪ੍ਰਧਾਨ ਕਸ਼ੱਤਰੀ ਸਮਾਜ, ਰਾਮਗੜ੍ਹੀਆ ਸਮਾਜ ਵੱਲੋਂ ਹਰਦੇਵ ਸਿੰਘ ਕੌਸ਼ਲ, ਯੂਥ ਵਿੰਗ ਆਗੂ ਸੋਨੀ ਹਿੰਮਤਪੁਰਾ, ਹਰਮਨ ਹਿੰਮਤਪੁਰਾ, ਡਾਕਟਰ ਗੁਰਮੇਲ ਸਿੰਘ ਮਾਛੀਕੇ, ਜਲੌਰ ਸਿੰਘ, ਡਾਕਟਰ ਮਨਪ੍ਰੀਤ ਸਿੰਘ, ਕੁਲਦੀਪ ਸਿੰਘ ਚੰਦਭਾਨ ਤੇ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਤਲਵੰਡੀ ਸਾਬੋ ਦੀ ਮੀਟਿੰਗ



ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਤਲਵੰਡੀ ਸਾਬੋ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਮੀਟਿੰਗ ਹਾਲ ਵਿਖੇ ਹੋਈ।ਮੀਟਿੰਗ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਤੇ ਚੇਅਰਮੈਨ ਨਿਰੰਜਨ ਸਿੰਘ ਨੇ ਪੈਨਸ਼ਨਰਾਂ ਦੇ ਭਖਦੇ ਮਸਲਿਆਂ 'ਤੇ ਵਿਚਾਰ ਚਰਚਾ ਕਰਦਿਆਂ ਤਨਖਾਹ ਕਮਿਸ਼ਨ ਦਾ ਬਕਾਇਆ 42 ਮਹੀਨੇ ਤੱਕ ਲਮਕਾਉਣ ਦੀ ਨਿੰਦਾ ਕੀਤੀ ਤੇ ਯਕਮੁਸ਼ਤ ਇੱਕ ਜਾਂ ਦੋ ਕਿਸ਼ਤਾਂ ਵਿੱਚ ਦੇਣ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਦਾ 2.59 ਫੈਕਟਰ ਤੁਰੰਤ ਲਾਗੂ ਕੀਤਾ ਜਾਵੇ, ਕੈਸ਼ਲੈੱਸ ਇਲਾਜ ਦੀ ਸਹੂਲਤ ਦਿੱਤੀ ਜਾਵੇ, ਮੈਡੀਕਲ ਭੱਤਾ ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ।ਇੱਕ ਮਈ ਨੂੰ ਪਹਿਲਗਾਮ ਵਿੱਚ ਨਿਰਦੋਸ਼ ਮਾਰੇ ਜਾਣ ਵਾਲੇ ਸੈਲਾਨੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਪਾਕਿਸਤਾਨ ਵੱਲੋਂ ਜੰਗ ਦਾ ਮਾਹੌਲ ਬਣਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਸ਼ਾਂਤੀ ਬਣਾਉਣ ਲਈ ਅਪੀਲ ਕੀਤੀ ਗਈ।ਪੈਨਸ਼ਨਰ ਸਾਥੀ ਪ੍ਰੀਤਮ ਸਿੰਘ ਗਿੱਲ ਰਿਟਾਇਡ ਪੀ ਟੀ ਆਈ ਤੇ ਜਰਨੈਲ ਸਿੰਘ ਤੰਗਰਾਲੀ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮਹੀਨੇ ਨਵੇਂ ਆਏ ਮੈਂਬਰਾਂ ਦਾ ਹਾਰ ਪਾ ਕੇ ਸੁਆਗਤ ਕੀਤਾ ਗਿਆ।ਇਸ ਮੌਕੇ ਥਾਣੇਦਾਰ ਗੁਰਚਰਨ ਸਿੰਘ, ਲਾਭਵੀਰ ਸਿੰਘ ਪਟਵਾਰੀ, ਜੁਗਰਾਜ ਸਿੰਘ ਜੇਈ, ਕੁਲਵੰਤ ਸਿੰਘ, ਮਲੂਕ ਸਿੰਘ, ਭੂਰਾ ਸਿੰਘ, ਸੁੱਚਾ ਸਿੰਘ, ਥਾਣੇਦਾਰ ਸੁਖਦੇਵ ਸਿੰਘ, ਮਦਨ ਸਿੰਘ ਪਟਵਾਰੀ, ਜਿਲੇਦਾਰ ਜਰਨੈਲ ਸਿੰਘ, ਦਰਸ਼ਨ ਸਿੰਘ, ਸਾਧੂ ਸਿੰਘ, ਮਨਸਾ ਰਾਮ, ਤੇਜਾ ਸਿੰਘ, ਗੁਰਬਖਸ਼ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਚਾਰ ਦਿਨਾਂ ਬਾਅਦ...

ਨਿਗਰਾਨੀ ਅਤੇ ਹਮਲਾ ਪ੍ਰਣਾਲੀ ਪ੍ਰਭਾਵਤ ਹੋਈ ਹੈ।

ਇਸ ਤੋਂ ਪਹਿਲਾਂ ਸਵੇਰੇ ਪਾਕਿਸਤਾਨੀ ਫੌਜ ਨੇ ਦਾਅਵਾ ਕੀਤਾ ਕਿ ਧਮਾਕੇ ਹਵਾਈ ਫੌਜ ਦੇ ਤਿੰਨ ਟਿਕਾਣਿਆਂ 'ਤੇ ਹੋਏ ਹਨ, ਜਿਨ੍ਹਾਂ ਵਿੱਚ ਰਾਵਲਪਿੰਡੀ ਵਿੱਚ ਨੂਰ ਖਾਨ ਏਅਰ ਬੇਸ ਵੀ ਸ਼ਾਮਲ ਹੈ, ਜੋ ਕਿ ਇਸਲਾਮਾਬਾਦ ਤੋਂ 10 ਕਿੱਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਹੈ ਅਤੇ ਦੇਸ਼ ਦੇ ਫੌਜੀ ਹੈੱਡਕੁਆਰਟਰ ਦੇ ਨਾਲ ਲੱਗਦੀ ਮੁੱਖ ਜਗ੍ਹਾ ਹੈ।

ਕੇਂਦਰ ਸਰਕਾਰ ਨੇ ਵਿਸ਼ੇਸ਼ ਬ੍ਰੀਫਿੰਗ ਦੌਰਾਨ ਕਿਹਾ ਕਿ ਪਾਕਿਸਤਾਨ ਨੇ ਸ਼ੁੱਕਰਵਾਰ ਰਾਤ ਨੂੰ ਊਧਮਪੁਰ, ਪਠਾਨਕੋਟ ਤੇ ਬਠਿੰਡਾ ਸਣੇ ਹੋਰਨਾਂ ਹਵਾਈ ਬੇਸਾਂ ਨੂੰ ਨਿਸ਼ਾਨਾ ਬਣਾਇਆ। ਬ੍ਰੀਫਿੰਗ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ, ਥਲ ਸੈਨਾ ਦੀ ਕਰਨਲ ਸੋਫੀਆ ਕੁਰੈਸ਼ੀ ਤੇ ਹਵਾਈ ਸੈਨਾ ਦੀ ਵਿੰਗ ਕਮਾਂਡਰ ਵਿਓਮਿਕਾ ਸਿੰਘ ਮੌਜੂਦ ਸਨ। ਕਰਨਲ ਸੋਫੀਆ ਨੇ ਕਿਹਾ ਕਿ ਪਾਕਿਸਤਾਨ ਨੇ ਡਰੋਨਾਂ ਤੇ ਹੋਰ ਅਤਿ-ਅਧੁਨਿਕ ਹਥਿਆਰਾਂ ਨਾਲ ਭਾਰਤ ਦੇ ਪੱਛਮੀ ਫਰੰਟ ਨੂੰ ਨਿਸ਼ਾਨਾ ਬਣਾਇਆ। ਕੁੱਲ ਮਿਲਾ ਕੇ 26 ਭਾਰਤੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਭਾਰਤ ਨੇ ਤਕਰੀਬਨ ਹਰੇਕ ਹਮਲੇ ਨੂੰ ਨਾਕਾਮ ਕਰ ਦਿੱਤਾ। ਕੁਰੈਸ਼ੀ ਨੇ ਕਿਹਾ, 'ਪਾਕਿਸਤਾਨ ਨੇ ਸ੍ਰੀਨਗਰ, ਅਵੰਤੀਪੋਰਾ ਤੇ ਊਧਮਪੁਰ ਵਿੱਚ ਸਕੂਲ ਤੇ ਹਸਪਤਾਲ ਨੂੰ ਵੀ ਨਿਸ਼ਾਨਾ ਬਣਾਇਆ।'

ਕਰਨਲ ਸੋਫੀਆ ਕੁਰੈਸ਼ੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ 'ਭਾਰਤ ਤਣਾਅ ਨਹੀਂ ਚਾਹੁੰਦਾ, ਬਸ਼ਰਤੇ ਪਾਕਿਸਤਾਨ ਵੀ ਇਸੇ ਤਰ੍ਹਾਂ ਵਿਹਾਰ ਕਰੇ। ਉਸ ਨੇ ਕਿਹਾ ਕਿ ਪਾਕਿਸਤਾਨੀ ਕਾਰਵਾਈਆਂ ਦਾ ਢੁਕਵਾਂ ਜਵਾਬ ਦਿੱਤਾ ਗਿਆ ਹੈ।' ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਨੇ ਭਾਰਤ ਵਿਰੁੱਧ ਮਿਜ਼ਾਈਲ ਹਮਲਾ ਕੀਤਾ, ਪਰ ਭਾਰਤੀ ਫੌਜ ਨੇ ਹਰ ਮਿਜ਼ਾਈਲ ਨੂੰ ਹਵਾ ਵਿੱਚ ਹੀ ਨਸ਼ਟ ਕਰ ਦਿੱਤਾ। ਪਾਕਿਸਤਾਨੀ ਫੌਜ ਨੇ ਭਾਰਤੀ ਫੌਜੀ ਟਿਕਾਣਿਆਂ ਦੇ ਨਾਲ-ਨਾਲ ਨਾਗਰਿਕ ਖੇਤਰਾਂ ਅਤੇ ਧਾਰਮਕ ਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਪਾਕਿਸਤਾਨ 'ਤੇ ਝੂਠ ਫੈਲਾਉਣ ਦਾ ਦੋਸ਼ ਲਗਾਉਂਦੇ ਹੋਏ ਕਰਨਲ ਕੁਰੈਸ਼ੀ ਨੇ ਕਿਹਾ, 'ਪਾਕਿਸਤਾਨ ਨੇ ਸੋਸ਼ਲ ਮੀਡੀਆ 'ਤੇ ਆਦਮਪੁਰ ਵਿੱਚ ਸਥਿਤ ਭਾਰਤੀ ਐੱਸ-400 ਰੱਖਿਆ ਪ੍ਰਣਾਲੀ ਨੂੰ ਤਬਾਹ ਕਰਨ ਵਰਗੇ ਕਈ ਝੂਠੇ ਦਾਅਵੇ ਫੈਲਾਏ ਹਨ, ਜਿਸ ਨੂੰ ਭਾਰਤ ਪੂਰੀ ਤਰ੍ਹਾਂ ਰੱਦ ਕਰਦਾ ਹੈ।'

ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੀਆਂ ਕਾਰਵਾਈਆਂ ਦਾ ਜਵਾਬ ਸੰਜੀਦਾ ਢੰਗ ਨਾਲ ਦਿੱਤਾ। ਪਾਕਿਸਤਾਨ ਦੀ ਕਾਰਵਾਈ ਭੜਕਾਊ ਹੈ ਅਤੇ ਤਣਾਅ ਵਧਾਉਂਦੀ ਹੈ।

### ਕਈ ਪਿੰਡਾਂ 'ਚ ਡਿੱਗੇ ...

ਗੋਇੰਦਵਾਲ ਨੇੜੇ ਸ਼ੁੱਕਰਵਾਰ ਰਾਤ ਡੇਢ ਵਜੇ ਤਿੰਨ ਧਮਾਕਿਆਂ ਦੀ ਆਵਾਜ਼ ਸੁਣਾਈ ਦਿੱਤੀ। ਲੋਕਾਂ ਨੇ ਖਦਸ਼ਾ ਪ੍ਰਗਟਾਇਆ ਕਿ ਪਾਕਿਸਤਾਨ ਨੇ ਗੋਇੰਦਵਾਲ ਸਾਹਿਬ ਦੇ ਥਰਮਲ ਪਲਾਂਟ ਅਤੇ ਬਿਆਸ ਪੁਲ ਨੂੰ ਨਿਸ਼ਾਨਾ ਬਣਾਇਆ।

ਧਮਾਕਿਆਂ ਕਾਰਨ ਜਿੱਥੇ ਥਰਮਲ ਪਲਾਂਟ ਦੇ ਕੁਝ ਬਿਲਡਿੰਗਾਂ ਦੇ ਸ਼ੀਸ਼ੇ ਟੁੱਟੇ ਹਨ, ਉੱਥੇ ਹੀ ਬਿਆਸ ਪੁਲ ਨਾਲ ਲੱਗਦੇ ਕੁਝ ਪਿੰਡਾਂ ਦੇ ਘਰਾਂ ਦੇ ਬੂਹੇ-ਬਾਰੀਆਂ ਨੂੰ ਵੀ ਨੁਕਸਾਨ ਪੁੱਜਾ ਹੈ। ਕੁਝ ਲੋਕਾਂ ਨੇ ਡਰੋਨਨੁਮਾ ਵਸਤੂ ਨੂੰ ਨਸ਼ਟ ਹੁੰਦੇ ਤੇ ਦਰਿਆ ਬਿਆਸ ਵਿੱਚ ਡਿੱਗਦੇ ਦੇਖਿਆ, ਪਰ ਇਸ ਦੀ ਕਿਸੇ ਨੇ ਅਧਿਕਾਰਤ ਪੁਸ਼ਟੀ ਨਹੀਂ ਕੀਤੀ। ਆਮ ਲੋਕਾਂ ਨੇ ਆਖਿਆ ਕਿ ਸਰਕਾਰ ਵੱਲੋਂ ਬਲੈਕਆਊਟ ਦੇ ਹੁਕਮਾਂ ਦੇ ਬਾਵਜੂਦ ਥਰਮਲ ਪਲਾਂਟ ਪੂਰੀ ਤਰ੍ਹਾ ਜਗਮਗਾ ਰਿਹਾ ਸੀ।

ਸਨਿੱਚਰਵਾਰ ਸਵੇਰੇ ਫਿਰੋਜ਼ਪੁਰ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ ਤੋਂ ਬੰਬਾਂ ਦੇ ਟੁਕੜੇ ਮਿਲੇ। ਸਰਹੱਦ 'ਤੇ ਕੁਝ ਛੋਟੇ ਧਮਾਕਿਆਂ ਦੀ ਆਵਾਜ਼ ਵੀ ਸੁਣਾਈ ਦਿੱਤੀ, ਜਿਸ ਤੋਂ ਬਾਅਦ ਸ਼ਹਿਰ ਅਤੇ ਛਾਉਣੀ ਵਿੱਚ ਐਮਰਜੈਂਸੀ ਸਾਇਰਨ ਵੱਜਣੇ ਸ਼ੁਰੂ ਹੋ ਗਏ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਆਪਣੇ ਘਰਾਂ ਵਿੱਚ ਹੀ ਰਹਿਣ ਦੀ ਅਪੀਲ ਕੀਤੀ ਗਈ।

ਪੁਲਸ ਨੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਦੀਆਂ ਸਾਰੀਆਂ ਦੁਕਾਨਾਂ ਨੂੰ ਇਹਤਿਆਤ ਵਜੋਂ ਬੰਦ ਕਰਵਾ ਦਿੱਤਾ। ਸ਼ੁੱਕਰਵਾਰ ਰਾਤ ਪਿੰਡ ਖਾਈ ਫੇਮੇ ਕੀ ਵਿੱਚ ਇੱਕ ਘਰ 'ਤੇ ਡਰੋਨ ਹਮਲਾ ਹੋਣ ਕਾਰਨ ਅੱਗ ਲੱਗ ਗਈ। ਅੰਦਰ ਖੜ੍ਹੀ ਇੱਕ ਕਾਰ ਪੂਰੀ ਤਰ੍ਹਾਂ ਸੜ ਗਈ ਅਤੇ ਗੈਸ ਸਿਲੰਡਰ ਵੀ ਫਟ ਗਿਆ। ਘਰ ਦੇ ਤਿੰਨ ਮੈਂਬਰ ਗੰਭੀਰ ਰੂਪ ਵਿੱਚ ਝੁਲਸ ਗਏ, ਜਿਨ੍ਹਾਂ 'ਚ ਬਜ਼ੁਰਗ ਔਰਤ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਮਾਨਸਾ ਜ਼ਿਲ੍ਹੇ ਦੇ ਪਿੰਡ ਮੱਲ ਸਿੰਘ ਵਾਲਾ ਦੇ ਸਰਪੰਚ ਜਸਪਾਲ ਸਿੰਘ ਤੇ ਸਾਬਕਾ ਪੰਚ ਦਰਸ਼ਨ ਸਿੰਘ ਨੇ ਦੱਸਿਆ ਕਿ ਸ਼ੁੱਕਰਵਾਰ ਦੀ ਰਾਤ ਕਰੀਬ ਸਵਾ 2 ਵਜੇ ਪਿੰਡ 'ਚ ਇਕਦਮ ਰੌਸ਼ਨੀ ਹੋਈ। ਦੇਖਦੇ ਹੀ ਦੇਖਦੇ ਪਿੰਡ ਦੇ ਬਾਹਰ ਖੇਤ 'ਚ ਧਮਾਕਾ ਹੋਇਆ ਤੇ ਅੱਗ ਦੇ ਭਾਂਬੜ ਨਿਕਲ ਆਏ। ਉਥੇ ਪਈ ਤੂੜੀ ਨੂੰ ਅੱਗ ਲੱਗ ਗਈ ਤੇ ਕਰੀਬ ਪੰਜ ਫੁੱਟ ਤੱਕ ਡੂੰਘਾ ਟੋਆ ਪੈ ਗਿਆ।

ਦੇਖਣ 'ਚ ਇਹ ਕੋਈ ਮਿਜ਼ਾਇਲਨੁਮਾ ਚੀਜ਼ ਜਾਪਦੀ ਹੈ, ਜਿਸ ਨੇ ਭਾਰੀ ਤਬਾਹੀ ਮਚਾਈ।

## ਹੈਰੋਇਨ ਸਮੇਤ ਦੋ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਿਟੀ ਤੇ ਥਾਣਾ ਤਲਵੰਡੀ ਭਾਈ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਕੋਲੋਂ 9 ਗ੍ਰਾਮ ਹੈਰੋਇਨ ਬਰਾਮਦ ਕਰਕੇ ਉਨ੍ਹਾਂ ਖਿਲਾਫ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸਾਜਨ ਪੁੱਤਰ ਰਮੇਸ਼ ਵਾਸੀ ਨੇੜੇ ਪੀਰ ਬਾਬਾ ਦਰਗਾਹ ਬਸਤੀ ਆਵਾ ਸਿਟੀ ਫਿਰੋਜ਼ਪੁਰ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਤਲਵੰਡੀ ਭਾਈ ਦੀ ਪੁਲਸ ਦੇ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਇਕ ਨੌਜਵਾਨ ਹਰਮਨ ਸਿੰਘ ਪੁੱਤਰ ਭਾਗ ਸਿੰਘ ਵਾਸੀ ਹਰਾਜ ਸ਼ੱਕੀ ਹਾਲਤ ਵਿੱਚ ਸੜਕ ਦੇ ਕਿਨਾਰੇ ਖੜਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਜੇਬ ਵਿੱਚੋਂ ਮੋਮੀ ਲਿਫਾਫੇ ਵਿੱਚ ਲਪੇਟੀ ਹੋਈ ਵਸਤੂ ਨੂੰ ਹੇਠਾਂ ਸੁੱਟ ਕੇ ਮੌਕੇ ਤੋਂ ਭੱਜਣ ਲੱਗਾ ਤਾਂ ਪੁਲਸ ਵੱਲੋਂ ਕਾਬੂ ਕਰਕੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਸ਼ਹੀਦ ਰਾਜਲਾ ਨੂੰ 36ਵੀਂ ਬਰਸੀ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਸੀਨੀ. ਕਾਂਗਰਸੀ ਆਗੂ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ, ਜਰਨੈਲ ਸਿੰਘ ਢਿੱਲੋਂ ਤੇ ਐੱਸ.ਡੀ.ਐੱਮ. ਮਨਜੀਤ ਸਿੰਘ ਰਾਜਲਾ ਦੇ ਪਿਤਾ ਸ਼ਹੀਦ ਸਾਬਕਾ ਵਿਧਾਇਕ ਸਵ: ਹਰਦਿਆਲ ਸਿੰਘ ਰਾਜਲਾ ਦੀ 36ਵੀਂ ਬਰਸੀ ਗੁਰਦੁਆਰਾ ਸਾਹਿਬ ਈਸ਼ਰਸਰ ਬੱਸ ਅੱਡਾ ਢੈਂਠਲ ਵਿਖੇ ਮਨਾਈ ਗਈ, ਜਿਸ ਵਿੱਚ ਰਾਗੀ ਸਿੰਘਾਂ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ।ਇਸ ਉਪਰੰਤ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਲੋਕ ਸਭਾ ਮੈਂਬਰ ਡਾ: ਧਰਮਵੀਰ ਗਾਂਧੀ, ਸਾਬਕਾ ਮੰਤਰੀ ਲਾਲ ਸਿੰਘ, ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜਾਨ ਨੂੰ ਬਚਾਉਂਦਿਆਂ ਹਰਦਿਆਲ ਸਿੰਘ ਰਾਜਲਾ ਨੇ ਆਪਣੀ ਸ਼ਹਾਦਤ ਦੇ ਦਿੱਤੀ।ਅਜਿਹੇ ਲੋਕਾਂ ਨੂੰ ਕੌਮ ਹਮੇਸ਼ਾ ਯਾਦ ਰੱਖਦੀ ਹੈ, ਜਿਸ ਦਾ ਇਹ ਵਿਸ਼ਾਲ ਇੱਕਠ ਦਸ ਰਿਹਾ ਹੈ।ਇਸ ਮੌਕੇ ਹਰਿੰਦਰਪਾਲ ਸਿੰਘ ਹੈਰੀਮਾਨ, ਚੇਅਰਮੈਨ ਹਰਚੰਦ ਸਿੰਘ ਬਰਸਟ, ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜ, ਮਦਲ ਲਾਲ ਜਲਾਲਪੁਰ, ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਰਛਪਾਲ ਸਿੰਘ ਜੌੜਾਮਾਜਰਾ, ਅਮਰਜੀਤ ਸਿੰਘ ਪੰਜਰਥ, ਜਗਮੀਤ ਸਿੰਘ ਹਰਿਆਓ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ, ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਕਪੂਰ ਚੰਦ ਬਾਂਸਲ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਸਾਬਕਾ ਪ੍ਰਧਾਨ ਜੀਵਨ ਗਰਗ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਐੱਸ.ਜੀ.ਪੀ.ਸੀ. ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਨਿਭਾਈ।

## ਤੇਜ਼ ਹਨੇਰੀ ਕਾਰਨ ਸੋਲਰ ਦੇ ਪੈਨਲ ਟੁੱਟੇ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਬੀਤੇ ਦਿਨੀਂ ਰਾਤ ਸਮੇਂ ਆਈ ਤੇਜ਼ ਹਨੇਰੀ ਕਾਰਨ ਹਲਕਾ ਨਿਹਾਲ ਸਿੰਘ ਵਾਲਾ ਵਿਖੇ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।ਇਸੇ ਦੌਰਾਨ ਕਸਬਾ ਨਿਹਾਲ ਸਿੰਘ ਵਾਲਾ ਵਿਖੇ ਤੇਜ਼ ਹਨੇਰੀ ਕਾਰਨ ਮਾਸ ਐੱਸ ਕੇ ਬ੍ਰਦਰਜ਼ ਸ਼ੈਲਰ ਦੇ ਸੈਲਰ ਵਿੱਚ ਲੱਗੇ ਸੋਲਰ ਸਿਸਟਮ ਦੇ 12 ਪੈਨਲ ਟੁੱਟ ਗਏ।ਇਸ ਮੌਕੇ ਵਿਸ਼ਾਲ ਮਿੱਤਲ ਨੇ ਦੱਸਿਆ ਕਿ ਇਸ ਨਾਲ ਉਨ੍ਹਾਂ ਦਾ ਕਰੀਬ 2 ਲੱਖ ਰੁਪੈ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ।

## ਪਿੰਡਾਂ ਤੇ ਸ਼ਹਿਰਾਂ 'ਚ ਲਾਏ ਜਾਣ ਠੀਕਰੀ ਪਹਿਰੇ : ਏ ਡੀ ਸੀ

ਸੰਗਰੂਰ (ਪ੍ਰਵੀਨ ਸਿੰਘ)-ਅਮਿਤ ਬੈਂਬੀ ਪੀ.ਸੀ.ਐੱਸ. ਵਧੀਕ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਤੇ ਪੰਜਾਬ ਵਿਲੇਜ ਐਂਡ ਸਮਾਲ ਟਾਊਨਜ਼ ਪੈਟਰੋਲ ਐਕਟ 1918 ਦੀ ਧਾਰਾ 3 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰ ਲਗਾਤਾਰ ਠੀਕਰੀ ਪਹਿਰਾ ਲਗਾਉਣ ਲਈ ਸਬੰਧਤ ਪਿੰਡਾਂ ਦੀਆਂ ਸਮੂਹ ਪੰਚਾਇਤਾਂ, ਪਿੰਡ ਵਾਸੀਆਂ, ਨਗਰ ਕੌਂਸਲਾਂ, ਨਗਰ ਕੌਂਸਲ ਵਾਸੀਆਂ ਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡ/ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ।ਜਾਰੀ ਕੀਤੇ ਹੁਕਮਾਂ ਵਿੱਚ ਉਨ੍ਹਾਂ ਕਿਹਾ ਹੈ ਕਿ ਮੌਜੂਦਾ ਸਕਿਓਰਿਟੀ ਹਾਈ-ਅਲਰਟ ਦੇ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ-ਪਿੰਡ ਠੀਕਰੀ ਪਹਿਰੇ ਲਗਵਾਉਣ ਦੀ ਜ਼ਰੂਰਤ ਹੈ।ਇਸ ਦੌਰਾਨ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਵਿਅਕਤੀ ਜਾਂ ਕਾਰਵਾਈ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਸਬੰਧੀ ਤੁਰੰਤ ਸੀਨੀਅਰ ਪੁਲਸ ਕਪਤਾਨ, ਸੰਗਰੂਰ, ਸਬੰਧਤ ਪੁਲਸ ਥਾਣਾ, ਕੰਟਰੋਲ ਰੂਮ ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ ਵਿਖੇ ਟੈਲੀਫੋਨ ਨੰਬਰ 01672-234128 ਤੇ ਪੁਲਸ ਕੰਟਰੋਲ ਰੂਮ ਨੰਬਰ 80545-45100, 80545-45200 'ਤੇ ਸੂਚਿਤ ਕੀਤਾ ਜਾਵੇ। ਇਹ ਹੁਕਮ 10 ਮਈ 2025 ਤੋਂ 09 ਜੂਨ 2025 ਤੱਕ ਲਾਗੂ ਰਹਿਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

11 May Page-3.qxd 5/10/2025 8:10 PM Page 1



# ਸ਼ੈਰੀ ਕਲਸੀ ਨੇ ਖੇਤਾਂ 'ਚੋਂ ਮਿਲੇ ਬੰਬਨੁਮਾ ਯੰਤਰ ਦਾ ਮੌਕੇ 'ਤੇ ਜਾ ਕੇ ਲਿਆ ਜਾਇਜ਼ਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਹਿੰਦ-ਪਾਕਿ ਸਰਹੱਦ 'ਤੇ ਬਣੇ ਤਣਾਅਪੂਰਨ ਮਾਹੌਲ ਦੌਰਾਨ ਬੀਤੀ ਦੇਰ ਰਾਤ ਬਟਾਲਾ ਨੇੜਲੇ ਪਿੰਡ ਸ਼ਾਹਪੁਰਾ ਦੇ ਖੇਤਾਂ ਵਿੱਚ ਬੰਬਨੁਮਾ ਪੁਰਜ਼ੇ ਡਿੱਗਣ ਦੀ ਖਬਰ ਮਿਲਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਮੌਕੇ 'ਤੇ ਪਹੁੰਚ ਕੇ ਸਬੰਧਤ ਅਧਿਕਾਰੀਆਂ ਕੋਲੋਂ ਜਾਣਕਾਰੀ ਲਈ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਣਿਕ ਮਹਿਤਾ, ਡੀ ਐਸ ਪੀ ਸੰਜੀਵ ਕੁਮਾਰ, ਐਮ ਸੀ ਸਤਨਾਮ ਸਿੰਘ ਤੇ ਅਮਿਤ ਸੋਢੀ ਮੌਜੂਦ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਹਿੰਦ-ਪਾਕਿ ਵਿੱਚ ਚੱਲ ਰਹੇ ਮੌਜੂਦਾ ਹਾਲਾਤ ਵਿੱਚ ਭਾਰਤੀ ਫੌਜ ਵਲੋਂ ਵਿਰੋਧੀਆਂ ਨੂੰ ਲਗਾਤਾਰ ਮੂੰਹ ਤੋੜਵਾਂ ਜਵਾਬ ਦਿੰਦਿਆਂ ਉਨ੍ਹਾਂ ਦੀ ਕਾਰਵਾਈ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਬਾਬਤ ਪੁਲਸ ਅਧਿਕਾਰੀਆਂ ਵਲੋਂ ਆਰਮੀ ਹੈਡਕੁਆਟਰ ਨੂੰ ਸੂਚਨਾ ਦਿੱਤੀ ਗਈ ਹੈ ਤੇ ਉਹਨਾਂ ਵਲੋਂ ਸਾਰੀ ਸਥਿਤੀ ਸਪੱਸ਼ਟ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਲਾਵਾਰਸ ਪਈ ਚੀਜ਼ ਦਿਖਾਈ ਦਿੰਦੀ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਨਾ ਕਿ ਉਸ ਨਾਲ ਆਪ ਛੇੜਖ਼ਾਨੀ ਕੀਤੀ ਜਾਵੇ। ਇਸ ਮੌਕੇ ਖੇਤਾਂ ਦੇ ਮਾਲਕ ਨੇ ਦੱਸਿਆ ਕਿ ਉਹ ਉਨ੍ਹਾਂ ਕੰਬਾਇਨ ਲਗਾਈ ਹੋਈ ਸੀ ਤੇ ਦੇਰ ਰਾਤ ਤੱਕ ਕੰਮ ਕਰਦੇ ਰਹੇ, ਫਿਰ ਸਵੇਰੇ ਆ ਕੇ ਜਦੋਂ ਦੁਬਾਰਾ ਕਟਾਈ ਕਰਨ ਲੱਗੇ ਤਾਂ ਖੇਤਾਂ 'ਚੋਂ ਉਹਨਾਂ ਨੂੰ ਇਹ ਅਲੱਗ ਤਰ੍ਹਾਂ ਦੇ ਇਕ ਯੰਤਰ ਦਿਖਾਈ ਦਿੱਤਾ। ਬੰਬ ਪੈਣ 'ਤੇ ਅਸੀਂ ਇਸ ਬਾਰੇ ਪੁਲਸ ਨੂੰ ਇਤਲਾਹ ਦਿੱਤੀ। ਵਿਧਾਇਕ ਸ਼ੈਰੀ ਕਲਸੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਬਰਾਉਣ ਨਾ ਅਤੇ ਸਹਿਜ ਵਿੱਚ ਰਹਿੰਦੇ ਹੋਏ ਪ੍ਰਸ਼ਾਸਨ ਨੂੰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਾਸਤੇ ਸਹਿਯੋਗ ਦੇਣ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ 'ਤੇ ਫੈਲਣ ਵਾਲੀਆਂ ਗੁੰਮਰਾਹਕੁੰਨ ਅਫਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਰਕਾਰ ਵੱਲੋਂ ਸਮੇਂ ਸਮੇਂ ਉੱਤੇ ਲੋਕ ਹਿੱਤ ਵਿੱਚ ਜਾਰੀ ਹੋਣ ਵਾਲੀ ਅਡਵਾਈਜ਼ਰੀ ਦੀ ਇਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫਵਾਹ ਫੈਲਾਉਂਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਇੱਕ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਜਿਸ ਦਾ ਨੰਬਰ 01874-266376 ਜ਼ਿਲ੍ਹਾ ਵਾਸੀਆਂ ਲਈ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕੰਟਰੋਲ ਰੂਮ ਰਾਉਂਡ ਦ ਕਲਾਕ ਚੱਲ ਰਿਹਾ ਹੈ ਅਤੇ ਲੋੜ ਪੈਣ 'ਤੇ ਜ਼ਿਲ੍ਹਾ ਵਾਸੀ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਗੁਰਦਾਸਪੁਰ ਵਿੱਚ ਅਗਲੇ ਹੁਕਮਾਂ ਤੱਕ ਜ਼ਿਲ੍ਹੇ ਵਿੱਚ ਰੋਜ਼ਾਨਾ ਰਾਤ ਨੂੰ 9:00 ਵਜੇ ਤੋਂ ਸਵੇਰੇ 5:00 ਤੱਕ ਬਲੈਕ-ਆਊਟ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਵੀ ਇੰਨ-ਬਿੰਨ ਕੀਤੀ ਜਾਵੇ, ਕਿਉਂਕਿ ਇਹ ਲੋਕ ਹਿਤ ਲਈ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ, ਪੈਟਰੋਲ, ਡੀਜ਼ਲ, ਰਸੋਈ ਗੈਸ, ਦਵਾਈਆਂ, ਪਸ਼ੂਆਂ ਦੇ ਚਾਰੇ ਭਾਵ ਕਿਸੇ ਵੀ ਚੀਜ਼ ਦੀ ਕੋਈ ਘਾਟ ਨਹੀਂ ਹੈ, ਇਸ ਲਈ ਬਿਨਾਂ ਲੋੜ ਤੋਂ ਵਾਧੂ ਸਮੱਗਰੀ ਖ਼ਰੀਦ ਕੇ ਕਾਲਾ ਬਾਜ਼ਾਰੀ ਨੂੰ ਉਤਸ਼ਾਹਤ ਨਾ ਕੀਤਾ ਜਾਵੇ।

# ਸਿਵਲ ਡਿਫੈਂਸ ਨੇ ਮੌਕ ਡਰਿੱਲ ਰਾਹੀਂ ਲੋਕਾਂ ਨੂੰ ਕੀਤਾ ਜਾਗਰੂਕ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)-** ਡਿਪਟੀ ਕਮਿਸ਼ਨਰ ਕਮ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਡਿਫੈਂਸ ਮੌਕ ਡਰਿੱਲ ਰਾਹੀ ਜਾਗਰੂਕਤਾ ਮੁਹਿੰਮ ਤਹਿਤ ਕਪਿਲ ਚੋਪੜਾ (ਸਿਵਲ ਡਿਫੈਂਸ) ਪੱਧਿਆ ਮੁਹੱਲਾ ਅੰਦਰਵਾਰ ਪਹਾੜੀ ਗੇਟ ਵਲੋਂ ਨੁੱਕੜ ਮੀਟਿੰਗ ਕਰਵਾਈ ਗਈ। ਜਿਸ ਵਿਚ ਪੋਸਟ ਵਾਰਡਨ ਹਰਬਖਸ਼ ਸਿੰਘ, ਸਰਬਜੀਤ ਸਿੰਘ, ਜਸਪ੍ਰੀਤ ਸਿੰਘ ਕਲਸੀ ਤੇ ਬੱਚਿਆਂ ਔਰਤਾਂ ਅਤੇ ਬਜ਼ੁਰਗਾਂ ਸਮੇਤ ਮੁਹੱਲਾ ਨਿਵਾਸੀਆਂ ਨੇ ਹਿੱਸਾ ਲਿਆ।ਇਸ ਮੌਕੇ ਹਰਬਖਸ਼ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ, ਅਫਵਾਹਾਂ ਤੋਂ ਬਚਿਆ ਜਾਵੇ। ਹਵਾਈ ਹਮਲੇ ਦੀ ਚੇਤਾਵਨੀ ਦੇਣ ਵੇਲੇ ਸਾਇਰਨ ਸੁਣਦੇ ਹੀ ਕੀ ਕਰੀਏ ਕੀ ਨਾ ਕਰੀਏ ਬਾਰੇ ਦੱਸਿਆ ਗਿਆ।ਕਿਸੇ ਵੀ ਐਮਰਜੈਂਸੀ ਲਈ ਹਮੇਸ਼ਾ ਤਿਆਰ ਰਹੋ। ਇਸ ਮੌਕੇ ਬਚਾਅ ਦੀ ਮੌਕ ਡਰਿਲ ਵੀ ਕਰਵਾਈ ਜਿਸ ਵਿਚ ਹਾਜ਼ਰ ਬੱਚਿਆਂ ਨੇ ਹਿੱਸਾ ਲਿਆ। ਐਮਰਜੈਂਸੀ ਮੌਕੇ ਫੋਨ 01874-266376 ਬਾਰੇ ਵੀ ਦੱਸਿਆ।



# ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਗੁਰਦੁਆਰੇ 'ਚ ਸ੍ਰੀ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸੁਸ਼ੋਭਿਤ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਭਾਰਤ ਪਾਕਿਸਤਾਨ ਵਿਚਾਲੇ ਛਿੜੀ ਜੰਗ ਨੂੰ ਲੈ ਕੇ ਭਾਰਤ ਪਾਕਿਸਤਾਨ ਸਰਹੱਦ 'ਤੇ ਸਥਿਤ ਗੁਰਦੁਆਰਾ ਬਾਬਾ ਸਿੱਧ ਸੁੰਹ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਪੂਰੀ ਮਾਣ ਮਰਿਆਦਾ ਅਨੁਸਾਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਸਤਨਾਮ ਸਿੰਘ ਗੋਸਲ ਵੱਲੋਂ ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸੁਸ਼ੋਭਤ ਕੀਤੇ ਗਏ।ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੈਨੇਜਰ ਸਤਨਾਮ ਸਿੰਘ ਗੋਸਲ ਨੇ ਦੱਸਿਆ ਕਿ ਭਾਰਤ ਪਾਕਿਸਤਾਨ ਵਿਚਾਲੇ ਵਧੇ ਤਨਾਓ ਨੂੰ ਲੈ ਕੇ ਭਾਰਤ ਪਾਕਿਸਤਾਨ ਜ਼ੀਰੋ ਲਾਈਨ ਉੱਪਰ ਸਥਿਤ ਗੁਰਦੁਆਰਾ ਬਾਬਾ ਸਿੱਧ ਸੁੰਹ ਵਿੱਚ ਦੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੁਸ਼ੋਭਤ ਸਨ ਜਿਨ੍ਹਾਂ ਨੂੰ ਮਾਣ ਮਰਿਆਦਾ ਸਹਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸੁਸ਼ੋਭਤ ਕੀਤਾ ਗਿਆ ਹੈ।ਇਸ ਮੌਕੇ ਉਹਨਾਂ ਬਾਰਡਰ ਦੇ ਨੇੜੇ ਨਜ਼ਦੀਕ ਗੁਰਦੁਆਰਾ ਸਾਹਿਬ ਪਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾਵੇ ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਡੇਰਾ ਬਾਬਾ ਨਾਨਕ ਨਾਲ ਸੰਪਰਕ ਕੀਤਾ ਜਾਵੇ।

# ਗੁਰਦਾਸਪੁਰ ਸ਼ਹਿਰ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿਨ ਵੇਲੇ ਰੈੱਡ ਅਲਰਟ ਜਾਰੀ

## ● ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਚੁਕੰਨੇ ਰਹਿਣ ਦੇ ਆਦੇਸ਼

**ਗੁਰਦਾਸਪੁਰ (ਜਨਕ ਮਹਾਜਨ)-** ਜ਼ਿਲ੍ਹਾ ਗੁਰਦਾਸਪੁਰ ਪ੍ਰਸ਼ਾਸਨ ਵਲੋਂ ਭਾਰਤ ਪਾਕਿਸਤਾਨ ਵਿਚਾਲੇ ਚੱਲ ਰਹੇ ਯੁੱਧ ਦੇ ਖ਼ਤਰੇ ਨੂੰ ਭਾਂਪਦਿਆਂ ਸ਼ਹਿਰ ਅੰਦਰ ਦਿਨ ਵੇਲੇ ਰੈਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਰੈਡ ਅਲਰਟ ਜਾਰੀ ਹੋਣ ਤੋਂ ਬਾਅਦ ਪੁਲਸ ਪ੍ਰਸ਼ਾਸਨ ਵਲੋਂ ਸ਼ਹਿਰ ਅੰਦਰ ਇਕੱਠ ਕਰਨ ਤੋਂ ਜਿਥੇ ਲੋਕਾਂ ਨੂੰ ਰੋਕਿਆ ਗਿਆ ਉਥੇ ਹੀ ਸ਼ਹਿਰ ਦੀਆਂ ਸਾਰੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ। ਰੈਡ ਅਲਰਟ ਤੋਂ ਬਾਅਦ ਪੂਰੇ ਸ਼ਹਿਰ ਅੰਦਰ ਸੰਨ੍ਹਾਟਾ ਛਾ ਗਿਆ ਅਤੇ ਲੋਕਾਂ ਅੰਦਰ ਸਹਿਮ ਦਾ ਮਾਹੌਲ ਦੇਖਿਆ ਗਿਆ। ਸਵੇਰ ਦੇ ਸਮੇਂ ਵਜੇ ਦੋ ਖ਼ਤਰੇ ਦੇ ਸਾਇਰਨ ਵੱਜਣ ਤੋਂ ਬਾਅਦ ਹਰ ਪਾਸੇ ਹਫੜਾ ਦਫੜੀ ਵਾਲਾ ਮਾਹੌਲ ਬਣ ਗਿਆ ਅਤੇ ਪੁਲਸ ਦੇ ਸ਼ਾਇਰਨ ਹਰ ਪਾਸੇ ਸੁਣਾਈ ਦੇਣ ਲੱਗੇ ਜਿਨ੍ਹਾਂ ਦੀ ਆਵਾਜ਼ ਪਿੰਡਾਂ ਤੱਕ ਵੀ ਪਹੁੰਚੀ। ਪਿੰਡ ਦੇ ਲੋਕਾਂ ਨੇ ਵੀ ਸਾਇਰਨ ਦੀ ਆਵਾਜ਼ ਸੁਣ ਕੇ ਦੁਕਾਨਾਂ ਬੰਦ ਕਰ ਦਿੱਤੀਆਂ ਅਤੇ ਆਪਣੇ-ਆਪਣੇ ਘਰਾਂ ਨੂੰ ਜਾਂਦੇ ਦਿਖਾਈ ਦਿੱਤੇ। ਇਸ ਰੈਡ ਅਲਰਟ ਦੇ ਚਲਦਿਆਂ ਸ਼ਹਿਰ ਗੁਰਦਾਸਪੁਰ ਵਿਚ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਦਫ਼ਤਰ ਪੂਰਨ ਤੌਰ 'ਤੇ ਬੰਦ ਹੋ ਗਏ। ਇਸ ਤੋਂ ਇਲਾਵਾ ਗੁਰਦਾਸਪੁਰ ਨਜ਼ਦੀਕ ਪੈਂਦੀ ਤਿੱਬੜੀ ਛਾਉਣੀ ਨਜ਼ਦੀਕ ਪਿੰਡਾਂ ਵਿਚ ਕਾਫ਼ੀ ਦਹਿਸ਼ਤ ਵਾਲਾ ਮਾਹੌਲ ਬਣਿਆ ਹੋਇਆ ਹੈ ਕਿਉਂਕਿ ਬੀਤੀ ਰਾਤ ਲੋਕਾਂ ਨੇ ਆਪਣੇ ਅੱਖੀਂ ਰਾਕੇਟ ਜਿੱਥੇ ਜਾਂਦੇ ਦੇਖੇ ਉਥੇ ਹੀ ਇਨ੍ਹਾਂ ਦੀ ਜ਼ੋਰਦਾਰ ਆਵਾਜ਼ ਨੂੰ ਵੀ ਸੁਣਿਆ। ਇਸੇ ਤਰ੍ਹਾਂ ਪ੍ਰਸ਼ਾਸਨ ਵਲੋਂ ਦਿੱਤੇ ਬਲੈਕ ਆਊਟ ਦੇ ਸੱਦੇ 'ਤੇ ਪੂਰੀ ਤਰ੍ਹਾਂ ਸ਼ਹਿਰ ਗੁਰਦਾਸਪੁਰ ਅਤੇ ਪਿੰਡਾਂ ਅੰਦਰ ਬਿਜਲੀ ਬੰਦ ਰਹੀ ਅਤੇ ਹਰ ਪਾਸੇ ਘੁੱਪ ਹਨੇਰਾ ਛਾਇਆ ਰਿਹਾ। ਸ਼ਹਿਰ ਅਤੇ ਪਿੰਡਾਂ ਦੀਆਂ ਮੁੱਖ ਸੜਕਾਂ 'ਤੇ ਬੀਤੀ ਰਾਤ 8 ਤੋਂ ਬਾਅਦ ਵਾਹਨਾਂ ਦੀ ਆਵਾਜਾਈ ਪੂਰਨ ਤੌਰ 'ਤੇ ਬੰਦ ਰਹੀ। ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਕਿਹਾ ਕਿ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਲੋਕਾਂ ਪਾਸੋਂ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ।



# 5 ਕਿਲੋ ਹੈਰੋਇਨ, ਸੱਤ ਪਿਸਤੌਲਾਂ, 7.2 ਲੱਖ ਰੁਪਏ ਦੇ ਨਸ਼ੀਲੇ ਪਦਾਰਥਾਂ ਸਮੇਤ ਦੋ ਕਾਬੂ

**ਤਰਨ ਤਾਰਨ (ਪ੍ਰਿਤਪਾਲ ਸਿੰਘ)-** ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਇੱਕ ਵੱਡੀ ਸਫਲਤਾ ਵਿੱਚ ਤਰਨ ਤਾਰਨ ਪੁਲਸ ਨੇ ਇੱਕ ਅੰਤਰਰਾਸ਼ਟਰੀ ਨਾਰਕੋ-ਅੱਤਵਾਦ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਇਸ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਲਵ ਅਤੇ ਜਗਰੂਪ ਸਿੰਘ ਵਜੋਂ ਹੋਈ ਹੈ। ਦੋਵੇਂ ਤਰਨ ਤਾਰਨ ਦੇ ਪਿੰਡ ਫਤਿਹ ਚੱਕ ਦੇ ਰਹਿਣ ਵਾਲੇ ਹਨ। ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5 ਕਿਲੋ ਹੈਰੋਇਨ, ਸੱਤ ਆਧੁਨਿਕ ਪਿਸਤੌਲ ਵੀ ਬਰਾਮਦ ਕੀਤੇ ਹਨ ਜਿਸ ਵਿੱਚ ਚਾਰ .30 ਬੋਰ ਬ੍ਰੇਟਾ, ਦੋ ਪੀ.ਐਕਸ 5 ਅਤੇ ਇੱਕ .30 ਬੋਰ ਸਟਾਰ ਮਾਰਕ ਸ਼ਾਮਲ ਹਨ; 7.20 ਲੱਖ ਰੁਪਏ ਦੀ ਡਰੱਗ ਮਨੀ ਅਤੇ ਕਰੰਸੀ ਗਿਣਤੀ ਮਸ਼ੀਨ, ਇਸ ਤੋਂ ਇਲਾਵਾ ਉਨ੍ਹਾਂ ਦੀ ਹੈਚਬੈਕ ਹੁੰਡਈ ਆਈ 20 ਕਾਰ ਜ਼ਬਤ ਕੀਤੀ ਗਈ ਹੈ।ਡੀ.ਜੀ.ਪੀ ਗੌਰਵ ਯਾਦਵ ਨੇ ਕਿਹਾ ਕਿ ਦੋਸ਼ੀ ਲਵਪ੍ਰੀਤ ਸਿੰਘ ਉਰਫ਼ ਲਵ ਪਾਕਿਸਤਾਨ ਸਥਿਤ ਤਸਕਰਾਂ ਅਤੇ ਉਸ ਦੇ ਵਿਦੇਸ਼ੀ ਹੈਂਡਲਰਾਂ ਨਾਲ ਸਿੱਧੇ ਸੰਪਰਕ ਵਿੱਚ ਸੀ। ਉਨ੍ਹਾਂ ਕਿਹਾ ਕਿ ਜਾਂਚ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਖੇਪਾਂ ਸਰਹੱਦ ਪਾਰ ਤੋਂ ਡਰੋਨ ਦੀ ਮਦਦ ਨਾਲ ਸੁੱਟੀਆਂ ਜਾ ਰਹੀਆਂ ਸਨ।ਡੀ.ਜੀ.ਪੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।ਆਪਰੇਸ਼ਨ ਵੇਰਵੇ ਸਾਂਝੇ ਕਰਦੇ ਹੋਏ ਡੀ.ਐਸ.ਪੀ ਡਿਟੈਕਟਿਵ ਗੁਰਿੰਦਰਪਾਲ ਸਿੰਘ ਨਾਗਰਾ ਦੀ ਨਿਗਰਾਨੀ ਹੇਠ ਸੀ.ਆਈ.ਏ ਸਟਾਫ ਦੀ ਪੁਲਸ ਟੀਮ ਨੇ ਇੱਕ ਨਿਸ਼ਾਨਾਬੱਧ ਕਾਰਵਾਈ ਕੀਤੀ ਅਤੇ ਤਰਨ ਤਾਰਨ ਦੇ ਮੌਲਸਰੀ ਪੈਲੇਸ ਦੇ ਨੇੜੇ ਤੋਂ ਦੋਸ਼ੀ ਵਿਅਕਤੀਆਂ ਲਵਪ੍ਰੀਤ ਸਿੰਘ ਅਤੇ ਜਗਰੂਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ।ਪੁੱਛਗਿੱਛ ਦੌਰਾਨ ਦੋਸ਼ੀ ਲਵਪ੍ਰੀਤ ਨੇ ਖੁਲਾਸਾ ਕੀਤਾ ਕਿ ਤਰਨ ਤਾਰਨ ਦੇ ਝਬਾਲ ਚੌਂਕ ਨੇੜੇ ਗ੍ਰੀਨ ਐਵੇਨਿਊ ਵਿਖੇ ਉਸ ਦਾ ਇੱਕ ਕਿਰਾਏ ਦਾ ਘਰ ਹੈ, ਜਿਸ ਨੂੰ ਉਹ ਨਸ਼ੀਲੇ ਪਦਾਰਥਾਂ ਨੂੰ ਛੁਪਾਉਣ ਲਈ ਇੱਕ ਸੁਰੱਖਿਅਤ ਪਨਾਹਗਾਹ ਵਜੋਂ ਵਰਤ ਰਿਹਾ ਸੀ। ਐਸ.ਐਸ.ਪੀ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਦੁਆਰਾ ਹੁਣ ਤੱਕ ਪ੍ਰਾਪਤ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ-ਗੋਲਾ ਬਾਰੂਦ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਸਪਲਾਇਰਾਂ, ਡੀਲਰਾਂ, ਖਰੀਦਦਾਰਾਂ ਅਤੇ ਹਵਾਲਾ ਹੈਂਡਲਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।




# ਹਰ ਸੁੱਖ-ਦੁੱਖ 'ਚ ਮੈਂ ਜਨਤਾ ਨਾਲ ਖੜ੍ਹਾ ਹਾਂ : ਔਜਲਾ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)** ਹਿੰਦੁਸਤਾਨ ਅਤੇ ਪਾਕਿਸਤਾਨ ਦੇ ਚੱਲ ਰਹੇ ਤਣਾਅ, ਜੰਗ ਦੇ ਮਾਹੌਲ ਵਿੱਚ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਅਜਨਾਲਾ ਸ਼ਹਿਰ ਦੇ ਦੁਕਾਨਦਾਰਾਂ ਕੋਲ ਜਾ ਕੇ ਇਹ ਵਾਅਦਾ ਕੀਤਾ ਕਿ ਤੁਹਾਡਾ ਮੈਂਬਰ ਪਾਰਲੀਮੈਂਟ ਤੁਹਾਡੇ ਹਰ ਸੁੱਖ ਦੁੱਖ ਵਿੱਚ ਭਾਈਵਾਲ ਹੈ ਅਤੇ ਮੈਂ ਦੋ ਦਿਨਾਂ ਤੋਂ ਸਾਰੇ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਦੁਕਾਨਾਂ, ਬਾਜ਼ਾਰਾਂ, ਪਿੰਡਾਂ ਵਿੱਚ ਜਾ ਕੇ ਸਾਰੀ ਜਨਤਾ ਨੂੰ ਮਿਲ ਰਿਹਾ ਹਾਂ ਅਤੇ ਨਾਲ ਹੀ ਉਨ੍ਹਾਂ ਨੇ ਹਿੰਦੁਸਤਾਨ ਦੀ ਸਰਕਾਰ ਨੇ ਜੋ ਪਾਕਿਸਤਾਨ ਨੂੰ ਮੂੰਹਤੋੜ ਜਵਾਬ ਦਿੱਤਾ ਉਹਦਾ ਭਰਪੂਰ ਸਮਰਥਨ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ ਆਉਣਾ ਚਾਹੀਦਾ ਅਤੇ ਅੱਤਵਾਦ ਕਿਸੇ ਵੀ ਮਸਲੇ ਦਾ ਹੱਲ ਨਹੀਂ। ਅੱਤਵਾਦ ਖਿਲਾਫ ਹਿੰਦੁਸਤਾਨ ਹਮੇਸ਼ਾ ਰਿਹਾ ਹੈ ਅਤੇ ਹਮੇਸ਼ਾ ਰਹੇਗਾ। ਉਨਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਵਾਸੀਆਂ ਨੂੰ ਇਹ ਵਚਨ ਦਿੱਤਾ ਕਿ ਤੁਹਾਡਾ ਚੁਣਿਆ ਹੋਇਆ ਪ੍ਰਤੀਨਿਧ ਤੁਹਾਡੇ ਹਰ ਸੁੱਖ ਦੁੱਖ ਵਿੱਚ ਖੜ੍ਹਾ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਮਨਾਇਆ ਮਾਂ ਦਿਵਸ




**ਝਬਾਲ (ਹਰਜਿੰਦਰ ਸਿੰਘ ਸੋਨੀ)-** ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਵੱਲੋਂ 10 ਮਈ ਨੂੰ ਮਾਂ ਦਿਵਸ ਮਨਾਇਆ ਗਿਆ।ਜਿਸ ਤਹਿਤ ਆਨਲਾਈਨ ਕਲਾਸਾਂ ਵਿੱਚ ਵੱਖ-ਵੱਖ ਜਮਾਤ ਦੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਗਤੀਵਿਧੀਆਂ ਜਿਵੇਂ ਕਾਰਡ ਮੇਕਿੰਗ, ਪੋਸਟਰ ਮੇਕਿੰਗ, ਫੋਟੋ ਫਰੇਮ ਮੇਕਿੰਗ, ਗਿਫ਼ਟ ਮੇਕਿੰਗ, ਕਰਾਊਨ ਮੇਕਿੰਗ ਆਦਿ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਘਰ ਬੈਠੇ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀਆਂ ਮਾਵਾਂ ਲਈ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਮਾਂ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੇ ਬੱਚਿਆਂ ਨੂੰ ਸੰਦੇਸ਼ ਦਿੱਤਾ ਕਿ ਸਾਡੀ ਜ਼ਿੰਦਗੀ ਵਿੱਚ ਸਾਡੇ ਮਾਪਿਆਂ ਦਾ ਅਹਿਮ ਰੋਲ ਹੁੰਦਾ ਹੈ। ਇਸ ਲਈ ਸਾਨੂੰ ਆਪਣੇ ਮਾਤਾ-ਪਿਤਾ ਦੇ ਆਗਿਆਕਾਰ ਬਣ ਕੇ ਜ਼ਿੰਦਗੀ ਵਿੱਚ ਕਰੜੀ ਮਿਹਨਤ ਕਰਕੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕਰਨਾ ਚਾਹੀਦਾ ਹੈ।

# ਜ਼ਖ਼ਮੀਆਂ ਦਾ ਇਲਾਜ ਨਾ ਕਰਨ ਵਾਲੇ ਨਿੱਜੀ ਹਸਪਤਾਲਾਂ ਖਿਲਾਫ ਹੋਵੇਗੀ ਕਾਰਵਾਈ : ਧਾਲੀਵਾਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-** ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਉੱਤੇ ਸਰਹੱਦੀ ਖੇਤਰਾਂ ਵਿੱਚ ਰਹਿ ਰਹੇ ਵਾਸੀਆਂ ਅਤੇ ਮੌਜੂਦਾ ਹਾਲਤ ਦੌਰਾਨ ਕੀਤੇ ਗਏ ਸੰਕਟ ਕਾਲੀਨ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਤੌਰ ਉੱਤੇ ਅੰਮ੍ਰਿਤਸਰ ਪੁੱਜੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਮਹਿੰਦਰ ਭਗਤ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੌਜੂਦਾ ਹਾਲਾਤ ਅਤੇ ਤਿਆਰੀਆਂ ਦਾ ਵਿਸਥਾਰ ਵਿੱਚ ਜਾਇਜ਼ਾ ਲਿਆ। ਉਹਨਾਂ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਹਰੇਕ ਤਰ੍ਹਾਂ ਦੇ ਸੰਭਾਵੀ ਪ੍ਰਬੰਧਾਂ ਲਈ ਬਿਲਕੁਲ ਤਿਆਰ ਹੈ ਅਤੇ ਅੰਮ੍ਰਿਤਸਰ ਵਿੱਚ ਡਾਕਟਰੀ ਸਹਾਇਤਾ ਦੇ ਨਾਲ ਨਾਲ ਹੋਰ ਲੋੜੀਂਦੇ ਪ੍ਰਬੰਧ ਵੀ ਕੀਤੇ ਜਾ ਚੁੱਕੇ ਹਨ।ਉਹਨਾਂ ਕਿਹਾ ਕਿ ਹੰਗਾਮੀ ਹਾਲਤ ਦੌਰਾਨ ਨਿੱਜੀ ਹਸਪਤਾਲਾਂ ਵਿੱਚ ਇਲਾਜ ਲਈ ਪਹੁੰਚੇ ਜ਼ਖਮੀਆਂ ਦਾ ਇਲਾਜ ਵੀ ਹਸਪਤਾਲ ਯਕੀਨੀ ਬਣਾਉਣਗੇ ਅਤੇ ਜੋ ਵੀ ਨਿੱਜੀ ਹਸਪਤਾਲ ਇਸ ਵਿੱਚ ਢਿੱਲਮੱਠ ਵਿਖਾਏਗਾ, ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਹਨਾਂ ਖੇਤੀ ਸੈਕਟਰ ਦੀ ਲੋੜ ਨੂੰ ਸਮਝਦਿਆਂ ਬਿਜਲੀ ਵਿਭਾਗ ਨੂੰ ਹਦਾਇਤ ਕੀਤੀ ਕਿ ਰਾਤ ਨੂੰ ਬਲੈਕ ਆਊਟ ਹੋਣ ਕਾਰਨ ਖੇਤੀ ਸੈਕਟਰ ਨੂੰ ਬਿਜਲੀ ਨਹੀਂ ਮਿਲ ਰਹੀ, ਇਸ ਲਈ ਉਹਨਾਂ ਨੂੰ ਦਿਨ ਵੇਲੇ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ।ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਸਪਸ਼ਟ ਕੀਤਾ ਕਿ ਸਰਕਾਰ ਅਜਿਹੇ ਮੌਕੇ ਉੱਤੇ ਕਾਲਾ ਬਾਜ਼ਾਰੀ ਅਤੇ ਜਮ੍ਹਾਂਖੋਰੀ ਕਰਨ ਵਾਲੇ ਕਾਰੋਬਾਰੀਆਂ ਉੱਤੇ ਤਿੱਖੀ ਨਜ਼ਰ ਰੱਖ ਰਹੀ ਹੈ ਅਤੇ ਜੋ ਵੀ ਇਸ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਸਾਡੀਆਂ ਟੀਮਾਂ ਲਗਾਤਾਰ ਇਸ ਜਾਂਚ ਵਿੱਚ ਜੁਟੀਆਂ ਹੋਈਆਂ ਹਨ ਤਾਂ ਜੋ ਕੋਈ ਵੀ ਵਿਅਕਤੀ ਮੌਕੇ ਦਾ ਗਲਤ ਫਾਇਦਾ ਨਾ ਲਵੇ।ਉਹਨਾਂ ਕਿਹਾ ਕਿ ਅਸੀਂ ਆਉਣ ਵਾਲੇ ਦਿਨਾਂ ਵਿੱਚ ਸਰਹੱਦੀ ਖੇਤਰ ਵਿੱਚ ਜਾ ਕੇ ਲੋਕਾਂ ਨਾਲ ਸਿੱਧੀ ਗੱਲਬਾਤ ਕਰਕੇ ਉਹਨਾਂ ਦੇ ਰੈਅ ਵੀ ਲਵਾਂਗੇ ਅਤੇ ਉਹਨਾਂ ਲਈ ਜੋ ਵੀ ਲੋੜ ਹੋਈ ਪ੍ਰਬੰਧ ਕਰਾਂਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਜਿੱਥੇ ਆਪਣੇ ਵਾਸੀਆਂ ਦੇ ਨਾਲ ਖੜ੍ਹੀ ਹੈ ਉੱਥੇ ਦੇਸ਼ ਦੀ ਸਰਹੱਦ ਉੱਤੇ ਜੂਝ ਰਹੇ ਫੌਜੀ ਜਵਾਨਾਂ ਨੂੰ ਵੀ ਸਲੂਟ ਕਰਦੀ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਜ਼ਿਲ੍ਹਾ ਪੁਲਸ ਮੁਖੀ ਦਿਹਾਤੀ ਮਨਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਸਰੀਨ, ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਐਸ ਡੀ ਐਮ ਗੁਰਸਿਮਰਨ ਸਿੰਘ ਢਿੱਲੋਂ, ਐਸ ਡੀ ਐਮ ਡਾਕਟਰ ਹਰਨੂਰ ਕੌਰ ਢਿੱਲੋਂ, ਐਸ ਡੀ ਐਮ ਮੈਡਮ ਅਮਨਦੀਪ ਕੌਰ, ਐਸ ਡੀ ਐਮ ਰਵਿੰਦਰ ਸਿੰਘ, ਐਸ ਡੀ ਐਮ ਮਨਕੰਵਲ ਸਿੰਘ ਚਾਹਲ , ਐਸ ਡੀ ਐਮ ਅਮਨਦੀਪ ਸਿੰਘ, ਜ਼ਿਲ੍ਹਾ ਮੰਡੀ ਅਫਸਰ ਅਮਨਦੀਪ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਅਮਨਜੀਤ ਸਿੰਘ, ਪ੍ਰਿੰਸੀਪਲ ਮੈਡੀਕਲ ਕਾਲਜ ਡਾਕਟਰ ਰਜੀਵ ਦੇਵਗਨ, ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ, ਸਹਾਇਕ ਕਮਿਸ਼ਨਰ ਸਿਖਲਾਈ ਅਧੀਨ ਮੈਡਮ ਪਿਯੂਸ਼ਾ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



# ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਰਾਵੀ ਪਾਰਲੇ ਸਰਹੱਦੀ ਪਿੰਡਾਂ ਦਾ ਦੌਰਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਭਾਰਤ-ਪਾਕਿ ਸਰਹੱਦ 'ਤੇ ਬਣੇ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਰਾਵੀ ਦਰਿਆ ਪਾਰਲੇ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਗਿਆ।ਸਰਹੱਦੀ ਪਿੰਡਾਂ ਤੂਰ, ਚੇਬੇ ਭਰਿਆਲ ਅਤੇ ਮੰਮੀਚੱਕ ਰੰਗਾ ਵਗੈਰਾ ਦੇ ਦੌਰੇ ਦੌਰਾਨ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਲੋਕਾਂ ਨਾਲ ਮਿਲ ਕੇ ਗੱਲਬਾਤ ਕਰਨ ਮਗਰੋਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਿਰਫ ਪੰਜਾਬ ਹੀ ਨਹੀਂ ਸਗੋਂ ਦੇਸ਼ ਦੀ ਸਾਰੀ ਜਨਤਾ ਭਾਰਤੀ ਫੌਜ ਦੇ ਨਾਲ ਖੜ੍ਹੀ ਹੈ ਪਰ ਇਸ ਸਰਹੱਦੀ ਖਿੱਤੇ ਦੇ ਲੋਕਾਂ ਨੂੰ ਸਲਾਮ ਹੈ, ਜੋ ਇਹਨਾਂ ਮੁਸ਼ਕਲ ਹਲਾਤ ਵਿੱਚ ਵੀ ਸਰਹੱਦ 'ਤੇ ਭਾਰਤੀ ਫੌਜ ਦੇ ਮੋਢੇ ਨਾਲ ਮੋਢਾ ਜੋੜ ਕੇ ਚਟਾਨ ਵਾਂਗ ਖੜ੍ਹੇ ਹਨ। ਉਹਨਾਂ ਕਿਹਾ ਕਿ ਭਾਰਤ ਵਰਗੇ ਅਮਨ ਪਸੰਦ ਦੇਸ਼ ਲਈ ਪਾਕਿਸਤਾਨ ਵੱਲੋਂ ਪੈਦਾ ਕੀਤੀ ਗਈ ਸਥਿਤੀ ਨਾਲ ਨਜਿੱਠਣ ਲਈ ਜਿੱਥੇ ਇਸ ਸਰਹੱਦੀ ਖੇਤਰ ਦੇ ਲੋਕ ਫੌਜ ਦੇ ਨਾਲ ਖੜ੍ਹੇ ਹਨ, ਉੱਥੇ ਹੀ ਪੰਜਾਬ ਸਰਕਾਰ ਵੀ ਇਹਨਾਂ ਸਰਹੱਦੀ ਖੇਤਰ ਦੇ ਲੋਕਾਂ ਦੀ ਸਹਾਇਤਾ ਲਈ ਹਰ ਵੇਲੇ ਤਿਆਰ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਸੂਬੇ ਦੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਔਕੜ ਨਾ ਆਵੇ, ਇਸ ਲਈ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੀ ਨਿਗਰਾਨੀ ਲਈ ਨਿਯੁਕਤ ਕੀਤੇ ਗਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਪੂਰਾ ਜ਼ਿਲ੍ਹਾ ਪ੍ਰਸ਼ਾਸਨ ਹਰ ਸਥਿਤੀ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ। ਉਹਨਾਂ ਲੋਕਾਂ ਨੂੰ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲੋੜ ਪੈਣ 'ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕੀਤਾ ਜਾਵੇ ਜਾਂ ਉਨ੍ਹਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। ਉਹਨਾਂ ਲੋਕਾਂ ਨੂੰ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਵੀ ਕਿਹਾ। ਇਸ ਮੌਕੇ ਸਰਪੰਚ ਚੰਦਰ ਸ਼ੇਖਰ ਠੱਠੀ, ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਬੁਗਨਾ ਅਤੇ ਪ੍ਰਿੰਸੀਪਲ ਸੰਸਾਰ ਸਿੰਘ ਵੀ ਮੌਜੂਦ ਸਨ।

# ਪੰਜਾਬ ਸਰਕਾਰ ਜੰਗ ਦੌਰਾਨ ਜ਼ਖ਼ਮੀ ਹੋਣ ਵਾਲੇ ਵਿਅਕਤੀਆਂ ਦਾ ਮੁਫਤ ਇਲਾਜ ਕਰਵਾਏਗੀ : ਧਾਲੀਵਾਲ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-** ਬੀਤੇ ਦਿਨ ਜੰਮੂ ਕਸ਼ਮੀਰ ਦੇ ਪੁੰਛ ਇਲਾਕੇ ਵਿੱਚ ਪਾਕਿਸਤਾਨੀ ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਾਲ ਪੁੱਛਣ ਲਈ ਸਥਾਨਕ ਅਮਨਦੀਪ ਹਸਪਤਾਲ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਜਿੱਥੇ ਉਕਤ ਪੁੰਛ ਹਾਦਸੇ ਦੇ ਜ਼ਖਮੀਆਂ ਦਾ ਇਲਾਜ ਕਰਵਾਏਗੀ, ਉਥੇ ਭਾਰਤ ਪਾਕਿਸਤਾਨ ਜੰਗ ਦੌਰਾਨ ਜ਼ਖਮੀ ਹੋਣ ਵਾਲੇ ਸਾਰੇ ਵਿਅਕਤੀਆਂ ਦਾ ਇਲਾਜ ਰਾਜ ਸਰਕਾਰ ਕਰਵਾਏਗੀ। ਉਹਨਾਂ ਕਿਹਾ ਕਿ ਪਾਕਿਸਤਾਨ ਵੱਲੋਂ ਬੀਤੀ ਰਾਤ ਅੰਮ੍ਰਿਤਸਰ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਉੱਤੇ ਬਹੁਤ ਵੱਡੇ ਪੱਧਰ ਉੱਤੇ ਹਮਲੇ ਕੀਤੇ ਗਏ ਪਰ ਸਾਡੀ ਫੌਜ ਨੇ ਇਹਨਾਂ ਨੂੰ ਨਾਕਾਮ ਕਰ ਦਿੱਤਾ। ਉਹਨਾਂ ਕਿਹਾ ਕਿ ਇਹਨਾਂ ਬਹਾਦਰ ਫੌਜੀਆਂ ਨੂੰ ਮੇਰਾ ਸਲੂਟ ਹੈ, ਜਿਨ੍ਹਾਂ ਨੇ ਸਾਰੀ ਰਾਤ ਸਾਡੀ ਰੱਖਿਆ ਲਈ ਪਹਿਰਾ ਦਿੱਤਾ।ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਸਾਰੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੀਆਂ ਲੋੜਾਂ ਅਨੁਸਾਰ ਦਿੱਤੇ ਗਏ ਹਰ ਨਿਰਦੇਸ਼ ਉੱਤੇ ਪਹਿਰਾ ਦੇਣ। ਉਹਨਾਂ ਕਿਹਾ ਕਿ ਜਦੋਂ ਬਲੈਕ ਆਊਟ ਦਾ ਆਰਡਰ ਹੁੰਦਾ ਹੈ ਤਾਂ ਆਪਣਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਘਰ ਦੇ ਬਾਹਰ ਦੀਆਂ ਲਾਈਟਾਂ ਬੰਦ ਕਰੀਏ, ਖਿੜਕੀਆਂ ਅੱਗੇ ਪਰਦੇ ਕਰੀਏ। ਉਹਨਾਂ ਕਿਹਾ ਕਿ ਅਕਸਰ ਵੇਖਿਆ ਗਿਆ ਹੈ ਕਿ ਜਿੱਥੇ ਲਾਈਟ ਜਗ ਰਹੀ ਹੁੰਦੀ ਹੈ ਦੁਸ਼ਮਣ ਉੱਥੇ ਨਿਸ਼ਾਨਾ ਲਗਾ ਦਿੰਦਾ ਹੈ। ਸੋ ਆਪਣੀ ਸੁਰੱਖਿਆ ਲਈ ਫੌਜ ਜਾਂ ਸਿਵਲ ਪ੍ਰਸ਼ਾਸਨ ਵੱਲੋਂ ਦਿੱਤੇ ਹੋਏ ਨਿਰਦੇਸ਼ਾਂ ਉੱਤੇ ਪਾਲਣਾ ਯਕੀਨੀ ਬਣਾਓ।

# ਕੈਬਨਿਟ ਮੰਤਰੀ ਕਟਾਰੂ ਚੱਕ ਤੇ ਡਾ. ਰਵਜੋਤ ਸਿੰਘ ਵੱਲੋਂ ਫ਼ਾਇਰ ਬ੍ਰਿਗੇਡ ਦਫ਼ਤਰ ਦਾ ਦੌਰਾ

**ਗੁਰਦਾਸਪੁਰ (ਜਨਕ ਮਹਾਜਨ)-** ਭਾਰਤ-ਪਾਕਿਸਤਾਨ ਦਰਮਿਆਨ ਚੱਲ ਰਹੇ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਸਰਹੱਦੀ ਲੋਕਾਂ ਦੀ ਸੁਰੱਖਿਆ ਅਤੇ ਐਮਰਜੈਂਸੀ ਦੌਰਾਨ ਕੀਤੇ ਜਾਣ ਵਾਲੇ ਪ੍ਰਬੰਧਾਂ ਤੇ ਹੋਰ ਸਹੂਲਤਾਂ ਦੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੂਬੇ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਫਾਇਰ ਬ੍ਰਿਗੇਡ ਦਫ਼ਤਰ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਗਈਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਤੋਂ ਇਲਾਵਾ ਸਾਰੇ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਸਭ ਤੋਂ ਪਹਿਲਾਂ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਫਾਇਰ ਬ੍ਰਿਗੇਡ ਦਫ਼ਤਰ ਗੁਰਦਾਸਪੁਰ ਦਾ ਦੌਰਾ ਕਰਕੇ ਓਥੇ ਹੰਗਾਮੀ ਮੌਕੇ ਨਾਲ ਨਜਿੱਠਣ ਲਈ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਤੋਂ ਬਾਅਦ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਐਮਰਜੈਂਸੀ ਹਾਲਤਾਂ ਨਾਲ ਨਿਪਟਣ ਲਈ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਦੀ ਸੁਰੱਖਿਆ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜ਼ਿਲ੍ਹੇ ਵਿੱਚ ਰਾਤ ਸਮੇਂ ਬਲੈਕ-ਆਊਟ ਜਾਰੀ ਹੈ ਅਤੇ ਲੋਕਾਂ ਨੂੰ ਕਿਸੇ ਵੀ ਹੰਗਾਮੀ ਹਾਲਤ ਤੋਂ ਬਚਣ ਲਈ ਮੌਕ ਡਰਿੱਲ ਕਰਵਾਈ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੀਆਂ ਹੋਰ ਤਿਆਰੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਕਿਸੇ ਵੀ ਹੰਗਾਮੀ ਸਥਿਤੀ ਦਾ ਸਾਹਮਣਾ ਕਰਨ ਲਈ ਪੰਜਾਬ ਸਰਕਾਰ ਦੀਆਂ ਪੂਰੀਆਂ ਤਿਆਰੀਆਂ ਹਨ ਅਤੇ ਸਾਰੀ ਸਰਕਾਰੀ ਮਸ਼ੀਨਰੀ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਬਿਲਕੁਲ ਲੋੜ ਨਹੀਂ ਸਰਕਾਰ ਇਸ ਔਖੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ।





# ਬਲੱਡ ਡੋਨਰਜ਼ ਸੋਸਾਇਟੀ ਨੇ ਲਗਾਇਆ ਬਲੱਡ ਡੋਨੇਸ਼ਨ ਕੈਂਪ

**ਗੁਰਦਾਸਪੁਰ (ਦਿਨੇਸ਼ ਕੁਮਾਰ)-** ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਸੱਦੇ 'ਤੇ ਜ਼ਿਲ੍ਹੇ ਦੀਆਂ ਸਮੂਹ ਸਮਾਜ ਸੇਵੀ ਜਥੇਬੰਦੀਆਂ ਨੇ ਮਿਲ ਕੇ ਇੱਕ ਖ਼ੂਨਦਾਨ ਕੈਂਪ ਲਗਾਇਆ। ਟੀਮ ਬਲੱਡ ਡੋਨਰ ਸੋਸਾਇਟੀ ਗੁਰਦਾਸਪੁਰ, ਸੇਵਾ ਭਾਰਤੀ ਗੁਰਦਾਸਪੁਰ, ਗੁਰਦਾਸਪੁਰ ਹੈਲਥ ਕੇਅਰ ਐਂਡ ਹੈਲਪਿੰਗ ਸੋਸਾਇਟੀ ਵੱਲੋਂ ਲਗਾਏ ਗਏ ਇਸ ਕੈਂਪ ਵਿੱਚ 101 ਲੋਕਾਂ ਨੇ ਸਵੈ ਇੱਛਾ ਨਾਲ ਖ਼ੂਨਦਾਨ ਕੀਤਾ। ਸਿਵਲ ਹਸਪਤਾਲ ਗੁਰਦਾਸਪੁਰ ਦੀ ਬਲੱਡ ਬੈਂਕ ਦੀ ਟੀਮ ਦੀ ਬੀ.ਟੀ.ਓ ਡਾਕਟਰ ਪੂਜਾ ਖੋਸਲਾ ਦੀ ਅਗਵਾਈ 'ਚ ਇਸ ਕੈਂਪ 'ਚ ਖ਼ੂਨਦਾਨ ਇਕੱਤਰ ਕੀਤਾ ਗਿਆ।ਇਸ ਮੌਕੇ ਟੀਮ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਦੇ ਪ੍ਰਧਾਨ ਆਦਰਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਮੰਨੂੰ ਸ਼ਰਮਾ, ਜਨਰਲ ਸਕੱਤਰ ਪ੍ਰਵੀਨ ਅੱਤਰੀ, ਮੁੱਖ ਸਲਾਹਕਾਰ ਅਵਤਾਰ ਸਿੰਘ ਘੁੰਮਣ, ਯੂਥ ਵਿੰਗ ਦੇ ਹਰਪ੍ਰੀਤ ਮਾਨ, ਡਾਕਟਰ ਅਰਜੁਨ ਭੰਡਾਰੀ, ਅਭੇ ਮਹਾਜਨ, ਵਿੱਤ ਸਲਾਹਕਾਰ ਰਿੱਕੀ ਮਹੰਤ, ਕੋਰ ਕਮੇਟੀ ਮੈਂਬਰ ਸੁਨੀਲ ਹੰਸ, ਸੇਵਾ ਭਰਤੀ ਦੇ ਨੀਲ ਕਮਲ ਜੀ, ਡਾਕਟਰ ਰਾਜੀਵ ਅਰੋੜਾ, ਗੁਰਦਾਸਪੁਰ ਹੈਲਥ ਕੇਅਰ ਐਂਡ ਹੈਲਪਿੰਗ ਹੈਂਡ ਗੁਰਦਾਸਪੁਰ ਦੇ ਪ੍ਰਧਾਨ ਨਿਖਿਲ ਗੁਪਤਾ ਤੋਂ ਇਲਾਵਾ ਟੀਮ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਦੇ ਸੰਸਥਾਪਕ ਰਾਜੇਸ਼ ਬੱਬੀ ਵੀ ਵਿਸ਼ੇਸ਼ ਤੌਰ 'ਤੇ ਇਸ ਕੈਂਪ ਵਿੱਚ ਹਾਜ਼ਰ ਹੋਏ। ਇਸ ਕੈਂਪ 'ਚ 12 ਤੋਂ 15 ਔਰਤਾਂ ਨੇ ਵੀ ਖ਼ੂਨਦਾਨ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕੈਂਪ ਵਿੱਚ ਪੁੱਜ ਕੇ ਖ਼ੂਨਦਾਨੀਆਂ ਦੀ ਹੌਂਸਲਾ ਅਫਜ਼ਾਈ ਕੀਤੀ।



# ਜ਼ਿਲ੍ਹੇ 'ਚ ਸਥਿਤੀ ਕਾਬੂ ਹੇਠ, ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ : ਡਿਪਟੀ ਕਮਿਸ਼ਨਰ

**ਗੁਰਦਾਸਪੁਰ (ਜਨਕ ਮਹਾਜਨ)-** ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਹੈ ਕਿ ਜ਼ਿਲ੍ਹੇ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਕਿਸੇ ਨੂੰ ਵੀ ਘਬਰਾਉਣ ਦੀ ਕੋਈ ਲੋੜ ਨਹੀਂ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਸਥਿਤੀ ਉੱਤੇ ਆਪਣੀ ਨਜ਼ਰ ਰੱਖ ਰਿਹਾ ਹੈ। ਡਿਪਟੀ ਕਮਿਸ਼ਨਰ ਵਲੋਂ ਆਪਣੇ ਦਫ਼ਤਰ ਵਿਖੇ ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਿਯ ਅਤੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਮੌਜੂਦਾ ਸਥਿਤੀ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲੋਕਾਂ ਦੀ ਸਹਾਇਤਾ ਲਈ ਕੰਟਰੋਲ ਰੂਮ ਬਣਾ ਕੇ ਹੈਲਪ ਲਾਈਨ ਨੰਬਰ 01874-266376 ਜਾਰੀ ਕੀਤਾ ਗਿਆ ਹੈ ਅਤੇ ਜ਼ਿਲ੍ਹਾ ਵਾਸੀ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਇਸ ਨੰਬਰ 'ਤੇ ਸੰਪਰਕ ਕਰਕੇ ਸਹਾਇਤਾ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਬੀਤੀਆਂ ਦੋ ਰਾਤਾਂ ਨੂੰ ਬਲੈਕ ਆਊਟ ਦੇ ਸੱਦੇ ਨੂੰ ਕਾਮਯਾਬ ਬਣਾਉਣ ਲਈ ਜ਼ਿਲ੍ਹਾ ਵਾਸੀਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਗਲੇ ਹੁਕਮਾਂ ਤੱਕ ਜ਼ਿਲ੍ਹੇ ਵਿੱਚ ਰੋਜ਼ਾਨਾ ਰਾਤ ਨੂੰ 9 ਵਜੇ ਤੋਂ ਸਵੇਰੇ 5 ਤੱਕ ਬਲੈਕ-ਆਊਟ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਵੀ ਇੰਨ-ਬਿੰਨ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਡਰਨ ਦੀ ਲੋੜ ਨਹੀਂ, ਅਸੀਂ ਡਿਫੈਂਸ ਦੇ ਉੱਚ ਅਧਿਕਾਰੀਆਂ ਨਾਲ ਪੂਰਾ ਤਾਲਮੇਲ ਬਣਾ ਕੇ ਰੱਖਿਆ ਹੋਇਆ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਜ਼ਰੂਰੀ ਵਸਤਾਂ, ਪੈਟਰੋਲ, ਡੀਜ਼ਲ, ਰਸੋਈ ਗੈਸ, ਦਵਾਈਆਂ, ਪਸ਼ੂਆਂ ਦੇ ਚਾਰੇ ਭਾਵ ਕਿਸੇ ਵੀ ਚੀਜ਼ ਦੀ ਕੋਈ ਘਾਟ ਨਹੀਂ, ਇਸ ਲਈ ਬਿਨਾਂ ਲੋੜ ਤੋਂ ਵਾਧੂ ਸਮੱਗਰੀ ਖ਼ਰੀਦ ਕੇ ਕਾਲਾ ਬਾਜ਼ਾਰੀ ਨੂੰ ਉਤਸ਼ਾਹਿਤ ਨਾ ਕੀਤਾ ਜਾਵੇ। ਉਨ੍ਹਾਂ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਵੀ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਵਿਅਕਤੀ ਦੋਸ਼ੀ ਪਾਇਆ ਗਿਆ ਉਸ ਉੱਤੇ ਸਖ਼ਤ ਤੋਂ ਸਖ਼ਤ ਕਾਰਵਾਈ ਹੋਵੇਗੀ। ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ ਅਤੇ ਐੱਸ.ਐੱਸ.ਪੀ. ਬਟਾਲਾ ਸੋਹੇਲ ਕਾਸਿਮ ਮੀਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਲਾਵਾਰਸ ਪਈ ਚੀਜ਼ ਦਿਖਾਈ ਦਿੰਦੀ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਨਾ ਕਿ ਉਸ ਨਾਲ ਆਪ ਛੇੜਖ਼ਾਨੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਪੁਲਸ ਸਕੁਐਡ ਅਤੇ ਕਵਿਕ ਰਿਸਪਾਂਸ ਟੀਮਾਂ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਕੀਤੀਆਂ ਹਨ, ਜੋ ਲੋੜ ਪੈਣ 'ਤੇ ਤੁਰੰਤ ਤੁਹਾਡੀ ਸਹਾਇਤਾ ਲਈ ਪਹੁੰਚਣਗੀਆਂ। ਉਨ੍ਹਾਂ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਤੱਥਹੀਣ ਗੱਲਾਂ ਜਾਂ ਖ਼ਬਰਾਂ ਨੂੰ ਅੱਗੇ ਸ਼ੇਅਰ ਨਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਅਫ਼ਵਾਹਾਂ ਫੈਲਾਉਣ ਦਾ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਗੱਗੋਬੂਹਾ ਵਿਖੇ ਸ਼ਹੀਦੀ ਜੋੜ ਮੇਲਾ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਅਮਰ ਸ਼ਹੀਦ ਬਾਬਾ ਬੀਰ ਸਿੰਘ ਦੇ ਜਨਮ ਅਸਥਾਨ ਗੁ: ਸ੍ਰੀ ਦਮਦਮਾ ਸਹਿਬ ਗੱਗੋਬੂਹਾ ਜ਼ਿਲ੍ਹਾ ਤਰਨ ਤਾਰਨ ਵਿਖੇ ਬਾਬਾ ਬੀਰ ਸਿੰਘ ਦਾ ਸਲਾਨਾ ਸ਼ਹੀਦੀ ਜੋੜ ਮੇਲਾ ਸ਼ਹੀਦ ਬਾਬਾ ਬੀਰ ਸਿੰਘ ਦੇ 6ਵੀਂ ਅੰਸ਼ ਵੰਸ਼ ਜਥੇਦਾਰ ਸੰਤ ਬਾਬਾ ਬਾਜ ਸਿੰਘ ਗੱਗੋਬੂਹਾ ਮੌਜੂਦਾ ਮੁੱਖ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਦੀ ਅਗਵਾਈ ਹੇਠ ਦੇਸ਼ ਵਿਦੇਸ਼, ਇਲਾਕੇ ਅਤੇ ਨਗਰ ਗੱਗੋਬੂਹਾ ਦੀਆਂ ਸਮੂਹ ਸੰਗਤਾਂ ਦੇ ਵਡਮੁੱਲੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ।ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 45 ਸ੍ਰੀ ਅਖੰਡ ਪਾਠ ਸਾਹਿਬ ਜੀ ਪਾਏ ਗਏ ਭੋਗ ਉਪਰੰਤ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖੁੱਲ੍ਹੇ ਪੰਡਾਲ ਵਿੱਚ ਸਜਾਏ ਗਏ ਦੀਵਾਨਾਂ ਵਿੱਚ ਰਾਗੀ ਸਿੰਘਾਂ ਵੱਲੋਂ ਸ਼ਬਦ ਕੀਰਤਨ ਕੀਤੇ ਜਾਣ ਤੇ ਕਵੀਸ਼ਰ ਭਾਈ ਭੰਗੂ ਬ੍ਰਦਰਜ਼ ਗੁਰਦਾਸਪੁਰ, ਢਾਡੀ ਜਥਾ ਭਾਈ ਸਤਨਾਮ ਸਿੰਘ ਲਾਲੂ ਘੁੰਮਣ ਵੱਲੋਂ ਜਿੱਥੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਉੱਥੇ ਹੀ ਪ੍ਰਸਿੱਧ ਕਥਾਵਾਚਕ ਸੂਫ਼ੀ ਸੰਤ ਗੁਲਾਮ ਹੈਦਰ ਕਾਦਰੀ, ਭਾਈ ਰੇਸ਼ਮ ਸਿੰਘ ਅਤੇ ਭਾਈ ਸ਼ਮਸ਼ੇਰ ਸਿੰਘ ਭੋਜੀਆ ਵਿਦਿਆਰਥੀ ਦਮਦਮੀ ਟਕਸਾਲ ਗੁਰਮਤਿ ਵਿਦਿਆਲਿਆਂ ਵੱਲੋਂ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਬਾਣੀ ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਵਹਿਗੁਰੂ ਦੇ ਅੱਗੇ ਸਰਬਤ ਦਾ ਭਲਾ ਮੰਗਦਿਆਂ ਮੌਜੂਦਾ ਜੰਗ ਦੀ ਸਥਿਤੀ ਨੂੰ ਟਾਲਣ ਲਈ ਅਰਦਾਸ ਕੀਤੀ ਗਈ।ਇਸ ਮੌਕੇ ਸੰਤ ਬਾਬਾ ਬਾਜ ਸਿੰਘ ਨੇ ਸੰਗਤਾਂ ਦੇ ਸਨਮੁੱਖ ਹੁੰਦਿਆਂ ਸਲਾਨਾ ਸ਼ਹੀਦੀ ਜੋੜ ਮੇਲੇ ਤੇ ਸੇਵਾ ਕਰ ਰਹੀਆਂ ਸਭਾ ਸੋਸਾਇਟੀਆਂ, ਸੇਵਾਦਾਰ ਤੇ ਨਤਮਸਤਕ ਹੋਣ ਲਈ ਪੁੱਜੀਆਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਜੰਗ ਦੇ ਮਹੌਲ ਵਿੱਚ ਗੁਰੂ ਸਾਹਿਬ ਦੀ ਬਾਣੀ ਦਾ ਜਾਪ ਕਰਨ ਅਤੇ ਸਦਾ ਚੜ੍ਹਦੀ ਕਲਾਂ ਵਿੱਚ ਰਹਿਣ ਦੀ ਅਪੀਲ ਵੀ ਕੀਤੀ। ਸਲਾਨਾ ਜੋੜ ਮੇਲੇ ਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਤੇ ਵੱਖ-ਵੱਖ ਪਕਵਾਨਾਂ ਦੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।ਜਦ ਕਿ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਪ੍ਰਤਾਪ ਸਿੰਘ ਗੁ: ਜਨਮ ਅਸਥਾਨ ਬਾਬਾ ਬੀਰ ਸਿੰਘ ਜੀ ਗੱਗੋਬੂਹਾ, ਬਾਬਾ ਕੁਲਵੰਤ ਸਿੰਘ ਦੋਬਲੀਆ, ਬਾਬਾ ਰਜਿੰਦਰਪਾਲ ਸਿੰਘ ਮਾਲੂਵਾਲ, ਬਾਬਾ ਸੁਖਵਿੰਦਰ ਸਿੰਘ ਮਾਲੂਵਾਲ, ਬਾਬਾ ਸਤਨਾਮ ਸਿੰਘ ਮਾਲੂਵਾਲ, ਭਾਈ ਦਲਜੀਤ ਸਿੰਘ ਸਮੇਤ ਪੁੱਜੀਆਂ ਧਾਰਮਿਕ ਸ਼ਖਸੀਅਤਾਂ ਨੂੰ ਸੰਤ ਬਾਬਾ ਬਾਜ ਸਿੰਘ ਗੱਗੋਬੂਹਾ ਆਦਿ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਲੋਈਆਂ ਦੇ ਕੇ ਸਨਮਾਨਤ ਕੀਤਾ ਗਿਆ। ਜਦ ਕਿ ਸ਼ਾਮ ਨੂੰ ਬਾਬਾ ਬੀਰ ਸਿੰਘ ਕਬੱਡੀ ਕਲੱਬ ਗੱਗੋਬੂਹਾ ਤੇ ਬਾਬਾ ਆਤਮਾ ਸਿੰਘ ਕਬੱਡੀ ਕਲੱਬ ਘਰਿਆਲਾ ਦੀਆਂ ਟੀਮਾਂ ਵਿਚਾਲੇ ਕਬੱਡੀ ਦੇ ਕਰਵਾਏ ਗਏ ਵੱਡੇ ਪ੍ਰਦਰਸ਼ਨੀ ਮੈਚ ਵਿੱਚ ਜੇਤੂ ਟੀਮ ਨੂੰ ਬਾਬਾ ਬਾਜ ਸਿੰਘ ਗੱਗੋਬੂਹਾ, ਸਟੇਜ ਸੰਚਾਲਕ ਭਾਈ ਰਾਜਗੁਰਦੇਵ ਸਿੰਘ ਗੱਗੋਬੂਹਾ, ਬਾਬਾ ਤਰਲੋਕ ਸਿੰਘ ਅੱਡਾ ਗੱਗੋਬੂਹਾ ਤੇ ਹੋਰ ਸੇਵਾਦਾਰਾਂ ਵੱਲੋਂ ਦਿਲਕਸ਼ ਨਗਦ ਇਨਾਮ ਦੇ ਨਿਵਾਜਿਆ ਗਿਆ।



11-MAY-PAGE-4.qxd 5/10/2025 8:04 PM Page 1



## ਪੀ ਐੱਫ ਬੀ ਨੇ ਰੇਲ ਮੰਤਰੀ ਨੂੰ ਸੌਂਪਿਆ ਮੰਗ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪ੍ਰੋਗਰੈਸਿਵ ਫੈਡਰੇਸ਼ਨ ਆਫ ਦਿ ਬਲਾਇੰਡਸ (ਪੀਐੱਫਬੀ) (ਪੰਜਾਬ ਸ਼ਾਖਾ) ਨੇ ਭਾਰਤ ਸਰਕਾਰ ਦੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਇੱਕ ਮੰਗ ਪੱਤਰ ਸੌਂਪਿਆ ਹੈ, ਜਿਸ ਵਿੱਚ ਏ ਸੀ ਚੇਅਰ ਕਾਰ ਡੱਬਿਆਂ ਵਿੱਚ ਅਪੰਗ ਵਿਅਕਤੀਆਂ ਲਈ ਸੀਟ ਰਿਜ਼ਰਵੇਸ਼ਨ ਬਹਾਲ ਕਰਨ ਅਤੇ ਵੰਦੇ ਭਾਰਤ ਤੇ ਇਸ ਤਰ੍ਹਾਂ ਦੀਆਂ ਰੇਲ ਗੱਡੀਆਂ ਵਿੱਚ ਨੇਤਰਹੀਣ ਯਾਤਰੀਆਂ ਲਈ 75 ਪ੍ਰਤੀਸ਼ਤ ਯਾਤਰਾ ਰਿਆਇਤ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ ਹੈ।ਮੈਮੋਰੈਂਡਮ ਵਿੱਚ ਜਨਰਲ ਸਕੱਤਰ ਅਨਿਲ ਗੁਪਤਾ ਨੇ ਫੈਡਰੇਸ਼ਨ ਦੀ ਚਿੰਤਾ ਨੂੰ ਉਜਾਗਰ ਕੀਤਾ ਕਿ ਏ ਸੀ ਚੇਅਰ ਕਾਰ ਡੱਬਿਆਂ ਵਿੱਚ ਅਪੰਗ ਵਿਅਕਤੀਆਂ ਲਈ ਲਾਜ਼ਮੀ 4 ਪ੍ਰਤੀਸ਼ਤ ਰਿਜ਼ਰਵੇਸ਼ਨ ਕਈ ਰੇਲ ਗੱਡੀਆਂ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਫੈਡਰੇਸ਼ਨ ਨੇ ਅਜਿਹੇ ਸਾਰੇ ਡੱਬਿਆਂ ਵਿੱਚ ਕੋਟੇ ਨੂੰ ਬਹਾਲ ਕਰਨ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਦੀ ਬੇਨਤੀ ਕੀਤੀ ਹੈ। ਫੈਡਰੇਸ਼ਨ ਨੇ ਪਹਿਲਾਂ ਦੀ ਪ੍ਰਣਾਲੀ ਦੀ ਚਿੰਤਾ ਪ੍ਰਗਟ ਕੀਤੀ, ਜਿਸ ਵਿੱਚ ਨੇਤਰਹੀਣ ਯਾਤਰੀਆਂ ਨੂੰ ਵੰਦੇ ਭਾਰਤ ਰੇਲਗੱਡੀਆਂ ਵਿੱਚ 75 ਪ੍ਰਤੀਸ਼ਤ ਕਿਰਾਏ ਵਿੱਚ ਰਿਆਇਤ ਦੀ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਵੀ ਦੁਹਰਾਇਆ, ਇੱਕ ਬੇਨਤੀ ਜੋ ਅਜੇ ਤੱਕ ਪੂਰੀ ਨਹੀਂ ਹੋਈ ਹੈ। ਇਸ ਮੁੱਦੇ ਸਬੰਧੀ ਪਹਿਲਾਂ ਕੀਤੇ ਗਏ ਸੰਚਾਰ ਦੀ ਇੱਕ ਕਾਪੀ ਵੀ ਮੈਮੋਰੈਂਡਮ ਨਾਲ ਨੱਥੀ ਕੀਤੀ ਗਈ ਸੀ। ਫੈਡਰੇਸ਼ਨ ਨੇ ਰੇਲਵੇ ਮੰਤਰਾਲੇ ਨੂੰ ਨੇਤਰਹੀਣ ਭਾਈਚਾਰੇ ਦੇ ਅਧਿਕਾਰਾਂ ਤੇ ਭਲਾਈ ਨੂੰ ਬਰਕਰਾਰ ਰੱਖਣ ਲਈ ਦੋਵਾਂ ਮਾਮਲਿਆਂ 'ਤੇ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ।

## ਨਾਟਕ 'ਭਾਸ਼ਾ ਵਹਿੰਦਾ ਦਰਿਆ' ਦਾ ਸਫਲ ਮੰਚਨ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਲੋਪੋਂ ਵਿੱਚ ਡਾਕਟਰ ਸੋਮਪਾਲ ਹੀਰਾ ਦੁਆਰਾ ਆਪਣਾ ਪ੍ਰਸਿੱਧ ਨਾਟਕ 'ਭਾਸ਼ਾ ਵਹਿੰਦਾ ਦਰਿਆ' ਦਰਸ਼ਕਾਂ ਦੇ ਭਰਪੂਰ ਇਕੱਠ ਵਿੱਚ ਖੇਡਿਆ ਗਿਆ। ਨਾਟਕ ਰਾਹੀਂ ਜਿੱਥੇ ਡਾਕਟਰ ਸੋਮਪਾਲ ਹੀਰਾ ਨੇ ਸਾਡੀ ਮਾਤ ਭਾਸ਼ਾ ਪੰਜਾਬੀ ਦੇ 1947 ਤੋਂ ਲੈ ਕੇ ਅੱਜ ਦੇ ਸਮੇਂ ਵਿੱਚ ਵਹਿੰਦੇ ਦਰਿਆ ਰੂਪੀ ਵਹਿਣ ਦਾ ਜ਼ਿਕਰ ਕੀਤਾ, ਉਥੇ ਡਾਕਟਰ ਸਾਹਿਬ ਨੇ ਆਪਣੀ ਅਦਾਕਾਰੀ ਨਾਲ ਪੰਜਾਬੀ ਮਾਤ ਭਾਸ਼ਾ ਦਾ ਸਾਡੇ ਜੀਵਨ ਵਿੱਚ ਕੀ ਯੋਗਦਾਨ ਹੈ, ਬਾਰੇ ਵੀ ਦੱਸਿਆ।ਇਸ ਮੌਕੇ ਕੁਲਵੰਤ ਸਿੰਘ ਗਿੱਲ ਦੁਆਰਾ ਗ੍ਰਾਮ ਪੰਚਾਇਤ ਪਿੰਡ ਲੋਪੋਂ ਤੇ ਸਮੂਹ ਨਗਰ ਨਿਵਾਸੀਆਂ ਦਾ ਆਪਣੀ ਟੀਮ ਵੱਲੋਂ ਧੰਨਵਾਦ ਕੀਤਾ ਗਿਆ ਨਾਲ ਹੀ, ਉਨ੍ਹਾਂ ਨੇ ਪਿੰਡ ਨਿਵਾਸੀ ਬੱਚਿਆਂ ਨੂੰ ਉਚੇਰੀ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਆ।ਇਸ ਮੌਕੇ ਲੋਪੋਂ ਦੇ ਸਰਪੰਚ ਮੈਡਮ ਨਵਨੀਤ ਕੌਰ, ਸ. ਗੁਰਮੀਤ ਸਿੰਘ ਲਾਡੀ, ਸੰਤ ਰਾਮ ਸਿੰਘ, ਮਾਸਟਰ ਕਰਨੈਲ ਸਿੰਘ, ਇੰਦਰਜੀਤ ਕੌਰ, ਪਰਮਿੰਦਰ ਕੌਰ, ਰਜਿੰਦਰ ਕੌਰ (ਸਾਰੇ ਪੰਚ) ਹਾਜ਼ਰ ਸਨ।ਇਸ ਤੋਂ ਇਲਾਵਾ ਉਚੇਚੇ ਤੌਰ 'ਤੇ ਪਹੁੰਚੇ ਏਐੱਸਆਈ ਸ. ਹਰਦੀਪ ਸਿੰਘ, ਸ. ਹਰਜਿੰਦਰ ਸਿੰਘ, ਸਤਵਿੰਦਰ ਸਿੰਘ ਫੌਜੀ, ਸਾਬਕਾ ਸਰਪੰਚ ਜਸਪਾਲ ਸਿੰਘ ਗੁਰਦੀਪ ਸਿੰਘ ਦੀਪੀ, ਕਰਮਜੀਤ ਸਿੰਘ ਹੈਪੀ, ਦਵਿੰਦਰ ਸਿੰਘ ਤੇ ਗੁਰਦੀਪ ਸਿੰਘ ਹਾਜ਼ਰ ਸਨ।ਅੰਤ ਵਿੱਚ ਸਾਰੇ ਆਏ ਮਹਿਮਾਨਾਂ ਦਾ ਸ. ਜਰਨੈਲ ਸਿੰਘ ਲੋਪੋਂ ਵੱਲੋਂ ਧੰਨਵਾਦ ਕੀਤਾ ਗਿਆ।

## ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਰਾਜਾ ਵੜਿੰਗ ਨੇ ਡੀ ਸੀ ਨਾਲ ਕੀਤੀ ਮੁਲਾਕਾਤ



**ਲੁਧਿਆਣਾ (ਸਿੰਗਲਾ, ਕਥੂਰੀਆ)**-ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨਾਲ ਮੀਟਿੰਗ ਕਰਕੇ ਉੱਤਰੀ ਭਾਰਤ ਦੇ ਵੱਖ-ਵੱਖ ਸ਼ਹਿਰਾਂ 'ਤੇ ਪਾਕਿਸਤਾਨ ਵੱਲੋਂ ਕੀਤੇ ਗਏ ਡਰੋਨ ਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਜ਼ਿਲ੍ਹੇ ਵਿੱਚ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲਿਆ।ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਵੜਿੰਗ ਨੇ ਕਿਹਾ ਕਿ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਤੇ ਕਿਸੇ ਵੀ ਤਰ੍ਹਾਂ ਦੀ ਘਬਰਾਉਣ ਜਾਂ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।ਉਨ੍ਹਾਂ ਲੋਕਾਂ ਨੂੰ ਸਿਰਫ ਸਰਕਾਰ ਦੀਆਂ ਹਦਾਇਤਾਂ ਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।ਵੜਿੰਗ ਨੇ ਕਿਹਾ ਕਿ ਪੂਰਾ ਦੇਸ਼ ਸਾਡੀਆਂ ਹਥਿਆਰਬੰਦ ਸੈਨਾਵਾਂ 'ਤੇ ਮਾਣ ਕਰਦਾ ਹੈ, ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰੱਖਿਆ ਲਈ ਵਧੀਆ ਕੰਮ ਕਰ ਰਹੀਆਂ ਹਨ।ਅਸੀਂ ਸਾਰੇ ਇਕੱਠੇ ਹਾਂ ਤੇ ਆਪਣੇ ਦੇਸ਼ ਦੀ ਰੱਖਿਆ ਲਈ ਆਪਣੇ ਬਲਾਂ ਨਾਲ ਚੱਟਾਨ ਵਾਂਗ ਖੜ੍ਹੇ ਹਾਂ। ਇੱਕ ਵੱਖਰੀ ਮੀਟਿੰਗ ਵਿੱਚ ਉਨ੍ਹਾਂ ਜਗਰਾਉਂ ਵਿੱਚ ਕੂੜੇ ਦੇ ਡੰਪ ਨੂੰ ਤਬਦੀਲ ਕਰਨ ਦੀ ਮੰਗ ਕੀਤੀ।ਵੜਿੰਗ ਜਗਰਾਉਂ ਸ਼ਹਿਰ ਦੇ ਕੌਂਸਲਰਾਂ ਦੇ ਇੱਕ ਵਫਦ ਦੀ ਅਗਵਾਈ ਕਰਦਿਆਂ ਡਿਪਟੀ ਕਮਿਸ਼ਨਰ ਨੂੰ ਮਿਲੇ।ਉਨ੍ਹਾਂ ਕਿਹਾ ਕਿ ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਹੈ ਕਿ ਕੂੜੇ ਦੇ ਡੰਪ ਨੂੰ ਕਿਸੇ ਹੋਰ ਢੁਕਵੀਂ ਜਗ੍ਹਾ 'ਤੇ ਤਬਦੀਲ ਕੀਤਾ ਜਾਵੇ, ਜਿੱਥੇ ਇਸ ਨਾਲ ਆਮ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਨੇ ਲੋਕਾਂ ਦੀ ਮੰਗ ਨੂੰ ਧੀਰਜ ਨਾਲ ਸੁਣਿਆ ਤੇ ਇਸ ਮਾਮਲੇ 'ਤੇ ਗੌਰ ਕਰਨ ਦਾ ਭਰੋਸਾ ਦਿੱਤਾ।ਵੜਿੰਗ ਨੇ ਗਿੱਲ ਵਿਧਾਨ ਸਭਾ ਖੇਤਰ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਲਈ ਆਪਣੇ ਸਥਾਨਕ ਖੇਤਰ ਵਿਕਾਸ ਫੰਡ ਵਿੱਚੋਂ 62.5 ਲੱਖ ਰੁਪਏ ਦੇ ਚੈੱਕ ਵੀ ਵੰਡੇ।

## ਖੇਲੋ ਇੰਡੀਆ ਯੂਥ ਗੇਮਜ਼-2025 'ਚ ਪੰਜਾਬ ਦੇ ਗੱਤਕਾ ਖਿਡਾਰੀ ਰਹੇ ਜੇਤੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਰਤੀ ਖੇਡ ਅਥਾਰਟੀ ਵੱਲੋਂ ਬਿਹਾਰ ਰਾਜ ਦੇ ਗਯਾ ਸ਼ਹਿਰ ਵਿਖੇ ਯੁਵਾ ਤੇ ਖੇਡ ਮੰਤਰਾਲੇ ਦੀ ਅਗਵਾਈ ਹੇਠ 5 ਮਈ ਤੋਂ 7 ਮਈ ਤੱਕ ਗੱਤਕਾ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਦੇਸ਼ ਭਰ ਦੀਆਂ 19 ਸਟੇਟਾਂ ਦੇ 160 ਖਿਡਾਰੀਆਂ ਨੇ ਹਿੱਸਾ ਲਿਆ।ਪੰਜਾਬ ਗੱਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਲੋ ਇੰਡੀਆ ਯੂਥ ਗੇਮਜ਼ ਵਿੱਚ ਪੰਜਾਬ ਦੇ 14 ਗੱਤਕਾ ਖਿਡਾਰੀਆਂ ਨੇ ਵੱਖ-ਵੱਖ ਮੁਕਾਬਲਿਆਂ 'ਚ ਭਾਗ ਲਿਆ ਤੇ ਆਪਣੀ ਖੇਡ ਦਾ ਚੰਗਾ ਪ੍ਰਦਰਸ਼ਨ ਕੀਤਾ। ਇਸ ਮੌਕੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ 'ਚ ਗੁਰਸੇਵਕ ਸਿੰਘ ਨੇ ਸੋਨੇ ਦਾ ਤਮਗਾ, ਜਸ਼ਨਦੀਪ ਸਿੰਘ ਨੇ ਚਾਂਦੀ ਦਾ ਤਮਗਾ, ਟੀਮ ਫਰੀ ਸੋਟੀ ਮੁਕਾਬਲੇ 'ਚ ਗੁਰਸੇਵਕ ਸਿੰਘ, ਜਸ਼ਨਦੀਪ ਸਿੰਘ, ਹਰਿਪ੍ਰੀਤ ਸਿੰਘ ਨੇ ਚਾਂਦੀ ਦਾ ਤਮਗਾ, ਵਿਅਕਤੀਗਤ ਫਰੀ ਸੋਟੀ ਮੁਕਾਬਲੇ 'ਚ ਜਗਦੀਪ ਸਿੰਘ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ। ਲੜਕੀਆਂ ਦੀ ਟੀਮ ਵਿੱਚ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ 'ਚ ਤਮੰਨਾ ਨੇ ਸੋਨੇ ਦਾ ਤਮਗਾ, ਅਵਨੀਤ ਕੌਰ ਨੇ ਕਾਂਸੀ ਦਾ ਤਮਗਾ, ਵਿਅਕਤੀਗਤ ਫਰੀ ਸੋਟੀ ਮੁਕਾਬਲੇ 'ਚ ਸੰਨ੍ਹੂ ਕੌਰ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਖੇਲੋ ਇੰਡੀਆ ਯੂਥ ਗੇਮਜ਼ ਵਿੱਚ ਪੰਜਾਬ ਦੇ ਗੱਤਕਾ ਖਿਡਾਰੀਆਂ ਨੇ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦਾ ਪੰਜਾਬ ਪਰਤਣ 'ਤੇ ਧੂਮ-ਧੜੱਕੇ ਨਾਲ ਸਵਾਗਤ ਕੀਤਾ ਜਾਵੇਗਾ ਤੇ ਪੰਜਾਬ ਗੱਤਕਾ ਐਸੋਸੀਏਸ਼ਨ ਵੱਲੋਂ ਖਿਡਾਰੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਪੰਜਾਬ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਰਜਿੰਦਰ ਸਿੰਘ ਸੋਹਲ, ਮੀਤ ਪ੍ਰਧਾਨ ਦਵਿੰਦਰ ਸਿੰਘ ਜੁਗਨੀ ਵੱਲੋਂ ਵੀ ਜੇਤੂ ਖਿਡਾਰੀਆਂ ਤੇ ਟੀਮ ਮੈਨੇਜਰ ਜਸਵਿੰਦਰ ਸਿੰਘ ਪਾਬਲਾ, ਗੱਤਕਾ ਕੋਚ ਹਰਕਿਰਨਜੀਤ ਸਿੰਘ, ਇੰਦਰਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ।

## ਡੇਅਰੀਆਂ ਸ਼ਹਿਰ 'ਚੋਂ ਹਰ ਹਾਲ ਹੋਣਗੀਆਂ ਤਬਦੀਲ, ਲੋਕਾਂ ਨੂੰ ਸੀਵਰੇਜ ਜਾਮ ਤੋਂ ਮਿਲੇਗੀ ਰਾਹਤ : ਕੋਹਲੀ

### ਸ੍ਰੀ ਗੁਰੂ ਨਾਨਕ ਡੇਅਰੀ ਪ੍ਰਾਜੈਕਟ ਅਬਲੋਵਾਲ ਬਾਰੇ ਡੇਅਰੀ ਮਾਲਕਾਂ ਨਾਲ ਬੈਠਕ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਇੱਥੇ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਸ਼ਹਿਰ ਵਿੱਚੋਂ ਹਰ ਹਾਲ ਡੇਅਰੀਆਂ ਤਬਦੀਲ ਕੀਤੀਆਂ ਜਾਣਗੀਆਂ ਤੇ ਸ਼ਹਿਰ ਵਾਸੀਆਂ ਨੂੰ ਸੀਵਰੇਜ ਜਾਮ ਤੋਂ ਰਾਹਤ ਦਿਵਾਈ ਜਾਵੇਗੀ।ਵਿਧਾਇਕ ਕੋਹਲੀ ਨੇ ਇੱਥੇ ਸ੍ਰੀ ਗੁਰੂ ਨਾਨਕ ਡੇਅਰੀ ਪ੍ਰਾਜੈਕਟ ਅਬਲੋਵਾਲ ਬਾਰੇ ਮੇਅਰ ਕੁੰਦਨ ਗੋਗੀਆ, ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ, ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਸਮੇਤ ਡੇਅਰੀ ਯੂਨੀਅਨ ਦੇ ਨੁਮਾਇੰਦਿਆਂ ਨਾਲ ਇੱਕ ਫ਼ੈਸਲਾਕੁੰਨ ਬੈਠਕ ਕੀਤੀ।ਡੇਅਰੀ ਮਾਲਕਾਂ ਨੂੰ ਸ਼ਹਿਰ ਵਿੱਚੋਂ ਡੇਅਰੀਆਂ ਇਸ ਪ੍ਰਾਜੈਕਟ ਵਿੱਚ ਤਬਦੀਲ ਕਰਨ ਲਈ ਜ਼ੋਰ ਦਿੰਦਿਆਂ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਡੇਅਰੀ ਮਾਲਕਾਂ ਨੂੰ ਉਥੇ ਡੇਅਰੀ ਕਿੱਤੇ ਨੂੰ ਹੋਰ ਵਧਾਉਣ ਲਈ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕਰੀਬ 21.26 ਏਕੜ ਵਿੱਚ ਬਣਾਇਆ ਗਿਆ ਇਹ ਪ੍ਰਾਜੈਕਟ ਜਿੱਥੇ ਸ਼ਹਿਰ ਦੀ ਸਾਫ਼ ਸਫ਼ਾਈ ਤੇ ਸੀਵਰੇਜ ਨੂੰ ਬੰਦ ਹੋਣ ਤੋਂ ਰੋਕਣ 'ਚ ਸਹਾਈ ਹੋਵੇਗਾ, ਉੱਥੇ ਹੀ ਡੇਅਰੀ ਮਾਲਕਾਂ ਦੇ ਧੰਦੇ ਨੂੰ ਹੋਰ ਵਧਾਉਣ ਵਿੱਚ ਵੀ ਸਹਾਇਤਾ ਕਰੇਗਾ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਬੈਂਕਾਂ ਨਾਲ ਰਾਬਤਾ ਕਰਵਾ ਕੇ ਡੇਅਰੀ ਮਾਲਕਾਂ ਨੂੰ ਸ਼ੈੱਡ ਉਸਾਰੀ ਲਈ 10 ਲੱਖ ਰੁਪਏ ਤੱਕ ਦਾ ਕਰਜ਼ਾ ਬਿਨਾਂ ਕਿਸੇ ਬੈਂਕ ਗਾਰੰਟੀ ਦਿਵਾਉਣ ਦਾ ਵੀ ਪ੍ਰਬੰਧ ਕੀਤਾ, ਇਸ ਲਈ ਹੁਣ ਉਨ੍ਹਾਂ ਨੂੰ ਹਰ ਹਾਲ ਡੇਅਰੀਆਂ ਸ਼ਹਿਰ ਵਿੱਚੋਂ ਤਬਦੀਲ ਕਰਨੀਆਂ ਹੀ ਪੈਣਗੀਆਂ।ਵਿਧਾਇਕ ਕੋਹਲੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡੇਅਰੀ ਪ੍ਰਾਜੈਕਟ ਨੂੰ ਤੁਰੰਤ ਚਲਾਉਣ ਲਈ ਸਾਰੇ ਮਸਲੇ ਮਿੱਥੇ ਸਮੇਂ ਦੇ ਅੰਦਰ-ਅੰਦਰ ਹੱਲ ਕੀਤੇ ਜਾਣ।ਅਧਿਕਾਰੀਆਂ ਨੇ ਸ਼ਹਿਰ ਦੀਆਂ ਡੇਅਰੀਆਂ ਵਾਲਿਆਂ ਨੂੰ ਇਸ ਪ੍ਰਾਜੈਕਟ 'ਚ ਤਬਦੀਲ ਕਰਕੇ ਇਸ ਨੂੰ ਕਾਮਯਾਬ ਕਰਨ ਬਾਰੇ ਦੁਧਾਰੂ ਪਸ਼ੂਆਂ ਲਈ ਫੀਡ ਫੈਕਟਰੀਆਂ, ਵੈਟਰਨਰੀ ਕਲੀਨਿਕ, ਚਾਰਾ, ਪਸ਼ੂ ਮੰਡੀ, ਵੇਰਕਾ ਮਿਲਕਿੰਗ ਸੈਂਟਰ, ਪਾਣੀ ਦੀ ਨਿਕਾਸੀ, ਬਿਜਲੀ ਕੁਨੈਕਸ਼ਨ ਆਦਿ ਕਈ ਮੁੱਦਿਆਂ 'ਤੇ ਜਾਣਕਾਰੀ ਦਿੱਤੀ।ਮੀਟਿੰਗ 'ਚ ਡੇਅਰੀ ਯੂਨੀਅਨ ਦੇ ਨੁਮਾਇੰਦਿਆਂ ਸਮੇਤ ਨਗਰ ਨਿਗਮ ਦੇ ਅਧਿਕਾਰੀ ਹਰਕਿਰਨ ਸਿੰਘ, ਗੁਰਪ੍ਰੀਤ ਵਾਲੀਆ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਟੀ ਐੱਸ ਯੂ ਵੱਲੋਂ ਖੰਨਾ ਕਨਵੈਨਸ਼ਨ 'ਚ ਸਰਕਾਰ ਦੀਆਂ ਲੋਕ-ਦੋਖੀ ਸਾਜ਼ਿਸ਼ਾਂ ਖਿਲਾਫ ਸੰਘਰਸ਼ ਦਾ ਸੱਦਾ



**ਦੋਰਾਹਾ (ਹਰਮਿੰਦਰ ਸੇਠ)**-ਟੈਕਨੀਕਲ ਸਰਬ ਯੂਨੀਅਨ ਦੇ ਸਰਕਲ ਸਕੱਤਰ ਬਲਵੀਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਸਰਕਲ ਖੰਨਾ ਦੀ ਕਨਵੈਨਸ਼ਨ ਸਰਕਲ ਪ੍ਰਧਾਨ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।ਕਨਵੈਨਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਪਹਿਲਗਾਮ ਵਿੱਚ ਨਹੱਕੇ ਮਾਰੇ ਗਏ ਲੋਕਾਂ ਲਈ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ।ਇਸ ਕਨਵੈਨਸ਼ਨ ਵਿੱਚ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਮੈਂਬਰਾਂ ਰਿਟਾਇਰ ਸਾਥੀਆਂ ਤੇ ਬਿਜਲੀ ਮੁਲਾਜ਼ਮਾਂ ਦੇ ਪਰਵਾਰਾਂ ਨੇ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ।ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਨੇ ਸਮੁੱਚੇ ਮੈਂਬਰਾਂ, ਪਰਵਾਰਾਂ ਤੇ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਨਿੱਜੀਕਰਨ ਦੀਆਂ ਨੀਤੀਆਂ ਦੇ ਹਮਲੇ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਸਾਮਰਾਜੀ ਦਿਸ਼ਾ ਨਿਰਦੇਸ਼ ਨਿੱਜੀਕਰਨ ਦੀਆਂ ਨੀਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ।ਚੰਡੀਗੜ੍ਹ ਪਾਵਰ ਕਾਰਪੋਰੇਸ਼ਨ ਨੂੰ ਤੋੜ ਕੇ ਨਿੱਜੀ ਕੰਪਨੀ ਐਮੀਨੈਂਟਸ ਦੇ ਹਵਾਲੇ ਕਰ ਦਿੱਤਾ ਗਿਆ।ਪੰਜਾਬ ਵਿੱਚ ਚਿੱਪ ਵਾਲੇ ਮੀਟਰ ਲਗਾ ਕੇ ਰੁਜ਼ਗਾਰ ਦਾ ਉਜਾੜਾ ਕੀਤਾ ਜਾ ਰਿਹਾ ਹੈ।ਬੀ ਬੀ ਐੱਮ ਬੀ ਹਸਪਤਾਲ ਦਾ ਨਿੱਜੀਕਰਨ ਦਾ ਐਲਾਨ ਕਰਕੇ ਉਥੋਂ ਦੇ ਮੁਲਾਜ਼ਮਾਂ, ਲੋਕਾਂ ਨੂੰ ਮਿਲਦੀਆਂ ਸਿਹਤ ਸਹੂਲਤਾਂ ਨੂੰ ਖੋਹਿਆ ਜਾ ਰਿਹਾ ਹੈ। ਪੰਜਾਬ ਪਾਵਰ ਕਾਰਪੋਰੇਸ਼ਨ ਖਰੜ ਡਵੀਜ਼ਨ ਤੇ ਲਾਲੜੂ ਡਵੀਜ਼ਨ ਵਿੱਚ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਕੇ ਡਵੀਜ਼ਨਾਂ ਦਾ ਨਿੱਜੀਕਰਨ ਕਰਨ ਦੀਆਂ ਸਰਕਾਰ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਭਾਵੇਂ ਬਿਜਲੀ ਮੁਲਾਜ਼ਮਾਂ ਦੇ ਰੋਸ ਨੂੰ ਦੇਖਦੇ ਹੋਏ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਪਿਆ।ਸਰਕਾਰ ਵੱਲੋਂ ਨਿੱਜੀਕਰਨ ਦੀ ਨੀਤੀ ਦੇ ਅਮਲ ਨੂੰ ਰੱਦ ਨਹੀਂ ਕੀਤਾ ਗਿਆ।ਪਾਵਰਕਾਮ ਦੀ ਮੈਨੇਜਮੈਂਟ ਤੇ ਸਰਕਾਰ ਵੱਲੋਂ ਨਿੱਜੀਕਰਨ ਦੀ ਨੀਤੀ ਦੇ ਵਿਰੋਧ ਵਿੱਚ ਲੜੇ ਜਾ ਰਹੇ ਸੰਘਰਸ਼ਾਂ ਨੂੰ ਫੇਲ੍ਹ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਬਿਜਲੀ ਦੇ ਕੰਮ ਨੂੰ ਨਿਰਵਿਗਨ ਚਲਾਉਣ ਦੇ ਬਹਾਨੇ ਹੇਠ ਗੈਂਗਾਂ ਭਰਤੀ ਕਰਕੇ ਸੰਘਰਸ਼ ਨੂੰ ਫੇਲ੍ਹ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਵੱਲੋਂ ਨਿੱਜੀਕਰਨ ਦੇ ਹਮਲੇ ਨੂੰ ਜਬਰ ਦੇ ਜ਼ੋਰ ਲਾਗੂ ਕੀਤਾ ਜਾ ਰਿਹਾ ਹੈ।ਸਮੁੱਚੇ ਲੋਕ ਨਿੱਜੀਕਰਨ ਦੀ ਨੀਤੀ ਦੇ ਵਿਰੋਧ ਵਿੱਚ ਸੰਘਰਸ਼ ਦੇ ਰਾਹ 'ਤੇ ਹਨ।ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਆਗੂਆਂ ਦੇ ਘਰਾਂ ਵਿੱਚ ਛਾਪੇ ਮਾਰ ਕੇ ਜਬਰ ਦੇ ਜ਼ੋਰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਦੀ ਇਸ ਘਿਨਾਉਣੀ ਹਰਕਤ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ।ਆਗੂਆਂ ਨੇ ਸਮੁੱਚੇ ਲੋਕਾਂ ਤੇ ਮੁਲਾਜ਼ਮਾਂ ਨੂੰ ਅਪੀਲ ਕਰਦੇ ਕਿਹਾ ਕਿ ਨਿੱਜੀਕਰਨ ਦੀ ਨੀਤੀ ਦੇ ਹਮਲੇ ਅਤੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਜਬਰ ਖਿਲਾਫ ਤਿੱਖੇ ਤੇ ਵਿਸ਼ਾਲ ਸੰਘਰਸ਼ ਕਰਨ ਲਈ ਤਿਆਰੀਆਂ ਕੀਤੀਆਂ ਜਾਣ।

ਕਨਵੈਨਸ਼ਨ ਵਿੱਚ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੇ ਇਸ਼ਾਰਿਆਂ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਕਿਸਾਨ ਆਗੂ ਸੌਦਾਗਰ ਸਿੰਘ ਘੁਡਾਣੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ।ਵੱਖ-ਵੱਖ ਆਗੂਆਂ ਬੁੱਧ ਸਿੰਘ, ਕਰਤਾਰ ਚੰਦ, ਪ੍ਰੇਮ ਸਿੰਘ, ਤਰਸੇਮ ਲਾਲ, ਰਕੇਸ਼ ਕੁਮਾਰ, ਰਾਮਜੀਤ ਸਿੰਘ, ਰਾਮਪਾਲ ਧਮੋਟ, ਜਗਦੇਵ ਸਿੰਘ, ਜਗਦੀਸ਼ ਸਿੰਘ ਨੇ ਕਿਹਾ ਕਿ ਨਿੱਜੀਕਰਨ ਦੀ ਨੀਤੀ ਖਿਲਾਫ ਤਿੱਖੇ, ਲੰਮੇ ਤੇ ਵਿਸ਼ਾਲ ਸੰਘਰਸ਼ ਕਰਨ ਦੀ ਲੋੜ ਹੈ।ਸਬ ਡਵੀਜ਼ਨ ਸ਼ਹਿਰੀ ਦੋਰਾਹਾ ਦੇ ਪ੍ਰਧਾਨ ਪ੍ਰੇਮ ਸਿੰਘ ਦੀ ਜੀਵਨ ਸਾਥੀ ਸ੍ਰੀਮਤੀ ਕਰਮਜੀਤ ਕੌਰ ਨੇ ਪਰਵਾਰਾਂ ਤੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਆਉਣ ਵਾਲੇ ਸੰਘਰਸ਼ਾਂ ਵਿੱਚ ਪਰਵਾਰਾਂ ਸਮੇਤ ਸ਼ਮੂਲੀਅਤ ਕਰਨੀ ਚਾਹੀਦੀ ਹੈ।

## ਭਾਰਤੀਆਂ ਦੀ ਇਕਜੁਟਤਾ ਹੀ ਸਭ ਤੋਂ ਵੱਡੀ ਤਾਕਤ : ਹਰਚੰਦ ਸਿੰਘ ਬਰਸਟ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸਾਰੇ ਭਾਰਤ ਵਾਸੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਜੋ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਤਣਾਅ ਵਾਲੇ ਹਾਲਾਤ ਬਣੇ ਹੋਏ ਹਨ, ਉਨ੍ਹਾਂ ਨੂੰ ਮੁੱਖ ਰੱਖ ਕੇ ਹਰ ਨਾਗਰਿਕ ਦਾ ਫ਼ਰਜ਼ ਬਣਦਾ ਹੈ ਕਿ ਉਹ ਪੂਰੀ ਤਰ੍ਹਾਂ ਸੁਚੇਤ ਰਹੇ ਤੇ ਆਪਣੇ ਪਰਵਾਰ ਅਤੇ ਆਸ-ਪਾਸ ਵਾਲਿਆਂ ਦਾ ਵੀ ਧਿਆਨ ਰੱਖੇ।ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀਆਂ ਵਿੱਚ ਘਬਰਾਉਣ ਦੀ ਕੋਈ ਲੋੜ ਨਹੀਂ ਹੈ।ਸਰਕਾਰ ਤੇ ਪ੍ਰਸ਼ਾਸਨ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜੋ ਸ਼ਲਾਘਾਯੋਗ ਕਦਮ ਹੈ।ਜੇ ਕਿਸੇ ਨੂੰ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਤੁਰੰਤ ਕੰਟਰੂਮ ਰੂਮ 'ਤੇ ਸੰਪਰਕ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਲੋਕ ਸੁਚੇਤ ਰਹਿੰਦਿਆਂ ਹੋਇਆ ਆਪਣੇ ਆਲੇ-ਦੁਆਲੇ ਧਿਆਨ ਰੱਖਣ ਅਤੇ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਸ਼ੱਕੀ ਵਸਤੂ ਨਜ਼ਰ ਆਉਂਦੀ ਹੈ ਤਾਂ ਉਸ ਬਾਰੇ ਤੁਰੰਤ ਪ੍ਰਸ਼ਾਸਨ ਨੂੰ ਜਾਣਕਾਰੀ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ ਤੇ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਵੱਲ ਧਿਆਨ ਨਾ ਦੇਣ ਅਤੇ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਸ਼ੰਕਾ ਹੋਵੇ ਤਾਂ ਤੁਰੰਤ ਪ੍ਰਸ਼ਾਸਨ ਨਾਲ ਸੰਪਕਤ ਕੀਤਾ ਜਾਵੇ।

## ਕਾਮਰੇਡ ਭੀਮ ਸਿੰਘ ਨੂੰ ਸਮਰਪਤ ਖ਼ੂਨਦਾਨ ਤੇ ਮੈਡੀਕਲ ਚੈੱਕਅੱਪ ਕੈਂਪ

**ਦਿੜ੍ਹਬਾ (ਜਸਵੀਰ ਲਾਡੀ)**-ਕਾਮਰੇਡ ਭੀਮ ਸਿੰਘ ਨੂੰ ਸਮਰਪਤ ਖ਼ੂਨਦਾਨ ਤੇ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ।80 ਯੂਨਿਟ ਖ਼ੂਨਦਾਨ ਤੇ 1500 ਦੇ ਕਰੀਬ ਮਰੀਜ਼ਾਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ।ਕਾਮਰੇਡ ਭੀਮ ਸਿੰਘ ਨੂੰ ਸਮਰਪਤ ਛੇਵਾਂ ਖ਼ੂਨਦਾਨ ਤੇ ਮੈਡੀਕਲ ਚੈੱਕਕਪ ਕੈਂਪ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਅੰਦਰ ਲਗਾਇਆ ਗਿਆ।ਇਹ ਕੈਂਪ ਸਾਹਿਤ ਤੇ ਸੱਭਿਆਚਾਰ ਮੰਚ ਦਿੜ੍ਹਬਾ, ਤਰਕਸ਼ੀਲ ਸੋਸਾਇਟੀ ਦਿੜ੍ਹਬਾ, ਬਾਬਾ ਬੈਰਸੀਆਣਾ ਸਾਹਿਬ ਚੈਰੀਟੇਬਲ ਹਸਪਤਾਲ ਪ੍ਰਬੰਧਕ ਕਮੇਟੀ, ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦਿੜ੍ਹਬਾ, ਕਰਿਆਨਾ ਐਸੋਸੀਏਸ਼ਨ ਦਿੜ੍ਹਬਾ, ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਦਿੜ੍ਹਬਾ, ਐੱਨਐੱਸਐੱਸ ਯੂਨਿਟ ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਚੇਅਰਪਰਸਨ ਮਾਰਕੀਟ ਕਮੇਟੀ ਦਿੜ੍ਹਬਾ ਜਸਵੀਰ ਕੌਰ ਸ਼ੇਰਗਿੱਲ, ਚੇਅਰਮੈਨ ਮਾਰਕੀਟ ਕਮੇਟੀ ਸੂਲਰ ਹਰਵਿੰਦਰ ਸਿੰਘ ਛਾਜਲੀ, ਰਿਟਾਇਰਡ ਐੱਸ ਪੀ ਮਨਜੀਤ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਕੈਂਪ ਅੰਦਰ ਸ਼ਾਮਲ ਹੋਏ।ਇਸ ਕੈਂਪ ਵਿੱਚ 80 ਯੂਨਿਟ ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ।ਹਰ ਸਾਲ ਦੀ ਤਰ੍ਹਾਂ ਕਾਮਰੇਡ ਭੀਮ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚੇ ਲੋਕਾਂ ਨੇ ਖ਼ੂਨ ਦਾਨ ਵੀ ਕੀਤਾ।ਇਸ ਤੋਂ ਇਲਾਵਾ ਮੈਡੀਕਲ ਚੈੱਕਅਪ ਕੈਂਪ ਦੌਰਾਨ 1500 ਦੇ ਕਰੀਬ ਮਰੀਜ਼ਾਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ ਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ।ਇਸ ਦੇ ਨਾਲ ਕਈ ਟੈਸਟ ਵੀ ਹਸਪਤਾਲ ਵਿੱਚ ਮੁਫਤ ਕੀਤੇ ਗਏ।ਸਾਹਿਤ ਤੇ ਸੱਭਿਆਚਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਖੇਤਲਾ, ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਰੋਗਲਾ ਤੇ ਹਸਪਤਾਲ ਪ੍ਰਬੰਧਕ ਕਮੇਟੀ ਦੇ ਆਗੂ ਰਾਜ ਕੁਮਾਰ ਰਾਮਾ ਨੇ ਕਿਹਾ ਕਿ ਕਾਮਰੇਡ ਭੀਮ ਸਿੰਘ ਸਾਡੇ ਇਲਾਕੇ ਦੀ ਮਹਾਨ ਸ਼ਖ਼ਸੀਅਤ ਸੀ, ਜਿਸ ਦੀ ਬਦੌਲਤ ਬਾਬਾ ਬੈਰਸਿਆਣਾ ਚੈਰੀਟੇਬਲ ਹਸਪਤਾਲ ਲੋਕਾਂ ਨੂੰ ਵਧੀਆ ਸੇਵਾਵਾਂ ਦੇ ਰਿਹਾ ਹੈ ਅਤੇ ਇਸ ਤੋਂ ਇਲਾਵਾ ਸਰਕਾਰੀ ਸਕੂਲ ਵਿੱਚ ਆਪਣੀ ਜਾਇਦਾਦ ਵੇਚ ਕੇ 55 ਲੱਖ ਦੀ ਇਮਾਰਤ ਖੜੀ ਕਰਨ ਵਾਲਾ ਇਹ ਮਹਾਨ ਦਾਨੀ ਬੇਸ਼ੱਕ ਸਾਡੇ ਵਿਚਕਾਰ ਨਹੀਂ ਹੈ, ਪਰ ਉਨ੍ਹਾਂ ਦੀ ਸੋਚ ਨੂੰ ਜਿਉਂਦਾ ਰੱਖਣ ਲਈ ਹਰ ਸਾਲ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਮੈਡੀਕਲ ਚੈੱਕਅਪ ਕੈਂਪ ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ।ਇਸ ਮੌਕੇ ਪ੍ਰਿੰਸੀਪਲ ਭਾਰਤ ਭੂਸ਼ਨ, ਇੰਜੀਨੀਅਰ ਸੁਖਵੰਤ ਸਿੰਘ ਧੀਮਾਨ, ਕਸ਼ਮੀਰ ਸਿੰਘ ਰੋੜੇਵਾਲ, ਨੈਬ ਸਿੰਘ ਰਟੋਲਾਂ, ਰਾਮ ਸਿੰਘ ਮਾਨ ਹਰਕੀਰਤ ਸਿੰਘ, ਮਾਸਟਰ ਤਰਸੇਮ ਸਿੰਘ ਸੇਮੀ ਰਜਿੰਦਰ ਸਿੰਘ, ਗੁਰਤੇਜ ਸਿੰਘ ਜਨਾਲ, ਹਰਮੇਸ਼ ਸਿੰਘ ਮੇਸ਼ੀ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਦੇਸ਼ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਕਿਸਾਨਾਂ ਵੱਲੋਂ ਸਾਰੇ ਪ੍ਰੋਗਰਾਮ ਮੁਲਤਵੀ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬੀਕੇਯੂ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਸ੍. ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬੀਤੇ ਕੱਲ੍ਹ ਤੇ ਅੱਜ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀਆਂ ਹੋਈਆਂ ਲਗਾਤਾਰ ਮੀਟਿੰਗਾਂ ਵਿੱਚ ਫੈਸਲਾ ਲਿਆ ਗਿਆ ਹੈ ਕਿ ਦੇਸ਼ ਵਿੱਚ ਚੱਲ ਰਹੇ ਤਣਾਅ ਦੇ ਮਾਹੌਲ ਨੂੰ ਮੁੱਖ ਰੱਖ ਕੇ ਕਿਸਾਨਾਂ ਵੱਲੋਂ ਆਪਣੇ ਅਗਲੇ ਕੀਤੇ ਜਾਣ ਵਾਲੇ ਸਾਰੇ ਪ੍ਰੋਗਰਾਮਾਂ ਨੂੰ ਆਉਣ ਵਾਲੇ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ, ਕਿਉਂਕਿ ਇਸ ਤਣਾਅ ਭਰੇ ਮਾਹੌਲ ਵਿੱਚ ਦੇਸ਼ ਦਾ ਕਿਸਾਨ ਆਪਣੇ ਦੇਸ਼ ਦੇ ਜਵਾਨਾਂ ਨਾਲ ਡੱਟ ਕੇ ਖੜ੍ਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਵਿਰੋਧੀ ਤਾਕਤਾਂ ਨੂੰ ਸਾਡੇ ਦੇਸ਼ ਦੀ ਫੌਜ ਤੇ ਦੇਸ਼ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਇਸ ਸਮੇਂ ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਦੇਸ਼ ਦੀ ਸਰਕਾਰ ਤੇ ਪ੍ਰਸ਼ਾਸਨਕ ਅਧਿਕਾਰੀਆਂ ਦੁਆਰਾ ਦਿੱਤੀਆਂ ਜਾ ਰਹੀਆਂ ਹਦਾਇਤਾਂ ਦਾ ਇੰਨ ਬਿੰਨ ਪਾਲਣ ਕਰਨ ਅਤੇ ਸੋਸ਼ਲ ਮੀਡੀਆ 'ਤੇ ਸ਼ਰਾਰਤੀ ਅਨਸਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਸੁਚੇਤ ਰਹਿਣ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੁਢਲਾ ਫ਼ਰਜ਼ ਹੈ ਕਿ ਕਿਸੇ ਵੀ ਗ਼ਲਤ ਜਾਣਕਾਰੀ ਨੂੰ ਸ਼ੇਅਰ ਨਾ ਕੀਤਾ ਜਾਵੇ, ਜਿਸ ਨਾਲ ਦੇਸ਼ ਦੀ ਸੁਰੱਖਿਆ ਜਾਂ ਸਾਡੀ ਫੋਰਸ ਨੂੰ ਕੋਈ ਖ਼ਤਰੇ ਦਾ ਸਾਹਮਣਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਵੀ ਅਗਾਹ ਕਰਦਿਆਂ ਕਿਹਾ ਕਿ ਭਾਵੇਂ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਆਪਣੇ ਪ੍ਰੋਗਰਾਮਾਂ ਨੂੰ ਪੰਦਰਾਂ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ, ਪ੍ਰੰਤੂ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਸਮੇਂ ਸੂਬੇ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲਾ ਅਜਿਹਾ ਕੋਈ ਫੈਸਲਾ ਲੈਣ ਲੱਗੇ ਆਪਣੀ ਸਮਝ ਤੋਂ ਕੰਮ ਲੈਣ, ਜਿਸ ਲਈ ਗਏ ਗ਼ਲਤ ਫੈਸਲੇ ਨਾਲ ਲੋਕਾਂ ਨੂੰ ਮਜਬੂਰਨ ਸੜਕਾਂ 'ਤੇ ਆਉਣਾ ਪਵੇ।ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਮੋਰਚੇ ਨੂੰ ਜ਼ਬਰਦਸਤੀ ਉਖਾੜਨ ਤੋਂ ਬਾਅਦ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨਾਂ ਨੂੰ ਇਨਸਾਫ ਦੇਣ ਦੀ ਜਗ੍ਹਾ ਜ਼ਲੀਲ ਕੀਤਾ ਜਾ ਰਿਹਾ ਹੈ, ਕਿਉਂਕਿ ਕਿਸੇ ਵੀ ਘਟਨਾ ਘਟ ਜਾਣ ਤੋਂ ਬਾਅਦ ਦੇਸ਼ ਦੇ ਹਰ ਨਾਗਰਿਕ ਦਾ ਸੰਵਿਧਾਨਕ ਹੱਕ ਹੈ ਕਿ ਸਰਕਾਰ ਉਸ ਇਨਸਾਨ ਨਾਲ ਹੋਏ ਘਟਨਾਕ੍ਰਮ ਦਾ ਇਨਸਾਫ ਉਸ ਨੂੰ ਦੇਵੇ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਨਾਲ ਹੋਈ ਧੱਕੇਸ਼ਾਹੀ ਤੇ ਕਿਸਾਨਾਂ ਦੇ ਚੋਰੀ ਹੋਏ ਘਰੇਲੂ ਸਾਮਾਨ ਦੀ ਭਰਪਾਈ ਲਈ ਇਨਸਾਫ ਦੇਣ ਲਈ ਇੱਕ ਕਦਮ ਵੀ ਪੁੱਟਣ ਲਈ ਤਿਆਰ ਨਹੀਂ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸਾਨ ਆਪਣੇ ਦੇਸ਼ ਦੀ ਮਾਣ ਮਰਿਆਦਾ ਲਈ ਹਿੱਕ ਡਾਹ ਕੇ ਖੜ੍ਹੇ ਹਨ ਤੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਣ ਦਾ ਕੰਮ ਕਰੇ।ਉਨ੍ਹਾਂ ਕਿਹਾ ਕਿ ਆਉਣ ਵਾਲੇ 15 ਦਿਨਾਂ ਲਈ ਕਿਸਾਨ ਦੇਸ਼ ਹਿੱਤ ਵਿੱਚ ਬਿਲਕੁਲ ਸ਼ਾਂਤ ਹਨ ਤੇ ਜੇਕਰ ਇਨ੍ਹਾਂ ਦਿਨਾਂ ਵਿੱਚ ਵੀ ਕਿਸਾਨਾਂ ਨੂੰ ਦੇਣ ਵਾਲੇ ਇਨਸਾਫ਼ ਲਈ ਪੰਜਾਬ ਸਰਕਾਰ ਵੱਲੋਂ ਕੋਈ ਠੋਸ ਫ਼ੈਸਲਾ ਨਹੀਂ ਲਿਆ ਜਾਂਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਕਿਸਾਨਾਂ ਵੱਲੋਂ ਸਖ਼ਤ ਫ਼ੈਸਲੇ ਵੀ ਲਏ ਜਾ ਸਕਦੇ ਹਨ।ਇਸ ਮੌਕੇ ਪਿੰਡ ਡੱਲੇਵਾਲਾ ਵਿਖੇ ਕਿਸਾਨਾਂ ਦੇ ਚੱਲ ਰਹੇ ਮੋਰਚੇ ਵਿੱਚ ਡੱਲੇਵਾਲ ਤੋਂ ਇਲਾਵਾ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਬੋਹੜ ਸਿੰਘ ਰੁਪਈਆਂ ਵਾਲਾ, ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆਂ, ਜ਼ਿਲ੍ਹਾ ਖਜ਼ਾਨਚੀ ਗੁਰਾਂਦਿੱਤਾ ਸਿੰਘ ਬਾਜਾਖਾਨਾ, ਬਲਾਕ ਗੋਲੇਵਾਲਾ ਦੇ ਪ੍ਰਧਾਨ ਸੁਖਚਰਨ ਸਿੰਘ ਕਾਲਾ, ਨਾਇਬ ਸਿੰਘ ਸ਼ੇਰ ਸਿੰਘ ਵਾਲਾ ਪ੍ਰਧਾਨ ਬਲਾਕ ਸਾਦਿਕ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਆਗੂ ਤੇ ਕਿਸਾਨ ਔਰਤਾਂ ਹਾਜ਼ਰ ਸਨ।

**ਪੰਜਾਬ ਦੀ ਭਗਵੰਤ ਮਾਨ ਸਰਕਾਰ ਇਨ੍ਹਾਂ ਦਿਨਾਂ 'ਚ ਕੋਈ ਐਸਾ ਫੈਸਲਾ ਨਾ ਲਵੇ, ਜਿਸ ਨਾਲ ਲੋਕਾਂ ਨੂੰ ਮਜਬੂਰਨ ਸੜਕਾਂ 'ਤੇ ਆਉਣਾ ਪਵੇ : ਡੱਲੇਵਾਲ**

## ਵਿਧਾਇਕ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ਼ ਕੀਤੀ ਗਲਤ ਬਿਆਨਬਾਜ਼ੀ ਦੀ ਸਖਤ ਨਿੰਦਾ

**ਭਾਰਤ-ਪਾਕਿ ਦਰਮਿਆਨ ਜੰਗੀ ਮਾਹੌਲ ਦੌਰਾਨ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਲੋੜਵੰਦਾਂ ਨਾਲ ਡਟ ਕੇ ਖੜੇਗੀ : ਆਗੂ**

**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਅਸੋਸੀਏਸ਼ਨ ਪੰਜਾਬ ਰਜਿ 295 ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ, ਸਕੱਤਰ ਗੁਰਮੇਲ ਮਾਛੀਕੇ, ਕੈਸ਼ੀਅਰ ਰਾਕੇਸ਼ ਮਹਿਤਾ, ਸੀਨੀਅਰ ਵਾਇਸ ਪ੍ਰਧਾਨ ਸੀ ਆਰ ਸ਼ੰਕਰ, ਸੂਬਾ ਆਗੂ ਰਵਿੰਦਰ ਸ਼ਰਮਾ ਤੇ ਤਿਲਕ ਰਾਜ ਕੰਬੋਜ ਨੇ ਇੱਕ ਸਾਂਝਾ ਪ੍ਰੈੱਸ ਜਾਰੀ ਕਰਦਿਆਂ ਡੇਰਾ ਬੱਸੀ ਦੇ ਹਲਕਾ ਵਿਧਾਇਕ ਵੱਲੋਂ ਪਿੰਡਾਂ ਤੇ ਸ਼ਹਿਰੀ ਗਰੀਬ ਬਸਤੀਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਮੁੱਢਲੀਆਂ ਸਿਹਤ ਸੇਵਾਵਾਂ ਦੇ ਰਹੇ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ਼ ਕੀਤੀ ਗਲਤ ਬਿਆਨਬਾਜ਼ੀ ਦੀ ਸਖ਼ਤ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਜਥੇਬੰਦੀ ਨੇ ਪਿਛਲੇ ਲੰਮੇ ਸਮੇਂ ਤੋਂ ਸਰਮਾਏਦਾਰੀ ਸੋਚ ਦੇ ਧਾਰਨੀ ਲੋਕਾਂ ਵੱਲੋਂ ਕਿੱਤੇ ਨੂੰ ਉਜਾੜਨ ਦੀਆਂ ਗਿੱਦੜ ਚਾਲਾਂ ਦਾ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮੂੰਹ ਤੋੜ ਜਵਾਬ ਦਿੰਦੀ ਆਈ ਹੈ।ਭਵਿੱਖ 'ਚ ਵੀ ਮੈਡੀਕਲ ਪ੍ਰੈਕਟੀਸ਼ਨਰਾਂ ਖਿਲਾਫ਼ ਹਰ ਕਦਮ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ।ਇੱਕ ਪਾਸੇ ਲੋਕ ਪੱਖੀ ਸੋਚ ਰੱਖਣ ਵਾਲੇ ਵਿਧਾਇਕ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕਾਨੂੰਨੀ ਮਾਨਤਾ ਸਬੰਧੀ ਮੰਗ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆ ਚੁੱਕੇ ਹਨ।ਦੂਜੇ ਪਾਸੇ ਲੋਕ ਵਿਰੋਧੀ ਸੋਚ ਦਾ ਮਾਲਕ ਉਕਤ ਵਿਧਾਇਕ ਲੋਕਾਂ ਦੇ ਦੁੱਖਾਂ ਸੁੱਖਾਂ ਦੇ ਸਾਂਝੀ ਪ੍ਰੈਕਟੀਸ਼ਨਰਾਂ ਨੂੰ ਬੰਦ ਕਰਾਉਣ ਦੇ ਲੋਕ ਵਿਰੋਧੀ ਬਿਆਨ ਦਾਗ ਰਿਹਾ ਹੈ।ਭਾਰਤ ਪਾਕਿ ਜੰਗ ਸਬੰਧੀ ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕ ਜੰਗ ਨਹੀਂ ਚਾਹੁੰਦੇ ਅਮਨ ਸ਼ਾਂਤੀ ਚਾਹੁੰਦੇ ਹਨ, ਕਿਉਂਕਿ ਇਸ ਬੇਲੋੜੀ ਜੰਗ ਵਿੱਚ ਦੋਨਾਂ ਦੇਸ਼ਾਂ ਦਾ ਵੱਡਾ ਜਾਨੀ ਮਾਲੀ ਨੁਕਸਾਨ ਹੋਵੇਗਾ।ਜੰਗ ਵਿੱਚ ਬੇਗੁਨਾਹ ਗਰੀਬ ਲੋਕ ਭਾਵੇਂ ਉਹ ਪਾਕਿਸਤਾਨ ਦੇ ਹੋਣ ਜਾਂ ਭਾਰਤ ਦੇ ਹੋਣ ਉਨ੍ਹਾਂ ਦੀਆਂ ਕੀਮਤੀ ਜਾਨਾਂ ਭੇਂਗ ਦੇ ਭਾੜੇ ਜਾਣਗੀਆਂ।ਇਸ ਦਾ ਸੰਤਾਪ ਭਵਿੱਖੀ ਪੀੜ੍ਹੀਆਂ ਨੂੰ ਲੰਮੇ ਸਮੇਂ ਲਈ ਭੁਗਤਣਾ ਪਵੇਗਾ। ਉਨ੍ਹਾਂ ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਜੋ ਮਸਲੇ ਹਨ, ਉਨ੍ਹਾਂ ਨੂੰ ਜੰਗ ਦੀ ਬਜਾਇ ਗੱਲਬਾਤ ਰਾਹੀਂ ਸੁਲਝਾਇਆ ਜਾਵੇ।ਉਨ੍ਹਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਅਸੋਸੀਏਸ਼ਨ ਪੰਜਾਬ ਵੱਲੋਂ ਜੰਗ ਤੋਂ ਪੀੜਤ ਲੋਕਾਂ ਦੀ ਹਰ ਹਾਲਤ ਵਿੱਚ ਆਪਣੇ ਵਿੱਤ ਮੁਤਾਬਕ ਮੱਦਦ ਕੀਤੀ ਜਾਵੇਗੀ।ਉਨ੍ਹਾਂ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਤੇ ਲੋਕਾਂ ਨੂੰ ਸਰਕਾਰੀ ਹਦਾਇਤਾਂ ਤੋਂ ਜਾਣੂ ਕਰਾਉਣ।ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਅਫਵਾਹਾਂ ਤੋਂ ਵੀ ਸੁਚੇਤ ਰਹਿ ਕੇ ਆਪਸੀ ਭਾਈਚਾਰੇ ਤੇ ਮਿਲਵਰਤਣ ਨੂੰ ਕਾਇਮ ਰੱਖਦਿਆਂ ਲੋੜਵੰਦਾਂ ਦੀ ਮਦਦ ਲਈ ਪਿਰਤ ਅਨੁਸਾਰ ਅੱਗੇ ਆ ਕੇ ਸਾਵਧਾਨੀਆਂ ਦਾ ਖਿਆਲ ਰੱਖਣ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਮੌਕ ਡਰਿੱਲ ਕਰਵਾਈ

**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਆਪਾਤਕਾਲੀਨ ਸਥਿਤੀਆਂ ਸਮੇਂ ਸੁਰੱਖਿਆ ਲਈ ਐੱਨ ਸੀ ਸੀ ਕੈਡਿਟਾਂ ਦੀ ਮੌਕ ਡ੍ਰਿਲ ਕਰਵਾਈ ਗਈ। ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ 19 ਪੰਜਾਬ ਬਟਾਲੀਅਨ ਐੱਨ ਸੀ ਸੀ ਲੁਧਿਆਣਾ ਦੇ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਫ਼ੈਜ਼ਨ ਜ਼ਾਹੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਈ ਗਈ ਇਸ ਮੌਕ ਡ੍ਰਿਲ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ, ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ 60 ਕੈਡਿਟਾਂ ਨੇ ਭਾਗ ਲਿਆ।ਇਸ ਮੌਕੇ 19 ਪੰਜਾਬ ਬਟਾਲੀਅਨ ਤੋਂ ਨਾਇਬ ਸੂਬੇਦਾਰ ਗੁਰਚਰਨ ਸਿੰਘ ਤੇ ਸੀ ਐੱਚ ਐੱਮ ਗੁਰਵਿੰਦਰ ਸਿੰਘ ਨੇ ਕੈਡਿਟਾਂ ਨੂੰ ਬਿਪਤਾ ਸਮੇਂ ਖੁੱਲ੍ਹੇ ਮੈਦਾਨੀ ਇਲਾਕਿਆਂ ਤੇ ਰਿਹਾਇਸ਼ੀ ਇਮਾਰਤਾਂ ਵਿੱਚ ਸੁਰੱਖਿਅਤ ਰਹਿਣ ਦੇ ਢੰਗ ਸਿਖਾਏ।ਇਸ ਤੋਂ ਇਲਾਵਾ ਕੈਡਿਟਾਂ ਨੂੰ ਅੱਗ ਬੁਝਾਊ ਯੰਤਰ ਰਾਹੀਂ ਫਾਇਰ ਫਾਈਟਿੰਗ ਦੀ ਜਾਣਕਾਰੀ ਵੀ ਦਿੱਤੀ ਗਈ।ਇਸ ਮੌਕ ਡ੍ਰਿਲ ਨੂੰ ਸਫ਼ਲ ਬਣਾਉਣ ਵਿੱਚ ਏ ਐੱਨ ਓ ਲੈਫ਼ਟੀਨੈਂਟ ਸਨਦੀਪ ਸਿੰਘ ਹੁੰਦਲ, ਏ ਐੱਨ ਓ ਤਲਵਿੰਦਰ ਸਿੰਘ ਤੇ ਏ ਐੱਨ ਓ ਸਤਵੀਰ ਸਿੰਘ ਨੇ ਮੁੱਖ ਭੂਮਿਕਾ ਨਿਭਾਈ।ਇਸ ਮੌਕ ਡ੍ਰਿਲ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਐੱਨ ਸੀ ਸੀ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ।

## ਡਰੋਨ ਉਡਾਉਣ 'ਤੇ ਪਾਬੰਦੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਗੁਰਪ੍ਰੀਤ ਸਿੰਘ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ ਡਰੋਨ ਉਡਾਉਣ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਇਹ ਹੁਕਮ ਸੁਰੱਖਿਆ ਫੋਰਸਾਂ 'ਤੇ ਲਾਗੂ ਨਹੀਂ ਹੋਵੇਗਾ ਤੇ 31 ਮਈ 2025 ਤੱਕ ਲਾਗੂ ਰਹੇਗਾ।ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਸੈਨਾ ਵੱਲੋਂ ਇਹ ਧਿਆਨ 'ਚ ਲਿਆਂਦਾ ਗਿਆ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਛੋਟੇ ਡਰੋਨ ਉਡਾਏ ਜਾ ਰਹੇ ਹਨ, ਜਿਸ ਕਰਕੇ ਸੈਨਾ ਦਾ ਏਅਰ ਡਿਫੈਂਸ ਸਿਸਟਮ ਗਲਤ ਡਰੋਨਾ ਨੂੰ ਡੀਟੇਕਟ ਕਰਕੇ ਲੌਕ ਕਰ ਲੈਂਦਾ ਹੈ।

ਇਸ ਨਾਲ ਦੁਸ਼ਮਣ ਦਾ ਡਰੋਨ ਪਹਿਚਾਨਣ ਵਿੱਚ ਦਿੱਕਤ ਆ ਸਕਦੀ ਹੈ ਅਤੇ ਏਅਰ ਡਿਫੈਂਸ ਸਿਸਟਮ ਵੀ ਪ੍ਰਭਾਵਿਤ ਹੁੰਦਾ ਹੈ।ਇਸ ਨਾਲ ਆਮ ਜਨਤਾ ਦੀ ਜਾਨ-ਮਾਲ ਨੂੰ ਖਤਰਾ ਪੈਦਾ ਹੋ ਸਕਦਾ ਹੈ।

# ਜਹਾਜ਼ ਤੋਂ ਨਿਕਲੇ ਅੰਗਆਰਿਆਂ ਨਾਲ ਲੋਕਾਂ 'ਚ ਡਰ ਦਾ ਮਾਹੌਲ

**ਇਹ ਫੌਜ ਵੱਲੋਂ ਕੀਤਾ ਜਾਣ ਵਾਲਾ ਜੰਗੀ ਅਭਿਆਸ ਹੈ, ਡਰਨ ਦੀ ਲੋੜ ਨਹੀਂ : ਐੱਸ ਐੱਸ ਪੀ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼ੁੱਕਰਵਾਰ ਦੁਪਹਿਰ ਮੌਕੇ ਇਲਾਕੇ ਦੇ ਪਿੰਡਾਂ ਉਪਰੋਂ ਗੁਜ਼ਰ ਰਹੇ ਜਹਾਜ਼ ਵੱਲੋਂ ਛੱਡੇ ਗਏ ਅੰਗਆਰਿਆਂ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਤੇ ਕਿਸੇ ਵਿਅਕਤੀ ਵੱਲੋਂ ਇਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਈਰਲ ਕਰ ਦਿੱਤੀ ਗਈ। ਇਹ ਵੀਡੀਓ ਜਿਉਂ ਜਿਉਂ ਅੱਗੇ ਤੋਂ ਅੱਗੇ ਵਾਈਰਲ ਹੋਈ ਤਾਂ ਇਲਾਕੇ ਦੇ ਲੋਕਾਂ ਵਿੱਚ ਡਰ ਪੈਦਾ ਹੋਣ ਦੀਆਂ ਖ਼ਬਰਾਂ ਮਿਲੀਆਂ ਅਤੇ ਲੋਕ ਇੱਕ ਦੂਜੇ ਨੂੰ ਫੋਨ ਕਰਕੇ ਪੁੱਛਦੇ ਵੀ ਦੇਖੇ ਗਏ ਕਿ ਇਹ ਜਹਾਜ਼ ਕਿਧਰੇ ਗੁਆਂਢੀ ਦੇਸ਼ ਪਾਕਿਸਤਾਨ ਤੋਂ ਤਾਂ ਨਹੀਂ ਆਇਆ। ਇਹ ਅੰਗਆਰੇ ਛੱਡਣ ਵਾਲਾ ਜਹਾਜ਼ ਬੇਟ ਇਲਾਕੇ ਦੇ ਪਿੰਡ ਕਾਉਂਕੇ, ਅਕਾਲਗੜ੍ਹ, ਛੌੜੀਆਂ, ਬੁਰਜ ਪਵਾਤ ਤੋਂ ਗੁਜ਼ਰਦਾ ਦਿਖਾਈ ਦਿੱਤਾ। ਵੀਡੀਓ ਵਾਈਰਲ ਹੋਣ ਤੋਂ ਬਾਅਦ ਮਾਛੀਵਾੜਾ ਪੁਲਸ ਤੋਂ ਇਲਾਵਾ ਐੱਸ.ਐੱਸ.ਪੀ. ਖੰਨਾ ਡਾ. ਜੋਤੀ ਯਾਦਵ, ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਇਨ੍ਹਾਂ ਪਿੰਡਾਂ ਵਿੱਚ ਮੌਕੇ 'ਤੇ ਦੌਰਾ ਕੀਤਾ। ਜਹਾਜ਼ ਵੱਲੋਂ ਅੰਗਾਰੇ ਸੁੱਟਣ ਤੋਂ ਬਾਅਦ ਆਲੇ ਦੁਆਲੇ ਖੇਤਾਂ ਵਿੱਚ ਵੀ ਤਲਾਸ਼ ਕੀਤੀ ਗਈ ਕਿ ਕਿਤੇ ਕੋਈ ਮਿਜ਼ਾਇਲ ਜਾਂ ਬੰਬਨੁਮਾ ਵਸਤੂ ਤਾਂ ਨਹੀਂ ਗਿਰੀ, ਪਰ ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲਿਆ।

ਮੌਕੇ 'ਤੇ ਪੁੱਜੇ ਐੱਸ.ਐੱਸ.ਪੀ. ਖੰਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਪਿੰਡ ਕਾਉਂਕੇ ਨੇੜੇ ਅਸਮਾਨ ਵਿੱਚ ਘੁੰਮਦੇ ਜਹਾਜ਼ ਵੱਲੋਂ ਅੰਗਾਰੇ ਛੱਡੇ ਗਏ ਹਨ ਤਾਂ ਤੁਰੰਤ ਉਹ ਮੌਕੇ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਏਅਰ ਫੋਰਸ ਨਾਲ ਗੱਲਬਾਤ ਕੀਤੀ ਗਈ ਹੈ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਅਸਮਾਨ ਵਿੱਚ ਜੋ ਜਹਾਜ਼ ਵੱਲੋਂ ਅੰਗਾਰੇ ਛੱਡੇ ਗਏ ਹਨ, ਉਹ ਕੇਵਲ ਫੌਜੀ ਅਭਿਆਸ ਹੈ ਤੇ ਜਹਾਜ਼ ਵੱਲੋਂ ਅਜਿਹਾ ਕੁਝ ਨਹੀਂ ਸੁੱਟਿਆ ਗਿਆ, ਜਿਸ ਨਾਲ ਲੋਕਾਂ ਦਾ ਜਾਨੀ, ਮਾਲੀ ਨੁਕਸਾਨ ਹੋਵੇ। ਉਨ੍ਹਾਂ ਕਿਹਾ ਕਿ ਲੋਕ ਘਬਰਾਉਣ ਨਾ ਤੇ ਨਾ ਹੀ ਅਜਿਹੀਆਂ ਅਫ਼ਵਾਹਾਂ ਫੈਲਾਉਣ, ਜਿਸ ਨਾਲ ਆਮ ਜਨਤਾ ਵਿੱਚ ਸਹਿਮ ਦਾ ਮਾਹੌਲ ਫੈਲੇ। ਐੱਸ.ਐੱਸ.ਪੀ. ਨੇ ਕਿਹਾ ਕਿ ਜੰਗ ਦੇ ਮਾਹੌਲ ਦੌਰਾਨ ਕੋਈ ਵਿਅਕਤੀ ਅਜਿਹੀ ਵੀਡੀਓ ਵਾਈਰਲ ਨਾ ਕਰੇ, ਜਿਸ ਨਾਲ ਲੋਕਾਂ ਵਿੱਚ ਡਰ ਬੈਠੇ। ਇਸ ਮੌਕੇ ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ, ਸਹਾਇਕ ਥਾਣੇਦਾਰ ਕਰਨੈਲ ਸਿੰਘ ਮੌਜੂਦ ਸਨ।

## ਦੀ ਸੁਨਾਮ ਟਰੇਡਰਜ਼ ਐਸੋਸੀਏਸ਼ਨ ਵੱਲੋਂ ਪ੍ਰੈੱਸ ਕਾਨਫਰੰਸ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਦੀ ਸੁਨਾਮ ਹੋਲਸੇਲ ਟ੍ਰੇਡਰਜ਼ ਐਸੋਸੀਏਸ਼ਨ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਰਾਮ ਕੁਮਾਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਘਰੇਲੂ ਵਰਤੋਂ ਵਾਲੀਆਂ ਵਸਤਾਂ ਕਰਿਆਨਾ ਸਾਮਾਨ, ਜਿਵੇਂ ਕਿ ਖੰਡ, ਘਿਓ, ਗੁੜ, ਸ਼ਕਰ ਆਦਿ ਕਿਸੇ ਵੀ ਚੀਜ਼ ਦੀ ਕੋਈ ਕਮੀ ਨਹੀਂ ਹੈ ਨਾ ਹੀ ਕੋਈ ਰੇਟ ਵਧਿਆ ਹੈ, ਉਹ ਲੋੜ ਅਨੁਸਾਰ ਸਾਮਾਨ ਖ੍ਰੀਦਣ ਤੇ ਸਟੋਰ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।ਦੇਸ਼ ਉੱਪਰ ਆਏ ਇਸ ਸੰਕਟ ਸਮੇਂ ਵਪਾਰੀ ਵਰਗ ਦੇਸ਼ ਤੇ ਲੋਕਾਂ ਦੇ ਨਾਲ ਹੈ।ਉਨ੍ਹਾਂ ਵਪਾਰੀਆਂ ਨੂੰ ਵੀ ਬੇਨਤੀ ਕੀਤੀ ਕਿ ਕੋਈ ਵੀ ਘਰੇਲੂ ਸਾਮਾਨ ਨੂੰ ਜਾਇਜ਼ ਰੇਟ 'ਤੇ ਹੀ ਵੇਚਿਆ ਜਾਵੇ ਅਤੇ ਨਾ ਹੀ ਕੋਈ ਜਮ੍ਹਾਂਖ਼ੋਰੀ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਜੇ ਕੋਈ ਦੁਕਾਨਦਾਰ ਵੱਧ ਰੇਟ ਉੱਪਰ ਸਾਮਾਨ ਵੇਚਦਾ ਹੈ ਤਾਂ ਸਾਨੂੰ ਦੱਸਿਆ ਜਾਵੇ।

## ਤ੍ਰਿਤਿਆ ਸੋਪਾਨ ਟੈਸਟਿੰਗ ਕੈਂਪ 'ਚ ਸੰਤ ਕਬੀਰ ਸਕੂਲ ਦੇ 22 ਬੱਚਿਆਂ ਨੇ ਭਾਗ ਲਿਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਕਾਊਟ ਐਂਡ ਗਾਇਡ ਪੰਜਾਬ ਦੇ ਸਟੇਟ ਆਰਗੇਨਾਈਜ਼ਰ ਓਂਕਾਰ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਬਠਿੰਡਾ, ਜ਼ਿਲ੍ਹਾ ਆਰਗੇਨਾਈਜ਼ਰ ਕਮਿਸ਼ਨਰ ਬਠਿੰਡਾ ਅੰਮ੍ਰਿਤਪਾਲ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਠਿੰਡਾ ਦੇ ਗੁਰੂ ਨਾਨਕ ਸਕੂਲ ਵਿਖੇ ਚਾਰ ਰੋਜ਼ਾ ਤ੍ਰਿਤਿਆ ਸਪਾਨ ਟੈਸਟਿੰਗ ਕੈਂਪ ਲਗਾਇਆ ਗਿਆ। ਕੈਂਪ ਵਿੱਚ 16 ਸਕੂਲਾਂ ਦੇ ਕਰੀਬ 200 ਬੱਚਿਆਂ ਨੇ ਭਾਗ ਲਿਆ। ਇਸ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ 22 ਬੱਚਿਆਂ ਨੇ ਭਾਗ ਲਿਆ, ਜਿਨ੍ਹਾਂ 'ਚੋਂ 11 ਸਕਾਊਟ ਤੇ 11 ਗਾਈਡ ਸਨ। ਸੰਤ ਕਬੀਰ ਸਕੂਲ ਦੇ ਬੱਚਿਆਂ ਨੇ ਮੋਸਟ ਐਕਟਿਵ, ਮੋਸਟ ਡਿਸਪਲਿਨ ਤੇ ਬੇਸਟ ਫੂਡ ਦਾ ਐਵਾਰਡ ਪ੍ਰਾਪਤ ਕੀਤਾ। ਭਾਰਤ ਸਕਾਊਟ ਐਂਡ ਗਾਈਡ ਪੰਜਾਬ ਦੇ ਦਿੱਤੇ ਹੋਏ ਸਿਲੇਬਸ ਅਨੁਸਾਰ ਪਹਿਲੇ ਦਿਨ ਦੀਆਂ ਗਤੀਵਿਧੀਆਂ ਵਿੱਚ ਬੱਚਿਆਂ ਦੀ ਰਜਿਸਟ੍ਰੇਸ਼ਨ, ਸਕਾਊਟ ਕਲੈਪ, ਸਕਾਊਟ ਜ਼ੈਲ, ਸਕਾਊਟ ਲਾ, ਸਕਾਊਟ ਮੋਟੋ ਤੇ ਪੈਟਰੋਲ ਮੇਕਿੰਗ, ਦੂਜੇ ਦਿਨ ਦੀਆਂ ਗਤੀਵਿਧੀਆਂ ਵਿੱਚ ਬੀ ਪੀ ਸਿਕਸ, ਹਿਚੇਸ, ਨੌਟਸ ਤੇ ਵੁੱਡ ਕਰਾਫਟ ਸਾਈਨ, ਤੀਜੇ ਦਿਨ ਫਲੈਗ, ਲੈਸ਼ਿੰਗ ਤੇ ਮੁੱਢਲੀ ਸਹਾਇਤਾ ਤੇ ਚੌਥੇ ਦਿਨ ਗੈਜਟ ਮੇਕਿੰਗ ਅਤੇ ਸਨਮਾਨ ਸਮਾਰੋਹ ਆਦਿ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਨੇ ਬਹੁਤ ਕੁੱਝ ਸਿੱਖਣ ਦੇ ਨਾਲ-ਨਾਲ ਕੈਂਪ ਦਾ ਬਹੁਤ ਆਨੰਦ ਮਾਣਿਆ। ਸਕੂਲ ਦੇ ਐੱਮ ਡੀ ਪ੍ਰੋਫੈਸਰ ਐੱਮ ਐੱਲ ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਇਸ ਤਰ੍ਹਾਂ ਦੀ ਸਿੱਖਿਆ ਜ਼ਰੂਰੀ ਹੈ। ਇਸ ਸੰਸਥਾ ਨਾਲ ਜੁੜ ਕੇ ਹੀ ਬੱਚੇ ਅਨੁਸ਼ਾਸਨ ਵਿੱਚ ਰਹਿਣਾ ਸਿੱਖਦੇ ਹਨ।

## ਮੌਜੂਦਾ ਹਾਲਤਾਂ ਨੂੰ ਦੇਖਦੇ ਵੱਧ ਤੋਂ ਵੱਧ ਖ਼ੂਨਦਾਨ ਕਰੋ : ਹੈਰੀ ਢਿੱਲੋਂ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸ੍. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ (ਰਜਿ.) ਪੰਜਾਬ ਫ਼ਰੀਦਕੋਟ ਵੱਲੋਂ ਲਗਾਤਾਰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ (ਬਲੱਡ ਬੈਂਕ) ਫਰੀਦਕੋਟ ਵਿੱਚ ਭਾਰਤ-ਪਾਕਿਸਤਾਨ ਦੀ ਚੱਲ ਰਹੀ ਜੰਗ ਕਰਕੇ ਵੱਧ ਤੋਂ ਵੱਧ ਡੋਨਰਜ਼ ਸਾਡੀ ਸੋਸਾਇਟੀ ਵੱਲੋਂ ਭੇਜੇ ਜਾ ਰਹੇ ਹਨ, ਇਸ ਸਬੰਧੀ ਹੋਰ ਵੀ ਸੋਸਾਇਟੀਆਂ ਰਲ ਮਿਲ ਕੇ ਸਹਿਯੋਗ ਕਰ ਰਹੀਆਂ ਹਨ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਨੇ ਦੱਸਿਆ ਕਿ ਅੱਜ ਉਨ੍ਹਾਂ ਦੀ ਸੋਸਾਇਟੀ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਬਲੱਡ ਡੋਨੇਟ ਕੀਤਾ ਗਿਆ ਤੇ 10 ਹੋਰ ਸੁਸਾਇਟੀ ਮੈਂਬਰਜ਼ ਨੇ ਵੀ ਬਲੱਡ ਡੋਨੇਟ ਕੀਤਾ। ਕੇ. ਪੀ. ਸਿੰਘ ਸਰਾਂ ਨੇ ਦੱਸਿਆ ਕਿ ਕਿਸੇ ਐਮਰਜੈਂਸੀ ਵਿੱਚ ਬਲੱਡ ਪ੍ਰਤੀ ਸਾਡੀ ਸੁਸਾਇਟੀ ਦੇ ਨੰਬਰ 98786-52453 'ਤੇ ਸੰਪਰਕ ਕਰ ਸਕਦੇ ਹੋ।ਇਸ ਸਮੇਂ ਪ੍ਰਸ਼ਾਸਨ ਨੂੰ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਹਸਪਤਾਲਾਂ ਵਿੱਚ ਰਲ ਮਿਲ ਕੇ ਬਲੱਡ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਮੀਟਿੰਗ ਵਿੱਚ ਬਲੱਡ ਸੋਸਾਇਟੀਆਂ ਦੇ ਸਤਿਕਾਰ ਯੋਗ ਅਹੁਦੇਦਾਰ ਤੇ ਮੈਂਬਰ ਸ਼ਾਮਲ ਹੋਏ।

## ਬੱਧਨੀ ਕਲਾਂ ਦੀ ਪੁਲਸ ਦਾ ਵੱਡਾ ਉਪਰਾਲਾ




**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਪੁਲਸ ਥਾਣਾ ਬੱਧਨੀ ਦੇ ਮੁਖੀ ਗੁਰਮੇਲ ਸਿੰਘ, ਏ ਐੱਸ ਆਈ ਹਰਦੇਵ ਸਿੰਘ ਤੇ ਏ ਐੱਸ ਆਈ ਨਛੱਤਰ ਸਿੰਘ ਅਮਨਾ ਬੱਧਨੀ, ਐੱਮ ਸੀ ਗੁਰਮੀਤ ਸਿੰਘ (ਰਾਊਕੇ ਕਲਾਂ, ਜ਼ਿਲ੍ਹਾ ਮੋਗਾ, ਸਰਬੱਤ ਦਾ ਭਲਾ ਸਾਂਝਾ ਮੰਚ ਜਥੇਬੰਦੀ ਦੇ ਮਾਲਵਾ ਜ਼ੋਨ ਚੇਅਰਮੈਨ ਵਜੋਂ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਹੈ।ਇਨ੍ਹਾਂ ਮਿਲ ਕੇ ਇੱਕ ਨੌਜਵਾਨ, ਜੋ ਨਸ਼ਿਆਂ ਦੀ ਦਲਦਲ ਵਿੱਚ ਫਸਿਆ ਹੋਇਆ ਸੀ, ਨੂੰ ਬਚਾਉਣ ਲਈ ਸਫਲਤਾਪੂਰਵਕ ਕਦਮ ਚੁੱਕਿਆ।ਇਹ ਕਾਰਵਾਈ ਨਸ਼ਿਆਂ ਵਿਰੁੱਧ ਜਾਗਰੂਕਤਾ ਤੇ ਸਮਾਜਿਕ ਸੁਧਾਰ ਲਈ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਇਸ ਤਰ੍ਹਾਂ ਦੇ ਉਪਰਾਲੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਘਟਾਉਣ ਤੇ ਨੌਜਵਾਨਾਂ ਨੂੰ ਸਹੀ ਰਾਹ ਵੱਲ ਲਿਆਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

## ਨੰਬਰਦਾਰ ਯੂਨੀਅਨ ਸਮਰਾ ਨੇ ਨਾਇਬ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਨੰਬਰਦਾਰ ਯੂਨੀਅਨ (ਸਮਰਾ) ਦੀ ਤਹਿਸੀਲ ਪੱਧਰੀ ਮੀਟਿੰਗ ਪ੍ਰਧਾਨ ਕਲੱਟਰ ਸਿੰਘ ਪੰਡੋਰੀ ਦੀ ਅਗਵਾਈ ਹੇਠ ਹੋਈ।ਇਸ ਮੌਕੇ ਨੰਬਰਦਾਰਾਂ ਦੀਆਂ ਭਖਦੀਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਕਰਕੇ ਤੁਰੰਤ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਮੰਗ ਕੀਤੀ।ਮੀਟਿੰਗ ਉਪਰੰਤ ਜਥੇਬੰਦੀ ਦੇ ਆਗੂਆਂ ਦੀ ਅਗਵਾਈ ਹੇਠ ਵਫਦ ਨੇ ਨਾਇਬ ਤਹਿਸੀਲਦਾਰ ਪਵਨ ਕੁਮਾਰ ਨੂੰ ਮਾਣ ਭੱਤੇ ਸਮੇਤ ਹੋਰ ਮੁੱਦਿਆਂ ਸੰਬੰਧੀ ਮੰਗ ਪੱਤਰ ਸੌਂਪਿਆ।ਉਨ੍ਹਾਂ ਕਿਹਾ ਕਿ ਮੌਜੂਦਾ ਹਾਲਤਾਂ, ਖ਼ਾਸ ਕਰਕੇ ਭਾਰਤ-ਪਾਕਿਸਤਾਨ ਦੇ ਤਣਾਅ ਦੇ ਮੱਦੇਨਜ਼ਰ ਪਿੰਡ ਪੱਧਰ 'ਤੇ ਭਾਈਚਾਰਾ ਕਾਇਮ ਰੱਖਣ ਲਈ ਨੰਬਰਦਾਰ ਭਾਈਚਾਰੇ ਨੂੰ ਅੱਗੇ ਆਉਣ ਦੀ ਲੋੜ ਹੈ।ਇਸ ਮੌਕੇ ਆਗੂ ਬਲਬੀਰ ਸਿੰਘ ਮਹਿਲ ਖੁਰਦ, ਮਹਿੰਦਰ ਸਿੰਘ ਸਹੌਰ ਨੇ ਕਿਹਾ ਕਿ ਜਥੇਬੰਦੀ ਵੱਲੋਂ ਸੂਬਾ ਕਮੇਟੀ ਦੀ ਅਗਵਾਈ ਹੇਠ ਨੰਬਰਦਾਰ ਭਾਈਚਾਰੇ ਦੇ ਹੱਕਾਂ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ।ਆਗੂਆਂ ਨੇ ਮੰਗ ਕੀਤੀ ਕਿ ਨੰਬਰਦਾਰਾਂ ਦੀ ਜੱਦੀ ਪੁਸ਼ਤੀ ਦੀ ਲੰਬੇ ਸਮੇਂ ਤੋਂ ਲਟਕ ਰਹੀ ਮੰਗ ਤੁਰੰਤ ਪੂਰੀ ਕੀਤੀ ਜਾਵੇ, ਮਾਣ ਭੱਤਾ ਵਧਾ ਕੇ 5000 ਰੁਪਏ ਮਹੀਨਾ ਕੀਤਾ ਜਾਵੇ, ਨੰਬਰਦਾਰਾਂ ਲਈ ਬੱਸ ਯਾਤਰਾ ਮੁਫ਼ਤ ਕੀਤੀ ਜਾਵੇ, ਟੋਲ ਟੈਕਸ ਤੋਂ ਛੋਟ ਦਿੱਤੀ ਜਾਵੇ, ਸਰਕਾਰੀ ਕਮੇਟੀਆਂ ਵਿੱਚ ਨੰਬਰਦਾਰਾਂ ਨੂੰ ਯੋਗ ਮਾਣ ਤੇ ਸਨਮਾਨ ਦਿੱਤਾ ਜਾਵੇ।ਇਸ ਮੌਕੇ ਸੁਖਵਿੰਦਰ ਸਿੰਘ ਠੁੱਲੀਵਾਲ, ਜਸਵੰਤ ਸਿੰਘ ਕਲਾਲ ਮਾਜਰਾ, ਹਰਪ੍ਰੀਤ ਸਿੰਘ ਧਨੇਰ, ਮਲਕੀਤ ਸਿੰਘ ਢਿੱਲੋਂ, ਰਾਜਵਿੰਦਰ ਸਿੰਘ ਚੁਹਾਣਕੇ, ਚੰਦ ਸਿੰਘ, ਬਲਜਿੰਦਰ ਸਿੰਘ, ਰਾਮ ਸਿੰਘ ਪੰਡੋਰੀ, ਤਰਲੋਚਨ ਸਿੰਘ ਧਨੇਰ, ਦਵਿੰਦਰ ਸਿੰਘ ਵਜੀਦਕੇ ਆਦਿ ਹਾਜ਼ਰ ਸਨ।

## ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਵੱਲੋਂ ਸਰਕਾਰ ਵਿਰੁੱਧ ਗੇਟ ਰੈਲੀ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਮੰਡਲ ਧੂਰੀ ਦੀ ਮਹੀਨਾਵਾਰ ਮੀਟਿੰਗ ਤੇ ਗੇਟ ਰੈਲੀ ਕੀਤੀ ਗਈ, ਜਿਸ ਦੀ ਪ੍ਰਧਾਨਗੀ ਜਸਪਾਲ ਸਿੰਘ ਖੁਰਮੀ ਸੀਨੀ. ਮੀਤ ਪ੍ਰਧਾਨ ਨੇ ਕੀਤੀ। ਇਸ ਰੋਸ ਪ੍ਰਦਰਸ਼ਨ ਵਿੱਚ ਸਰਕਲ ਸੰਗਰੂਰ ਦੇ ਅਹੁਦੇਦਾਰ ਮੁਖਤਿਆਰ ਸਿੰਘ, ਭੂਪ ਸਿੰਘ, ਹਰਦੇਵ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ।ਇਸ ਮੀਟਿੰਗ ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਇੰਦਰਜੀਤ ਸਿੰਘ, ਅਮਰਜੀਤ ਸਿੰਘ ਅਮਨ, ਮੁਰਾਰੀ ਲਾਲ ਸਿੰਗਲਾ, ਸੰਤੋਖ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ ਚਾਂਗਲੀ, ਦਲਜੀਤ ਸਿੰਘ, ਜੋਗਿੰਦਰ ਸਿੰਘ ਹਰਚੰਦਪੁਰੀ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਜਾਰੀ ਕੀਤੇ ਪੇ ਕਮਿਸ਼ਨ ਦੇ ਏਰੀਅਰ ਦੀ ਕਿਸ਼ਤ ਨਾ ਪੈਣ ਕਾਰਨ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 5 ਮਈ ਤੋਂ 15 ਮਈ ਤੱਕ ਮੰਡਲ ਦਫਤਰਾਂ ਅੱਗੇ ਰੋਸ ਰੈਲੀਆਂ ਕਰਨ ਕਰਨ ਦਾ ਸੰਘਰਸ਼ੀ ਪ੍ਰੋਗਰਾਮ ਸੀ। ਉਸੇ ਕੜੀ ਤਹਿਤ ਮੰਡਲ ਧੂਰੀ ਵਿਖੇ ਰੋਸ ਰੈਲੀ ਕੀਤੀ ਗਈ।ਵਧੀਕ ਨਿਗਰਾਨ ਇੰਜੀਨੀਅਰ ਧੂਰੀ ਨੂੰ ਅਪੀਲ ਕੀਤੀ ਕਿ ਮੰਡਲ ਧੂਰੀ ਦੇ ਪੈਨਸ਼ਨਰਾਂ ਨੂੰ ਏਰੀਅਰ ਦੀਆਂ ਦੋ ਕਿਸ਼ਤਾਂ ਤੇ 01.01.2016 ਤੋਂ ਬਾਅਦ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ ਲੀਵ ਇਨਕੈਸ਼ਮੈਂਟ ਦੀ ਇੱਕ ਕਿਸ਼ਤ ਮਈ 2025 ਦੀ ਪੈਨਸ਼ਨ ਨਾਲ ਅਦਾਇਗੀ ਕੀਤੀ ਜਾਵੇ।ਸਬੰਧਤ ਪੈਨਸ਼ਨ ਕਲਰਕ ਨਾਲ ਹੋਰ ਵਾਧੂ ਸਟਾਫ ਦੀ ਡਿਊਟੀ ਨਿਸ਼ਚਿਤ ਕੀਤੀ ਜਾਵੇ ਤਾਂ ਜੋ ਪੈਨਸ਼ਨਰਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਹੋ ਸਕਣ।

# ਪਦਾਰਥਵਾਦੀ ਵਿਚਾਰਧਾਰਾ ਹੀ ਅਜੋਕੇ ਸਮੇਂ 'ਚ ਮੁਸ਼ਕਲਾਂ ਦੇ ਸਹੀ ਮੁਲਾਂਕਣ ਦੀ ਸੇਧ ਦਿੰਦੀ ਹੈ : ਕਾਮਰੇਡ ਜਗਰੂਪ

## ਪਦਾਰਥਵਾਦੀ ਵਿਚਾਰ ਮੰਚ ਵੱਲੋਂ ਕਾਮਰੇਡ ਸਤੀਸ਼ ਲੂੰਬਾ ਨੂੰ ਸਮਰਪਤ ਵਿਚਾਰ-ਗੋਸ਼ਟੀ




**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਪਦਾਰਥਵਾਦੀ ਵਿਚਾਰ ਮੰਚ ਵੱਲੋਂ ਲੜੀਵਾਰ ਮਹੀਨਾਵਾਰ ਗੋਸ਼ਟੀ ਉੱਘੇ ਕੌਮੀ ਟਰੇਡ ਯੂਨੀਅਨ ਆਗੂ ਮਰਹੂਮ ਕਾਮਰੇਡ ਸਤੀਸ਼ ਲੂੰਬਾ ਨੂੰ ਸਮਰਪਤ ਕਰਕੇ ਕੀਤੀ ਗਈ। ਇਸ ਵਿਚਾਰ ਗੋਸ਼ਟੀ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਕਾਮਰੇਡ ਇੰਦਰਬੀਰ ਗਿੱਲ ਨੇ ਕੀਤੀ। ਇਸ ਵਿਚਾਰ ਗੋਸ਼ਟੀ ਵਿੱਚ ਵੱਖ ਵੱਖ ਜਨਤਕ ਤੇ ਇਨਕਲਾਬੀ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁੰਨਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਆਗੂਆਂ ਨੇ ਕਾਮਰੇਡ ਸਤੀਸ਼ ਲੂੰਬਾ ਨੂੰ ਯਾਦ ਕਰਦਿਆਂ ਕਿਹਾ ਕਿ ਕਾਮਰੇਡ ਸਤੀਸ਼ ਲੂੰਬਾ ਨੇ ਆਪਣੇ ਪੂਰੇ ਜੀਵਨ ਵਿੱਚ ਮਜ਼ਦੂਰਾਂ, ਮੁਲਾਜ਼ਮਾਂ ਤੇ ਆਮ ਲੋਕਾਂ ਦੀਆਂ ਹੱਕਾਂ ਲਈ ਸੰਘਰਸ਼ ਕੀਤਾ। ਉਹ ਆਗੂਆਂ ਨੇ ਨੌਜਵਾਨਾਂ ਨੂੰ ਕਾਮਰੇਡ ਸਤੀਸ਼ ਲੂੰਬਾ ਦੇ ਜੀਵਨ ਫਲਸਫੇ ਤੋਂ ਅਗਵਾਈ ਲੈਣ ਦੀ ਅਪੀਲ ਕੀਤੀ। ਇਸ ਮੌਕੇ ਵਿਚਾਰ ਗੋਸ਼ਟੀ ਵਿੱਚ ਪ੍ਰਮੁੱਖ ਤੌਰ 'ਤੇ ਸੰਬੋਧਨ ਕਰਦਿਆਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਨੇ ਕਿਹਾ ਕਿ ਪਦਾਰਥਵਾਦੀ ਵਿਚਾਰਧਾਰਾ ਹੀ ਅਜੋਕੇ ਸਮੇਂ ਵਿੱਚ ਮੁਸ਼ਕਲਾਂ ਦੇ ਸਹੀ ਮੁਲਾਂਕਣ ਕਰਨ ਦੀ ਸੇਧ ਦਿੰਦੀ ਹੈ। ਸਾਨੂੰ ਸਮਾਜਿਕ ਮੁਸ਼ਕਲਾਂ ਦੇ ਪੱਕੇ ਹੱਲ ਲਈ ਮਾਰਕਸਵਾਦੀ ਪਦਾਰਥਵਾਦ ਤੋਂ ਅਗਵਾਈ ਲੈ ਕੇ ਸੰਘਰਸ਼ ਤੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਮੌਜੂਦਾ ਦੌਰ ਵਿੱਚ ਸਰਮਾਏਦਾਰੀ ਪ੍ਰਬੰਧ ਵੱਲੋਂ ਆਪਣੇ ਆਰਥਿਕ ਹਿੱਤਾਂ ਦੀ ਪੂਰਤੀ ਤੇ ਮੁਨਾਫ਼ੇ ਨੂੰ ਵੱਡਾ ਕਰਨ ਲਈ ਦੁਨੀਆ ਦੇ ਵੱਖ ਵੱਖ ਦੇਸ਼ਾਂ ਨੂੰ ਜੰਗਾਂ ਵਿੱਚ ਝੋਕਿਆ ਜਾ ਰਿਹਾ ਹੈ, ਜਿਸ ਦਾ ਸਬੂਤ ਭਾਰਤ ਪਾਕਿਸਤਾਨ ਵਿਚਾਲੇ ਵਧੇ ਤਣਾਅ ਤੋਂ ਮਿਲਦਾ ਹੈ। ਉਨ੍ਹਾਂ ਮਾਰਕਸਵਾਦੀ ਨੁਕਤਾ ਨਿਗਾਹ ਤੋਂ ਜ਼ਿਕਰ ਕਰਦਿਆਂ ਕਿਹਾ ਕਿ ਮੌਜੂਦਾ ਸਾਮਰਾਜੀ ਜੰਗਾਂ ਨੂੰ ਰੋਕਣ ਲਈ ਦੁਨੀਆ ਦੇ ਕਿਰਤੀਆਂ ਨੂੰ ਜਮਾਤੀ ਜੰਗਾਂ ਨੂੰ ਤੇਜ਼ ਕਰਨਾ ਚਾਹੀਦਾ ਹੈ। ਇਸ ਵਿਚਾਰ ਗੋਸ਼ਟੀ ਨੂੰ ਹੋਰਨਾਂ ਤੋਂ ਇਲਾਵਾ ਮੰਚ ਦੇ ਖਜ਼ਾਨਚੀ ਕਾਮਰੇਡ ਸਵਰਨ ਖੋਸਾ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਕੌਰ ਬੱਧਨੀ, ਸੂਬਾ ਸਕੱਤਰ ਚਰਨਜੀਤ ਛਾਂਗਾ ਰਾਇ, ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਸੂਬਾ ਸਕੱਤਰ ਸੁੱਖਵਿੰਦਰ ਮਲੋਟ, ਅਵਤਾਰ ਚੜਿੱਕ, ਜਸਪ੍ਰੀਤ ਬੱਧਨੀ, ਲਵਪ੍ਰੀਤ ਬੱਧਨੀ, ਬੋਹੜ ਬੁੱਟਰ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਗਦਾਈਆ, ਜਗਸੀਰ ਖੋਸਾ, ਗੁਰਜੀਤ ਕੌਰ ਸਰਦੂਲਗੜ੍ਹ, ਵਿਸ਼ਾਲ ਵਲਟੋਹਾ, ਸਵਰਾਜ ਢੁੱਡੀਕੇ ਮੌਜੂਦ ਸਨ।

# ਦੁਕਾਨਾਂ ਬੰਦ ਕਰਨ ਦਾ ਸਮਾਂ 7:30 ਵਜੇ ਨਿਰਧਾਰਤ ਹੋਇਆ : ਵਪਾਰ ਮੰਡਲ

## ਪ੍ਰਸ਼ਾਸਨ ਐਮਰਜੈਂਸੀ ਸਾਇਰਨ ਤੁਰੰਤ ਠੀਕ ਕਰਵਾਏ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਵਪਾਰ ਮੰਡਲ ਮੁਕਤਸਰ ਦੇ ਪ੍ਰਧਾਨ ਇੰਦਰਜੀਤ ਬਾਂਸਲ, ਚੇਅਰਮੈਨ ਅਸ਼ਵਨੀ ਗਿਰਧਰ, ਕਮੇਟੀ ਮੁਖੀ ਕਸ਼ਮੀਰ ਸਿੰਘ ਤੇ ਜਨਰਲ ਸਕੱਤਰ ਦੇਸ ਰਾਜ ਤਨੇਜਾ ਨੇ ਇੱਕ ਸਾਂਝੇ ਬਿਆਨ 'ਚ ਦੁਕਾਨਦਾਰਾਂ ਤੇ ਵਪਾਰਕ ਅਦਾਰਿਆਂ ਨੂੰ ਅਪੀਲ ਕੀਤੀ ਕਿ ਆਪਣੇ-ਆਪਣੇ ਵਪਾਰਕ ਅਦਾਰੇ ਸਰਕਾਰੀ ਆਦੇਸ਼ਾਂ ਅਨੁਸਾਰ ਸ਼ਨੀਵਾਰ ਤੋਂ ਸ਼ਾਮ 7:30 ਵਜੇ ਤੱਕ ਬੰਦ ਕਰ ਦੇਣ। ਇਨ੍ਹਾਂ ਆਦੇਸ਼ਾਂ ਨੂੰ ਨਾ ਮੰਨਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਇਲਾਕਾ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਸ਼ਹਿਰ 'ਚ ਰਾਸ਼ਨ ਸਮੱਗਰੀ ਦੀ ਕੋਈ ਕਮੀ ਨਹੀਂ ਹੈ। ਵਿਅਰਥ 'ਚ ਆਪਣੇ ਘਰਾਂ 'ਚ ਬੇਲੋੜਾ ਰਾਸ਼ਨ ਸਟੋਰ ਕਰਕੇ ਹਫੜਾ-ਦਫੜੀ ਨਾ ਪੈਦਾ ਕਰੋ। ਉਨ੍ਹਾਂ ਸਾਰੇ ਪ੍ਰਚੂਨ ਤੇ ਥੋਕ ਦੁਕਾਨਦਾਰਾਂ ਨੂੰ ਕਿਹਾ ਕਿ ਕੋਈ ਵੀ ਦੁਕਾਨਦਾਰ ਕਿਸੇ ਵੀ ਵਸਤੂ ਦੀ ਵੱਧ ਕੀਮਤ ਨਾ ਵਸੂਲੇ, ਜੇਕਰ ਉਹ ਅਜਿਹਾ ਕਰਦਾ ਹੈ ਤਾਂ ਵਪਾਰ ਮੰਡਲ ਉਸ ਦੇ ਨਾਲ ਖੜ੍ਹਾ ਨਹੀਂ ਹੋਵੇਗਾ। ਸ਼ਹਿਰ ਵਾਸੀ ਆਪਣੇ ਘਰਾਂ ਦੀਆਂ ਬਾਹਰਲੀਆਂ ਲਾਈਟਾਂ ਨਾ ਜਗਾਉਣ। ਘਰਾਂ ਦੇ ਬਾਹਰ ਲੱਗੇ ਕੈਮਰਿਆਂ ਦੀਆਂ ਲਾਈਟਾਂ ਬੰਦ ਰੱਖੋ। ਰਾਤ ਦੇ ਸਮੇਂ ਖਾਸ ਕਰ ਬਲੈਕਆਊਟ ਦੇ ਸਮੇਂ ਵਾਹਨ ਨਾ ਚਲਾਓ। ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਥਾਣਾ ਸਿਟੀ ਦੇ ਪਿੱਛੇ ਪੁਰਾਣੀ ਕਮੇਟੀ 'ਚ ਖਰਾਬ ਪਏ ਐਮਰਜੈਂਸੀ ਸਾਇਰਨ ਨੂੰ ਤੁਰੰਤ ਠੀਕ ਕਰਵਾਇਆ ਜਾਵੇ ਜਾਂ ਨਵਾਂ ਲਗਵਾਇਆ ਜਾਵੇ। ਬਲੈਕਆਊਟ ਤੇ ਖ਼ਤਰੇ ਦਾ ਵਟਸਐਪ 'ਤੇ ਪਾਏ ਮੈਸੇਜ ਦਾ ਜ਼ਿਆਦਾਤਰ ਲੋਕਾਂ ਨੂੰ ਪਤਾ ਹੀ ਨਹੀਂ ਚਲਦਾ।

# ਪੈਨਸ਼ਨਰ ਐਸੋਸੀਏਸ਼ਨ ਵੱਲੋਂ ਮੈਡੀਕਲ ਬਿੱਲਾਂ ਦੀ ਪ੍ਰਤੀਪੂਰਤੀ 'ਚ ਖੱਜਲ-ਖੁਆਰੀ ਤੇ ਲਮਕਾਊ ਨੀਤੀ ਬੰਦ ਕਰਨ ਦੀ ਮੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਪੰਜਾਬ ਜ਼ਿਲ੍ਹਾ ਇਕਾਈ ਮੋਗਾ ਦੇ ਸਬ ਡਵੀਜ਼ਨ ਮੋਗਾ 1 ਤੇ 2 ਦੀ ਮਹੀਨਾਵਾਰ ਮੀਟਿੰਗ ਸੁਖਦੇਵ ਸਿੰਘ ਰਾਊ ਕੇ ਦੀ ਪ੍ਰਧਾਨਗੀ ਹੇਠ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਸਕੱਤਰ ਸਰਬਜੀਤ ਸਿੰਘ ਦਾਉਧਰ ਨੇ ਬਾਖੂਬੀ ਨਿਭਾਈ। ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਮੀਟਿੰਗ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤੇ ਪਹਿਲੀ ਮਈ ਦੇ ਮਜ਼ਦੂਰ ਆਗੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰੇਮ ਕੁਮਾਰ ਤੇ ਆਤਮਾ ਸਿੰਘ ਚੜਿੱਕ ਨੇ ਜੰਗ ਨਹੀਂ ਅਮਨ ਤੇ ਸ਼ਹੀਦਾਂ ਦੀ ਯਾਦ ਵਿੱਚ ਇਨਕਲਾਬੀ ਗੀਤ ਪੇਸ਼ ਕੀਤੇ 1 ਪੀ ਐੱਨ ਬੀ ਬੈਂਕ ਦੇ ਚੀਫ਼ ਮੈਨੇਜਰ ਰਾਕੇਸ਼ ਭਾਟੀਆ ਦੀਆਂ ਪੈਨਸ਼ਨਰਾਂ ਪ੍ਰਤੀ ਦਿੱਤੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਤੇ ਮੋਗਾ ਵਿਖੇ ਆਉਣ 'ਤੇ ਸਨਮਾਨਤ ਕੀਤਾ ਗਿਆ। ਮੀਟਿੰਗ ਵਿੱਚ ਸਮੂਹ ਬੁਲਾਰਿਆਂ ਨੇ ਪੈਨਸ਼ਨਰਾਂ ਦੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਵਿੱਚ ਹੋ ਰਹੀ ਦੇਰੀ ਤੇ ਖੱਜਲ ਖੁਆਰੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਤੇ 20 ਮਈ ਤੋਂ ਬਾਅਦ ਇਸ ਸਬੰਧੀ ਸਿਵਲ ਸਰਜਨ ਮੋਗਾ ਨੂੰ ਮਿਲ ਕੇ ਸਮੱਸਿਆਵਾਂ ਦੇ ਹੱਲ ਲਈ ਵਿਚਾਰ ਵਟਾਂਦਰਾ ਕਰਨ ਦਾ ਫੈਸਲਾ ਕੀਤਾ। ਬੁਲਾਰਿਆਂ ਸੁਖਮੰਦਰ ਸਿੰਘ ਜ਼ਿਲ੍ਹਾ ਪ੍ਰਧਾਨ, ਸੁਖਮੰਦਰ ਸਿੰਘ ਗੱਜਣ ਵਾਲਾ, ਸੁਰਿੰਦਰ ਸਿੰਘ ਮੋਗਾ, ਚਮਕੌਰ ਸਿੰਘ ਸਰਾਂ, ਜਗਜੀਤ ਸਿੰਘ ਰੱਖਰਾ, ਬਿੱਕਰ ਸਿੰਘ ਮਾਛੀਕੇ, ਜਸਵੰਤ ਸਿੰਘ ਬਾਘਾ ਪੁਰਾਣਾ, ਕੇਹਰ ਸਿੰਘ ਕਿਸ਼ਨਪੁਰਾ, ਨਾਇਬ ਸਿੰਘ ਹੈਲਥ ਵਿਭਾਗ, ਬਲਵੀਰ ਸਿੰਘ ਮੋਗਾ ਤੇ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਮੰਗ ਕੀਤੀ ਕਿ ਇਸ ਦੁਨੀਆ ਤੋਂ ਚਲੇ ਗਏ ਪੈਨਸ਼ਨਰਾਂ ਦੇ ਬਕਾਏ ਉਨ੍ਹਾਂ ਦੇ ਵਾਰਸਾਂ ਨੂੰ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਯੱਕਮੁਸ਼ਤ ਦਿੱਤੇ ਜਾਣ, ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਮੁਲਾਜ਼ਮ ਮਜ਼ਦੂਰ ਕਿਸਾਨ ਤੇ ਹੋਰ ਕਿਰਤੀ ਲੋਕਾਂ ਖ਼ਿਲਾਫ਼ ਲਾਗੂ ਕਰਨ ਜਾ ਰਹੇ ਕਾਨੂੰਨਾਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ 20 ਮਈ ਦੀ ਸਮੁੱਚੇ ਭਾਰਤ ਵਿੱਚ ਹੋ ਰਹੀ ਟਰੇਡ ਯੂਨੀਅਨਾਂ ਦੀ ਹੜਤਾਲ ਤੇ ਮੁਜ਼ਾਹਰਿਆਂ ਵਿੱਚ ਪੂਰੀ ਸ਼ਿੱਦਤ ਨਾਲ ਹਿੱਸਾ ਲੈਣ ਦਾ ਫੈਸਲਾ ਕੀਤਾ। ਬੁਲਾਰਿਆਂ ਨੇ ਛੇਵੇਂ ਪੇ ਕਮਿਸ਼ਨ ਦੇ ਬਕਾਏ ਦੇ ਭੁਗਤਾਨ ਲਈ ਨੋਟੀਫਿਕੇਸ਼ਨ ਦੀ ਰੌਸ਼ਨੀ ਵਿੱਚ ਜ਼ਿਲ੍ਹੇ ਦੇ ਸਮੁੱਚੇ ਡੀ.ਡੀ.ਓਜ਼ ਤੇ ਬੈਂਕ ਅਧਿਕਾਰੀਆਂ ਖਜ਼ਾਨਾ ਦਫ਼ਤਰ ਨੂੰ ਅਪੀਲ ਕੀਤੀ ਕਿ ਲੀਵ ਇਨ ਕੈਸ਼ਮੈਂਟ ਤੇ ਪੇਕਮਿਸ਼ਨ ਦੇ ਬਕਾਏ ਦੀਆਂ ਬਣਦੀਆਂ ਕਿਸ਼ਤਾਂ ਨੂੰ ਸਮੇਂ ਸਿਰ ਅਦਾ ਕੀਤਾ ਜਾਵੇ ਤਾਂ ਕਿ ਪੈਨਸ਼ਨਰ ਜਥੇਬੰਦੀ ਨੂੰ ਕਿਸੇ ਬੈਂਕ, ਡੀ.ਡੀ.ਓ. ਤੇ ਦਫ਼ਤਰ ਖ਼ਿਲਾਫ਼ ਕੋਈ ਜਥੇਬੰਦਕ ਐਕਸ਼ਨ ਨਾ ਉਲੀਕਣਾ ਪਵੇ। ਮੀਟਿੰਗ ਵਿੱਚ ਪਿਛਲੇ ਸਮੇਂ ਵਿੱਛੜ ਗਏ ਪੈਨਸ਼ਨਰ ਆਗੂ ਟਹਿਲ ਸਿੰਘ ਕਿਸ਼ਨਪੁਰਾ, ਪਰਮਜੀਤ ਕੌਰ ਘੋਲੀਆ, ਗਿਆਨੀ ਅਜੀਤ ਸਿੰਘ, ਅਰਜਨ ਸਿੰਘ ਤਖ਼ਤੂਪੁਰਾ ਤੇ ਇੱਕ ਹਾਦਸੇ ਦੌਰਾਨ ਮਾਰੇ ਗਏ ਸਕੂਲੀ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਵੱਖ ਵੱਖ ਸਬ ਡਵੀਜ਼ਨ ਆਗੂ ਅਮਰਜੀਤ ਮਾਣੂਕੇ, ਜਸਪਾਲ ਸਿੰਘ, ਬਲੌਰ ਸਿੰਘ, ਅਮਰ ਸਿੰਘ ਰਣੀਆਂ, ਜਗਦੀਪ ਸਿੰਘ ਮੋਗਾ, ਬਲੌਰ ਸਿੰਘ, ਮਨਜੀਤ ਸਿੰਘ ਧਰਮਕੋਟ, ਤੇਜਾ ਸਿੰਘ ਘੱਲ ਕਲਾਂ, ਬਚਿੱਤਰ ਸਿੰਘ ਮਟਵਾਣੀ, ਬਲਦੇਵ ਸਿੰਘ ਮੋਗਾ, ਜੀਵਨ ਸਿੰਘ, ਸਮਸ਼ੇਰ ਸਿੰਘ ਮੋਗਾ, ਤੇਜਿੰਦਰ ਸਿੰਘ, ਮੰਗਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਰਗਰਮ ਵਰਕਰ ਸ਼ਾਮਲ ਹੋਏ।

# ਕੇਂਦਰੀ ਜੇਲ੍ਹ 'ਚੋਂ 6 ਮੋਬਾਈਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 6 ਮੋਬਾਈਲ ਫੋਨ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 6 ਹਵਾਲਾਤੀਆਂ ਖ਼ਿਲਾਫ਼ 52-ਏ ਪਰੀਜ਼ਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਇੱਕ ਪੱਤਰ ਨੰਬਰ ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਤਲਾਸ਼ੀ ਦੌਰਾਨ ਨਾਮਜ਼ਦ ਵਿਅਕਤੀਆਂ ਹਵਾਲਾਤੀ ਸਾਗਰ ਪੁੱਤਰ ਅਸ਼ਵਨੀ ਵਾਸੀ ਬੱਠਾ ਬਸਤੀ ਗੁਰੂ ਕਰਮ ਸਿੰਘ ਵਾਲੀ ਥਾਣਾ ਗੁਰੂ ਹਰਸਹਾਏ, ਸੁਖਪ੍ਰੀਤ ਸਿੰਘ ਪੁੱਤਰ ਸਰਨੈਲ ਸਿੰਘ ਵਾਸੀ ਹੁਸੈਨਾ ਹਾਜੀ ਥਾਣਾ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ, ਰਾਜ ਸਿੰਘ ਪੁੱਤਰ ਮੰਗਤ ਸਿੰਘ ਵਾਸੀ ਦੋਨਾ ਮੱਤੜ, ਲਖਵਿੰਦਰ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਮੋਠਾਂ ਵਾਲੇ ਰੋਡ ਗੁਰੂ ਹਰਸਹਾਏ, ਪੋਲਿਸ ਪੁੱਤਰ ਮਹਿੰਦਰ ਪੌਲ ਵਾਸੀ ਝੋਕ ਟੇਕ ਨੇੜੇ ਤੇ ਗੁਰਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਨੌਰੰਗ ਕੇ ਸਿਆਲ ਕੋਲੋਂ 6 ਮੋਬਾਇਲ ਫੋਨ ਬਰਾਮਦ ਹੋਏ ਹਨ।

ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਾਤਰਾਂ

### ਲੜਕੀ ਦੀ ਆਈ ਡੀ ਬਣਾ ਕੇ ਵਾਇਰਲ ਕਰਨ ਦੇ ਦੋਸ਼ 'ਚ ਨੌਜਵਾਨ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੜਕੀ ਦੀ ਆਈ ਡੀ ਬਣਾ ਕੇ ਵਾਇਰਲ ਕਰਨ ਅਤੇ 40 ਲੱਖ ਰੁਪਏ ਦੀ ਮੰਗ ਕਰਨ ਦੇ ਦੋਸ਼ ਵਿੱਚ ਥਾਣਾ ਸਾਈਬਰ ਕ੍ਰਾਈਮ ਨੇ ਇੱਕ ਨੌਜਵਾਨ ਖਿਲਾਫ 79, 308 (2) ਬੀਐੱਨਐੱਸ 2023 ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਲੜਕੀ ਦੀ ਮਾਂ ਨੇ ਦੱਸਿਆ ਕਿ ਰਾਜਬੀਰ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਗਾਮੇ ਵਾਲਾ ਤਹਿਸੀਲ ਮਮਦੋਟ ਨੇ ਉਸ ਦੀ ਲੜਕੀ ਦੀ ਆਈ ਡੀ ਬਣਾ ਕੇ ਵਾਇਰਲ ਕਰਨ ਅਤੇ 40 ਲੱਖ ਰੁਪਏ ਦੀ ਮੰਗ ਕੀਤੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰੇਸ਼ਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਟਿੱਪਰ ਤੇ ਇਨੋਵਾ ਹਾਦਸੇ 'ਚ ਜ਼ਖ਼ਮੀ 6ਵੇਂ ਬੱਚੇ ਦੀ ਵੀ ਹੋਈ ਮੌਤ



**ਪਟਿਆਲਾ/ਸਮਾਣਾ (ਥਿੰਦ/ਬੱਲ)**-ਟਿੱਪਰ ਤੇ ਸਕੂਲੀ ਬੱਚਿਆਂ ਦੀ ਕਾਰ ਹਾਦਸੇ 'ਚ ਜ਼ਖ਼ਮੀ ਹੋਏ 6ਵੇਂ ਬੱਚੇ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਹਾਦਸੇ 'ਚ ਜ਼ਖ਼ਮੀ ਹੋਇਆ ਬੱਚਾ ਅੰਸ਼ੂਮਾਨ ਬਾਂਸਲ ਪੁੱਤਰ ਮੋਹਿਤ ਬਾਂਸਲ ਬੀਤੀ ਰਾਤ ਜ਼ੇਰੇ ਇਲਾਜ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਹੋਇਆਂ ਜ਼ਿੰਦਗੀ ਮੌਤ ਦੀ ਲੜਾਈ ਹਾਰ ਗਿਆ। ਲੰਘੇ ਬੁੱਧਵਾਰ ਨੂੰ ਸਮਾਣਾ ਪਟਿਆਲਾ ਰੋਡ 'ਤੇ ਬੰਦ ਪਏ ਟੋਲ ਪਲਾਜ਼ੇ ਨਜ਼ਦੀਕ ਵਾਪਰੇ ਇੱਕ ਸਕੂਲ ਦੀ ਇਨੋਵਾ ਕਾਰ ਤੇ ਟਿੱਪਰ ਦੇ ਆਪਸੀ ਭਿਆਨਕ ਸੜਕ ਹਾਦਸੇ ਵਿੱਚ ਸਕੂਲ ਦੇ ਪੰਜ ਬੱਚਿਆਂ ਤੇ ਕਾਰ ਚਾਲਕ ਦੀ ਮੌਕੇ 'ਤੇ ਹੀ ਦਰਨਾਕ ਮੌਤ ਹੋ ਗਈ ਸੀ।

### ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਗੁਰਮਤਿ ਸਮਾਗਮ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ 11 ਮਈ ਨੂੰ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਪਲਵਿੰਦਰ ਸਿੰਘ ਬੰਗੇ ਵਾਲੇ ਕਥਾ ਪ੍ਰਵਾਹ ਕਰਨਗੇ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾ ਦਿੱਤੇ ਗਏ ਹਨ ਤੇ 11 ਮਈ ਨੂੰ ਸਵੇਰੇ 9 ਵਜੇ ਭੋਗ ਪਾਏ ਜਾਣਗੇ। ਇਸ ਉਪਰੰਤ ਪ੍ਰਕਾਸ਼ ਪੁਰਬ ਨੂੰ ਸਮਰਪਤ ਪਿਛਲੇ ਕਈ ਦਿਨਾਂ ਤੋਂ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਚਲਾਈ ਜਾ ਰਹੀ ਸੁਖਮਨੀ ਸਾਹਿਬ ਪਾਠਾਂ ਦੀ ਲੜੀ ਦੇ ਭੋਗ ਵੀ ਪਾਏ ਜਾਣਗੇ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਤੋਂ ਬਾਅਦ ਗੁਰਮਤਿ ਸਮਾਗਮ ਕਰਵਾਏ ਜਾਣਗੇ, ਜਿਸ ਵਿੱਚ ਪਹਿਲਾਂ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਭਾਈ ਸੁਖਵੀਰ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਰਸਭਿੰਨਾ ਕੀਰਤਨ ਕਰਨਗੇ, ਉਪਰੰਤ ਪ੍ਰਸਿੱਧ ਵਿਦਵਾਨ ਪਲਵਿੰਦਰ ਸਿੰਘ ਬੰਗੇ ਵਾਲੇ ਕਥਾ ਪ੍ਰਵਾਹ ਚਲਾਉਣਗੇ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

# ਅੱਜ ਬਿਜਲੀ ਬੰਦ ਰਹੇਗੀ

**ਚੀਮਾ ਮੰਡੀ (ਰਵਿੰਦਰ ਚੀਮਾ)**-ਐੱਸ.ਡੀ.ਓ. ਚੀਮਾ ਇੰਜੀ: ਨਰੇਸ਼ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 220 ਕੇਵੀ ਸੁਨਾਮ ਤੋਂ 66 ਕੇਵੀ ਗਰਿੱਡ ਚੀਮਾ ਦੀਆਂ ਲਾਈਨਾਂ ਤੇ 66 ਕੇਵੀ ਸਬ ਸਟੇਸ਼ਨ ਚੀਮਾ ਦੀ ਜ਼ਰੂਰੀ ਮੁਰੰਮਤ ਕਰਨ ਲਈ 66 ਕੇਵੀ ਗਰਿੱਡ ਚੀਮਾ, 66 ਕੇਵੀ ਮਾਡਲ ਟਾਊਨ, 66 ਕੇਵੀ ਗਰਿੱਡ ਕਣਕਵਾਲ ਭੰਗੂਆਂ ਤੇ 66 ਕੇਵੀ ਗਰਿੱਡ ਸਤੌਜ ਤੋਂ ਚਲਦੀ ਸਾਰੀ 24 ਘੰਟੇ (ਘਰੇਲੂ/ਸ਼ਹਿਰੀ) ਅਤੇ ਖੇਤੀਬਾੜੀ ਸਪਲਾਈ 11 ਮਈ ਸਵੇਰੇ 10:00 ਵਜੇ ਤੋਂ ਸ਼ਾਮ 05:00 ਵਜੇ ਤੱਕ ਪ੍ਰਭਾਵਿਤ ਰਹੇਗੀ।

# ਜ਼ਿਲ੍ਹੇ 'ਚ ਵਿਆਹਾਂ ਤੇ ਹੋਰਨਾਂ ਸਮਾਗਮਾਂ ਦੌਰਾਨ ਪਟਾਕੇ ਚਲਾਉਣ ਤੇ ਖ੍ਰੀਦਣ 'ਤੇ ਪਾਬੰਦੀ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੇ ਨਿਯਮ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਵਿਆਹ ਸ਼ਾਦੀਆਂ ਤੇ ਕਿਸੇ ਵੀ ਤਰ੍ਹਾਂ ਦੇ ਸਮਾਗਮਾਂ ਆਦਿ ਦੌਰਾਨ ਪਟਾਕਿਆਂ ਦੀ ਵਰਤੋਂ, ਖਰੀਦ ਫਰੋਖਤ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 10 ਮਈ ਤੋਂ 9 ਜੁਲਾਈ 2025 ਤੱਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ 22 ਅਪ੍ਰੈਲ 2025 ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਉਪਰੰਤ ਦੇਸ਼ ਦੀ ਸਰਹੱਦ 'ਤੇ ਮੌਜੂਦਾ ਸਮੇਂ ਚੱਲ ਰਹੇ ਹਾਲਾਤਾਂ ਦੌਰਾਨ ਅਜਿਹੇ ਪਟਾਕਿਆਂ ਦੀ ਵਰਤੋਂ ਨਾਲ ਆਮ ਜਨਤਾ ਵਿੱਚ ਡਰ ਦਾ ਮਾਹੌਲ ਪੈਦਾ ਹੁੰਦਾ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਅਫਵਾਹਾਂ ਫੈਲਦੀਆਂ ਹਨ, ਉਥੇ ਅਜਿਹੇ ਮਾਹੌਲ ਨਾਲ ਅਮਨ-ਕਾਨੂੰਨ ਦੀ ਸਥਿਤੀ ਨੂੰ ਵੀ ਖਤਰਾ ਪੈਦਾ ਹੋ ਸਕਦਾ ਹੈ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਉਪਰੋਕਤ ਦਰਜ ਹਾਲਾਤਾਂ ਦੇ ਮੱਦੇਨਜ਼ਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਵਿਆਹ ਸ਼ਾਦੀਆਂ, ਹਰ ਤਰ੍ਹਾਂ ਦੇ ਸਮਾਗਮਾਂ ਦੌਰਾਨ ਹਰ ਕਿਸਮ ਦੇ ਪਟਾਕਿਆਂ ਦੀ ਵਰਤੋਂ, ਖਰੀਦ ਫਰੋਖਤ 'ਤੇ ਪੂਰਨ ਪਾਬੰਦੀ ਲਗਾਈ ਜਾਵੇ।

# ਔਖੀ ਘੜੀ 'ਚ ਮਾਨ ਸਰਕਾਰ ਲੋਕਾਂ ਦੇ ਨਾਲ ਖੜ੍ਹੀ : ਖੁੱਡੀਆਂ ਤੇ ਮੁੰਡੀਆਂ

## ਪਾਕਿਸਤਾਨੀ ਡਰੋਨ ਹਮਲੇ ਨਾਲ ਜ਼ਖਮੀ ਹੋਏ ਲੋਕਾਂ ਦਾ ਜਾਣਿਆ ਹਾਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਰਤ-ਪਾਕਿਸਤਾਨ ਸਰਹੱਦ 'ਤੇ ਬਣੀ ਸੰਵੇਦਨਸ਼ੀਲ ਸਥਿਤੀ ਮੌਕੇ ਸਰਹੱਦੀ ਜ਼ਿਲ੍ਹਿਆਂ ਦੇ ਲੋਕਾਂ ਨਾਲ ਖੜ੍ਹਨ ਦੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਤਹਿਤ ਦੋ ਕੈਬਨਿਟ ਮੰਤਰੀਆਂ ਗੁਰਮੀਤ ਸਿੰਘ ਖੁੱਡੀਆਂ ਤੇ ਹਰਦੀਪ ਸਿੰਘ ਮੁੰਡੀਆਂ ਨੇ ਜ਼ਿਲ੍ਹਾ ਫਿਰੋਜ਼ਪੁਰ ਦਾ ਦੌਰਾ ਕਰਕੇ ਸਰਹੱਦੀ ਖੇਤਰਾਂ ਵਿੱਚ ਹਾਲਤਾਂ ਦਾ ਜਾਇਜ਼ਾ ਲਿਆ। ਕੈਬਨਿਟ ਮੰਤਰੀਆਂ ਵੱਲੋਂ ਕੱਲ੍ਹ ਰਾਤ ਪਾਕਿਸਤਾਨ ਵੱਲੋਂ ਕੀਤੇ ਡਰੋਨ ਹਮਲਿਆਂ ਦੌਰਾਨ ਪਿੰਡ ਖਾਈ ਫ਼ੇਮੇ ਕੀ ਦੇ ਜ਼ਖ਼ਮੀ ਹੋਏ ਲੋਕਾਂ ਨਾਲ ਸਥਾਨਕ ਹਸਪਤਾਲ ਵਿਖੇ ਪਹੁੰਚ ਕੇ ਗੱਲਬਾਤ ਕੀਤੀ ਗਈ ਤੇ ਹਾਲ-ਚਾਲ ਪੁੱਛਿਆ ਗਿਆ। ਉਨ੍ਹਾਂ ਜ਼ਖ਼ਮੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰ ਤੇ ਪ੍ਰਸ਼ਾਸਨ ਪਾਸੋਂ ਪੂਰੀ ਸਹਾਇਤਾ ਦਾ ਭਰੋਸਾ ਦਿੱਤਾ ਤੇ ਉਨ੍ਹਾਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ। ਇਸ ਦੌਰਾਨ ਕੈਬਨਿਟ ਮੰਤਰੀਆਂ ਨੇ ਹਸਪਤਾਲ ਦੇ ਡਾਕਟਰਾਂ, ਸਿਹਤ ਅਧਿਕਾਰੀਆਂ ਤੇ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਉਪਲਬੱਧ ਦਵਾਈਆਂ, ਡਾਕਟਰਾਂ ਤੇ ਹੋਰ ਜ਼ਰੂਰੀ ਸਹੂਲਤਾਂ ਦਾ ਅਗਾਊ ਪ੍ਰਬੰਧ ਤੇ ਸਟਾਕ ਰੱਖਣ ਲਈ ਕਿਹਾ ਤਾਂ ਜੋ ਕਿਸੇ ਵੀ ਕਿਸਮ ਦੀ ਹੰਗਾਮੀ ਸਥਿਤੀ ਜਾਂ ਐਮਰਜੈਂਸੀ ਦੌਰਾਨ ਦਿੱਕਤ ਨਾ ਆਵੇ। ਕੈਬਨਿਟ ਮੰਤਰੀਆਂ ਨੇ ਫ਼ਿਰੋਜ਼ਪੁਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਜਾਰੀ ਕੀਤੇ ਜਾਂਦੇ ਨਿਰਦੇਸ਼ਾਂ ਦੀ ਪਾਲਣਾ ਨੂੰ ਹਰ ਹਾਲ ਵਿੱਚ ਯਕੀਨੀ ਬਣਾਉਣ ਤਾਂ ਜੋ ਉਹ ਸੁਰੱਖਿਅਤ ਰਹਿ ਸਕਣ। ਉਨ੍ਹਾਂ ਕਿਹਾ ਕਿ ਦੇਸ਼ ਤੇ ਦੇਸ਼ ਵਾਸੀਆਂ ਦੀ ਸੁਰੱਖਿਆ ਸਾਡੀ ਪਹਿਲ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜਾਰੀ ਬਲੈਕਆਊਟ ਦੀ ਪੂਰੀ ਸਖ਼ਤੀ ਨਾਲ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਕੈਬਨਿਟ ਮੰਤਰੀਆਂ ਨੇ ਕਿਹਾ ਕਿ ਪੰਜਾਬ ਸੂਬਾ ਆਪਣੇ ਦੇਸ਼ ਤੇ ਦੇਸ਼ ਦੀ ਸੈਨਾ ਦੇ ਨਾਲ ਮੋਢੇ ਨਾਲ ਮੋਢੇ ਜੋੜ ਕੇ ਖੜ੍ਹਾ ਹੈ। ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਨਾਜ਼ੁਕ ਸਥਿਤੀ ਵਿੱਚ ਜ਼ਿਲ੍ਹਾ ਵਾਸੀਆਂ ਦੀ ਸੁਰੱਖਿਆ ਲਈ ਵਚਨਬੱਧ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਵੀ ਸਥਿਤੀ ਉਤੇ ਪੂਰੀ ਨਜ਼ਰ ਰੱਖ ਰਹੇ ਹਨ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ। ਇਸ ਮੌਕੇ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਗੁਰੂ ਹਰਸਹਾਏ ਫੌਜਾ ਸਿੰਘ ਸਰਾਰੀ ਤੇ ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਐੱਸ.ਐੱਸ.ਪੀ. ਭੁਪਿੰਦਰ ਸਿੰਘ ਸਿੱਧੂ, ਐੱਸਡੀਐੱਮ ਜ਼ੀਰਾ ਗੁਰਮੀਤ ਸਿੰਘ ਸਮੇਤ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸੰਗਰੂਰ 'ਚ ਅਮਨ ਲਈ ਮਾਰਚ




**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ, ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸੰਗਰੂਰ ਵਿੱਚ ਜੰਗ ਦੇ ਖ਼ਿਲਾਫ਼ ਤੇ ਅਮਨ ਲਈ ਵਿਸ਼ਾਲ ਮਾਰਚ ਕੱਢਿਆ ਗਿਆ। ਇਹ ਮਾਰਚ ਮਹਿਲ ਮੁਬਾਰਕ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਪਟਿਆਲਾ ਚੌਕ ਤੱਕ ਗਿਆ, ਜਿਸ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ ਤੇ ਹੱਥਾਂ ਵਿੱਚ ਅਮਨ ਦੇ ਨਾਅਰਿਆਂ ਵਾਲੇ ਬੈਨਰ ਤੇ ਪੋਸਟਰ ਫੜੇ ਹੋਏ ਲੋਕਾਂ ਨੇ ਜੰਗ ਵਿਰੋਧੀ ਗੂੰਜ ਉਠਾਈ ਤੇ ਭਾਈਚਾਰੇ ਤੇ ਸ਼ਾਂਤੀ ਦੀ ਪਹਿਰੇਦਾਰੀ ਦਾ ਸੰਦੇਸ਼ ਦਿੱਤਾ।

ਮਾਰਚ ਦੌਰਾਨ ਪਾਰਟੀ ਦੇ ਸੀਨੀਅਰ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਇੱਕ ਜਲੰਤਾ ਇਲਾਕਾ ਹੈ, ਜਿੱਥੇ ਜੰਗ ਦੀਆਂ ਚਿੰਗਾਰੀਆਂ ਨੇ ਇਤਿਹਾਸਕ ਤੌਰ 'ਤੇ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੰਗ ਦੀ ਗੱਲ ਕਰਨਾ ਨਾ ਸਿਰਫ਼ ਅਮਨ ਦੇ ਦਿਸ਼ਾ ਵਿਰੁੱਧ ਹੈ, ਬਲਕਿ ਇਹ ਆਮ ਲੋਕਾਂ ਦੀ ਜਾਨ-ਮਾਲ ਲਈ ਵੀ ਖ਼ਤਰਾ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਰ ਹਾਲਤ ਵਿੱਚ ਜੰਗ ਦਾ ਵਿਰੋਧ ਕਰਦਾ ਹੈ ਤੇ ਅਮਨ ਸਥਾਪਨਾ ਲਈ ਕਿਸੇ ਵੀ ਪੱਧਰ 'ਤੇ ਯਤਨ ਕਰਨ ਨੂੰ ਤਿਆਰ ਹੈ। ਉਨ੍ਹਾਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਰਾਜਨੀਤਕ ਲਾਭ ਲਈ ਜੰਗੀ ਮਾਹੌਲ ਨਾ ਬਣਾਇਆ ਜਾਵੇ, ਕਿਉਂਕਿ ਇਹ ਕਿਸੇ ਵੀ ਹਾਲਤ ਵਿੱਚ ਲੋਕਾਂ ਦੇ ਹਿੱਤ 'ਚ ਨਹੀਂ ਹੈ। ਇਸ ਮਾਰਚ ਵਿੱਚ ਨੌਜਵਾਨਾਂ ਦੀ ਭਾਰੀ ਭਾਗੀਦਾਰੀ ਨੇ ਦੱਸ ਦਿੱਤਾ ਕਿ ਪੰਜਾਬ ਦੀ ਜਨਤਾ ਜੰਗ ਨਹੀਂ, ਸਿਰਫ਼ ਅਮਨ ਚਾਹੁੰਦੀ ਹੈ। ਅੰਤ ਵਿੱਚ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰਕੇ ਅਮਨ ਦੀ ਮੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰਾ, ਜਥੇਦਾਰ ਬਹਾਦਰ ਸਿੰਘ ਭਸੌੜ, ਜਥੇਦਾਰ ਹਰਜੀਤ ਸਿੰਘ ਸਜੂਮਾਂ, ਪ੍ਰਗਟ ਸਿੰਘ ਗਾਗਾ, ਨਰਿੰਦਰ ਸਿੰਘ ਕਾਲਾਬੂਲਾ, ਜਥੇਦਾਰ ਅਮਰਜੀਤ ਸਿੰਘ ਬਾਦਸ਼ਾਹਪੁਰ, ਅਮਰਜੀਤ ਸਿੰਘ ਗਿੱਲ, ਗੌਲੂ ਪਹਿਲਵਾਨ, ਜ਼ਿਲਾ ਯੂਥ ਪ੍ਰਧਾਨ ਸਤਿਨਾਮ ਸਿੰਘ ਰੱਤੋਕੇ, ਬੀਬੀ ਹਰਪਾਲ ਕੌਰ, ਬੀਬੀ ਬਲਜੀਤ ਕੌਰ ਜਖੇਪਲ, ਜਸਵਿੰਦਰ ਸਿੰਘ ਬੀਂਬੜ, ਹਰਚਰਨ ਸਿੰਘ ਭਸੌੜ, ਡਾ. ਬੀਨੈਪਾਲ ਸਿੰਘ ਘਨੌਰ ਆਦਿ ਮੌਜੂਦ ਸਨ।

# ਸਰਕਾਰ ਹਰ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਤਿਆਰ : ਡਾ. ਬਲਬੀਰ ਸਿੰਘ

## ਰਾਜ ਭਰ ਦੇ ਹਸਪਤਾਲਾਂ 'ਚ ਐਮਰਜੈਂਸੀ ਤੇ ਐਂਬੂਲੈਂਸ ਸੇਵਾਵਾਂ ਪੂਰੀ ਤਰ੍ਹਾਂ ਤਿਆਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਭਾਰਤ-ਪਾਕਿਸਤਾਨ ਦਰਮਿਆਨ ਤਣਾਅ ਦੇ ਮੱਦੇਨਜ਼ਰ ਪੈਦਾ ਹੋਏ ਹਾਲਾਤ ਨੂੰ ਦੇਖਦਿਆਂ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦਾ ਡਰੋਨ, ਮਿਜ਼ਾਇਲ ਜਾਂ ਬੰਬ ਵਰਗੀ ਵਸਤੂ ਦੇ ਨੇੜੇ ਨਾ ਜਾਣ ਤੇ ਤੁਰੰਤ ਪੁਲਸ ਨੂੰ ਸੂਚਿਤ ਕਰਨ। ਅੱਜ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਰੂਰੀ ਵਸਤਾਂ ਸਬੰਧੀ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਬੈਠਕ ਕਰਦਿਆਂ ਸਿਹਤ ਮੰਤਰੀ ਨੇ ਰਾਜ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਲੋੜੀਂਦੀਆਂ ਸਾਰੀਆਂ ਵਸਤੂਆਂ ਦਾ ਵਾਧੂ ਸਟਾਕ ਉਪਲਬੱਧ ਹੈ, ਇਸ ਲਈ ਲੋਕ ਕਿਸੇ ਤਰ੍ਹਾਂ ਦੀ ਘਬਰਾਹਟ ਵਿੱਚ ਆ ਕੇ ਬੇਲੋੜੀ ਖ਼ਰੀਦੋ-ਫ਼ਰੋਖ਼ਤ ਤੋਂ ਗੁਰੇਜ਼ ਕਰਨ। ਲੋਕਾਂ ਨੂੰ ਅਪੀਲ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਕਰਨ ਤੋਂ ਪਹਿਲਾਂ ਇੱਕ ਵਾਰ ਪੁਸ਼ਟੀ ਕਰ ਲਈ ਜਾਵੇ ਅਤੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਵੀ ਯਕੀਨੀ ਬਣਾਈ ਜਾਵੇ। ਸਿਹਤ ਮੰਤਰੀ ਨੇ ਐੱਲ.ਪੀ.ਜੀ., ਪੈਟਰੋਲ-ਡੀਜ਼ਲ, ਫ਼ਲ, ਸਬਜ਼ੀਆਂ, ਕਰਿਆਨੇ ਦੀਆਂ ਵਸਤਾਂ, ਦਵਾਈਆਂ ਤੇ ਹੋਰ ਜ਼ਰੂਰੀ ਵਸਤਾਂ ਨਾਲ ਸਬੰਧਤ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਕਿ ਬੇਲੋੜੀ ਜਮ੍ਹਾਂਖੋਰੀ ਤੇ ਕਾਲਾਬਾਜ਼ਾਰੀ ਤੋਂ ਬਚਿਆ ਜਾਵੇ ਅਤੇ ਲੋਕਾਂ ਨੂੰ ਸਮਝਾਇਆ ਜਾਵੇ ਕਿ ਕਿਸੇ ਵੀ ਵਸਤੂ ਦੀ ਕੋਈ ਤੋਟ ਨਹੀਂ ਹੈ, ਇਸ ਲਈ ਕਈ-ਕਈ ਮਹੀਨਿਆਂ ਲਈ ਸਾਮਾਨ ਦੀ ਵਾਧੂ ਖ਼ਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ ਹਸਪਤਾਲਾਂ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਤੇ ਲਾਇਫ਼ ਸਪੋਰਟ ਸਾਜ਼ੋ-ਸਾਮਾਨ ਨਾਲ ਲੈਸ ਐਂਬੂਲੈਂਸਾਂ ਵੀ ਤਿਆਰ-ਬਰ-ਤਿਆਰ ਹਨ, ਜਿਸ ਲਈ ਲੋਕਾਂ ਨੂੰ ਕੋਈ ਘਬਰਾਹਟ ਵਿੱਚ ਆਉਣ ਦੀ ਲੋੜ ਨਹੀਂ ਹੈ। ਮੀਟਿੰਗ 'ਚ ਐੱਸ.ਐੱਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਹਰ ਤਰ੍ਹਾਂ ਦੇ ਪ੍ਰਬੰਧ ਪੁਖ਼ਤਾ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਏ.ਡੀ.ਸੀ. ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ ਤੇ ਐਮਰਜੈਂਸੀ ਸਥਿਤੀ ਨਾਲ ਸਿੱਝਣ ਲਈ ਸਾਰੀਆਂ ਟੀਮਾਂ ਤਿਆਰ ਬਰ ਤਿਆਰ ਹਨ। ਮੀਟਿੰਗ ਮੌਕੇ ਸਾਰੀਆਂ ਲੋੜੀਂਦੀਆਂ ਵਸਤਾਂ ਨਾਲ ਸਬੰਧਤ ਐਸੋਸੀਏਸ਼ਨਾਂ ਦੇ ਨੁਮਾਇੰਦੇ, ਸਾਰੇ ਐੱਸ.ਡੀ.ਐਮਜ਼, ਸਿਹਤ ਤੇ ਮੈਡੀਕਲ ਸਿੱਖਿਆ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਲਾਈਟ ਵੱਲੋਂ ਅੱਜ ਦੀ ਦੇਸ਼ ਪੱਧਰੀ ਸੈੱਟ ਦਾਖਲਾ ਪ੍ਰੀਖਿਆ ਮੁਲਤਵੀ

## ਭਲਕ ਤੱਕ ਸਾਰੀਆਂ ਗਤੀਵਿਧੀਆਂ ਰੱਦ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ ਡੀਮਡ ਯੂਨੀਵਰਸਿਟੀ) ਦੇ ਪ੍ਰਬੰਧਕਾਂ ਨੇ ਡੀਨ ਤੇ ਵਿਭਾਗ ਮੁਖੀਆਂ ਦੀ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਤੇ ਬਰਨਾਲਾ ਨਾਲ ਸਲਾਹ-ਮਸ਼ਵਰੇ ਤੋਂ ਬਾਅਦ 12 ਮਈ ਤੱਕ ਇੰਸਟੀਚਿਊਟ ਦੀਆਂ ਸਾਰੀਆਂ ਕਲਾਸਾਂ ਤੇ ਗਤੀਵਿਧੀਆਂ ਰੱਦ ਕਰਨ ਦਾ ਫੈਸਲਾ ਲਿਆ ਹੈ। ਇਸ ਦੇ ਨਾਲ ਹੀ 11 ਮਈ ਨੂੰ ਹੋਣ ਵਾਲੀ ਦੇਸ਼ ਵਿਆਪੀ ਸੈੱਟ ਦਾਖਲਾ ਪ੍ਰੀਖਿਆ ਵੀ ਅਗਲੇ ਹੁਕਮਾਂ ਤੱਕ ਰੱਦ ਕਰ ਦਿੱਤੀ ਗਈ ਹੈ। ਮੈਨੇਜਮੈਂਟ ਨੇ ਵਿਦਿਆਰਥੀਆਂ ਨੂੰ ਸੁਰੱਖਿਆ ਦੇ ਮੱਦੇਨਜ਼ਰ ਹੋਸਟਲ ਵਿੱਚ ਹੀ ਰਹਿਣ ਦੀ ਸਲਾਹ ਦਿੱਤੀ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਸੈੱਟ ਪ੍ਰੀਖਿਆ ਦੀ ਨਵੀਂ ਤਾਰੀਖ ਦੀ ਜਾਣਕਾਰੀ ਇੰਸਟੀਚਿਊਟ ਦੀ ਵੈੱਬਸਾਈਟ ਰਾਹੀਂ ਦਿੱਤੀ ਜਾਵੇਗੀ।

# 25 ਕਿੱਲੋ ਭੁੱਕੀ ਤੇ 100 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 25 ਕਿੱਲੋ ਭੁੱਕੀ ਤੇ 100 ਗ੍ਰਾਮ ਅਫੀਮ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਜਦੋਂ ਮੱਲਾਂਵਾਲਾ ਤੋਂ ਸੁਧਾਰਾ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਜੋਗਾ ਸਿੰਘ ਪੁੱਤਰ ਜੰਗਾ ਸਿੰਘ ਵਾਸੀ ਵਾਰਡ ਨੰਬਰ 4 ਮੱਲਾਂਵਾਲਾ ਨੂੰ ਕਾਬੂ ਕੀਤਾ ਜਾਵੇ ਤਾਂ ਉਸ ਕੋਲੋਂ ਅਫੀਮ ਤੇ ਭੁੱਕੀ ਬਰਾਮਦ ਕੀਤੀ ਜਾ ਸਕਦੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 25 ਕਿੱਲੋ ਭੁੱਕੀ ਤੇ 100 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਬੱਚਿਆਂ ਦੇ ਪਾਰਕ 'ਤੇ ਡੇਰੇ ਦੇ ਪ੍ਰਬੰਧਕਾਂ ਵੱਲੋਂ ਨਜਾਇਜ਼ ਕਬਜ਼ਾ

## ਸੋਸਾਇਟੀ ਪ੍ਰਬੰਧਕਾਂ ਨੇ ਪ੍ਰੈੱਸ ਕਾਨਫਰੰਸ 'ਚ ਲਗਾਏ ਦੋਸ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਾਨਯੋਗ ਸੁਪਰੀਮ ਕੋਰਟ ਵੱਲੋਂ ਪਾਸ ਕੀਤੇ ਹੋਏ ਆਦੇਸ਼ ਨੂੰ ਠੇਂਗਾ ਦਿਖਾਉਂਦੇ ਹੋਏ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਮੁੜ ਤੋਂ ਸੰਤ ਇੰਨਕਲੇਵ ਬੱਚਿਆਂ ਦੇ ਖੇਡਣ ਵਾਲੇ ਪਾਰਕ ਤੇ ਬਹੁਕਰੋੜੀ ਜ਼ਮੀਨ 'ਤੇ ਮੁੜ ਤੋਂ ਕਬਜ਼ਾ ਕਰ ਲਿਆ ਗਿਆ। ਇਸ ਮੌਕੇ ਸੰਤ ਇੰਨਕਲੇਵ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਮਦਨ ਖਰਬੰਦਾ, ਸੈਕਟਰੀ ਵਿਜੇ ਤੁਲੀ, ਗੁਰਜੀਤ ਸਿੰਘ ਤੇ ਉੱਘੇ ਸਮਾਜ ਸੇਵੀ ਸੁਮੇਰ ਸੀੜਾ ਤੇ ਹੋਰ ਮੈਂਬਰਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਕਿ ਪਿਛਲੇ ਦਿਨੀਂ ਨਵਨੀਤ ਕੌਰ ਪਤਨੀ ਰੁਪਿੰਦਰ ਪਾਲ ਸਿੰਘ ਗੁਰਦੀਪ ਸਿੰਘ ਪੁੱਤਰ ਧਨਵੰਤ ਸਿੰਘ ਤੇ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਸੰਤ ਇੰਨਕਲੇਵ ਵਿਖੇ ਬੱਚਿਆਂ ਦੇ ਪਾਰਕ 'ਤੇ ਜ਼ਬਰਦਸਤੀ ਕਬਜ਼ਾ ਕਰਕੇ ਉੱਥੇ ਟਰੈਕਟਰ ਨਾਲ ਪਹਿਲਾਂ ਤੋਂ ਲੱਗੇ ਹੋਏ ਪੇੜ ਪੌਦਿਆਂ ਨੂੰ ਪੁੱਟ ਕੇ ਤੇ ਵਾਹੀ ਕਰਕੇ ਨਜਾਇਜ਼ ਕਬਜ਼ਾ ਕਰ ਲਿਆ।

ਇਸ ਮੌਕੇ ਸੋਸਾਇਟੀ ਦੇ ਮੈਂਬਰਾਂ ਤੇ ਕਲੌਨੀ ਵਾਸੀਆਂ ਨੇ ਜਦੋਂ ਇਨ੍ਹਾਂ ਲੋਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਹੱਥਾ-ਪਾਈ ਸ਼ੁਰੂ ਕਰ ਦਿੱਤੀ, ਜਿਸ ਨਾਲ ਦੋਨੋਂ ਧਿਰਾਂ ਵਿੱਚ ਝੜਪ ਹੋਈ। ਸੁਸਾਇਟੀ ਮੈਂਬਰਾਂ ਨੇ ਮੌਕੇ 'ਤੇ ਹੀ ਪਸਿਆਣਾ ਪੁਲਸ ਸਟੇਸ਼ਨ ਵਿਖੇ ਇਤਲਾਹ ਕੀਤੀ, ਪਰ ਕੋਈ ਵੀ ਪੁਲਸ ਮੁਲਾਜ਼ਮ ਮੌਕੇ ਦਾ ਮੁਆਇਨਾ ਕਰਨ ਲਈ ਨਹੀਂ ਪਹੁੰਚਿਆ। ਇਸ ਮੌਕੇ ਸੁਮੇਰ ਸੀੜਾ ਨੇ ਕਿਹਾ ਕਿ ਇਸ ਘਟਨਾਕ੍ਰਮ ਦੇ ਬਾਵਜੂਦ ਵੈੱਲਫੇਅਰ ਸੁਸਾਇਟੀ ਦੇ 7 ਮੈਂਬਰਾਂ ਤੇ ਕਲੌਨੀ ਵਾਸੀ ਵਿਅਕਤੀਆਂ ਉੱਪਰ ਇਨ੍ਹਾਂ ਲੋਕਾਂ ਵੱਲੋਂ ਥਾਣਾ ਪਸਿਆਣਾ ਵਿਖੇ ਉਲਟਾ ਨਜਾਇਜ਼ ਕਬਜ਼ਾ ਕਰਨ ਦਾ ਪਰਚਾ ਦਰਜ ਕਰਵਾ ਦਿੱਤਾ ਗਿਆ, ਜੋ ਕਿ ਸਿੱਧੇ ਤੌਰ 'ਤੇ ਸੁਪਰੀਮ ਕੋਰਟ, ਡੀ ਸੀ ਪਟਿਆਲਾ, ਐੱਸ.ਡੀ.ਐੱਮ ਪਟਿਆਲਾ ਤੇ ਕਾਨੂੰਨ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਅੱਜ ਡੀ ਸੀ ਾ, ਐੱਸ ਡੀ ਐੱਮ ਤੇ ਜ਼ਿਲ੍ਹਾ ਪੁਲਸ ਮੁਖੀ ਨੂੰ ਬੇਨਤੀ ਕੀਤੀ ਹੈ ਕਿ ਇਸ ਕੀਤੇ ਹੋਏ ਨਜਾਇਜ਼ ਕਬਜ਼ੇ ਨੂੰ ਖਾਲੀ ਕਰਵਾ ਕੇ ਬੱਚਿਆਂ ਦੇ ਖੇਡਣ ਵਾਲੇ ਪਾਰਕ ਨੂੰ ਬਚਾਇਆ ਜਾਵੇ ਤੇ ਇਨ੍ਹਾਂ ਕਬਜ਼ਾਧਾਰੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ 'ਚ ਮੌਜੂਦਾ ਹਾਲਾਤ 'ਤੇ ਚਿੰਤਾ ਦਾ ਪ੍ਰਗਟਾਵਾ

## ਆਗੂਆਂ ਨੇ ਅਮਨ ਤੇ ਸ਼ਾਂਤੀ ਕਾਇਮ ਰੱਖਣ ਦੀ ਲੋੜ 'ਤੇ ਦਿੱਤਾ ਜ਼ੋਰ

**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ) ਜ਼ਿਲ੍ਹਾ ਇਕਾਈ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਦੌਰਾਨ 27 ਭਾਰਤੀਆਂ ਤੇ ਵੱਖ ਵੱਖ ਸਮੇਂ 'ਤੇ ਸਦੀਵੀ ਵਿਛੋੜਾ ਦੇ ਗਏ ਵਿਅਕਤੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਤੋਂ ਇਲਾਵਾ ਪਿਛਲੇ ਕੁਝ ਦਿਨਾਂ ਤੋਂ ਭਾਰਤ ਤੇ ਪਾਕਿਸਤਾਨ ਦੋਹਾਂ ਮੁਲਕਾਂ ਵਿੱਚ ਬਣੇ ਜੰਗ ਦੇ ਹਾਲਾਤਾਂ ਪ੍ਰਤੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਜਲਦੀ ਹੀ ਦੋਹਾਂ ਮੁਲਕਾਂ ਵਿੱਚ ਅਮਨ ਤੇ ਸ਼ਾਂਤੀ ਬਹਾਲ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ ਪੈਨਸ਼ਨਰ ਆਗੂ ਤੇ ਜ਼ਿਲ੍ਹਾ ਜਨਰਲ ਸਕੱਤਰ ਇਕਬਾਲ ਸਿੰਘ ਮੰਘੇੜਾ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਇਕਬਾਲ ਸਿੰਘ ਰਣ ਸਿੰਘ ਵਾਲਾ, ਜਸਵਿੰਦਰ ਸਿੰਘ ਬਰਾੜ ਪੇਂਡੂ ਵਿਕਾਸ ਅਧਿਕਾਰੀ, ਮਦਨ ਲਾਲ ਸ਼ਰਮਾ, ਮੰਦਰ ਸਿੰਘ ਲੈਕਚਰਾਰ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ ਤੇ ਤਰਸੇਮ ਨਰੂਲਾ ਨੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ 'ਤੇ ਦੋਸ਼ ਲਾਇਆ ਹੈ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਲਗਾਤਾਰ ਨਜ਼ਰ ਅੰਦਾਜ਼ ਕਰ ਰਹੇ ਹਨ। ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਸ਼ਾਮਲ ਲੰਬੇ ਸਮੇਂ ਤੋਂ ਲਟਕ ਰਹੀਆਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ 20 ਮਈ ਨੂੰ ਹੋ ਰਹੀ ਦੇਸ਼ ਵਿਆਪੀ ਹੜਤਾਲ ਦੀ ਹਮਾਇਤ ਕਰਦੇ ਹੋਏ ਹਰ ਪੱਧਰ 'ਤੇ ਹੋਣ ਵਾਲੀਆਂ ਰੈਲੀਆਂ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ 1 ਜੂਨ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਨੇੜੇ ਬੱਸ ਅੱਡਾ ਮੋਗਾ ਵਿਖੇ ਹੋਣ ਵਾਲੀ ਸੂਬਾ ਪੱਧਰੀ ਕਨਵੈਂਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਨਿਰਣਾ ਲਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਗੁਰਦੀਪ ਭੋਲਾ ਪੀ ਆਰ ਟੀ ਸੀ, ਗੁਰਚਰਨ ਸਿੰਘ ਮਾਨ, ਗੇਜ ਰਾਮ ਭੌਰਾ, ਗੁਲਵੰਤ ਸਿੰਘ ਔਲਖ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਮਲਕੀਤ ਸਿੰਘ ਢਿੱਲਵਾਂ ਕਲਾਂ, ਮੇਜਰ ਸਿੰਘ ਤੇ ਹਾਕਮ ਸਿੰਘ ਡੀ ਪੀ ਈ, ਅਰਜਨ ਸਿੰਘ ਫਰੀਦਕੋਟ, ਜੋਗਿੰਦਰ ਸਿੰਘ ਛਾਬੜਾ ਤੇ ਕਸ਼ਮੀਰਾ ਸਿੰਘ ਆਦਿ ਸ਼ਾਮਲ ਸਨ।

# ਮੰਗਾਂ ਪ੍ਰਤੀ ਸਰਕਾਰ ਦੇ ਅਵੇਸਲੇਪਨ ਖਿਲਾਫ ਸੰਘਰਸ਼ ਜਾਰੀ ਰਹੇਗਾ : ਸਿਕੰਦਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਦੇ ਪੈਨਸ਼ਨਰਾਂ ਵੱਲੋਂ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਲਮੇਂ ਸਮੇਂ ਤੋਂ ਸਰਕਾਰ ਦੀ ਲਮਕਾਅ ਦੀ ਨੀਤੀ ਤੇ ਅਵੇਸਲੇਪਨ ਖਿਲਾਫ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ ਕੀਤਾ ਗਿਆ ਹੈ। ਇਹ ਜਾਣਕਾਰੀ ਇਥੇ ਇਸ ਪੱਤਰਕਾਰ ਨਾਲ ਸਾਂਝੀ ਕਰਦਿਆਂ ਮੰਡਲ ਸਮਰਾਲਾ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਜਾਇਜ਼ ਹਨ, ਪਰ ਤਿੰਨ ਸਾਲ ਮੁੱਕਣ ਤੋਂ ਬਾਅਦ ਵੀ ਕੁਝ ਨਹੀਂ ਬਦਲਿਆ। ਸਰਕਾਰ ਚੁੱਪ ਹੈ ਤੇ ਪੈਨਸ਼ਨਰ ਅਤੇ ਸਰਕਾਰੀ ਮੁਲਾਜ਼ਮ ਹੜਤਾਲਾਂ ਤੇ ਧਰਨਿਆਂ ਵਿੱਚ ਉਲਝੇ ਹੋਏ ਹਨ। ਸਰਕਾਰ ਨੂੰ ਆਪਣੇ ਕਰਮਚਾਰੀਆਂ ਦੀ ਕੋਈ ਪ੍ਰਵਾਹ ਨਹੀਂ। ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਸਿਕੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬੁਲਾਰਿਆਂ ਦੇ ਸਰਕਾਰ ਖ਼ਿਲਾਫ਼ ਤਲਖ਼ ਤੇਵਰ ਦੇਖਣ ਨੂੰ ਮਿਲੇ। ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ 'ਤੇ ਵਿਚਾਰ ਕਰਦਿਆਂ ਬੁਲਾਰਿਆਂ ਦਾ ਮਤ ਸੀ ਕਿ ਸਰਕਾਰ ਖਿਲਾਫ ਸੰਘਰਸ਼ ਤੋਂ ਇਲਾਵਾ ਕੋਈ ਚਾਰਾ ਨਹੀਂ। ਇਹ ਵੀ ਵਿਚਾਰ ਕੀਤਾ ਗਿਆ ਕਿ ਸੂਬੇ ਵਿੱਚ ਕੋਈ ਵੀ ਚੋਣ ਹੋਵੇ, ਉਸ ਵਿੱਚ ਆਮ ਆਦਮੀ ਪਾਰਟੀ ਦਾ ਅਸਲ ਕਿਰਦਾਰ ਨੰਗਾ ਕੀਤਾ ਜਾਵੇ। ਇਸੇ ਦੌਰਾਨ ਪੁਲਵਾਮਾ ਹਮਲੇ ਵਿੱਚ ਮਾਰੇ ਗਏ ਬੇਗੁਨਾਹ ਸੈਲਾਨੀਆਂ, ਪੁੰਛ ਵਿੱਚ ਗੁਰਦੁਆਰਾ ਸਾਹਿਬ 'ਤੇ ਹਮਲੇ ਦੌਰਾਨ ਬੇਦੋਸ਼ੇ ਲੋਕਾਂ ਦੇ ਮਾਰੇ ਜਾਣ ਅਤੇ ਹਰਭਜਨ ਸਿੰਘ ਸੰਗਤਪੁਰਾ ਦੇ ਨੌਜਵਾਨ ਬੇਟੇ ਦੀ ਹੋਈ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਪਾਕਿਸਤਾਨ ਵੱਲੋਂ ਕੀਤੇ ਹਮਲੇ ਦੀ ਨਿਖੇਧੀ ਕੀਤੀ ਗਈ।

ਉਪਰੰਤ ਸਿਕੰਦਰ ਸਿੰਘ ਪ੍ਰਧਾਨ ਨੇ ਸੰਬੋਧਨ ਕਰਦੇ ਕਿਹਾ ਕਿ ਪੇ ਕਮਿਸ਼ਨ ਦੇ ਫੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਜੋ ਕਿਸ਼ਤਾਂ ਵਿੱਚ ਅਦਾਇਗੀ ਕਰਨ ਲਈ ਹੁਕਮਾਂ ਅਨੁਸਾਰ ਅਪ੍ਰੈਲ ਮਹੀਨੇ ਤੋਂ ਪੈਨਸ਼ਨ ਨਾਲ ਪੇ ਸਕੇਲ ਦਾ ਏਰੀਅਰ ਦੇਣਾ ਚਾਲੂ ਕਰਨਾ ਸੀ, ਮਹਿਕਮੇ ਵੱਲੋਂ ਅਜੇ ਨਹੀਂ ਦਿੱਤਾ ਗਿਆ ਇਸ ਲਈ ਪੈਨਸ਼ਨਰਜ਼ ਐਸੋ: ਪਾਵਰਕਾਮ ਵੱਲੋਂ ਮੰਡਲ ਦਫਤਰਾਂ ਦੇ ਧਰਨੇ ਦੇਣ ਦਾ ਐਲਾਨ ਕੀਤਾ ਗਿਆ, ਜਿਸ ਨੂੰ ਸਮਰਾਲਾ ਡਵੀਜ਼ਨ ਵੀ ਇੰਨ ਬਿੰਨ ਲਾਗੂ ਕਰੇਗੀ ਤੇ ਆਉਂਦੇ ਦਿਨਾਂ ਵਿੱਚ ਮੰਡਲ ਅਧਿਕਾਰੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

15 ਮਈ ਨੂੰ ਰੋਪੜ ਸਰਕਲ ਕਮੇਟੀ ਦੀ ਚੋਣ ਕਰਵਾਈ ਜਾਣੀ ਹੈ, ਜਿਸ ਵਿੱਚ ਸਾਰੇ ਡੈਲੀਗੇਟ ਤੇ ਮੈਂਬਰਜ਼ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ।

ਮੀਟਿੰਗ ਨੂੰ ਇੰਜ: ਪ੍ਰੇਮ ਸਿੰਘ ਸਾਬਕਾ ਐੱਸ. ਡੀ. ਓ., ਇੰਜ: ਦਰਸ਼ਨ ਸਿੰਘ ਖਜ਼ਾਨਚੀ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਪ੍ਰੇਮ ਕੁਮਾਰ ਸਰਕਲ ਆਗੂ, ਭੁਪਿੰਦਰਪਾਲ ਸਿੰਘ ਚਹਿਲਾਂ, ਸੁਰਜੀਤ ਵਿਸ਼ਾਦ, ਦਰਸ਼ਨ ਸਿੰਘ ਕੋਟਾਲਾ, ਰਾਜਿੰਦਰਪਾਲ ਵਡੇਰਾ ਡਿਪਟੀ ਸੀ.ਓ., ਹਰਪਾਲ ਸਿੰਘ ਸਿਹਾਲਾ, ਜਸਵੰਤ ਸਿੰਘ ਢੰਡਾ, ਪ੍ਰੇਮ ਚੰਦ ਭਲਾ ਲੋਕ ਆਦਿ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਇੰਜ: ਭਰਪੂਰ ਸਿੰਘ ਮਾਂਗਟ ਵੱਲੋਂ ਬਾਖੂਬੀ ਨਿਭਾਈ ਗਈ। ਅਖੀਰ ਵਿੱਚ ਸਿਕੰਦਰ ਸਿੰਘ ਮੰਡਲ ਪ੍ਰਧਾਨ ਨੇ ਮੀਟਿੰਗ ਵਿੱਚ ਆਏ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕੀਤਾ।

# ਸੇਵਾ-ਮੁਕਤ ਕਰਮਚਾਰੀਆਂ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਨ ਦੀ ਮੰਗ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਡੱਬਵਾਲੀ ਦੇ ਬਲਾਕ ਪ੍ਰਧਾਨ ਸੁਖਵੰਤ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਸ਼ਹੀਦ ਹੋਏ ਸੈਲਾਨੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦੇ ਨਾਲ ਹੀ ਸੇਵਾਮੁਕਤ ਹੈੱਡ ਮਾਸਟਰ ਸਰਦੂਲ ਸਿੰਘ ਨੂੰ ਸ਼ਰਧਾਂਜਲੀ ਦੇ ਨਾਲ ਹੀ ਪੀਜੀਟੀ ਗੁਰਤੇਜ ਸਿੰਘ ਦੇ ਭਤੀਜੇ ਮਨਪ੍ਰੀਤ ਸਿੰਘ ਦੀ ਸੜਕ ਹਾਦਸੇ ਵਿੱਚ ਹੋਈ ਅਚਾਨਕ ਮੌਤ 'ਤੇ ਗਹਿਰਾ ਅਫਸੋਸ ਪ੍ਰਗਟ ਕੀਤਾ ਗਿਆ। ਪ੍ਰਧਾਨ ਸੁਖਵੰਤ ਸਿੰਘ ਚੀਮਾ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਸੇਵਾਮੁਕਤ ਕਰਮਚਾਰੀਆਂ ਦੀ ਲਗਾਤਾਰ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਸਾਡੀਆਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਨਾ ਕੀਤਾ ਗਿਆ ਤਾਂ ਉਹ ਆਉਣ ਵਾਲੇ ਸਮੇਂ ਵਿੱਚ ਅੰਦੋਲਨ ਲਈ ਮਜਬੂਰ ਹੋਵਾਂਗੇ। ਯੂਨੀਅਨ ਆਗੂ ਨਿਰਮਲ ਸਿੰਘ ਤੇ ਸਕੱਤਰ ਗੁਰਤੇਜ ਸਿੰਘ ਨੇ ਕਿਹਾ ਕਿ ਸੰਸਦ ਦੇ ਹਾਲ ਹੀ ਵਿੱਚ ਸਮਾਪਤ ਹੋਏ ਬਜਟ ਸੈਸ਼ਨ ਵਿੱਚ ਸਰਕਾਰ ਨੇ ਲੋਕ ਸਭਾ ਵਿੱਚ ਵਿੱਤ ਬਿੱਲ ਪਾਸ ਕਰਵਾਇਆ ਹੈ, ਜਿਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਅੱਠਵੇਂ ਤਨਖਾਹ ਕਮਿਸ਼ਨ ਦੇ ਲਾਗੂ ਹੋਣ ਤੋਂ ਪਹਿਲਾਂ ਸੇਵਾਮੁਕਤ ਹੋਏ ਕਰਮਚਾਰੀਆਂ ਨੂੰ ਕੋਈ ਲਾਭ ਨਹੀਂ ਦਿੱਤਾ ਜਾਵੇਗਾ। ਸੇਵਾਮੁਕਤ ਕਰਮਚਾਰੀਆਂ ਨੇ ਹਰਿਆਣਾ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਅੱਠਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੁਰੰਤ ਲਾਗੂ ਕੀਤੀਆਂ ਜਾਣ। ਪੈਨਸ਼ਨਰਾਂ ਦਾ ਮੈਡੀਕਲ ਭੱਤਾ 3000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਹਰਿਆਣਾ ਦੇ ਸੇਵਾਮੁਕਤ ਕਰਮਚਾਰੀਆਂ ਦੀ ਪੈਨਸ਼ਨ ਵਿੱਚ ਪੰਜਾਬ ਦੇ ਪੈਨਸ਼ਨਰਾਂ ਵਾਂਗ 65 ਸਾਲ, 70 ਸਾਲ, 75 ਸਾਲ ਤੇ 80 ਸਾਲ ਦੀ ਉਮਰ ਪੂਰੀ ਕਰਨ 'ਤੇ ਹਰ ਵਾਰ ਮੁੱਢਲੀ ਪੈਨਸ਼ਨ ਵਿੱਚ 5 ਪ੍ਰਤੀਸ਼ਤ ਵਾਧਾ ਪ੍ਰਦਾਨ ਕੀਤਾ ਜਾਵੇ। ਕਮਿਊਟਿਡ ਪੈਨਸ਼ਨ ਦੀ ਕਟੌਤੀ ਨੂੰ ਘਟਾਇਆ ਜਾਵੇ। ਐੱਲਟੀਸੀ ਲਈ ਬਜਟ ਉਪਲਬਧ ਕਰਵਾਇਆ ਜਾਵੇ। ਇਸ ਮੀਟਿੰਗ ਵਿੱਚ ਸਲਾਹਕਾਰ ਕਾਲੂ ਰਾਮ, ਕੈਸ਼ੀਅਰ ਉਗਰਸੇਨ, ਸ਼ਵਿੰਦਰ ਸਿੰਘ, ਸਤੀਸ਼ ਕੁਮਾਰ, ਮੀਤ ਪ੍ਰਧਾਨ ਰਾਮ ਪ੍ਰਤਾਪ ਸੁਰਜੀਤ ਸਿੰਘ, ਬਲਵੰਤ ਸਿੰਘ, ਗੋਪਾਲ ਰਾਮ, ਮੋਹਨ ਸਿੰਘ, ਸਕੱਤਰ ਸੁਰਜੀਤ ਸਿੰਘ, ਸ੍ਰੀ ਰਾਮ ਪਟਵਾਰੀ ਤੇ ਜਗਰੂਪ ਸਿੰਘ ਸਮੇਤ ਅਨੇਕਾਂ ਰਿਟਾਇਰ ਕਰਮਚਾਰੀਆਂ ਨੇ ਭਾਗ ਲਿਆ।

# ਤਰਕਸ਼ੀਲ ਸੁਸਾਇਟੀ ਵੱਲੋਂ ਲੋਕ-ਮਾਰੂ ਜੰਗ ਦੇ ਵਿਰੋਧ 'ਚ ਤੇ ਅਮਨ ਬਹਾਲੀ 'ਤੇ ਜ਼ੋਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਤਰਕਸ਼ੀਲ ਸੁਸਾਇਟੀ ਪੰਜਾਬ ਨੇ ਭਾਰਤ-ਪਾਕਿਸਤਾਨ ਦੋਹਾਂ ਦੇਸ਼ਾਂ ਵੱਲੋਂ ਜੰਗੀ ਜਨੂੰਨ ਭੜਕਾਉਣ ਦੀਆਂ ਫਾਸ਼ੀਵਾਦੀ ਕਾਰਵਾਈਆਂ ਦਾ ਸਖ਼ਤ ਵਿਰੋਧ ਕਰਦਿਆਂ ਸਮੂਹ ਲੋਕ ਪੱਖੀ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਹਰ ਧਰਮ ਤੇ ਵਰਗਾਂ ਦੇ ਲੋਕਾਂ ਨੂੰ ਇਕਜੁੱਟ ਹੋ ਕੇ ਇਸ ਮਨੁੱਖ ਵਿਰੋਧੀ ਲੋਕ ਮਾਰੂ ਜੰਗ ਦੇ ਵਿਰੋਧ 'ਚ ਅਤੇ ਅਮਨ ਬਹਾਲੀ ਦੇ ਹੱਕ ਵਿੱਚ ਆਪਣੀ ਜਨਤਕ ਆਵਾਜ਼ ਬੁਲੰਦ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ।ਇਸ ਸੰਬੰਧੀ ਪ੍ਰੈਸ ਬਿਆਨ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜੇਸ਼ ਅਕਲੀਆ, ਰਾਜਪਾਲ ਸਿੰਘ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਜੰਗ ਕਿਸੇ ਵੀ ਮਸਲੇ ਦਾ ਕੋਈ ਹੱਲ ਨਹੀਂ ਅਤੇ ਨਿਊਕਲੀਅਰ ਹਥਿਆਰਾਂ ਨਾਲ ਲੈਸ ਦੋਹਾਂ ਦੇਸ਼ਾਂ ਵੱਲੋਂ ਲੜੀ ਜਾ ਰਹੀ ਇਹ ਨਿਹੱਕੀ ਜੰਗ ਦੋਹਾਂ ਪਾਸਿਆਂ ਦੇ ਕਰੋੜਾਂ ਆਮ ਲੋਕਾਂ ਨੂੰ ਜਾਨੀ ਅਤੇ ਮਾਲੀ ਤੌਰ 'ਤੇ ਪੂਰੀ ਤਰ੍ਹਾਂ ਬਰਬਾਦ ਕਰਕੇ ਰੱਖ ਦੇਵੇਗੀ। ਜਿਸ ਖਿਲਾਫ਼ ਸਮੂਹ ਅਮਨ-ਪਸੰਦ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਲਾਮਬੰਦ ਹੋਣ ਦੀ ਲੋੜ ਹੈ। ਤਰਕਸ਼ੀਲ ਆਗੂਆਂ ਨੇ ਕਿਹਾ ਕਿ ਬੇਸ਼ੱਕ ਪਹਿਲਗਾਮ ਦੀ ਵਹਿਸ਼ੀ ਘਟਨਾ ਦੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਇਸ ਘਟਨਾ ਨੂੰ ਬਹਾਨਾ ਬਣਾ ਕੇ ਗੁਆਂਢੀ ਮੁਲਕ ਨਾਲ ਜੰਗ ਛੇੜਨ ਦੀ ਕਾਰਵਾਈ ਨੂੰ ਵੀ ਕਿਸੇ ਤਰਾਂ ਵਾਜਬ ਨਹੀਂ ਠਹਿਰਾਇਆ ਜਾ ਸਕਦਾ।ਸੂਬਾ ਕਮੇਟੀ ਆਗੂਆਂ ਸੁਖਵਿੰਦਰ ਬਾਗਪੁਰ, ਰਾਮ ਸਵਰਨ ਲੱਖੇਵਾਲੀ, ਜਸਵਿੰਦਰ ਫਗਵਾੜਾ, ਜੋਗਿੰਦਰ ਕੁੱਲੇਵਾਲ ਅਤੇ ਜਸਵੰਤ



ਮੋਹਾਲੀ ਨੇ ਗੋਦੀ ਮੀਡੀਏ ਵੱਲੋਂ ਭੜਕਾਊ ਬਿਆਨਬਾਜ਼ੀ ਕਰਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਹਕੂਮਤਾਂ ਆਪਣੇ ਆਪਣੇ ਦੇਸ਼ ਵਿਚਲੇ ਬਦਤਰ ਆਰਥਿਕ ਤੇ ਸਿਆਸੀ ਹਾਲਾਤ ਅਤੇ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਖੁਦਕਸ਼ੀਆਂ, ਭ੍ਰਿਸ਼ਟਾਚਾਰ, ਕਾਰਪੋਰੇਟ ਲੁੱਟ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਆਪਣੀ ਨਾਕਾਮੀ ਉੱਤੇ ਕਾਬੂ ਪਾਉਣ ਦੀ ਬਜਾਏ ਉਲਟਾ ਆਮ ਜਨਤਾ ਨੂੰ ਅੰਧ ਰਾਸ਼ਟਰਵਾਦ ਦੇ ਬਹਿਕਾਵੇ ਹੇਠ ਲੋਕ ਮਾਰੂ ਜੰਗ ਦੀ ਭੱਠੀ ਵਿੱਚ ਝੋਕ ਰਹੀਆਂ ਹਨ ਜਿਸ ਦਾ ਫਾਇਦਾ ਸਾਮਰਾਜੀ ਦੇਸ਼ਾਂ ਅਤੇ ਬਹੁ ਕੌਮੀ ਕੰਪਨੀਆਂ ਵੱਲੋਂ ਉਠਾਇਆ ਜਾ ਰਿਹਾ ਹੈ। ਉਨ੍ਹਾਂ ਆਮ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਪਾਕਿਸਤਾਨ ਉੱਤੇ ਜੰਗੀ ਹਮਲੇ ਕਾਰਨ ਲੋਕਾਂ ਦੇ ਅਹਿਮ ਬੁਨਿਆਦੀ ਮਸਲਿਆਂ ਅਤੇ ਜਨਤਕ ਸੰਘਰਸ਼ਾਂ ਤੋਂ ਧਿਆਨ ਭਟਕਾਇਆ ਜਾ ਰਿਹਾ ਹੈ।ਇਸ ਮੌਕੇ ਸੂਬਾ ਕਮੇਟੀ ਆਗੂਆਂ ਗੁਰਪ੍ਰੀਤ ਸ਼ਹਿਣਾ, ਜੁਝਾਰ ਲੌਂਗੋਵਾਲ, ਸੁਰਜੀਤ ਟਿੱਬਾ, ਕੁਲਜੀਤ ਡੰਗਰਖੇੜਾ ਅਤੇ ਮੋਹਨ ਬਡਲਾ ਨੇ ਕਿਹਾ ਕਿ ਅਜਿਹੇ ਮੌਕੇ ਪੰਜਾਬ ਦੀਆਂ ਸਮੂਹ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਔਰਤਾਂ ਸਮੇਤ ਜਨਤਕ, ਜਮਹੂਰੀ, ਅਗਾਂਹਵਧੂ ਚੇਤਨ ਜਥੇਬੰਦੀਆਂ ਅਤੇ ਬੁੱਧੀਜੀਵੀ ਵਰਗ ਨੂੰ ਇਕਜੁੱਟ ਹੋਣ ਦੀ ਲੋੜ ਹੈ ਤਾਂ ਜੋ ਕਿ ਮੋਦੀ ਸਰਕਾਰ ਵੱਲੋਂ ਜੰਗ ਰਾਹੀਂ ਅੰਧ ਰਾਸ਼ਟਰਵਾਦੀ, ਫਿਰਕੂ ਅਤੇ ਸਿਆਸੀ ਬਿਰਤਾਂਤ ਸਿਰਜਣ ਦੇ ਮਨਸੂਬਿਆਂ ਅਤੇ ਦੇਸ਼ ਨੂੰ ਆਰਥਿਕ ਗੁਲਾਮ ਬਣਾਉਣ ਵਾਲੇ ਮੁਕਤ ਵਪਾਰ ਸਮਝੌਤਿਆਂ ਦੇ ਵਿਰੁੱਧ ਆਮ ਲੋਕਾਂ ਨੂੰ ਚੇਤਨ ਕਰਨ ਦੇ ਨਾਲ ਨਾਲ ਦੋਵਾਂ ਦੇਸ਼ਾਂ ਦਰਮਿਆਨ ਅਮਨ ਸ਼ਾਂਤੀ ਬਹਾਲ ਕਰਵਾਉਣ ਲਈ ਜਥੇਬੰਦਕ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇ।

# ਸ਼ੈਰੀ ਕਲਸੀ ਨੇ ਅਣਸੁਖਾਵੀਂ ਘਟਨਾ ਨਾਲ ਨਿਪਟਣ ਲਈ ਕੀਤੇ ਅਗਾਊਂ ਪ੍ਰਬੰਧਾਂ ਦਾ ਲਿਆ ਜਾਇਜ਼ਾ

ਬਟਾਲਾ (ਤਰਲੋਕ ਬੱਗਾ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਹਿੰਦ-ਪਾਕਿ ਵਿੱਚ ਬਣੇ ਤਣਾਅਪੂਰਨ ਮਾਹੌਲ ਨੂੰ ਮੁੱਖ ਰੱਖਦਿਆਂ ਸਿਵਲ ਹਸਪਤਾਲ ਵਿੱਚ ਅਣਸੁਖਾਵੀਂ ਘਟਨਾ ਨਾਲ ਨਿਪਟਣ ਲਈ ਕੀਤੇ ਅਗਾਊਂ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਐਸ.ਐਮ.ਓ ਬਟਾਲਾ ਕੋਲੋਂ ਕੀਤੇ ਪ੍ਰਬੰਧਾਂ ਦੀ ਜਾਣਕਾਰੀ ਲਈ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਣਿਕ ਮਹਿਤਾ, ਐਸ.ਐਮ.ਓ ਡਾ. ਮਨਿੰਦਰਜੀਤ ਸਿੰਘ, ਹਨੀ ਚੌਹਾਨ ਤੇ ਟਰੱਸਟੀ ਸੰਨੀ ਮਸੀਹ ਵੀ ਮੌਜੂਦ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਅਣਸੁਖਾਵੀਂ ਘਟਨਾ ਨਾਲ ਨਿਪਟਣ ਲਈ ਉਹ ਸਿਵਲ ਹਸਪਤਾਲ ਵਿਖੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਹਨ। ਉਨ੍ਹਾਂ ਦੱਸਿਆ ਕਿ ਸਿਹਤ ਅਧਿਕਾਰੀਆਂ ਵਲੋਂ ਲੋੜੀਂਦੇ ਪ੍ਰਬੰਧ ਜਿਵੇਂ ਦਵਾਈਆਂ, ਐਮਰਜੈਂਸੀ ਵੇਲੇ ਲੋੜ ਪੈਣ 'ਤੇ ਰਾਖਵੇਂ ਬੈੱਡ, ਸਿਹਤ ਅਧਿਕਾਰੀਆਂ ਦੀਆਂ ਰਿਸਪਾਂਸ ਟੀਮਾਂ ਸਮੇਤ ਲੋੜੀਂਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਤਾਂ ਜੋ ਲੋੜ ਪੈਣ 'ਤੇ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਉਨ੍ਹਾਂ ਪ੍ਰਾਈਵੇਟ ਹਸਪਤਾਲਾਂ ਵਾਲਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਹੰਗਾਮੀ ਹਾਲਤ ਵਿੱਚ ਸਾਥ ਦੇਣ ਲਈ ਸਹਿਯੋਗ ਕਰਨ ਲਈ ਤਿਆਰ ਰਹਿਣ। ਪੱਤਰਕਾਰਾਂ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਹਰੇਕ ਤਰ੍ਹਾਂ ਦੇ ਸੰਭਾਵੀ ਪ੍ਰਬੰਧਾਂ ਲਈ ਬਿਲਕੁਲ ਤਿਆਰ ਹੈ ਅਤੇ ਡਾਕਟਰੀ ਸਹਾਇਤਾ ਦੇ ਨਾਲ ਨਾਲ ਹੋਰ ਲੋੜੀਂਦੇ ਪ੍ਰਬੰਧ ਵੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਅਜਿਹੇ ਮੌਕੇ ਉੱਤੇ ਕਾਲਾ ਬਾਜ਼ਾਰੀ ਅਤੇ ਜਮ੍ਹਾਂਖੋਰੀ ਕਰਨ ਵਾਲੇ ਕਾਰੋਬਾਰੀਆਂ ਉੱਤੇ ਤਿੱਖੀ ਨਜ਼ਰ ਰੱਖ ਰਹੀ ਹੈ ਅਤੇ ਜੋ ਵੀ ਇਸ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਪੱਤਰਕਾਰਾਂ ਵਲੋਂ



ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਸਾਇਰਨ ਦਾ ਮਤਲਬ ਤਰੁੰਤ ਸਾਵਧਾਨੀ ਵਰਤਣੀ ਹੈ। ਇਸ ਲਈ ਲੋਕ ਸਰਕਾਰ ਤੇ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ। ਵਿਧਾਇਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ 'ਤੇ ਫੈਲਣ ਵਾਲੀਆਂ ਗੁੰਮਰਾਹਕੁੰਨ ਅਫਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਰਕਾਰ ਵਲੋਂ ਸਮੇਂ ਸਮੇਂ 'ਤੇ ਲੋਕ ਹਿੱਤ ਵਿੱਚ ਜਾਰੀ ਹੋਣ ਵਾਲੀ ਅਡਵਾਈਜ਼ਰੀ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫਵਾਹ ਫੈਲਾਉਂਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਸ਼ੱਕੀ ਵਿਅਕਤੀ ਜਾਂ ਲਾਵਾਰਸ ਪਈ ਚੀਜ਼ ਦਿਖਾਈ ਦਿੰਦੀ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਨਾ ਕਿ ਉਸ ਨਾਲ ਆਪ ਛੇੜਖ਼ਾਨੀ ਕੀਤੀ ਜਾਵੇ।

# ਕਟਾਰੂ ਚੱਕ ਨੇ ਹਿੰਦ-ਪਾਕ ਸਰਹੱਦ ਦੇ ਨਾਲ ਲਗਦੇ ਪਿੰਡਾਂ ਦਾ ਕੀਤਾ ਦੌਰਾ

ਪਠਾਨਕੋਟ( ਦਵਿੰਦਰ ਸਿੰਘ )- ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵਿਧਾਨ ਸਭਾ ਹਲਕਾ ਭੋਆ ਹਿੰਦ-ਪਾਕ ਦੀ ਸਰਹੱਦ ਦੇ ਨਾਲ ਲਗਦੇ ਪਿੰਡ ਕੋਟਲੀ ਜਵਾਹਰ, ਦਨਵਾਲ, ਦੋਸਤਪੁਰ, ਮਨਵਾਲ ਅਤੇ ਜਨਿਆਲ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਡੋਰ ਟੂ ਡੋਰ ਪਿੰਡਾਂ ਦਾ ਦੌਰਾ ਕੀਤਾ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੰਦੀਪ ਕੁਮਾਰ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਜੋ ਕਿ ਹਮੇਸ਼ਾ ਹੀ ਸਾਡੇ ਦੇਸ਼ ਪ੍ਰਤੀ ਨਫਰਤ ਭਰੀ ਆਵਾਜ਼ ਬੁਲੰਦ ਕਰਦਾ ਹੈ ਅਤੇ ਨਫਰਤ ਦੀ ਭਾਵਨਾ ਨਾਲ ਹੀ ਹਰੇਕ ਗਤੀਵਿਧੀਆਂ ਕਰਦਾ ਹੈ। ਜਿਸ ਕਰਕੇ ਹਿੰਦ-ਪਾਕ ਸਰਹੱਦ ਦੇ ਨਾਲ ਲਗਦੇ ਸੂਬਿਆਂ ਅੰਦਰ ਜੋ ਸਥਿਤੀ ਪੈਦਾ ਹੋਈ ਹੈ ਉਸ ਤੋਂ ਸਾਰੇ ਜਾਣੂ ਹੀ ਹਨ।ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਉਹ ਲੋਕਾਂ ਨੂੰ ਇੱਕ ਹੀ ਅਪੀਲ ਕਰਦੇ ਹਨ ਕਿ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜੋ ਵਿਵਸਥਾ ਕੀਤੀ ਗਈ ਹੈ ਸਾਰੇ ਲੋਕ ਉਨ੍ਹਾਂ ਨਿਯਮਾਂ ਦੀ ਪਾਲਣਾ ਕਰੋ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਨਾਲ ਹੈ।ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਵੀ ਉਨ੍ਹਾਂ ਵੱਲੋਂ ਜ਼ਿਲ੍ਹਾ



ਗੁਰਦਾਸਪੁਰ ਦੇ ਕਲਾਨੌਰ ਖੇਤਰ ਦੇ ਵੱਖ ਵੱਖ ਖੇਤਰਾਂ ਅੰਦਰ ਵਿਸ਼ੇਸ਼ ਦੌਰੇ ਕਰਕੇ ਲੋਕਾਂ ਨਾਲ ਗੱਲਬਾਤ ਕੀਤੀ ਗਈ ਹੈ। ਅੱਜ ਵੀ ਉਨ੍ਹਾਂ ਵੱਲੋਂ ਕੋਟਲੀ ਜਵਾਹਰ, ਢੀਂਡਾ, ਦਨਵਾਲ, ਦੋਸਤਪੁਰ, ਮਨਵਾਲ ਅਤੇ ਜਨਿਆਲ ਦਾ ਦੌਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੇਰੀ ਲੋਕਾਂ ਨੂੰ ਅਪੀਲ ਹੈ ਕਿ ਸਾਡੇ ਕੋਲ ਕਿਸੇ ਤਰ੍ਹਾਂ ਦੀ ਕੋਈ ਘਾਟ ਨਹੀਂ, ਖਾਣ-ਪੀਣ ਦਾ ਸਮਾਨ, ਦਵਾਈਆਂ, ਤੇਲ, ਗੈਸ ਆਦਿ ਸਮਾਨ ਦੀ ਕੋਈ ਘਾਟ ਨਹੀਂ। ਉਨ੍ਹਾਂ ਕਿਹਾ ਕਿ ਸਾਡੇ ਵੀਰ ਸੈਨਿਕ ਸਾਡੀ ਸੁਰੱਖਿਆ ਲਈ ਦੇਸ਼ ਦੀਆਂ ਸਰਹੱਦਾਂ 'ਤੇ ਪਹਿਰੇਦਾਰ ਬਣ ਕੇ ਸਾਡੀ ਰੱਖਿਆ ਕਰ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੇ ਆਦੇਸ਼ਾਂ ਦੀ ਪਾਲਣਾ ਕੀਤੀ ਜਾਵੇ।

## ਨੌਜਵਾਨ ਭਾਰਤ ਸਭਾ ਵੱਲੋਂ ਸਰਹੱਦੀ ਹਮਲਿਆਂ 'ਤੇ ਡੂੰਘੀ ਚਿੰਤਾ ਜ਼ਾਹਰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਨੌਜਵਾਨ ਭਾਰਤ ਸਭਾ ਦੇ ਸੂਬਾ ਕਮੇਟੀ ਮੈਂਬਰ ਦਵਿੰਦਰ ਛਬੀਲਪੁਰ ਅਤੇ ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਰਹੱਦੀ ਹਮਲਿਆਂ ਦੇ ਪੱਧਰ ਤੱਕ ਵਧੇ ਤਣਾਅ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ। ਜੰਗ ਦੋਵੇਂ ਮੁਲਕਾਂ ਦੇ ਆਮ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹੈ। ਖਾਸ ਕਰਕੇ ਸਰਹੱਦੀ ਸੂਬਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਵਿਸ਼ੇਸ ਤੌਰ 'ਤੇ ਤਬਾਹਕੁੰਨ ਸਾਬਿਤ ਹੋਵੇਗੀ। ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਰਹੱਦ 'ਤੇ ਹਮਲੇ ਰੋਕਣੇ ਚਾਹੀਦੇ ਹਨ। ਭਰਾ ਮਾਰੂ ਜੰਗ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਮਸਲੇ ਨੂੰ ਗੰਭੀਰਤਾ ਅਤੇ ਸੰਜੀਦਗੀ ਨਾਲ ਹੱਲ ਕਰਨਾ ਚਾਹੀਦਾ ਹੈ । ਪਹਿਲਗਾਮ ਘਟਨਾ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਜਥੇਬੰਦੀ ਦੇ ਜ਼ਿਲ੍ਹਾ ਆਗੂ ਹਰਿੰਦਰ ਸੈਣੀਮਾਜਰਾ ਨੇ ਕਿਹਾ ਕਿ ਲੋਕਾਂ ਨੂੰ ਭਾਈਚਾਰਕ ਏਕਤਾ ਬਣਾਈ ਰੱਖਣੀ ਚਾਹੀਦੀ ਹੈ ਅਤੇ ਇਸ ਜੰਗ ਦਾ ਵਿਰੋਧ ਹਰ ਪਿੰਡ ਨੂੰ ਕਰਨਾ ਚਾਹੀਦਾ ਹੈ। ਨੌਜਵਾਨ ਭਾਰਤ ਸਭਾ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਬਹੁਤ ਸਾਰੇ ਪਿੰਡਾਂ ਵਿਚ ਇਸ ਨਿਹੱਕੀ ਜੰਗ ਖਿਲਾਫ ਰੋਸ਼ ਪ੍ਰਦਰਸ਼ਨ ਕੀਤੇ ਜਾਣਗੇ ਅਤੇ ਆਮ ਲੋਕਾਂ ਨੂੰ ਸ਼ਾਮਿਲ ਹੋਣ ਦੀ ਅਪੀਲ ਕੀਤੀ।

# ਕਿਸਾਨ ਜਥੇਬੰਦੀ ਔਖੀ ਘੜੀ 'ਚ ਦੇਸ਼ ਦੇ ਨਾਲ ਖੜ੍ਹੀ ਹੈ : ਕਿਸਾਨ ਆਗੂ ਸ਼ਕਰੀ

ਚੋਹਲਾ ਸਾਹਿਬ (ਰਮਨ ਚੱਢਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲਾ ਤਰਨ ਤਾਰਨ ਦੀ ਇੱਕ ਬਹੁਤ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਵਿੱਚ ਪਿੰਡ ਪਿੱਦੀ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਜਿੰਦਰ ਸਿੰਘ ਸ਼ਕਰੀ ਅਤੇ ਜਰਨੈਲ ਸਿੰਘ ਨੂਰਦੀ ਨੇ ਕਿਹਾ ਕਿ ਅੱਜ ਦੀ ਮੀਟਿੰਗ ਪਿਛਲੇ ਸਮੇਂ ਹੋਏ ਸੰਘਰਸ਼ਾਂ ਦਾ ਲੇਖਾ ਜੋਖਾ ਕਰਨ ਵਾਸਤੇ ਅਤੇ ਆਉਣ ਵਾਲੇ ਦਿਨਾਂ ਵਿੱਚ ਕੀਤੇ ਜਾਣ ਵਾਲੇ ਹੋਰ ਸੰਘਰਸ਼ਾਂ ਦੀ ਰੂਪ-ਰੇਖਾ ਤਿਆਰ ਕਰਨ ਵਾਸਤੇ ਕੀਤੀ ਗਈ ਹੈ। ਕਿਸਾਨ ਆਗੂ ਜ਼ਿਲ੍ਹਾ ਮੀਤ ਪ੍ਰਧਾਨ ਰੇਸ਼ਮ ਸਿੰਘ ਘੁਰਕਵਿੰਡ, ਫਤਿਹ ਸਿੰਘ ਪਿੱਦੀ, ਹਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਨੇ ਕਿਹਾ ਕਿ 7 ਮਈ ਨੂੰ ਜੋ ਦੇਵੀਦਾਸਪੁਰਾ ਵਿਖੇ ਰੇਲ ਰੋਕਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ ਅਤੇ ਰੇਲਵੇ ਟਰੈਕ ਉੱਪਰ ਹਜ਼ਾਰਾਂ ਕਿਸਾਨ ਇਕੱਠੇ ਹੋ ਗਏ ਸਨ, ਉਸ ਸਮੇਂ ਡੀ ਆਈ ਜੀ ਬਾਰਡਰ ਰੇਂਜ ਨੇ ਮੁੱਖ ਮੰਤਰੀ ਪੰਜਾਬ ਵੱਲੋਂ ਇਹ ਯਕੀਨ ਦਿਵਾਇਆ ਸੀ ਕਿ ਹੁਣ ਜੰਗ ਦਾ ਮਾਹੌਲ ਬਣ ਰਿਹਾ ਹੈ। ਤੁਸੀਂ ਇਹ ਰੇਲਾਂ ਨਾ ਰੋਕੋ ਕਿਉਂਕਿ ਇਸ ਮਾਹੌਲ ਵਿੱਚ ਇਧਰ ਉਧਰ ਜਾਣ ਵਾਲੀ ਸਵਾਰੀ ਨੂੰ ਕੋਈ ਦਿੱਕਤ ਪੇਸ਼ ਨਾ ਆਵੇ। ਡੀ ਆਈ ਜੀ ਨੇ ਇਸ ਗੱਲ ਦਾ ਯਕੀਨ ਦਿਵਾਇਆ ਸੀ ਕਿ ਆਉਣ ਵਾਲੇ 45 ਦਿਨਾਂ ਦੇ ਅੰਦਰ ਅੰਦਰ ਤੁਹਾਡੀਆਂ ਜੋ ਮੰਗਾਂ ਕਿ ਜੋ ਇਹ ਨੈਸ਼ਨਲ ਹਾਈਵੇ ਬਣ ਰਿਹਾ ਹੈ ਉਸ ਵਿੱਚ ਆਉਣ ਵਾਲੀਆਂ ਜ਼ਮੀਨਾਂ ਦਾ ਪੂਰਾ ਪੂਰਾ ਮੁਆਵਜ਼ਾ ਦੇ ਕੇ ਫਿਰ ਹੀ ਕਿਸਾਨਾਂ



ਦੀਆਂ ਜ਼ਮੀਨਾਂ ਦਾ ਕਬਜ਼ਾ ਲਿਆ ਜਾਵੇਗਾ। ਹੋਰ ਵੀ ਇਸ ਤਰ੍ਹਾਂ ਦੀਆਂ ਜੋ ਕਿਸਾਨਾਂ ਦੀਆਂ ਮੰਗਾਂ ਹਨ ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਗੱਲ ਕਰਕੇ ਆਉਣ ਵਾਲੇ 45 ਦਿਨਾਂ ਵਿੱਚ ਹੱਲ ਕਰਵਾਈਆਂ ਜਾਣਗੀਆਂ। ਕਿਸਾਨ ਆਗੂਆਂ ਨੇ ਅੱਗੇ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਪ੍ਰਸ਼ਾਸਨ ਅਤੇ ਸਰਕਾਰ ਆਪਣੇ ਕੀਤੇ ਵਾਅਦੇ ਤੋਂ ਮੁੱਕਰ ਰਹੀ ਹੈ। ਇਸ ਤੋਂ ਅੱਗੇ ਕਿਸਾਨ ਆਗੂ ਬੀਬੀਆਂ ਬੀਬੀ ਰਣਜੀਤ ਕੌਰ ਕੱਲਾ ਅਤੇ ਬੀਬੀ ਦਵਿੰਦਰ ਕੌਰ ਪਿੱਦੀ, ਬੀਬੀ ਉਪਜੀਤ ਕੌਰ ਝਬਾਲ ਨੇ ਕਿਹਾ ਕਿ ਪਿਛਲੇ ਦਿਨੀਂ ਪਹਿਲਗਾਮ ਵਿਖੇ ਜੋ ਵੀ ਘਟਨਾ ਵਾਪਰੀ ਹੈ ਸਾਨੂੰ ਉਸ ਦਾ ਬਹੁਤ ਹੀ ਦੁੱਖ ਹੈ । ਉਸ ਘਟਨਾ ਵਿੱਚ ਮਰਨ ਵਾਲੇ ਸਾਰੇ ਪਰਵਾਰਾਂ ਨਾਲ ਸਾਡੀ ਦਿੱਲੀ ਹਮਦਰਦੀ ਹੈ। ਜਿਸ ਕਿਸੇ ਨੇ ਵੀ ਇਹ ਕਾਰਾ ਕੀਤਾ ਹੈ, ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਇਸ ਤੋਂ ਅੱਗੇ ਆਗੂਆਂ ਨੇ ਕਿਹਾ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਜੰਗ ਨਾਲ ਸਾਡੇ ਦੇਸ਼ ਨੂੰ ਬਹੁਤ ਨੁਕਸਾਨ ਹੋਵੇਗਾ ਅਤੇ ਅਸੀਂ 20 ਸਾਲ ਪਿੱਛੇ ਚਲੇ ਜਾਵਾਂਗੇ। ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਵੇਗਾ। ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਦੁਗਲਵਾਲਾ, ਮੁਖਤਾਰ ਸਿੰਘ ਬਿਹਾਰੀਪੁਰ, ਗੁਰਭੇਜ ਸਿੰਘ ਧਾਰੀਵਾਲ, ਦਿਲਬਾਗ ਸਿੰਘ ਪਹੂਵਿੰਡ, ਆਤਮਾ ਸਿੰਘ ਘਰਿਆਲੀ, ਮਨਜਿੰਦਰ ਸਿੰਘ ਗੋਹਲਵੜ, ਸਲਵਿੰਦਰ ਸਿੰਘ ਜੀਉਬਾਲਾ, ਨਿਸ਼ਾਨ ਸਿੰਘ ਘੁਵਾੜਕਾ,ਬਲਜੀਤ ਸਿੰਘ ਝਬਾਲ, ਕੁਲਵੰਤ ਸਿੰਘ ਢੋਟੀਆਂ, ਬਲਦੇਵ ਸਿੰਘ ਮੁੰਡਾਪਿੰਡ, ਕੁਲਵੰਤ ਸਿੰਘ ਭੈਲ, ਇਕਬਾਲ ਸਿੰਘ ਵੜਿੰਗ, ਰਾਜਪਾਲ ਸਿੰਘ ਅਤੇ ਹੋਰ ਬਹੁਤ ਸਾਰੇ ਆਗੂ ਸ਼ਾਮਿਲ ਹੋਏ।

# ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਅਲੌਕਿਕ ਨਗਰ ਕੀਰਤਨ ਸਜਾਏ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ 546ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਅਲੌਕਿਕ ਨਗਰ ਕੀਰਤਨ ਸਜਾਏ ਗਏ। ਇਸ ਅਵਸਰ 'ਤੇ ਗੁਰਦੁਆਰਾ ਸਾਹਿਬ ਵਿਖੇ ਹੈਡ ਗ੍ਰੰਥੀ ਭਾਈ ਗੁਰਮੁਖ ਸਿੰਘ ਵੱਲੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਆਰੰਭਤਾ ਹੋਈ ।ਇਸ ਮੌਕੇ ਮੈਨੇਜਰ ਗੁਰਾ ਸਿੰਘ ਮਾਨ, ਨਿਰਮਲ ਸਿੰਘ ਕਾਹਲਵਾਂ, ਸਰਬਜੀਤ ਸਿੰਘ ਮੁੰਡਾਪਿੰਡ ਦੋਵੇਂ ਅਡੀਸ਼ਨਲ ਮੈਨੇਜਰ ਵੱਲੋਂ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਗਤਾਂ ਸਮੇਤ ਨਗਰ ਕੀਰਤਨ ਦੀ ਹਾਜ਼ਰੀ ਭਰ ਰਹੇ ਸਰਪੰਚ ਨਿਰਮਲ ਸਿੰਘ ਢੋਟੀ ਅਤੇ ਸਮੁੱਚੀ ਪੰਚਾਇਤ, ਕੁਲਦੀਪ ਸਿੰਘ ਔਲਖ, ਸਾਬਕਾ ਸਰਪੰਚ ਕੁਲਦੀਪ ਸਿੰਘ ਲਹੌਰੀਆ ਨੂੰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਨਗਰ ਦੀ ਪ੍ਰਕਰਮਾ ਲਈ ਰਵਾਨਾ ਹੋਇਆ। ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਏ ਨਗਰ ਕੀਰਤਨ ਦਾ ਸੰਗਤ ਵੱਲੋਂ ਵੱਖ-ਵੱਖ ਪੜਾਵਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ । ਇਸ ਉਪਰੰਤ ਨਗਰ ਕੀਰਤਨ



ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਚੁਬਾਰਾ ਸਾਹਿਬ ਵਿਖੇ ਸਮਾਪਤ ਹੋਇਆ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁੰਦਰ ਸਜਾਵਟ ਦੇ ਨਾਲ ਨਾਲ ਦੀਪਮਾਲਾ ਕੀਤੀ ਗਈ। ਮੈਨੇਜਰ ਗੁਰਾ ਸਿੰਘ ਮਾਨ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਅਕਾਊਂਟੈਂਟ ਸੁਖਦੇਵ ਸਿੰਘ, ਪਰਮਜੀਤ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਸਤਬੀਰ ਸਿੰਘ ਧੂੰਦਾ, ਹੀਰਾ ਸਿੰਘ, ਗੁਰਦੇਵ ਸਿੰਘ ਘੜਕਾ, ਜੈਮਲ ਸਿੰਘ ਆਦਿ ਹਾਜ਼ਰ ਸਨ।

## ਵਾਈਸ-ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸਹਾਇਤਾ ਤੇ ਸੁਰੱਖਿਆ ਦਾ ਭਰੋਸਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਅੱਜ ਆਪ ਯੂਨੀਵਰਸਿਟੀ ਦੇ ਸਾਰੇ ਹੋਸਟਲਾਂ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ।ਆਪਣੀ ਫੇਰੀ ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਭਰੋਸਾ ਦਿਵਾਇਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਈਚਾਰਾ ਇਕ ਵੱਡੇ ਪਰਵਾਰ ਦੀ ਤਰ੍ਹਾਂ ਹੈ ਅਤੇ ਉਹ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਉਨ੍ਹਾਂ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਸੁਣਦਿਆਂ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਦਿੱਤੀ ਕਿ ਯੂਨੀਵਰਸਿਟੀ ਵਿਚ ਰਹਿੰਦਿਆਂ ਉਨ੍ਹਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਯੂਨੀਵਰਸਿਟੀ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਵਿਦਿਆਰਥੀ ਨੂੰ ਸ਼ਾਂਤ ਰਹਿਣ, ਚੌਕਸੀ ਵਰਤਣ ਅਤੇ ਅਫਵਾਹਾਂ ਤੋਂ ਬਚਣ ਦੀ ਸਲਾਹ ਦਿੰਦਿਆਂ ਸਰਕਾਰ ਵੱਲੋਂ ਸਮੇਂ ਸਮੇਂ ਦਿੱਤੇ ਜਾਂਦੇ ਸੁਰੱਖਿਆ ਨਿਯਮਾਂ ਨੂੰ ਮੰਨਣ ਦੀ ਤਾਕੀਦ ਕੀਤੀ।ਵਾਈਸ-ਚਾਂਸਲਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਯੂਨੀਵਰਸਿਟੀ ਨੇ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਚੱਲ ਰਹੀਆਂ ਪ੍ਰੀਖਿਆਵਾਂ ਪਹਿਲਾਂ ਹੀ ਮੁਲਤਵੀ ਕਰ ਦਿੱਤੀਆਂ ਹਨ ਅਤੇ ਨਵੀਆਂ ਮਿਤੀਆਂ ਦਾ ਐਲਾਨ ਸਮਾਂ ਆਉਣ 'ਤੇ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਕਿਸੇ ਵੇਲੇ ਵੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਨ੍ਹਾਂ ਦੀ ਸਹਾਇਤਾ ਯੂਨੀਵਰਸਿਟੀ ਟੀਮ ਹਮੇਸ਼ਾ ਹਾਜ਼ਰ ਹੈ।

# ਬਾਰਡਰ 'ਤੇ ਵੱਸਦੇ ਪਿੰਡਾਂ ਦੀ ਵਿਸ਼ੇਸ਼ ਮੀਟਿੰਗ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਭਾਰਤ - ਪਾਕਿ ਜੰਗ ਦੇ ਮਹੌਲ ਵਿੱਚ ਬਾਰਡਰ 'ਤੇ ਵੱਸਦੇ ਪਿੰਡਾਂ ਦੀ ਵਿਸ਼ੇਸ਼ ਮੀਟਿੰਗ ਮਨਜੀਤ ਸਿੰਘ ਰਾਏਪੁਰ ਕਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿੱਥੇ ਜ਼ੋਰਦਾਰ ਅਵਾਜ਼ ਉਠਾਈ ਕਿ ਲੋਕਾਂ ਨੂੰ ਜੰਗ ਨਹੀਂ, ਅਮਨ ਚਾਹੀਦਾ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਐਸ ਕੇ ਐਮ ਦੇ ਪ੍ਰਮੁੱਖ ਆਗੂ ਤੇ ਜਮੂਹਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਮੀਟਿੰਗ ਵਿੱਚ ਦੱਸਿਆ ਕਿ ਇੱਕ ਬੰਨੇ ਬਾਰਡਰ ਦੇ ਲੋਕ ਜੰਗ ਦੇ ਸਹਿਮ ਕਾਰਨ ਗਹਿਰੇ ਸਦਮੇ ਵਿਚ ਹਨ ਦੂਸਰੇ ਬੰਨੇ ਸਰਹੱਦੀ ਪਿੰਡਾਂ ਦੇ ਆਬਾਦਕਾਰਾਂ ਦੀਆਂ ਜ਼ਮੀਨਾਂ ਪੰਜਾਬ ਸਰਕਾਰ ਵੱਲੋਂ ਜਬਰੀ ਖੋਹਣ ਲਈ ਆਬਾਦਕਾਰਾਂ ਉੱਪਰ ਅਦਾਲਤਾਂ ਵਿੱਚ ਝੂਠੇ ਕੇਸ ਬਣਾ ਕੇ ਉਹਨਾਂ ਨੂੰ ਸੰਮਨ ਭੇਜੇ ਜਾ ਰਹੇ ਹਨ, ਜਿਸ ਦਾ ਕਿਸਾਨ ਸਭਾ ਜ਼ੋਰਦਾਰ ਵਿਰੋਧ ਕਰਦੀ ਹੈ। ਡਾ. ਸਤਨਾਮ ਸਿੰਘ ਅਜਨਾਲਾ ਨੇ ਅੱਗੇ ਦੱਸਿਆ ਕਿ ਪਹਿਲਾਂ ਵੀ ਸਮੇਂ ਸਮੇਂ 'ਤੇ ਬਾਰਡਰ 'ਤੇ ਵੱਸਦੇ ਕੋਈ 44 ਪਿੰਡਾਂ ਦੀ 10686 ਏਕੜ ਜ਼ਮੀਨ ਹਥਿਆਉਣ ਦੀ ਸਰਕਾਰ ਵੱਲੋਂ ਨਾਕਾਮ ਕੋਸ਼ਿਸ਼ ਹੁੰਦੀ ਰਹੀ ਹੈ ਜਦ ਕਿ ਇਹ ਜ਼ਮੀਨ ਅਜ਼ਾਦੀ ਤੋਂ ਉਪਰੰਤ ਬੇ ਆਬਾਦ ਜ਼ਮੀਨ ਨੂੰ ਪੁੱਟ ਕੇ ਲਹੂ ਪਸੀਨੇ ਦੀ ਕਮਾਈ ਲਗਾ ਕੇ ਆਬਾਦ ਕੀਤਾ ਹੈ। ਇਹ ਜ਼ਮੀਨ ਅਬਾਦਕਾਰਾਂ ਦੇ ਨਾਂਅ ਪੱਕੀ ਕੀਤੀ ਜਾਵੇ। ਡਾ. ਅਜਨਾਲਾ ਨੇ ਕਿਹਾ ਕਿ ਸਰਹੱਦ 'ਤੇ ਵੱਸਦੇ ਅਜਿਹੇ ਅਬਾਦਕਾਰ ਸਾਡੇ ਦੇਸ਼ ਦੀ ਦੂਸਰੀ ਸੁਰੱਖਿਆ ਲਾਈਨ ਹੈ। ਡਾ. ਅਜਨਾਲਾ ਨੇ ਅੱਗੇ ਕਿਹਾ ਕਿ ਜੰਗ, ਲਾਠੀ, ਗੋਲੀ ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ ਕਰਦੀ ਸਗੋਂ ਲੋਕਾਂ ਦੇ ਦੁੱਖਾਂ ਦਰਦਾਂ ਵਿੱਚ ਵਾਧਾ ਕਰਦੀ ਹੈ। ਅਜਿਹੀਆਂ ਜੰਗਾਂ ਦੇ ਬੱਦਲਾਂ ਉਹਲੇ ਅਮਰੀਕਾ ਸਮੇਤ ਸਾਮਰਾਜੀ ਕਾਰਪੋਰੇਟ ਘਰਾਣੇ ਸਾਡੇ ਮੁਲਕ ਦੇ ਅਣਮੋਲ ਸੋਮਿਆਂ ਸਮੇਤ ਜ਼ਮੀਨ ਦੀ ਲੁੱਟ ਕਰਦੇ ਹਨ ਅਤੇ ਆਪਣਾ ਜੰਗੀ ਸਮਾਨ ਮਹਿੰਗੇ ਭਾਅ 'ਤੇ ਵੇਚਦੇ ਹਨ, ਜਿਸ ਦੀ ਤਾਜ਼ਾ ਮਿਸਾਲ ਹੈ ਕਿ ਇਸੇ ਜੰਗ ਦੀ ਆੜ ਹੇਠ ਭਾਰਤ ਨੇ ਫਰਾਂਸ ਕੋਲੋਂ 26 ਜੰਗੀ ਰਾਫੇਲ ਜਹਾਜ਼ 64 ਹਜ਼ਾਰ



ਕਰੋੜ ਰੁਪਏ ਦੇ ਖ਼ਰੀਦਣ ਦਾ ਸੌਦਾ ਕੀਤਾ ਹੈ। ਮੀਟਿੰਗ ਵਿੱਚ ਜ਼ੋਰਦਾਰ ਅਵਾਜ਼ ਉਠਾਈ ਕਿ ਆਪਸੀ ਭਾਈਚਾਰਕ ਸਾਂਝ ਬਣਾਈ ਰੱਖੋ ਅਤੇ ਜੰਗੀ ਮਹੌਲ ਬਣਾਉਣ ਵਾਲੀਆਂ ਤਾਕਤਾਂ ਨੂੰ ਸਮਾਜ ਵਿੱਚੋਂ ਨਿਖੇੜੋ । ਮੀਟਿੰਗ ਵਿੱਚ ਅਮਨ ਕਾਇਮ ਰੱਖਣ ਲਈ ਇੱਕ ਸਾਥੀ ਵੱਲੋਂ ਅਮਰਜੀਤ ਗੁਰਦਾਸਪੁਰੀ ਦਾ ਗੀਤ ਗਾਇਆ ਕਿ ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ ਨਾਲ ਮੀਟਿੰਗ ਸਮਾਪਤ ਹੋਈ। ਹੋਰਨਾਂ ਤੋਂ ਇਲਾਵਾ ਮੀਟਿੰਗ ਵਿੱਚ ਮਨਜੀਤ ਸਿੰਘ ਰਾਏਪੁਰ ਕਲਾਂ, ਰਣਜੀਤ ਸਿੰਘ ਕੋਟਲੀ, ਬਲਦੇਵ ਸਿੰਘ ਰਾਏਪੁਰ ਕਲਾਂ, ਜੋਬਨਜੀਤ ਸਿੰਘ ਕੋਟਲੀ ਕੋਕਾ, ਰਾਜਬੀਰ ਸਿੰਘ ਅਤੇ ਹਰਨੇਕ ਸਿੰਘ ਨੇਪਾਲ ਆਦਿ ਨੇ ਵੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸਾਨੂੰ ਜੰਗ ਨਹੀਂ ਅਮਨ ਦੀ ਲੋੜ ਹੈ। ਜੰਗਾਂ ਹਮੇਸ਼ਾ ਦੇਸ਼ ਨੂੰ ਤਬਾਹ ਕਰਦੀਆਂ, ਮਹਿੰਗਾਈ- ਕਾਲਾਬਾਜ਼ਾਰੀ, ਭ੍ਰਿਸ਼ਟਾਚਾਰ ਅਤੇ ਆਪਸੀ ਸਾਂਝ ਨੂੰ ਤੋੜਦੀਆਂ ਹਨ।

# ਪਾਕਿਸਤਾਨ ਦਾ ਪੁਤਲਾ ਸਾੜਿਆ



ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਦਹਿਸ਼ਤਗਰਦਾਂ ਵੱਲੋਂ ਪਹਿਲਗਾਮ ਵਿਖੇ ਕੀਤੀ ਗਈ ਘਟਨਾ ਦੇ ਵਿਰੋਧ ਵਿੱਚ ਅੱਜ ਸਿੱਖ ਕਮਿਊਨਿਟੀ ਨੇ ਅੰਮ੍ਰਿਤਸਰ ਵਿਖੇ ਪਾਕਿਸਤਾਨ ਦੇ ਫੌਜ ਮੁਖੀ ਆਸਿਫ਼ ਮੁਨੀਰ ਅਤੇ ਪਾਕਿਸਤਾਨ ਦਾ ਝੰਡਾ ਸਾੜਦਿਆਂ ਹੋਇਆਂ ਹਾਲ ਗੇਟ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਦੌਰਾਨ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਪਾਕਿਸਤਾਨ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਸਮੇਂ ਉਹਨਾਂ ਕਿਹਾ ਕਿ ਸਿੱਖ ਹਮੇਸ਼ਾ ਦੇਸ਼ ਦੀ ਰੱਖਿਆ ਲਈ ਢਾਲ ਬਣ ਕੇ ਖੜ੍ਹਦੇ ਰਹੇ ਹਨ। ਉਹਨਾਂ ਕਿਹਾ ਕਿ ਪਾਕਿਸਤਾਨ ਸੋਸ਼ਲ ਮੀਡੀਆ 'ਤੇ ਝੂਠੇ ਬਿਆਨ ਫੈਲਾ ਰਿਹਾ ਹੈ, ਜਦੋਂ ਕਿ ਭਾਰਤ ਇਸ ਸਮੇਂ ਇਕਜੁੱਟ ਹੈ। ਔਜਲਾ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਹਰ ਸ਼ਹਿਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਨਾਲ ਹੀ ਸਿੱਖਾਂ ਵਿਰੁੱਧ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਪਰ ਪਾਕਿਸਤਾਨ ਨੇ ਗੁਰਦੁਆਰਿਆਂ ਅਤੇ ਮੰਦਰਾਂ 'ਤੇ ਹਮਲੇ ਕੀਤੇ। ਪਾਕਿਸਤਾਨ ਅੱਤਵਾਦ ਨੂੰ ਪਨਾਹ ਦਿੰਦਾ ਹੈ ਜਦੋਂ ਕਿ ਭਾਰਤ ਨੇ ਕਦੇ ਵੀ ਕੋਈ ਅੱਤਵਾਦੀ ਪਾਕਿਸਤਾਨ ਨਹੀਂ ਭੇਜਿਆ।

**Court Notice**

(U/o 5 Rule 20 CPC)
In the Court of
Sh. Vineet Kumar Narang
Additional Principal Judge
Family Court-II Jalandhar
CNR No. PBJL01-003140-2024
Next Date :- 23-05-2025
Bharti Sharma D/o Darshan Kumar at Present R/o H.No. 13, Major Bindra Enclave, V.P.O. Dhina, Jalandhar Cantt.
Vs.
(1) Amit Sharma S/o Z.R. Moudgil R/o H.No. 1537, Street No. 5, Joginder Nagar, Rama Mandi, Jalandhar (2) General Public
Petition Under Guardian and Ward Act.
Publication Issued to : General Public, General Public
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 23.05.2025 at 10:00 A.M.
For details logon to https://highcourtchd.gov.in/?mod=district_notice& district= Jalandhar
Additional Principal Judge
Family Court-II Jalandhar
Dated this day of 09-05-2025

## ਖੇਲੋ ਇੰਡੀਆ ਯੂਥ ਗੇਮਜ਼ 'ਚ ਜਿੱਤੇ ਅੱਠ ਕਾਂਸੀ ਤੇ ਇੱਕ ਚਾਂਦੀ ਦਾ ਮੈਡਲ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਪਿਛਲੇ ਦਿਨੀਂ ਖੇਲੋ ਇੰਡੀਆ ਯੂਥ ਗੇਮਜ਼ 2025 ਬਿਹਾਰ ਦੀ ਵਿਚ ਕਰਵਾਈਆਂ ਗਈਆਂ । ਗਤਕਾ ਪ੍ਰਮੋਟਰ ਸਚਨਾਮ ਸਿੰਘ ਨੇ ਦੱਸਿਆ ਕਿ ਇਸ ਵਿਚ ਗਤਕਾ ਐਸ਼ੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਗਤਕਾ ਐਸ਼ੋਸੀਏਸ਼ਨ ਦੇ ਜਨਰਲ ਸਕੱਤਰ ਤੇ ਗਤਕਾ ਕੋਚ ਬਲਰਾਜ ਸਿੰਘ ਪੁੱਤਰ ਹੀਰਾ ਸਿੰਘ ਨੇ ਬਿਹਾਰ ਦੀ ਗਤਕਾ ਟੀਮ ਨੂੰ ਕੋਚਿੰਗ ਦਿੱਤੀ। ਉਨ੍ਹਾਂ ਵਲੋਂ ਕਰਵਾਈ ਗਈ ਮਿਹਨਤ ਦੇ ਚਲਦਿਆਂ ਬਿਹਾਰ ਦੀ ਗਤਕਾ ਟੀਮ ਨੇ ਅੱਠ ਕਾਂਸੀ ਤੇ ਇਕ ਚਾਂਦੀ ਦਾ ਮੈਡਲ ਜਿੱਤਿਆ ਅਤੇ ਓਵਰਆਲ ਤੀਸਰਾ ਸਥਾਨ ਹਾਸਲ ਕੀਤਾ, ਜੋ ਕਿ ਬਿਹਾਰ ਲਈ ਬਹੁਤ ਹੀ ਵੱਡੀ ਉਪਲਬਧੀ ਹੈ।

**ਉੱਤਰ ਰੇਲਵੇ**
**ਈ-ਨੀਲਾਮੀ ਸੂਚਨਾ**
ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:
ਨੀਲਾਮੀ ਸੂਚੀ ਨੰ. : EAFZR-SLR25-69
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ:27/05/2025 ਨੂੰ 11:00 Hrs.
ਕੰਮ ਦਾ ਨਾਮ: ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ / ਐਸਐਲਆਰ ਕੰਪਾਰਟਮੈਂਟ):14630/R1, 14633/F1, 22552/F1, 12014/F1, 14633/F2, 14631/R1 & 12204/F1.
ਨੀਲਾਮੀ ਸੂਚੀ ਨੰ. : EAFZR-SCANNER-19
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 27/05/2025 ਨੂੰ 11:00 ਵਜੇ
ਕੰਮ ਦਾ ਨਾਮ : ਫਿਰੋਜ਼ਪੁਰ ਕੈਂਟ, ਜਲੰਧਰ ਕੈਂਟ, ਲੁਧਿਆਣਾ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਸਾਰੇ ਆਉਟਗੋਇੰਗ ਪਾਰਸਲਾਂ ਦੀ ਸਕੈਨਿੰਗ ਦੇ ਲਈ ਪਾਰਸਲ ਸਕੈਨਰ ਮਸ਼ੀਨ ਦੇ ਪ੍ਰਾਵਧਾਨ ਦੇ ਕੰਮ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।
ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਕਰਕੇ ਦੀ ਵੈਬਸਾਈਟ www.ireps.gov.in 'ਤੇ ਜਾਓ। 1393/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**AXIS BANK LTD.**
ਕਾਰਪੋਰੇਟ ਦਫ਼ਤਰ : 'ਐਕਸਿਸ ਹਾਊਸ', ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੁਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025. ਸ਼ਾਖਾ ਦਫ਼ਤਰ : ਐਕਸਿਸ ਬੈਂਕ ਲਿਮ., ਦੂਜੀ ਮੰਜ਼ਿਲ, ਜਾਇਦਾਦ ਨੰ 7-ਈ, ਮਿਊਂਸਪਲ 3903/1142/16, ਮਾਲਟਰ ਰੋਡ, ਜਗਰਾਓਂ ਨਗਰ, ਲੁਧਿਆਣਾ-141001
ਰਜਿਸਟਰਡ ਦਫ਼ਤਰ : 'ਤ੍ਰਿਸ਼ੂਲ', ਤੀਜੀ ਮੰਜ਼ਿਲ, ਸਮਰਥੇਸ਼ਵਰ ਮੰਦਰ ਦੇ ਸਾਹਮਣੇ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006
**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**
ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰਕਰਤਾ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਵਜੋਂ ਸਿਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ... ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ... ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ... ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ... ਨੇ ਦਰਸਾਏ ਐਕਟ ਦੇ ਨਿਯਮ 9 ਨਾਲ ... ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ... ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ... ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ... ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ... ਕਰਜ਼ਦਾਰ ਦਾ ਸੁਰੱਖਿਅਤ ਐਸੈਟਸ ਦੇ ... ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਦਾ ਨਾਮ/ਪਤਾ | ਡਿਮਾਂਡ ਨੋਟਿਸ ਦੀ ਮਿਤੀ | ਐਨ ਪੀ ਏ ਦੀ ਮਿਤੀ |
| --- | --- | --- |
| 1. ਮੈਸ : ਗਾਬਾ ਫੈਸ਼ਨਜ਼ ਰਾਹੀਂ ਇਸ ਦੇ ਮਾਲਕ (ਸ੍ਰੀ ਜਤਿੰਦਰ ਗਾਬਾ) ਪਿੰਡ ਤੇ ਡਾਕਖਾਨਾ ਔੜ ਸਾਹਮਣੇ ਪੀ ਐੱਨ ਬੀ ਬੈਂਕ ... ਐੱਸ ਨਗਰ, ਪੰਜਾਬ-144417 (2) ਸ੍ਰੀ ਜਤਿੰਦਰ ਗਾਬਾ ਪੁੱਤਰ ਕਲਿਆਣ ... ਸ਼ਹਿਰ, ਪੰਜਾਬ-144517 (3) ਸ੍ਰੀ ਕਲਿਆਣ ਦਾਸ ਪੁੱਤਰ ਸੂਰਤ ਰਾਮ ... ਪੰਜਾਬ-144517 | 24 ਫਰਵਰੀ 2025 | 23 ਫਰਵਰੀ 2025 |
| | ਕਬਜ਼ੇ ਦੀ ਮਿਤੀ 07 ਮਈ 2025 | ਬਕਾਇਆ ਰਾਸ਼ੀ (ਰੁਪਏ 44,01,395.90/-) |

ਅਚੱਲ ਜਾਇਦਾਦਾਂ ਦਾ ਵੇਰਵਾ : ... ਪੁੱਤਰ ਸੂਰਤ ਰਾਮ ਦੇ ਨਾਂਅ 'ਤੇ ... ਵਸੀਕਾ ਨੰ. 367 ਮਿਤੀ 07.05.2015 ... 3) ਖੱਤਾ ਨੰ. 343/430, ... ਨਾਲ ਸੰਬੰਧਤ ਸਭ ਕੁਝ ਦਾ ਉਹ ... ਮਕਾਨ, ਦੱਖਣ : ਸੜਕ, ਪੂਰਬ ...
ਮਿਤੀ : 11.05.2025 ਸਥਾਨ : ਨਵਾਂ ਸ਼ਹਿਰ ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

## ਕਲਾਸੀਫਾਈਡ ਇਸ਼ਤਿਹਾਰ

### ਬੇਦਖ਼ਲੀ ਨੋਟਿਸ

ਮੈਂ ਸੁਰਜੀਤ ਕੁਮਾਰੀ ਵਿਧਵਾ ਦੂਨੀ ਚੰਦ ਵਾਸੀ ਪਿੰਡ ਰਈਆ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਮਨਿੰਦਰ ਸਿੰਘ ਅਤੇ ਨੂੰਹ ਨਿਸ਼ਾ ਧੀਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਬੇਦਖ਼ਲੀ ਨੋਟਿਸ

ਮੈਂ, ਜਸਵਿੰਦਰ ਕੌਰ ਪੁੱਤਰੀ ਮਨਜੀਤ ਸਿੰਘ ... ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### CHANGE OF NAME

I, Mandeep Singh S/o Darshan Singh R/o Villag Othian PO Vallah District Amritsar have changed my name from Mandeep Singh to Mandeep Singh Dhanju

I Gagandip Singh son of Malwinder Singh r/o Vill Bhathal Bhai Ke Tarn Taran have changed the name of my minor daughter from Anhad Kaur to Given name Anhad Surname Kaur

I, Soumya Kant Mahey S/O Rohit Mahey R/O Dronningborgvej 31. 2770 Kastrup Copenhagen Denmark Have Changed My Name From Soumya Kant Mahey To Samy Mahey.

I, Surinder Kaur W/o Sabi Kumar R/o Mohalla Singhpura, Urmar, Tehsil Tanda, District Hoshiarpur, Punjab have changed my name from Rani to Surinder Kaur. Concerned Note.

I,Rakshita D/O Vijay Kumar R/O Kothi No.566, B-Block,Ranjit Avenue, Ajnala Road, Amritsar, Punjab have changed my name from Rakshita to Rakshita Kashyap.Concerned note.

I,Sukhbir Singh Johal S/O Subha Singh R/O 215,Preet Vihar,Chheharta,Amritsar,Punjab have changed my name from Sukhbir Singh Johal to Sukhbir Singh.Concerned note.

### ਨਾਂਅ ਦੀ ਬਦਲੀ

ਮੈਂ, Gurmit Singh ਪੁੱਤਰ ਜੋਗਿੰਦਰ ਸਿੰਘ, ਵਾਸੀ ਭਰਤ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Gurmeet Singh ਰੱਖ ਲਿਆ ਹੈ।

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਸਾਡੀ ਨਹੀਂ ਹੋਵੇਗੀ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਜਾਂ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦਪੁਰ ਤੇ ਕਾਦੀਆਂ ਦੀ ਮੀਟਿੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਦੀ ਮੀਟਿੰਗ ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਭਾਰਤ ਪਾਕਿਸਤਾਨ ਦਰਮਿਆਨ ਬਣੇ ਜੰਗੀ ਹਾਲਾਤ 'ਤੇ ਚਰਚਾ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ ਅਤੇ ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੀਨੀਅਰ ਆਗੂ ਮਾਸਟਰ ਗੁਰਚਰਨ ਸਿੰਘ ਟਾਹਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਨਿਹੱਕੀ ਜੰਗ ਹੈ ਜੋ ਭਾਰਤ ਪਾਕਿਸਤਾਨ ਦੇ ਮਜ਼ਦੂਰ ਕਿਸਾਨ ਅਤੇ ਕਿਰਤੀ ਲੋਕਾਂ ਲਈ ਵਿਨਾਸ਼ਕਾਰੀ ਹੋਵੇਗੀ ਜਦ ਕਿ ਹਾਕਮਾਂ ਦੇ ਮਨਸੂਬਿਆਂ ਦੀ ਪੂਰਤੀ ਕਰੇਗੀ।ਪ੍ਰੈਸ ਸਕੱਤਰ ਡਾ. ਅਸ਼ੋਕ ਭਾਰਤੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਮਰਾਜੀਆਂ ਦੇ ਹਿੱਤ ਪੂਰਨ ਲਈ ਜੰਗਾਂ ਕਿਰਤੀ ਲੋਕਾਂ ਉੱਤੇ ਮੜ੍ਹੀਆਂ ਜਾਂਦੀਆਂ ਹਨ। ਪਹਿਲਗਾਮ ਵਿੱਚ ਨਿਰਦੋਸ਼ ਸੈਲਾਨੀਆਂ ਦੇ ਕਤਲ ਬੇਹੱਦ ਨਿੰਦਣਯੋਗ ਅਤੇ ਘ੍ਰਿਣਤ ਹਨ ਪਰ ਜਿਵੇਂ ਭਾਰਤੀ ਹਾਕਮਾਂ ਨੇ ਇਸ ਨੂੰ ਫਿਰਕੂ ਰੰਗਤ ਦੇ ਕੇ ਮੁਸਲਿਮ ਭਾਈਚਾਰੇ ਦੇ ਲੋਕਾਂ ਖਿਲਾਫ ਆਪਣੇ ਗੋਦੀ ਮੀਡੀਆ ਅਤੇ ਪ੍ਰਚਾਰ ਸਾਧਨਾਂ ਰਾਹੀਂ ਜ਼ਹਿਰੀਲਾ ਪ੍ਰਚਾਰ ਵਿੱਢਿਆ ਹੈ ਉਹ ਪੂਰੇ ਦੇਸ਼ ਫਿਰਕੂ ਮਹੌਲ ਬਣਾਉਣ ਅਤੇ ਆਪਣੇ ਰਾਜਸੀ ਮਨਸੂਬਿਆਂ ਨੂੰ ਸਿਰੇ ਚਾੜ੍ਹਨ ਦੀ ਮਨਸ਼ਾ ਪੂਰੀ ਕਰਨ ਹਿੱਤ ਵਰਤਿਆ ਜਾ ਰਿਹਾ ਹੈ।



ਆਦਿਵਾਸੀਆਂ ਤੋਂ ਜਲ ਜੰਗਲ ਜ਼ਮੀਨ ਖੋਹ ਕੇ ਕੀਮਤੀ ਸੰਸਾਧਨ ਕਾਰਪੋਰੇਟ ਘਰਾਣਿਆਂ ਅਤੇ ਸਾਮਰਾਜੀ ਕੰਪਨੀਆਂ ਦੇ ਹਵਾਲੇ ਕਰਨ ਲਈ ਲੋਕਾਂ ਦੀ ਲਹਿਰ ਨੂੰ ਬੰਬਾਂ ਬੰਦੂਕਾਂ ਨਾਲ ਮਿਟਾ ਦੇਣ ਦੇ ਮਨਸੂਬੇ ਪੂਰੇ ਕਰਨ ਹਿੱਤ ਮਾਓਵਾਦੀਆਂ 'ਤੇ ਭਿਆਨਕ ਹਮਲਾ ਕਰਕੇ ਰਾਹ ਪੱਧਰਾ ਕਰਨ ਦੀ ਸਾਜਿਸ਼ ਹੈ।

ਮਾਸਟਰ ਜਗੀਰ ਸਿੰਘ ਅਤੇਪੁਰ, ਜ਼ਿਲ੍ਹਾ ਸਕੱਤਰ ਕੁਲਵਿੰਦਰ ਜੀਤ ਸਿੰਘ ਅਠਵਾਲ, ਕੁਲਵਿੰਦਰ ਸਿੰਘ ਬਸਰਾਵਾਂ, ਸਿਕੰਦਰ ਸਿੰਘ ਚੀਮਾ ਖੁੱਡੀ, ਜ਼ਿਲ੍ਹਾ ਖਜ਼ਾਨਚੀ ਜੋਗਿੰਦਰ ਸਿੰਘ ਮਠੋਲਾ, ਸਤਨਾਮ ਸਿੰਘ ਨੰਗਲ ਝੌਰ, ਕਸ਼ਮੀਰ ਸਿੰਘ ਨੰਗਲ ਝੌਰ, ਸਤਨਾਮ ਸਿੰਘ ਪੰਜਗਰਾਈਆਂ, ਜਰਨੈਲ ਸਿੰਘ ਭਰਥ, ਗੁਰਦਿਆਲ ਸਿੰਘ ਸੈਰੋਵਾਲ, ਮਹਿੰਦਰ ਸਿੰਘ ਚੀਮਾ ਖੁੱਡੀ ਆਦਿ ਨੇ ਵੀ ਸੰਬੋਧਨ ਕੀਤਾ।

# ਬਲੱਡ ਬੈਂਕ ਵਿਖੇ ਖ਼ੂਨਦਾਨ ਕੈਂਪ ਲਗਾ ਕੇ ਮਨਾਇਆ ਵਿਸ਼ਵ ਰੈੱਡ ਕਰਾਸ ਦਿਵਸ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ ) ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਵਿਸ਼ਵ ਰੈੱਡ ਕਰਾਸ ਦਿਵਸ ਬਲੱਡ ਬੈਂਕ ਦੇ ਚੇਅਰਮੈਨ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਅਤੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਖ਼ੂਨ ਦਾਨ ਕੈਂਪ ਲਗਾ ਕੇ ਮਨਾਇਆ ਗਿਆ। ਜਿਸਦਾ ਉਦਘਾਟਨ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਜਰਨੈਲ ਨੰਗਲ ਨੇ ਦੀਪ ਪ੍ਰੱਜਵਲਿਤ ਕਰਕੇ ਕੀਤਾ।

ਉਹਨਾਂ ਬਲੱਡ ਬੈਂਕ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਰੈਡ ਕਰਾਸ ਦੀ ਭਾਵਨਾ ਦੇ ਅਨੁਸਾਰ ਬਿਨਾਂ ਕਿਸੇ ਪੱਖ-ਪਾਤ ਤੋਂ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਵਲੋਂ ਚਲਾਏ ਜਾ ਰਹੇ ਸਮਾਜ ਸੇਵੀ ਪ੍ਰੋਜੈਕਟ ਹੋਰਨਾਂ ਨੂੰ ਵੀ ਪ੍ਰੇਰਣਾ ਦੇਣ ਵਾਲੇ ਹਨ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਕੈਂਪ ਵਿਚ 50 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ ਹੈ। ਉਹਨਾਂ ਨੇ ਵਿਸ਼ਵ ਰੈੱਡ ਕਰਾਸ ਦਿਵਸ ਦੇ ਮਹੱਤਵ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਹ ਦਿਨ 8 ਮਈ 1948 ਤੋਂ ਮਨਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਸਮਾਗਮ ਦਾ ਥੀਮ 'ਮਨੁੱਖਤਾ ਨੂੰ ਜਿੰਦਾ ਰੱਖੋ' ਸੀ। ਸਮਾਜ ਸੇਵਕ ਹਰਬੰਸ ਲਾਲ ਅਤੇ ਗੁਰਮੀਤ ਪਲਾਹੀ ਨੇ ਆਏ ਹੋਏ ਸਮੂਹ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਖ਼ੂਨ



ਦਾਨ ਕੈਂਪ ਨੂੰ ਸਫਲ ਬਣਾਉਣ ਵਿਚ ਪ੍ਰਬੰਧਕਾਂ ਅਤੇ ਸਟਾਫ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਤਾਰਾ ਚੰਦ ਚੁੰਬਰ, ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

11 May Page-7.qxd 5/10/2025 8:07 PM Page 1



## ਡਿਪਟੀ ਕਮਿਸ਼ਨਰ ਤੇ ਪੁਲਸ ਕਮਿਸ਼ਨਰ ਵੱਲੋਂ ਸੁਰੱਖਿਆ ਤਿਆਰੀਆਂ ਦਾ ਜਾਇਜ਼ਾ



**ਜਲੰਧਰ (ਸ਼ੈਲੀ ਐਲਬਰਟ)** ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਵੱਲੋਂ ਜ਼ਿਲ੍ਹੇ ਭਰ ਵਿੱਚ ਕਾਨੂੰਨ ਵਿਵਸਥਾ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਇੰਟੈਗ੍ਰੇਟਿਡ ਕਮਾਂਡ ਤੇ ਕੰਟਰੋਲ ਸੈਂਟਰ (ਆਈ.ਸੀ.ਸੀ.ਸੀ) ਵਿਖੇ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਗਈ।ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਅਗਰਵਾਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਵਸਨੀਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇੰਟੈਗ੍ਰੇਟਿਡ ਕਮਾਂਡ ਤੇ ਕੰਟਰੋਲ ਸੈਂਟਰ ਰਾਹੀਂ ਜ਼ਿਲ੍ਹੇ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਅਤੇ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਨਾਗਰਿਕ ਕਿਸੇ ਵੀ ਸ਼ੱਕੀ ਡ੍ਰੋਨ ਗਤੀਵਿਧੀ ਜਾਂ ਹੋਰ ਮੁੱਦਿਆਂ ਸਬੰਧੀ ਜਾਣਕਾਰੀ ਦੇਣ ਲਈ ਕੰਟਰੋਲ ਰੂਮ ਦੇ ਨੰਬਰ 0181-2244417 'ਤੇ ਸੰਪਰਕ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਸਾਰੇ ਸੁਰੱਖਿਆ ਪ੍ਰੋਟੋਕੋਲ, ਖਾਸ ਕਰ ਜਨਤਕ ਸੁਰੱਖਿਆ ਲਈ ਜਾਰੀ ਬਲੈਕਆਊਟ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬੇਲੋੜੀ ਆਵਾਜਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਆਪਣੇ ਘਰਾਂ ਦੇ ਅੰਦਰ ਰਹਿਣਾ ਚਾਹੀਦਾ ਹੈ। ਉਨ੍ਹਾਂ ਗਲਤ ਜਾਣਕਾਰੀ ਫੈਲਾਉਣ ਵਿਰੁੱਧ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਅਤੇ ਫੇਕ ਨਿਊਜ਼ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਵਸਨੀਕਾਂ ਨੂੰ ਘਬਰਾਹਟ ਵਿੱਚ ਖਰੀਦਦਾਰੀ ਕਰਨ ਤੋਂ ਬਚਣ ਦੀ ਅਪੀਲ ਕਰਨ ਦੇ ਨਾਲ-ਨਾਲ ਅਧਿਕਾਰੀਆਂ ਨੂੰ ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ 'ਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਦਿੱਤੇ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਭਰੋਸਾ ਦਿੱਤਾ ਕਿ ਸ਼ਹਿਰ ਦੀ ਸੁਰੱਖਿਆ ਲਈ ਪੁਲਸ ਟੀਮਾਂ ਸਰਗਰਮੀ ਨਾਲ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਦੀ ਸੂਚਨਾ ਦੇਣ ਲਈ ਨਾਗਰਿਕ 112 ਨੰਬਰ 'ਤੇ ਸੰਪਰਕ ਕਰ ਸਕਦੇ ਹਨ ਅਤੇ ਉਨ੍ਹਾਂ ਅਮਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜਨਤਕ ਸਹਿਯੋਗ ਦੀ ਅਪੀਲ ਵੀ ਕੀਤੀ। ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵਿਭਾਗ ਦੇ ਸਾਂਝੇ ਯਤਨ ਪੰਜਾਬ ਸਰਕਾਰ ਦੀ ਸਥਿਤੀ ਨੂੰ ਸਰਗਰਮੀ ਨਾਲ ਸੰਭਾਲਣ ਦੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੇ ਹਨ, ਜਿਸ ਨਾਲ ਜਨਤਕ ਹਿੱਤਾਂ ਦੀ ਰਾਖੀ ਕਰਦਿਆਂ ਕਾਨੂੰਨ ਵਿਵਸਥਾ ਵੀ ਬਰਕਰਾਰ ਰਹੇ।

## ਜ਼ਿਲ੍ਹੇ ਦੇ ਪਿੰਡ ਸੰਕਟਕਾਲੀਨ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ : ਆਸ਼ਿਕਾ ਜੈਨ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਮੌਜੂਦਾ ਹਾਲਾਤ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸ਼ਹਿਰਾਂ ਤੇ ਕਸਬਿਆਂ ਦੇ ਨਾਲ-ਨਾਲ ਪਿੰਡਾਂ ਵਿਚ ਵੀ ਕਿਸੇ ਵੀ ਸੰਕਟਕਾਲੀਨ ਹਾਲਤ ਦਾ ਟਾਕਰਾ ਕਰਨ ਲਈ ਪੂਰੀ ਤਿਆਰੀ ਕਰ ਲਈ ਹੈ।ਇਸ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਹਰੇਕ ਪਿੰਡ ਵਿਚ 150-150 ਮਿੱਟੀ ਦੇ ਬੋਰੇ ਤਿਆਰ ਕੀਤੇ ਗਏ ਹਨ। ਇਸੇ ਤਰ੍ਹਾਂ ਪਿੰਡਾਂ ਵਿਚ ਵੀ ਰਿਸਪਾਂਸ ਟੀਮਾਂ ਗਠਿਤ ਕੀਤੀਆਂ ਗਈਆਂ ਹਨ ਅਤੇ ਜਿਓਂ ਹੀ ਸਾਇਰਨ ਵੱਜੇਗਾ ਤਾਂ ਸਾਰੇ ਪਾਸੇ ਬਲੈਕ ਆਊਟ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿਚ ਬਲੈਕ ਆਊਟ ਦੌਰਾਨ ਕਿਸੇ ਵੀ ਸ਼ੱਕੀ ਵਿਅਕਤੀ ਦੀ ਆਮਦ ਨੂੰ ਰੋਕਣ ਲਈ ਠੀਕਰੀ ਪਹਿਰੇ ਸ਼ੁਰੂ ਕੀਤੇ ਗਏ ਹਨ ਅਤੇ ਸਿਵਲ ਡਿਫੈਂਸ ਲਈ ਡਰਿੱਲ ਵੀ ਕਰਵਾਈ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦੌਰਾਨ ਜ਼ਰੂਰੀ ਸੇਵਾਵਾਂ ਲਈ ਮਨੋਨੀਤ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਤੋਂ ਜਾਣੂ ਕਰਵਾਇਆ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਇਨ੍ਹਾਂ ਸੇਵਾਵਾਂ ਵਿਚ ਹੈਡਕੁਆਰਟਰ ਸੇਵਾਵਾਂ, ਵਾਰਡਨ ਸੇਵਾਵਾਂ, ਸੰਚਾਰ ਸੇਵਾਵਾਂ, ਦੁਰਘਟਨਾ ਸੇਵਾਵਾਂ, ਫਾਇਰ ਫਾਈਟਿੰਗ ਸੇਵਾਵਾਂ, ਰੈਸਕਿਊ ਸੇਵਾਵਾਂ, ਵੈਲਫੇਅਰ ਸੇਵਾਵਾਂ, ਬਚਾਓ ਸੇਵਾਵਾਂ, ਕਰੈਸ਼ ਡਿਸਪੋਜ਼ਲ ਸੇਵਾਵਾਂ, ਡੀਪੂ ਤੇ ਟਰਾਂਸਪੋਰਟ ਸੇਵਾਵਾਂ, ਟ੍ਰੇਨਿੰਗ ਸੇਵਾਵਾਂ, ਸਪਲਾਈ ਸੇਵਾਵਾਂ, ਲੇਬਰ ਸਪਲਾਈ ਸੇਵਾਵਾਂ, ਇੰਡਸਟਰੀ ਤੇ ਫੈਕਟਰੀ ਸੇਵਾਵਾਂ ਅਤੇ ਮਲਬਾ ਰਿਕਵਰੀ ਆਦਿ ਸੇਵਾਵਾਂ ਸ਼ਾਮਲ ਹਨ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਓਸ਼ਿਨੀ ਮੰਡਲ, ਕਮਿਸ਼ਨਰ ਨਗਰ ਨਿਗਮ ਡਾ. ਅਮਨਦੀਪ ਕੌਰ, ਐਸ.ਡੀ.ਐਮ ਸੰਜੀਵ ਕੁਮਾਰ, ਐਸ.ਡੀ.ਐਮ. ਪਰਮਪ੍ਰੀਤ ਸਿੰਘ, ਐਸ.ਡੀ.ਐਮ ਗੁਰਸਿਮਰਨਜੀਤ ਕੌਰ, ਐਸ.ਪੀ ਨਵਨੀਤ ਕੌਰ ਗਿੱਲ, ਡੀ.ਐਸ.ਪੀ ਮਨਪ੍ਰੀਤ ਸ਼ੀਮਾਰ, ਸਿਵਲ ਸਰਜਨ ਡਾ. ਪਵਨ ਕੁਮਾਰ, ਸਿਵਲ ਡਿਫੈਂਸ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਇਸ ਦੌਰਾਨ ਹੋਰਨਾਂ ਸਬ-ਡਵੀਜ਼ਨਾਂ ਦੇ ਐਸ.ਡੀ. ਐਮਜ਼ ਵਲੋਂ ਵਰਚੁਅਲ ਮੋਡ ਰਾਹੀਂ ਮੀਟਿੰਗ ਵਿਚ ਸ਼ਿਰਕਤ ਕੀਤੀ ਗਈ।

## ਡੇਲੀਵੇਜ਼ ਕਾਮੇ ਜਲਦੀ ਹੋ ਜਾਣਗੇ ਪੱਕੇ : ਅਮਰੀਕ ਸਿੰਘ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ1406-22 ਬੀ ਚੰਡੀਗੜ੍ਹ ਨਾਲ ਸੰਬਧਤ ਜੰਗਲਾਤ ਕਾਮਿਆਂ ਦੀ ਇੱਕੋ-ਇਕ ਸਿਰਮੌਰ ਸੰਘਰਸ਼ੀਲ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ ਸੂਬਾਈ ਸਕੱਤਰ ਜਸਵਿੰਦਰ ਸਿੰਘ ਸੌਜਾ ਅਤੇ ਜਥੇਬੰਦੀ ਦੇ ਮੁੱਖ ਸਲਾਹਕਾਰ ਮੱਖਣ ਸਿੰਘ ਵਾਹਿਦਪੁਰੀ ਵੱਲੋਂ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵਿਚ ਪਿਛਲੇ 25-25ਸਾਲਾਂ ਤੋਂ ਨਿਗੂਣੀਆ ਤਨਖਾਹਾਂ 'ਤੇ ਡੇਲੀਵੇਜ ਕੰਮ ਕਰਦੇ ਕਾਮਿਆਂ ਨੂੰ ਬਿਨਾਂ ਸ਼ਰਤ ਪੱਕੇ ਕਰਵਾਉਣ ਲਈ 6 ਮਈ ਨੂੰ ਹੋਈ ਕੈਬਨਿਟ ਸਬ ਕਮੇਟੀ ਦੇ ਨਾਲ ਹੋਈ ਮੀਟਿੰਗ ਆਖਰਕਾਰ ਰੰਗ ਲਿਆਈ। ਮੁੱਖ ਮੰਤਰੀ ਪੰਜਾਬ ਵਲੋਂ ਕੈਬਨਿਟ ਮੀਟਿੰਗ ਵਿੱਚ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ 900 ਡੇਲੀਵੇਜ਼ ਕਾਮਿਆਂ ਨੂੰ ਮਨਜ਼ੂਰੀ ਦਿੱਤੀ। ਜੰਗਲਾਤ ਦੇ ਡੇਲੀਵੇਜ ਕਾਮੇਂ ਜਲਦੀ ਹੀ ਪੱਕੇ ਹੋ ਜਾਣਗੇ। ਜਥੇਬੰਦੀ ਦੇ ਆਗੂਆਂ ਪਵਨ ਕੁਮਾਰ ਹੁਸ਼ਿਆਰਪੁਰ ਸੁਰਿੰਦਰ ਕੁਮਾਰ ਰਵਿੰਦਰ ਰੋਪੜ ਸੁਰਜੀਤ ਸਿੰਘ ਸਤਨਾਮ ਸਿੰਘ ਅਤੇ ਸੁਲੱਖਣ ਸਿੰਘ ਮੋਹਾਲੀ ਨੇ ਕਿਹਾ ਕਿ ਜਿੱਥੇ ਪਿਛਲੇ ਸਮੇਂ ਕੀਤੇ ਸੰਘਰਸ਼ ਨੂੰ ਬੂਰ ਪਿਆ, ਇਸ ਦੀਆਂ ਸਾਰੇ ਸਾਥੀਆਂ ਨੂੰ ਸੰਗਰਾਮੀ ਮੁਬਾਰਕਾਂ,ਇਸਦੇ ਨਾਲ ਇਸ ਫੈਸਲੇ ਨੂੰ ਲਾਗੂ ਕਰਾਉਣ ਅਤੇ ਪੱਕੇ ਹੋਣ ਤੋਂ ਰਹਿ ਗਏ, ਕਾਮੇਂ ਪੱਕੇ ਕਰਾਉਣ ਤੇ ਮੰਗਾਂ ਪੱਤਰ 'ਚ, ਦਰਜ ਹੋਰ ਮੰਗਾਂ ਲਈ ਸੰਘਰਸ਼ ਜਾਰੀ ਰਹੇਗਾ, ਇਸ ਲਈ ਹੋਰ ਪ੍ਰਾਪਤੀਆਂ ਕਰਨ ਲਈ ਸੰਘਰਸ਼ ਦੇ ਪਿੜ ਪਹਿਲਾਂ ਨਾਲੋਂ ਤਕੜੇ ਹੋ ਕੇ ਮੱਲਣ ਲਈ ਤਿਆਰ ਰਹੋ।



## ਮਿਜ਼ਾਇਲ ਤੇ ਡਰੋਨ ਦੇ ਟੁਕੜੇ ਮਿਲੇ

**ਅੱਡਾ ਸਰਾਂ (ਜਸਵੀਰ ਕਾਜਲ)**- ਅੱਡਾ ਸਰਾਂ ਦੇ ਵੱਖ ਵੱਖ ਪਿੰਡਾਂ ਵਿਚ ਮਿਜਾਇਲ ਅਤੇ ਡਰੋਨ ਦੇ ਟੁਕੜੇ ਮਿਲਣ ਕਾਰਨ ਲੋਕਾਂ ਵਿਚ ਸਹਿਮ ਹੈ । ਹਾਲਾਂਕਿ ਪਾਕਿਸਤਾਨ ਵੱਲੋਂ ਭੇਜੀਆਂ ਮਿਜ਼ਾਇਲਾਂ ਅਤੇ ਡਰੋਨ ਨੂੰ ਭਾਰਤੀ ਫੌਜ ਵੱਲੋਂ ਹਵਾ ਵਿਚ ਮਾਰ ਮੁਕਾਏ ਜਾਣ ਤੋਂ ਬਾਅਦ ਖੇਤਾਂ ਵਿਚ ਡਿੱਗਣ ਕਾਰਨ ਇਸ ਨਾਲ



ਕੋਈ ਜਾਨੀ ਮਾਲੀ ਨੁਕਸਾਨ ਨਹੀਂ ਹੋਇਆ ਹੈ । ਪਿੰਡ ਧੂਤ ਖੁਰਦ ਵਾਸੀਆਂ ਨੇ ਦੱਸਿਆ ਕਿ ਸਵੇਰੇ 5 ਵਜੇ ਦੇ ਕਰੀਬ ਜ਼ੋਰਦਾਰ ਧਮਾਕੇਤੋਂ ਬਾਅਦ ਮਿਜ਼ਾਈਲ ਦਾ ਟੁਕੜਾ ਪਿੰਡ ਦੇ ਬਾਹਰ ਬਾਹਰ ਡਿੱਗਿਆ ਹੈ । ਜਿਸ ਤੋਂ ਬਾਅਦ ਪਿੰਡ ਵਾਸੀਆਂ ਅਤੇ ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਹਥਿਆਰ ਦੇ ਟੁਕੜੇ ਨੂੰ ਪਿੰਡ ਦੇ ਬਾਹਰ ਪਿਆ ਵੇਖਿਆ । ਇਸ ਦੌਰਾਨ ਮੌਕੇ 'ਤੇ ਪਹੁੰਚੇ ਡੀ. ਐੱਸ .ਪੀ .ਦਵਿੰਦਰ ਸਿੰਘ ਬਾਜਵਾ, ਐੱਸ. ਐੱਚ. ਓ. ਗੁਰਿੰਦਰ ਜੀਤ ਸਿੰਘ ਨਾਗਰਾ ਦੀ ਟੀਮ ਨੇ ਬਰਾਮਦ ਹੋਏ ਹਥਿਆਰ ਦੇ ਹਿੱਸੇ ਅਤੇ ਹਲਾਤਾਂ ਦਾ ਜਾਇਜਾ ਲਿਆ । ਇਸ ਦੌਰਾਨ ਡੀ. ਐੱਸ. ਪੀ. ਬਾਜਵਾ ਨੇ ਦੱਸਿਆ ਕਿ ਇਸ ਦੀ ਸੂਚਨਾ ਫੌਜ ਦੇ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਹੈ । ਫੌਜ ਇਸਦੀ ਜਾਂਚ ਕਰ ਰਹੀ ਹੈ । ਇਸੇ ਤਰ੍ਹਾਂ ਟਾਂਡਾ ਹੁਸ਼ਿਆਰਪੁਰ ਰੋਡ 'ਤੇ ਪਿੰਡ ਸੀਕਰੀ ਦੇ ਅੱਡੇ ਨੇੜੇ ਅਤੇ ਪਿੰਡ ਨੈਨੋਵਾਲ ਵੈਦ ਦੇ ਖੇਤਾਂ ਵਿਚ ਅਸਮਾਨ ਤੋਂ ਡਿੱਗੇ ਡਰੋਨ ਦੇ ਟੁਕੜੇ ਮਿਲੇ ਹਨ । ਜਿਸਦੀ ਪੁਲਸ ਅਤੇ ਫੌਜ ਦੇ ਆਲਾ ਅਧਿਕਾਰੀ ਜਾਂਚ ਕਰ ਰਹੇ ਹਨ।

## ਮਾਰਕੀਟ ਕਮੇਟੀ ਦੇ ਨਵੇਂ ਚੇਅਰਮੈਨ ਬਣੇ ਜਸਪਾਲ ਸਿੰਘ ਚੇਚੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਦਾਣਾ ਮੰਡੀ ਵਿਖੇ ਹੋਏ ਇੱਕ ਸਾਦੇ ਸਮਾਰੋਹ ਦੌਰਾਨ ਜਸਪਾਲ ਸਿੰਘ ਚੇਚੀ ਨੇ ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਉਨ੍ਹਾਂ ਸਭ ਤੋਂ ਪਹਿਲਾਂ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕਰ ਰਹੇ ਵੀਰ ਸੈਨਿਕਾਂ ਨੂੰ ਨਮਨ ਕੀਤਾ ਤੇ ਉਨ੍ਹਾਂ ਨੂੰ ਸਨਮਾਨ ਭੇਟ ਕੀਤਾ।ਚੇਚੀ ਨੇ ਕਿਹਾ ਕਿ ਅੱਜ ਦੇਸ਼ ਪਾਕਿਸਤਾਨ ਵੱਲੋਂ ਹੋ ਰਹੇ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ,



ਇਸ ਕਰਕੇ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਏਕਜੁਟ ਹੋ ਕੇ ਦੇਸ਼ ਅਤੇ ਸਮਾਜ ਦੀ ਭਲਾਈ ਲਈ ਕੰਮ ਕਰੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪੂਰੀ ਪਾਬੰਦੀ ਨਾਲ ਪਾਲਣਾ ਕਰਨ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੀ ਭੂਮਿਕਾ ਨਿਭਾਉਣ।ਜਸਪਾਲ ਸਿੰਘ ਚੇਚੀ ਨੇ ਇਸ ਮਹੱਤਵਪੂਰਨ ਜ਼ਿੰਮੇਵਾਰੀ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਯਕੀਨ ਦਿਵਾਇਆ ਕਿ ਉਹ ਇਸ ਅਹੁਦੇ ਦੀ ਗਰਿਮਾ ਨੂੰ ਬਣਾਏ ਰੱਖਦੇ ਹੋਏ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਕਿਸਾਨਾਂ ਦੇ ਹਿੱਤ ਉਨ੍ਹਾਂ ਦੀ ਪਹਿਲ ਹਨ ਅਤੇ ਉਹ ਹਰ ਪੱਧਰ 'ਤੇ ਕਿਸਾਨਾਂ, ਆੜ੍ਹਤੀਆਂ ਅਤੇ ਵਪਾਰੀਆਂ ਦੇ ਹੱਕਾਂ ਦੀ ਰੱਖਿਆ ਕਰਨਗੇ।ਚੇਅਰਮੈਨ ਨੇ ਕਿਹਾ ਕਿ ਕਣਕ ਖਰੀਦ ਸੀਜ਼ਨ ਦੇ ਚਲਦਿਆਂ ਮੰਡੀਆਂ ਵਿਚ ਵਿਵਸਥਾ ਉੱਤੇ ਖ਼ਾਸ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮੰਡੀ ਵਿੱਚ ਆਉਣ ਵਾਲੇ ਹਰ ਕਿਸਾਨ ਨੂੰ ਪੂਰੀ ਸੁਵਿਧਾ ਅਤੇ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਉਨ੍ਹਾਂ ਦੇ ਮਾਤਾ ਭਜਨ ਕੌਰ, ਭਰਾ ਅਜੇਪਾਲ ਸਿੰਘ ਚੇਚੀ, ਭੈਣਾਂ ਨੀਲਮ ਰਾਣੀ ਤੇ ਪ੍ਰੋਮਿਲਾ ਰਾਣੀ, ਪਤਨੀ ਸੋਨੀਆ ਰਾਣੀ, ਭਾਬੀ ਆਸ਼ਾ ਰਾਣੀ, ਨੰਬਰਦਾਰ ਚੰਨਿਆਣੀ ਖ਼ੁਰਦ ਹੁਸਨ ਲਾਲ ਚੇਚੀ, ਪਵਨ ਕੁਮਾਰ ਤੇ ਹੋਰ ਪਤਵੰਤੇ ਮੌਜੂਦ ਸਨ। ਇਸੇ ਦੌਰਾਨ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਡਾ. ਇਸ਼ਾਂਕ, ਡਾ. ਜਤਿੰਦਰ, ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਕਰਮਜੀਤ ਕੌਰ ਅਤੇ ਹੋਰ ਅਹਿਮ ਸ਼ਖਸੀਅਤਾਂ ਨੇ ਪਹੁੰਚ ਕੇ ਨਵ-ਨਿਯੁਕਤ ਚੇਅਰਮੈਨ ਨੂੰ ਵਧਾਈ ਦਿੱਤੀ।

## ਸਾਰੇ ਜ਼ਿਲ੍ਹਿਆਂ 'ਚ ਸੀਨੀਅਰ ਆਈ ਏ ਐੱਸ ਅਧਿਕਾਰੀ ਤਾਇਨਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਭਾਰਤ-ਪਾਕਿਸਤਾਨ ਸਰਹੱਦ ਉਤੇ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬਾ ਵਾਸੀਆਂ ਨੂੰ ਕੋਈ ਔਕੜ ਨਾ ਆਉਣ ਦੀ ਵਚਨਬੱਧਤਾ ਤਹਿਤ ਪੰਜਾਬ ਸਰਕਾਰ ਵੱਲੋਂ ਸਟੇਟ ਕੰਟਰੋਲ ਰੂਮ ਬਣਾਇਆ ਗਿਆ ਹੈ ਜਿਸ ਵਿੱਚ ਹਰ ਵਿਭਾਗ ਦਾ ਇਕ ਨੋਡਲ ਅਫਸਰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਵਿੱਚ ਲੋੜੀਂਦੀਆਂ ਸੇਵਾਵਾਂ ਦੀ ਨਿਗਰਾਨੀ ਅਤੇ ਤਾਲਮੇਲ ਦੀ ਜ਼ਿੰਮੇਵਾਰੀ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਨੂੰ ਸੌਂਪੀ ਗਈ ਹੈ ਜੋ ਸਬੰਧਤ ਜ਼ਿਲ੍ਹੇ ਦਾ ਦੌਰਾ ਕਰਨਗੇ।ਇਹ ਜਾਣਕਾਰੀ ਇਥੇ ਮੁੱਖ ਸਕੱਤਰ ਕੇ.ਏ.ਪੀ.ਸਿਨਹਾ ਵੱਲੋਂ ਪੰਜਾਬ ਸਿਵਲ ਸਕੱਤਰੇਤ ਵਿਖੇ ਸਮੂਹ ਪ੍ਰਬੰਧਕੀ ਸਕੱਤਰਾਂ, ਡੀ.ਜੀ.ਪੀ. ਅਤੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰ ਤੇ ਐਸ.ਐਸ.ਪੀਜ਼ ਨਾਲ ਮੀਟਿੰਗ ਕਰਨ ਉਪਰੰਤ ਦਿੱਤੀ ਗਈ। ਇਹ ਪ੍ਰਬੰਧਕੀ ਸਕੱਤਰ ਰੈਂਕ ਦੇ ਅਧਿਕਾਰੀ ਅਲਾਟ ਕੀਤੇ ਜ਼ਿਲ੍ਹਿਆਂ ਵਿੱਚ ਸਿਹਤ ਸੇਵਾਵਾਂ, ਖੁਰਾਕ ਤੇ ਸਿਵਲ ਸਪਲਾਈ, ਬਿਜਲੀ, ਜਲ ਸਪਲਾਈ, ਸੜਕਾਂ, ਆਵਾਜਾਈ, ਸਿੱਖਿਆ ਤੋਂ ਇਲਾਵਾ ਅਤੇ ਸਿਵਲ ਤੇ ਫੌਜ ਦਰਮਿਆਨ ਤਾਲਮੇਲ ਨਾਲ ਜੋੜੇ ਕਿਸੇ ਵੀ ਹੋਰ ਮੁੱਦੇ ਬਾਰੇ ਨਿਰੰਤਰ ਨਿਗਰਾਨੀ ਕਰਨਗੇ ਅਤੇ ਸਬੰਧਤ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਦੇ ਸੰਪਰਕ ਵਿੱਚ ਰਹਿਣਗੇ। ਕੇ.ਏ.ਪੀ. ਸਿਨਹਾ ਨੇ ਅੱਗੇ ਦੱਸਿਆ ਕਿ ਸਟੇਟ ਕੰਟਰੋਲ ਰੂਮ ਦੀ ਨਿਗਰਾਨੀ ਲਈ 15 ਆਈ.ਏ.ਐਸ./ਪੀ.ਸੀ.ਐਸ. ਅਫਸਰਾਂ ਤਾਇਨਾਤ ਕੀਤੇ ਗਏ ਹਨ ਜੋ ਵਾਰੀ ਅਨੁਸਾਰ ਇਸ ਕੰਟਰੋਲ ਰੂਮ ਦੀ ਅਗਵਾਈ ਕਰਨਗੇ ਅਤੇ ਹਰ ਵਿਭਾਗ ਦਾ ਇਕ ਨੋਡਲ ਅਫਸਰ ਇਸ ਵਿੱਚ ਸ਼ਾਮਲ ਹੋਵੇਗਾ। ਮੁੱਖ ਸਕੱਤਰ ਵੱਲੋਂ ਸਾਰੇ ਵਿਭਾਗਾਂ ਤੋਂ ਮੌਜੂਦਾ ਸਥਿਤੀ ਦੀ ਸਮੀਖਿਆ ਕੀਤੀ ਗਈ। ਗ੍ਰਹਿ ਵਿਭਾਗ ਨੂੰ ਸੂਬੇ ਦਾ ਨੋਡਲ ਵਿਭਾਗ ਬਣਾਇਆ ਗਿਆ ਜੋ ਕਿਸੇ ਵੀ ਸਥਿਤੀ ਕੇਂਦਰ ਦੀਆਂ ਸਬੰਧਤ ਏਜੰਸੀਆਂ, ਮੰਤਰਾਲਿਆਂ ਨਾਲ ਤਾਲਮੇਲ ਕਰੇਗਾ। ਮੁੱਖ ਸਕੱਤਰ ਸਿਨਹਾ ਨੇ ਕਿਹਾ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਆਖਿਆ ਗਿਆ ਕਿ ਸੂਬੇ ਵਿੱਚ ਰੋਜ਼ਮਰਾ ਦੀਆਂ ਲੋੜੀਂਦੀਆਂ ਵਸਤਾਂ ਦੀ ਕੋਈ ਕਮੀ ਨਾ ਰਹੇ ਅਤੇ ਨਾ ਹੀ ਕੋਈ ਇਸ ਦੀ ਜਮ੍ਹਾਂਖੋਰੀ ਕਰੇ। ਉਨ੍ਹਾਂ ਸਖਤ ਨਿਰਦੇਸ਼ ਦਿੱਤੇ ਕਿ ਹੋਰਡਿੰਗ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ। ਮੀਟਿੰਗ ਦੌਰਾਨ ਸਾਰੇ ਜ਼ਿਲ੍ਹਿਆਂ ਤੋਂ ਉਨ੍ਹਾਂ ਦੀਆਂ ਜ਼ਰੂਰਤਾਂ ਪੁੱਛੀਆਂ ਗਈਆਂ ਅਤੇ ਵਿੱਤ ਕਮਿਸ਼ਨਰ ਮਾਲ ਨੂੰ ਕਿਹਾ ਗਿਆ ਕਿ ਮੰਗ ਅਨੁਸਾਰ ਤੁਰੰਤ ਐਡਵਾਂਸ ਫੰਡ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀਆਂ ਦੀਆਂ ਛੁੱਟੀਆਂ ਨੂੰ ਰੱਦ ਕਰਦਿਆਂ ਆਪੋ-ਆਪਣੇ ਸਟੇਸ਼ਨ ਉਤੇ ਤਾਇਨਾਤ ਰਹਿਣ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।ਸਾਰੇ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤੇ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਵਿੱਚ ਡੀ.ਕੇ.ਤਿਵਾੜੀ ਨੂੰ ਮੋਗਾ, ਤੇਜਵੀਰ ਸਿੰਘ ਨੂੰ ਸੰਗਰੂਰ, ਜਸਪ੍ਰੀਤ ਤਲਵਾੜ ਨੂੰ ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ, ਦਿਲੀਪ ਕੁਮਾਰ ਨੂੰ ਬਠਿੰਡਾ, ਰਾਹੁਲ ਭੰਡਾਰੀ ਨੂੰ ਮਾਲੇਰਕੋਟਲਾ, ਵੀ.ਕੇ.ਮੀਨਾ ਨੂੰ ਮਾਨਸਾ, ਰਾਖੀ ਗੁਪਤਾ ਭੰਡਾਰੀ ਨੂੰ ਹੁਸ਼ਿਆਰਪੁਰ, ਵਿਕਾਸ ਗਰਗ ਨੂੰ ਫਰੀਦਕੋਟ, ਸੁਮੇਰ ਸਿੰਘ ਗੁਰਜਰ ਨੂੰ ਬਰਨਾਲਾ, ਨੀਲ ਕੰਠ ਐਸ.ਅਵਹਾਡ ਨੂੰ ਪਠਾਨਕੋਟ, ਰਾਹੁਲ ਤਿਵਾੜੀ ਨੂੰ ਸ੍ਰੀ ਮੁਕਤਸਰ ਸਾਹਿਬ, ਅਲਕਨੰਦਾ ਦਿਆਲ ਨੂੰ ਸ਼ਹੀਦ ਭਗਤ ਸਿੰਘ ਨਗਰ, ਕੁਮਾਰ ਰਾਹੁਲ ਨੂੰ ਰੂਪਨਗਰ, ਗੁਰਕਿਰਤ ਕ੍ਰਿਪਾਲ ਸਿੰਘ ਨੂੰ ਗੁਰਦਾਸਪੁਰ, ਪ੍ਰਿਆਂਕ ਭਾਰਤੀ ਨੂੰ ਲੁਧਿਆਣਾ, ਵੀ.ਐਨ.ਜ਼ਾਦੇ ਨੂੰ ਫਤਹਿਗੜ੍ਹ ਸਾਹਿਬ, ਕਮਲ ਕਿਸ਼ੋਰ ਯਾਦਵ ਨੂੰ ਅੰਮ੍ਰਿਤਸਰ, ਅਜੀਤ ਬਾਲਾਜੀ ਜੋਸ਼ੀ ਨੂੰ ਫਿਰੋਜ਼ਪੁਰ, ਮਨਵੇਸ਼ ਸਿੰਘ ਸਿੱਧੂ ਨੂੰ ਫਾਜ਼ਿਲਕਾ, ਦਲਜੀਤ ਸਿੰਘ ਮਾਂਗਟ ਨੂੰ ਤਰਨ ਤਾਰਨ, ਦਿਲਰਾਜ ਸਿੰਘ ਨੂੰ ਜਲੰਧਰ, ਅਭਿਨਵ ਨੂੰ ਕਪੂਰਥਲਾ ਤੇ ਮੁਹੰਮਦ ਤਈਅਬ ਨੂੰ ਪਟਿਆਲਾ ਵਿਖੇ ਲਗਾਇਆ ਗਿਆ ਹੈ।

## 20 ਦੀ ਦੇਸ਼-ਵਿਆਪੀ ਹੜਤਾਲ ਦਾ ਸਮਰਥਨ ਕਰੋ : ਬੈਂਸ



**ਬਲਾਚੌਰ (ਜਸਵਿੰਦਰ ਬੈਂਸ)**— ਪਿੰਡ ਰੂਹ ਨੂੰ ਰੂਹਨੋ ਵਿਖੇ ਮਨਰੇਗਾ ਅਧਿਕਾਰ ਅੰਦੋਲਨ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਯੂਨਿਟ ਦੀ ਮੀਟਿੰਗ ਬੀਬੀ ਸਰੋਜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਪਰਮਿੰਦਰ ਬੈਂਸ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਕਿਰਤੀ ਲੋਕ ਆਪਣੀ ਯੂਨੀਅਨ ਬਣਾ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰ ਸਕਦੇ ਹਨ ਅਤੇ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ। ਉਨਾਂ ਚਿੰਤਾ ਪ੍ਰਗਟ ਕੀਤੀ ਕਿ ਮਨਰੇਗਾ ਕਾਨੂੰਨ ਅਧੀਨ ਸਾਲ ਵਿੱਚ ਸੌ ਦਿਨ ਦਾ ਕੰਮ ਮਿਲਣਾ ਹੁੰਦਾ ਹੈ ਪਰ ਮੌਕੇ ਤੇ ਕਿਰਤੀਆਂ ਨੂੰ ਸਿਰਫ 30-35 ਦਿਨ ਹੀ ਕੰਮ ਮਿਲਦਾ ਹੈ। ਅਫਸਰ ਸ਼ਾਹੀ ਵਿੱਚ ਫੈਲੇ ਭਰਿਸ਼ਟਾਚਾਰ ਨੂੰ ਅਤੇ ਕਾਨੂੰਨ ਮੁਤਾਬਕ ਕੰਮ ਲੈਣ ਲਈ ਸਾਨੂੰ ਸਭ ਨੂੰ ਯੂਨੀਅਨ ਦੇ ਝੰਡੇ ਥੱਲੇ ਜੋਰਦਾਰ ਸੰਘਰਸ਼ ਕਰਨਾ ਪਵੇਗਾ।ਇਸ ਮੌਕੇ ਸਾਥੀ ਮਨੋਹਰ ਲਾਲ ਟੌਂਸਾ ਨੇ ਕਿਹਾ ਮਨਰੇਗਾ ਵਿੱਚ ਲੋਕੇਸ਼ਨ ਦਾ ਸਿਸਟਮ ਬੰਦ ਹੋਣਾ ਚਾਹੀਦਾ ਹੈ, ਕਿਰਤੀਆਂ ਨੂੰ 700 ਰੁਪਏ ਦਿਹਾੜੀ ਮਿਲੇ। ਇਸ ਸਬੰਧੀ ਜ਼ੋਰਦਾਰ ਸੰਘਰਸ਼ ਚੱਲ ਰਿਹਾ ਹੈ। ਇਸੇ ਤਰ੍ਹਾਂ ਲੋੜਵੰਦ ਕਿਰਤੀਆਂ ਨੂੰ ਸਾਲ ਵਿੱਚ 200 ਦਿਨ ਦਾ ਕੰਮ ਮਿਲੇ, ਸਾਡੀ ਯੂਨੀਅਨ ਦੀ ਮੰਗ ਹੈ। ਉਹਨਾਂ ਮੰਗ ਕੀਤੀ ਕਿ ਸਰਕਾਰਾਂ ਮਜ਼ਦੂਰਾਂ ਅਤੇ ਕਿਸਾਨਾਂ ਸਿਰ ਚੜੇ ਕਰਜੇ ਨੂੰ ਖਤਮ ਕਰਨ।ਮੀਟਿੰਗ ਨੇ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਦੇਸ਼ ਦੀਆਂ ਟਰੇਡ ਯੂਨੀਅਨਾਂ ਵੱਲੋਂ 20 ਮਈ ਦੇ ਹੜਤਾਲ ਦੇ ਸੱਦੇ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਦੁਰਗੀ ਦੇ ਪਛੌਰੀ ਲਾਲ ਕਸ਼ਮੀਰ ਚੰਦ ਦੇਬੋ ਤਰਸੇਮ ਕੌਰ ਕਮਲਾ ਦੇਵੀ ਅਤੇ ਨਿਰਮਲਾ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਹੁਣ ਜੰਗ ਤੇ ਅੱਤਵਾਦ ਪ੍ਰਭਾਵਿਤ ਲੋਕਾਂ ਨੂੰ ਵੀ ਮਿਲੇਗਾ 'ਫਰਿਸ਼ਤੇ ਯੋਜਨਾ' ਦਾ ਲਾਭ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਸ਼ੁੱਕਰਵਾਰ ਨੂੰ ਹੋਈ ਸੂਬਾਈ ਕੈਬਨਿਟ ਮੀਟਿੰਗ ਵਿੱਚ 'ਫਰਿਸ਼ਤੇ ਸਕੀਮ' ਦਾ ਦਾਇਰਾ ਵਧਾ ਕੇ ਇੱਕ ਇਤਿਹਾਸਕ ਫੈਸਲਾ ਲਿਆ ਗਿਆ। ਹੁਣ ਇਹ ਯੋਜਨਾ ਸੜਕ ਹਾਦਸਿਆਂ ਤੱਕ ਸੀਮਤ ਨਹੀਂ ਰਹੇਗੀ, ਸਗੋਂ ਇਸ ਵਿੱਚ ਜੰਗ ਅਤੇ ਅਤਿਵਾਦੀ ਹਮਲਿਆਂ ਵਿੱਚ ਜ਼ਖਮੀ ਹੋਏ ਨਾਗਰਿਕ ਵੀ ਸ਼ਾਮਲ ਹੋਣਗੇ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਫੈਸਲੇ ਦਾ ਉਦੇਸ਼ ਜੰਗ ਅਤੇ ਅਤਿਵਾਦੀ ਘਟਨਾਵਾਂ ਦੇ ਪੀੜਤਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਤੁਰੰਤ ਅਤੇ ਮੁਫ਼ਤ ਇਲਾਜ ਮੁਹੱਈਆ ਕਰਵਾਉਣਾ ਹੈ। ਇਹ ਇਲਾਜ ਸੂਬੇ ਦੇ ਸਰਕਾਰੀ ਹਸਪਤਾਲਾਂ ਦੇ ਨਾਲ.:.ਨਾਲ ਸਰਕਾਰ ਦੁਆਰਾ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਵੀ ਉਪਲਬਧ ਹੋਵੇਗਾ।. ਜੰਗ ਅਤੇ ਅਤਿਵਾਦ ਪੀੜਤਾਂ ਦਾ ਮੁਫ਼ਤ ਇਲਾਜ: ਹੁਣ, ਜੰਗ ਜਾਂ ਅਤਿਵਾਦੀ ਘਟਨਾਵਾਂ ਵਿੱਚ ਜ਼ਖਮੀ ਹੋਏ ਨਾਗਰਿਕਾਂ ਨੂੰ ਵੀ 'ਫਰਿਸ਼ਤੇ ਯੋਜਨਾ' ਤਹਿਤ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ. ਇਸ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਲੋਕਾਂ ਦੀ ਜਾਨ ਬਚਾਉਣ ਵਿੱਚ ਮਦਦ ਮਿਲੇਗੀ। ਆਮ ਲੋਕਾਂ ਨੂੰ ਉਤਸ਼ਾਹ ਮਿਲੇਗਾ। ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਪੀੜਤਾਂ ਨੂੰ ਨਜ਼ਦੀਕੀ ਹਸਪਤਾਲ ਲੈ ਜਾਣ. ਅਜਿਹੇ ਮਦਦਗਾਰਾਂ ਨੂੰ 'ਫਰਿਸ਼ਤੇ' ਐਲਾਨਿਆ ਜਾਵੇਗਾ ਅਤੇ ਉਨ੍ਹਾਂ ਨੂੰ ਨਕਦ ਇਨਾਮ, ਸਰਕਾਰੀ ਪ੍ਰਸ਼ੰਸਾ ਪੱਤਰ ਅਤੇ ਕਾਨੂੰਨੀ ਕਾਰਵਾਈ ਤੋਂ ਪੂਰੀ ਛੋਟ ਦਿੱਤੀ ਜਾਵੇਗੀ। ਕਾਨੂੰਨੀ ਸੁਰੱਖਿਆ ਦਾ ਭਰੋਸਾ: ਜ਼ਖਮੀਆਂ ਨੂੰ ਹਸਪਤਾਲ ਲੈ ਜਾਣ ਵਾਲੇ ਵਿਅਕਤੀ ਨੂੰ ਪੁਲਸ ਪੁੱਛ-ਗਿੱਛ, ਐਫਆਈਆਰ ਜਾਂ ਕਿਸੇ ਵੀ ਤਰ੍ਹਾਂ ਦੀਆਂ ਕਾਨੂੰਨੀ ਪੇਚੀਦਗੀਆਂ ਤੋਂ ਪੂਰੀ ਛੋਟ ਦਿੱਤੀ ਜਾਵੇਗੀ। ਮੌਤ ਦਰ ਅਤੇ ਪੇਚੀਦਗੀਆਂ ਵਿੱਚ ਕਮੀ ਇਸ ਯੋਜਨਾ ਦਾ ਮੁੱਖ ਉਦੇਸ਼ ਜੰਗ ਅਤੇ ਅਤਿਵਾਦੀ ਘਟਨਾਵਾਂ ਕਾਰਨ ਹੋਣ ਵਾਲੀਆਂ ਮੌਤਾਂ ਅਤੇ ਗੰਭੀਰ ਪੇਚੀਦਗੀਆਂ ਨੂੰ ਘਟਾਉਣਾ ਹੈ। ਸੂਬਾ ਸਰਕਾਰ ਦੀ ਸੰਵੇਦਨਸ਼ੀਲਤਾ ਅਤੇ ਵਚਨਬੱਧਤਾ: ਇਹ ਕਦਮ ਸੂਬਾ ਸਰਕਾਰ ਦੀ ਲੋਕ ਭਲਾਈ ਵਾਲੀ ਸੋਚ ਨੂੰ ਦਰਸਾਉਂਦਾ ਹੈ, ਜਿਸ ਵਿੱਚ ਹਰ ਵਿਅਕਤੀ ਦੀ ਜ਼ਿੰਦਗੀ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ, ਭਾਵੇਂ ਹਾਲਾਤ ਕੋਈ ਵੀ ਹੋਣ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਇੱਕ ਅਜਿਹੀ ਸਰਕਾਰ ਹਾਂ, ਜੋ ਜ਼ਿੰਦਗੀ ਨੂੰ ਸਭ ਤੋਂ ਮਹੱਤਵਪੂਰਨ ਸਮਝਦੀ ਹੈ। ਜੰਗ ਅਤੇ ਅਤਿਵਾਦ ਦੇ ਪੀੜਤ ਵੀ ਸਾਡੇ ਆਪਣੇ ਹਨ ਅਤੇ ਉਨ੍ਹਾਂ ਦੀਆਂ ਜਾਨਾਂ ਬਚਾਉਣਾ ਸਾਡੀ ਜ਼ਿੰਮੇਵਾਰੀ ਹੈ 'ਫਰਿਸ਼ਤੇ ਸਕੀਮ' ਦੇ ਵਿਸਥਾਰ ਨਾਲ, ਹੁਣ ਕੋਈ ਵੀ ਪੀੜਤ ਇਲਾਜ ਤੋਂ ਵਾਂਝਾ ਨਹੀਂ ਰਹੇਗਾ। ਇਹ ਫੈਸਲਾ ਨਾ ਸਿਰਫ਼ ਪੰਜਾਬ ਵਿੱਚ ਨਵੀਂ ਮਨੁੱਖੀ ਸੰਵੇਦਨਾ ਦੀ ਸ਼ੁਰੂਆਤ ਕਰਦਾ ਹੈ, ਸਗੋਂ ਪੂਰੇ ਦੇਸ਼ ਲਈ ਇਕ ਮਿਸਾਲ ਵੀ ਸਥਾਪਤ ਕਰਦਾ ਹੈ।

## ਸੰਕਟ ਦੀ ਘੜੀ 'ਚ ਸਾਰੇ ਧਰਮ ਤੇ ਭਾਈਚਾਰੇ ਫੌਜ ਦੇ ਨਾਲ ਖੜ੍ਹੇ : ਜਿੰਪਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਦੇਸ਼ ਵਿੱਚ ਜੰਗ ਦੀ ਸਥਿਤੀ ਦੇ ਮੱਦੇਨਜ਼ਰ, ਸਰਵਧਰਮ ਸਦਭਾਵਨਾ ਕਮੇਟੀ ਵੱਲੋਂ ਫਿਊਚਰ ਰੈਡੀ ਇੰਸਟੀਚਿਊਟ ਵਿਦਿਆ ਮੰਦਿਰ ਸ਼ਿਮਲਾ ਪਹਾੜੀ ਹੁਸ਼ਿਆਰਪੁਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਵਿਧਾਇਕ ਹੁਸ਼ਿਆਰਪੁਰ ਬ੍ਰਮ ਸ਼ੰਕਰ ਜਿੰਪਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਧਰਮਾਂ, ਭਾਈਚਾਰਿਆਂ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਮੈਂਬਰ ਇਸ ਸੰਕਟ ਦੀ ਘੜੀ ਵਿੱਚ ਦੇਸ਼ ਅਤੇ ਸਰਹੱਦਾਂ 'ਤੇ ਲੜ ਰਹੀਆਂ ਫੌਜਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਸਾਰੇ ਨਾਗਰਿਕਾਂ ਨੂੰ ਸਿਵਲ ਡਿਫੈਂਸ ਸਿਖਲਾਈ ਵੀ ਲੈਣੀ ਚਾਹੀਦੀ ਹੈ ਤਾਂ ਜੋ ਕਿਸੇ ਆਫ਼ਤ ਦੀ ਸਥਿਤੀ ਵਿੱਚ ਜ਼ਖਮੀ ਲੋਕਾਂ ਦੀ ਜਾਨ ਬਚਾਉਣ ਲਈ ਤੁਰੰਤ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਸਾਨੂੰ ਪ੍ਰਸ਼ਾਸਨ ਦੇ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਅਫਵਾਹਾਂ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਪਾਕਿਸਤਾਨ ਵੱਲੋਂ ਸਪਾਂਸਰ ਕੀਤੀਆਂ ਜਾ ਰਹੀਆਂ ਅੱਤਵਾਦੀ ਗਤੀਵਿਧੀਆਂ ਦਾ ਦ੍ਰਿੜ ਅਤੇ ਢੁਕਵਾਂ ਜਵਾਬ ਦੇਣਾ ਬਹੁਤ ਜ਼ਰੂਰੀ ਹੈ। ਜਿਸ ਵਿੱਚ ਸਾਡੀਆਂ ਹਥਿਆਰਬੰਦ ਫੌਜਾਂ ਸਮਰੱਥ ਹਨ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਸਰਵਧਰਮ ਸਦਭਾਵਨਾ ਕਮੇਟੀ ਦੇ ਕਨਵੀਨਰ ਅਨੁਰਾਗ ਸੂਦ, ਕ੍ਰਿਸ਼ਚੀਅਨ ਨੈਸ਼ਨਲ ਫਰੰਟ ਦੇ ਰਾਸ਼ਟਰੀ ਚੇਅਰਮੈਨ ਲਾਰੈਂਸ ਚੌਧਰੀ, ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਦੇ ਉਪ ਪ੍ਰਧਾਨ ਅਵਤਾਰ ਸਿੰਘ ਲਾਇਲ, ਗੁਰਨਾਮ ਸਿੰਘ ਘੁੰਮਣ, ਅਹਿਮਦੀਆ ਮੁਸਲਿਮ ਜਮਾਤ ਤੋਂ ਮੌਲਵੀ ਸ਼ਾਹਬਾਜ਼ ਮੰਨਨ, ਸੂਦ ਸਭਾ ਹੁਸ਼ਿਆਰਪੁਰ ਦੇ ਪ੍ਰਧਾਨ ਅਰਵਿੰਦ ਸੂਦ ਐਡਵੋਕੇਟ, ਸੇਵਾਮੁਕਤ ਡੀਐਫਐਸਓ ਇੰਦਰ ਮੋਹਨ ਸ਼ਰਮਾ ਅਤੇ ਸਮਾਜ ਸੇਵਕ ਮਨੀ ਗੋਗੀਆ ਨੇ ਵੀ ਦੇਸ਼ ਨੂੰ ਸੰਬੋਧਨ ਕੀਤਾ ਅਤੇ ਸਾਰੇ ਦੇਸ਼ ਵਾਸੀਆਂ ਨੂੰ ਅਜਿਹੇ ਸਮੇਂ ਵਿੱਚ ਇੱਕਜੁੱਟ ਹੋਣ ਦਾ ਸੱਦਾ ਦਿੱਤਾ।ਇਸ ਮੌਕੇ ਬਾਬਾ ਬਾਲਕ ਨਾਥ ਟਰੱਸਟ ਦੇ ਸੰਸਥਾਪਕ ਹਰਸ਼ਵਿੰਦਰ ਸਿੰਘ ਪਠਾਨੀਆ, ਸੂਦ ਸਭਾ ਦੇ ਸਕੱਤਰ ਅਨਿਲ ਸੂਦ, ਮਹਾਰਿਸ਼ੀ ਭ੍ਰਿਗੂ ਵੇਦ ਵਿਦਿਆਲਿਆ ਦੇ ਸੰਸਥਾਪਕ ਪੰਕਜ ਸੂਦ, ਪ੍ਰੋ: ਨਜਮ ਰਿਆਦ, ਪ੍ਰੋ: ਟਰੇਸੀ ਕੋਹਲੀ, ਸ਼੍ਰੀ ਰਵਿਦਾਸ ਸਭਾ ਦੇ ਪ੍ਰਧਾਨ ਰਾਕੇਸ਼ ਕੁਮਾਰ, ਮਨਦੀਪ ਚੇਚੀ, ਪ੍ਰਿੰਸੀਪਲ ਸ਼ੋਭਾ ਰਾਣੀ, ਵਿਜੇ ਕੰਵਰ, ਮਨੀਸ਼ਾ ਜੋਸ਼ੀ, ਚਾਹਤ ਪਠਾਨੀਆ, ਚੇਤਨਾ ਅਤੇ ਹੋਰ ਪਤਵੰਤੇ ਹਾਜ਼ਰ ਸਨ । ਇਸ ਮੌਕੇ 'ਤੇ ਮੌਜੂਦ ਲੋਕਾਂ ਨੇ ਪ੍ਰਸ਼ਾਸਨ ਵੱਲੋਂ ਸਪਾਂਸਰ ਕੀਤੀ ਗਈ ਸਿਵਲ ਡਿਫੈਂਸ ਸਿਖਲਾਈ ਲਈ ਫਾਰਮ ਵੀ ਭਰੇ।

## ਨਿਊ ਡੈਮੋਕ੍ਰੇਸੀ ਵੱਲੋਂ ਭਾਰਤ-ਪਾਕਿ ਵਿਚਾਲੇ ਵਧ ਰਹੇ ਤਣਾਅ 'ਤੇ ਚਿੰਤਾ ਪ੍ਰਗਟ

**ਜਲੰਧਰ (ਨਜਸ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਇੱਕ ਦੂਜੇ ਉੱਪਰ ਹੋ ਰਹੇ ਹਮਲਿਆਂ ਨਾਲ ਵਧ ਰਹੇ ਤਣਾਅ ਉੱਪਰ ਚਿੰਤਾ ਪ੍ਰਗਟ ਕੀਤੀ।ਪਾਰਟੀ ਵੱਲੋਂ ਸੂਬਾ ਆਗੂ ਕਾਮਰੇਡ ਅਜਮੇਰ ਸਿੰਘ ਨੇ ਜਾਰੀ ਇੱਕ ਬਿਆਨ ਰਾਹੀਂ ਕਿਹਾ ਕਿ ਸੰਭਾਵਤ ਜੰਗ ਦੋਵਾਂ ਦੇਸ਼ਾਂ ਦੇ ਆਮ ਲੋਕਾਂ ਦੇ ਹਿੱਤ ਵਿੱਚ ਨਹੀਂ ਹੈ। ਵਾਦ-ਵਿਵਾਦ ਦੇ ਮੁੱਦਿਆਂ ਨੂੰ ਗੱਲਬਾਤ ਅਤੇ ਕੂਟਨੀਤਕ ਪੱਧਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਆਪਣੀਆਂ ਅਸਫ਼ਲਤਾਵਾਂ ਨੂੰ ਛੁਪਾਉਣ ਲਈ ਪੈਦਾ ਹੋਈ ਮੌਜੂਦਾ ਸਥਿਤੀ ਲਈ ਇੱਕ ਦੂਜੇ ਨੂੰ ਦੋਸ਼ੀ ਠਹਿਰਾ ਰਹੀਆਂ ਹਨ। ਜੰਗ ਦਾ ਮਾਹੌਲ ਸਿਰਜਕੇ ਫਿਰਕੂ ਟੋਲੇ ਤਣਾਅ, ਡਰ ਅਤੇ ਸਹਿਮ ਦਾ ਮਾਹੌਲ ਸਿਰਜ ਰਹੇ ਹਨ ਅਤੇ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਰਹੇ ਹਨ। ਉਨ੍ਹਾਂ ਕਿਹਾ ਕਿ ਜੰਗੀ ਮਾਹੌਲ ਸਿਰਜ ਕੇ ਪੰਜਾਬ ਦੀ ਨਾਬਰੀ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਕਰਕੇ ਪੰਜਾਬ ਨਾਲ ਲੱਗਦੀ ਸਰਹੱਦ ਉੱਪਰ ਵਿਸ਼ੇਸ਼ ਤਣਾਅ ਪੈਦਾ ਕੀਤਾ ਜਾ ਰਿਹਾ ਹੈ। ਪਾਰਟੀ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਦੋਵੇਂ ਮੁਲਕਾਂ ਦੇ ਆਮ ਲੋਕਾਂ ਦੇ ਹਿੱਤਾਂ ਵਿਰੁੱਧ ਹੈ, ਖ਼ਾਸਕਰ ਜੰਗ ਦੋਨਾਂ ਦੇਸ਼ਾਂ ਦੇ ਸਰਹੱਦੀ ਸੂਬਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਵਿਸ਼ੇਸ਼ ਤੌਰ ਉੱਤੇ ਤਬਾਹਕੁੰਨ ਸਾਬਿਤ ਹੋਵੇਗੀ।ਪਾਰਟੀ ਨੇ ਹਾਕਮ ਜਮਾਤ ਪਾਰਟੀਆਂ ਵੱਲੋਂ ਫੈਲਾਈ ਜਾ ਰਹੀ ਧੁੰਦ ਅਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਕਰਨ ਲਈ ਪਾਰਟੀ ਸਫ਼ਾਂ ਨੂੰ ਮੀਟਿੰਗਾਂ, ਰੈਲੀਆਂ ਅਤੇ ਪ੍ਰਚਾਰ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਪਹਿਲਗਾਮ ਦੀ ਦੁੱਖਦਾਈ ਘਟਨਾ ਦੀ ਨਿੰਦਿਆ ਕਰਦਿਆਂ ਇਸਦੀ ਉੱਚ ਪੱਧਰੀ ਨਿਰਪੱਖ ਜਾਂਚ ਕਰਨ ਦੀ ਮੰਗ ਕੀਤੀ।ਉਨ੍ਹਾਂ ਦੋਨਾਂ ਦੇਸ਼ਾਂ ਵਲੋਂ ਹਮਲੇ ਫੌਰੀ ਬੰਦ ਕਰਨ, ਸਰਹੱਦ ਉੱਪਰ ਤਣਾਅ ਘਟਾਉਣ ਅਤੇ ਗੱਲਬਾਤ ਕਰਨ ਲਈ ਦੋਹਾਂ ਸਰਕਾਰਾਂ ਨੂੰ ਸੁਝਾਅ ਦਿੱਤਾ।

## ਸੀ ਐੱਚ ਸੀ ਹਾਰਟਾ ਬੱਡਲਾ ਵਿਖੇ ਵਿਸ਼ਵ ਥੈਲੇਸੀਮੀਆ ਦਿਵਸ ਮਨਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਸੀ.ਐਚ.ਸੀ ਹਾਰਟਾ ਬੱਡਲਾ ਵਿਖੇ ਵਿਸ਼ਵ ਥੈਲਸੀਮੀਆ ਦਿਵਸ ਮਨਾਇਆ ਗਿਆ।ਇਸ ਮੌਕੇ ਕਰਵਾਏ ਗਏ ਜਾਗਰੂਕਤਾ ਸੈਮੀਨਾਰ ਵਿੱਚ ਸੰਬੋਧਨ ਕਰਦਿਆ ਡਾ. ਮਨਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਹਰ ਸਾਲ 8 ਮਈ ਨੂੰ ਥੈਲਾਸੀਮੀਆ ਦਿਵਸ ਮਨਾਇਆ ਜਾਂਦਾ ਹੈ।ਜਿਸ ਦਾ ਮੱਕਸਦ ਆਮ ਲੋਕਾਂ ਨੂੰ ਥੈਲਾਸੀਮੀਆ ਦੀ ਬੀਮਾਰੀ ਬਾਰੇ ਜਾਗਰੂਕ ਕਰਨਾ ਹੈ। ਉਨਾਂ ਕਿਹਾ ਕਿ ਥੈਲਾਸੇਮੀਆ ਸੰਬੰਧੀ ਲੋਕਾਂ ਵਿੱਚ ਬਹੁਤ ਘੱਟ ਜਾਗਰੂਕਤਾ ਹੈ। ਜਿਸ ਕਾਰਨ ਜਾਣੇ-ਅਣਜਾਣੇ ਵਿੱਚ ਇੱਕ ਨੰਨੀ ਜਾਨ ਇਸ ਬੀਮਾਰੀ ਦੀ ਸ਼ਿਕਾਰ ਹੋ ਜਾਂਦੀ ਹੈ। ਸੋ ਲੋੜ ਹੈ ਇਸ ਬਿਮਾਰੀ ਸਬੰਧੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਤਾਂ ਜੋ ਇਸ ਭਿਆਨਕ ਬਿਮਾਰੀ ਤੋਂ ਨਵ ਜਨਮੇ ਬੱਚੇ ਨੂੰ ਬਚਾਇਆ ਜਾ ਸਕੇ।ਡਾ.ਬੈਂਸ ਨੇ ਦੱਸਿਆ ਕਿ ਥੈਲਾਸੇਮੀਆ ਇੱਕ ਅਜਿਹੀ ਬੀਮਾਰੀ ਹੈ ਜਿਸ ਨਾਲ ਨਵ ਜੰਮੇ ਬੱਚੇ ਵਿੱਚ ਖ਼ੂਨ ਬਣਨ ਦੀ ਪ੍ਰਕਿਰਯਾ ਬਹੁਤ ਘੱਟ ਹੁੰਦੀ ਹੈ ਤੇ ਬੱਚੇ ਨੂੰ ਹਰ 10 ਜਾਂ 15 ਦਿਨਾਂ ਬਾਅਦ ਖ਼ੂਨ ਚੜ੍ਹਾਉਣ ਦੀ ਲੋੜ ਪੈਂਦੀ ਹੈ। ਇਸ ਗੰਭੀਰ ਜੈਨੇਟਿਕ ਰੋਗ ਨਾਲ ਵਿਅਕਤੀ ਵਿੱਚ ਖ਼ੂਨ ਦੇ ਨਾਲ ਨਾਲ ਸੇਲ ਬਣਾਉਣ ਦੀ ਸ਼ਕਤੀ ਵੀ ਘੱਟ ਹੋ ਜਾਂਦੀ ਤੇ ਹੌਲੀ - ਹੌਲੀ ਖਤਮ ਹੁੰਦੀ ਜਾਂਦੀ ਹੈ। ਇਸ ਰੋਗ ਦੇ ਮੁੱਖ ਲੱਛਣ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਪੀੜਤ ਵਿਅਕਤੀ ਦੇ ਸਰੀਰਕ ਵਿਕਾਸ ਵਿੱਚ ਦੇਰੀ ਹੁੰਦੀ ਹੈ,ਮਰੀਜ਼ ਬਹੁਤ ਕਮਜੋਰੀ ਅਤੇ ਥਕਾਵਟ ਮਹਿਸੂਸ ਕਰਦਾ ਹੈ।ਉਸ ਦੇ ਚਿਹਰੇ ਦੀ ਬਣਾਵਟ ਵਿੱਚ ਬਦਲਾਵ ਆ ਜਾਂਦਾ ਹੈ। ਚਮੜੀ ਦਾ ਰੰਗ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਪੇਸ਼ਾਬ ਗਾੜਾ ਆਉਂਦਾ ਹੈ।ਇਲਾਜ ਸੰਬੰਧੀ ਉਨਾਂ ਦੱਸਿਆ ਕਿ ਸਰਕਾਰ ਦੁਆਰਾ ਥੈਲੇਸੀਮਿਆ ਦੇ ਮਰੀਜਾਂ ਨੂੰ ਸਰਕਾਰੀ ਬਲੱਡ ਬੈਂਕਾਂ ਤੋਂ ਮੁਫ਼ਤ ਖ਼ੂਨ ਉਪਲੱਬਧ ਕਰਵਾਇਆ ਜਾਂਦਾ ਹੈ।ਇਸ ਤੋਂ ਇਲਾਵਾ ਰਾਸ਼ਟਰੀ ਬਾਲ ਸਵਾਸਥ ਕਾਰਿਆਕਰਮ ਤਹਿਤ ਸਰਕਾਰੀ ਹਸਪਤਾਲ ਵਿਚ ਪੈਦਾ ਹੋਏ 0-6 ਹਫਤੇ ਦੇ ਬੱਚਿਆਂ,ਆਂਗਨਵਾੜੀ ਸੈਂਟਰਾਂ ਵਿੱਚ ਦਰਜ 06 ਹਫਤੇ ਤੋਂ 06 ਸਾਲ ਦੇ ਬੱਚਿਆਂ, ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪੜ੍ਹਦੇ 06 ਤੋਂ 18 ਸਾਲ ਦੇ ਬੱਚਿਆਂ ਦਾ ਇਲਾਜ ਪੀਜੀਆਈ ਚੰਡੀਗੜ੍ਹ, ਸਰਕਾਰੀ ਮੈਡੀਕਲ ਕਾਲਜ ਅਤੇ ਜ਼ਿਲਾ ਪੱਧਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਆਰ.ਬੀ.ਐਸ.ਕੇ.ਪ੍ਰੋਗਰਾਮ ਅਧੀਨ ਸਾਰੇ 0-15 ਸਾਲ ਤੱਕ ਦੇ ਬੱਚਿਆਂ ਦਾ ਸਾਲ ਵਿੱਚ ਇੱਕ ਵਾਰ ਮੁਫਤ ਅਨੀਮਿਆ ਜਾਂਚ ਕਰਕੇ ਇਲਾਜ ਕੀਤਾ ਜਾਂਦਾ ਹੈ । ਉਨਾਂ ਦੱਸਿਆ ਇਸ ਰੋਗ ਦੀ ਜਾਂਚ ਮੈਡੀਕਲ ਕਾਲਜ ਅੰਮ੍ਰਿਤਸਰ, ਪਟਿਆਲਾ, ਫਰੀਦਕੋਟ, ਏਮਜ਼ ਬਠਿੰਡਾ ਅਤੇ ਸਰਕਾਰੀ ਹਸਪਤਾਲ ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿੱਚ ਉਪਲੱਬਧ ਹੈ ।



## ਢੈਂਚਾ ਉਗਾਉਣ ਵਾਲੇ ਕਿਸਾਨਾਂ ਲਈ ਹਰਿਆਣਾ ਸਰਕਾਰ ਦਾ ਵੱਡਾ ਐਲਾਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਰਾਜ ਵਿੱਚ ਹਰੀ ਖਾਦ ਨੂੰ ਵਧਾਉਣ ਅਤੇ ਕਿਸਾਨਾਂ ਨੂੰ ਰਸਾਇਣਿਕ ਖਾਦ 'ਤੇ ਨਿਰਭਰਤਾ ਮੁਕਤ ਕਰਨ ਦੇ ਉਦੇਸ਼ ਨਾਲ ਇੱਕ ਵੱਡੀ ਯੋਜਨਾ ਦਾ ਐਲਾਨ ਕੀਤਾ ਹੈ। ਹੁਣ ਜੋ ਕਿਸਾਨ ਆਪਣੀ ਜਮੀਨ 'ਤੇ ਢੈਂਚਾ ਹਰੀ ਖਾਦ ਦੇ ਰੂਪ ਵਿੱਚ ਉਗਾਉਣਗੇ, ਉਨ੍ਹਾਂ ਨੂੰ ਸਰਕਾਰ ਵੱਲੋਂ ਨਕਦ ਪ੍ਰੋਤਸਾਹਨ ਰਕਮ ਦਿੱਤੀ ਜਾਵੇਗੀ। ਇਹ ਰਕਮ ਸਿੱਧੇ ਲਾਭ ਟ੍ਰਾਂਸਫਰ ਰਾਹੀਂ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇਗੀ।ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਢੈਂਚਾ ਉਗਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1,000 ਰੁਪਏ ਦੀ ਆਰਥਿਕ ਮਦਦ ਦਿੱਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਢੈਂਚਾ ਇੱਕ ਕੁਦਰਤੀ ਖਾਦ ਹੈ ਜੋ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ, ਨਮੀ ਬਨਾਉਣ ਅਤੇ ਉਤਪਾਦਨ ਲਾਗਤ ਘਟਾਉਣ ਵਿੱਚ ਮਦਦਗਾਰ ਹੈ। ਇਹ ਯੋਜਨਾ ਪਹਿਲੀ ਬਾਰ ਸੂਬੇਭਰ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜਿਸ ਨਾਲ ਹਜ਼ਾਰਾਂ ਕਿਸਾਨਾਂ ਨੂੰ ਲਾਭ ਹੋਵੇਗਾ।ਢੈਂਚਾ ਇੱਕ ਫਲੀਦਾਰ ਫਸਲ ਹੈ, ਜਿਸ ਨੂੰ ਕਟਾਈ ਤੋਂ ਪਹਿਲਾਂ ਮਿੱਟੀ ਵਿੱਚ ਵਾਹ ਕੇ ਜੈਵਿਕ ਖਾਦ ਤਿਆਰ ਕੀਤੀ ਜਾਂਦੀ ਹੈ। ਇਹ ਫਸਲ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਵੀ ਮਦਦਗਾਰ ਹੁੰਦੀ ਹੈ ਕਿਉਂਕਿ ਇਹ ਨਾਈਟ੍ਰੋਜਨ ਫਿਕਸੇਸ਼ਨ ਕਰਦੀ ਹੈ ਅਤੇ ਨਾਈਟ੍ਰੋਜਨ ਦੀ ਸਪਲਾਈ ਕਰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਮਿੱਟੀ ਦੀ ਬਣਤਰ ਵਿੱਚ ਸੁਧਾਰ ਹੁੰਦਾ ਹੈ ਅਤੇ ਲੰਬੇ ਸਮੇਂ ਤੱਕ ਉਤਪਾਦਕਤਾ ਬਣੀ ਰਹਿੰਦੀ ਹੈ। ਰਾਣਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਢੈਂਚਾ ਫਸਲ ਦੀ ਫੋਟੋ ਮੇਰੀ ਫਸਲ ਮੇਰਾ ਬਿਯੌਰਾ ਪੋਰਟਲ 'ਤੇ ਸਮੇਂ ਸਿਰ ਅਪਲੋਡ ਕਰਨ, ਇਸ ਦੇ ਬਿਨਾ ਯੌਜਨਾ ਦਾ ਲਾਭ ਨਹੀਂ ਮਿਲ ਸਕੇਗਾ।ਸਰਕਾਰ ਨੇ ਰਾਜ ਦੇ 22 ਜ਼ਿਲ੍ਹਿਆਂ ਵਿੱਚ 4 ਲੱਖ ਏਕੜ ਭੂਮੀ 'ਤੇ ਫਸਲ ਵਿਭਿੰਨਤਾ ਦਾ ਟੀਚਾ ਰੱਖਿਆ ਹੈ, ਜਿਸ ਵਿੱਚ ਢੈਂਚਾ ਦੀ ਫਸਲ ਨੂੰ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ। ਇਸ ਯੋਜਨਾ ਨਾਲ ਅਨੁਮਾਨਿਤ 3 ਲੱਖ ਤੋਂ ਵੱਧ ਕਿਸਾਨਾਂ ਨੂੰ ਲਾਭ ਮਿਲੇਗਾ।ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਹ ਯੋਜਨਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕਿਸਾਨ ਕੇਂਦ੍ਰਿਤ ਦ੍ਰਿਸ਼ਟੀਕੌਣ ਨੂੰ ਲਾਗੂ ਕਰਨ ਵੱਲ ਇੱਕ ਠੋਸ ਯਤਨ ਹੈ।ਰਾਜ ਸਰਕਾਰ ਦਾ ਟੀਚਾ ਇਸ ਯੋਜਨਾ ਰਾਹੀਂ ਕਿਸਾਨਾਂ ਨੂੰ ਡਿਜਿਟਲ ਪ੍ਰਣਾਲੀ ਨਾਲ ਜੋੜਨਾ ਅਤੇ ਸਰਕਾਰੀ ਲਾਭ ਨੂੰ ਪਾਰਦਰਸ਼ੀ ਅਤੇ ਆਸਾਨ ਢੰਗ ਨਾਲ ਉਨ੍ਹਾਂ ਦੇ ਘਰ ਤੱਕ ਪਹੁੰਚਾਉਣਾ ਹੈ।ਖੇਤੀਬਾੜੀ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਰਾਜ ਸਰਕਾਰ ਵੱਲੋਂ ਚਲਾਈ ਜਾ ਰਹੀ ਸਾਰੀ ਯੌਜਨਾਵਾਂ ਦਾ ਲਾਭ ਚੁੱਕਣ ਅਤੇ ਢੈਂਚਾ ਜਿਹੀ ਵਾਤਾਵਰਣ ਅਨੁਕੂਲ ਫਸਲ ਨੂੰ ਅਪਣਾ ਕੇ ਹਰੀ ਕ੍ਰਾਂਤੀ ਵਿੱਚ ਭਾਗੀਦਾਰ ਬਨਣ।

## ਮਿਹਨਤਕਸ਼ ਜਨਤਾ ਜੰਗ ਨਹੀਂ, ਅਮਨ ਚਾਹੁੰਦੀ : ਤਰਸੇਮ ਪੀਟਰ



**ਮਹਿਤਪੁਰ (ਰਾਜਾ)** ਪੇਂਡੂ ਮਜ਼ਦੂਰ ਯੂਨੀਅਨ ਮਹਿਤਪੁਰ ਇਲਾਕਾ ਕਮੇਟੀ ਦੀ ਮੀਟਿੰਗ ਯੂਨੀਅਨ ਦੇ ਪ੍ਰਧਾਨ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੈਦਾ ਹੋਈ ਯੰਗ ਦੇ ਹਾਲਤਾਂ ਤੇ ਵਿਚਾਰ ਚਰਚ ਕਰਦਿਆਂ ਮਹਿਸੂਸ ਕੀਤਾ ਗਿਆ ਕਿ ਦੋਨੋਂ ਮੁਲਕਾਂ ਦੀ ਮਿਹਨਤਕਸ਼ ਜਨਤਾ ਜੰਗ ਨਹੀਂ ਅਮਨ ਚਾਹੁੰਦੀ ਹੈ। ਦੋਨਾਂ ਮੁਲਕਾਂ ਨੂੰ ਆਪਸ ਵਿੱਚ ਗੱਲਬਾਤ ਰਾਹੀਂ ਮਸਲਿਆਂ ਦਾ ਹੱਲ ਕੱਢਣਾ ਚਾਹੀਦਾ ਹੈ। ਯੰਗ ਦੇ ਪੈਦਾ ਹੋਏ ਹਾਲਾਤ ਨੇ ਲੋਕਾਂ ਵਿੱਚ ਇਨਾ ਡਰ ਪੈਦਾ ਕਰ ਦਿੱਤਾ ਹੈ। ਡਰ ਕਾਰਨ ਲੋਕ ਆਪਣੇ ਕਾਰੋਬਾਰਾਂ ਨੂੰ ਸਮੇਟ ਰਹੇ ਹਨ। ਜਿਹੜਾ ਆਉਣ ਵਾਲੇ ਦਿਨਾਂ ਵਿੱਚ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਪੈਦਾ ਕਰੇਗਾ । ਹੋ ਰਹੀ ਜਮ੍ਹਾਂ ਖੋਰੀ ਨਾਲ ਕੀਮਤਾਂ ਅਸਮਾਨੀ ਛੂਹਣਗੀਆਂ। ਇਸ ਦਾ ਸਭ ਤੋਂ ਵੱਡਾ ਸੰਤਾਪ ਮਿਹਨਤਕਸ਼ ਜਨਤਾ ਨੂੰ ਝੱਲਣਾ ਪਵੇਗਾ। ਮੀਟਿੰਗ ਤੋਂ ਬਾਅਦ ਪੈਦਾ ਹੋਣ ਵਾਲੇ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਵਫਦ ਨੇ ਪ੍ਰਧਾਨ ਕਸ਼ਮੀਰ ਮੰਡਿਆਲਾ, ਵਿਜੇ ਬਾਠ, ਡੈਨੀਅਲ ਸੰਗੋਵਾਲ , ਬਖਸ਼ੋ ਮੰਡਿਆਲਾ, ਸਰਬਜੀਤ ਕੌਰ, ਸੋਮਾ ਰਾਣੀ, ਕੋਮਲ, ਪਰਵੀਨ, ਹਰਵਿੰਦਰ ਕੌਰ, ਸਨੀ, ਕੁਲਵਿੰਦਰ ਕੌਰ ਗੀਨਾ, ਸੰਦੀਪ, ਅਧਾਰ ਤੇ ਆਗੂ ਨੇ ਬੀਡੀਪੀਓ ਮੈਡਮ ਨੂੰ ਮਿਲ ਕੇ ਮੰਗ ਕੀਤੀ ਕਿ ਪਿੰਡਾਂ ਅਤੇ ਸਰਕਾਰੀ ਅਦਾਰਿਆਂ ਵਿੱਚ ਵੱਡੇ ਪੱਧਰ ਦੇ ਉੱਤੇ ਮਨਰੇਗਾ ਰੁਜ਼ਗਾਰ ਪ੍ਰੋਜੈਕਟ ਬਣਾ ਕੇ ਰੁਜ਼ਗਾਰ ਜਿੱਤਾ ਜਾਵੇ। ਮਨਰੇਗਾ ਵਰਕਰਾਂ ਨਾਲ ਕਿਸੇ ਤਰ੍ਹਾਂ ਦਾ ਪੱਖ ਪਾਤ ਨਾ ਕੀਤਾ ਜਾਵੇ।

## ਜੰਗ ਦੇ ਖਿਲਾਫ਼ ਤੇ ਦੋਹਾਂ ਦੇਸ਼ਾਂ 'ਚ ਅਮਨ-ਸ਼ਾਂਤੀ ਲਈ ਸ਼ਹਿਰ 'ਚ ਮਾਰਚ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਇਲਾਕੇ ਦੀਆਂ ਵੱਖ ਵੱਖ ਸੰਘਰਸ਼ਸ਼ੀਲ ਅਤੇ ਅਮਨ ਪਸੰਦ ਜਥੇਬੰਦੀਆਂ ਵੱਲੋਂ ਇਕੱਤਰ ਹੋ ਕੇ ਭਾਰਤ- ਪਾਕ ਦੇ ਹਾਕਮਾਂ ਵੱਲੋਂ ਛੇੜੀ ਨਿਹੱਕੀ ਜੰਗ ਦੇ ਖਿਲਾਫ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚ ਆਪਸੀ ਅਮਨ ਸ਼ਾਂਤੀ ਭਾਈਚਾਰਾ ਸਾਂਝ ਦਾ ਸੰਦੇਸ਼ ਦਿੰਦਿਆਂ ਸ਼ਹਿਰ ਵਿੱਚ ਮਾਰਚ ਕੀਤਾ ਗਿਆ। ਮਾਰਚ ਤੋਂ ਪਹਿਲਾਂ ਬੰਗਾਂ ਚੌਕ ਵਿੱਚ ਸਥਿਤ ਗਾਂਧੀ ਪਾਰਕ ਵੱਖ ਵੱਖ-ਵੱਖ ਬੁਲਾਰਿਆਂ ਮੁਕੇਸ਼ ਕੁਮਾਰ,ਕੁਲਭੂਸ਼ਨ ਮੈਹਿੰਦਵਾਣੀ, ਸ਼ਾਮ ਸੁੰਦਰ ਕਪੂਰ, ਨਰੇਸ਼ ਕੁਮਾਰ ਭੰਮੀਆਂ,ਵਰਿੰਦਰ ਸਿੰਘ ਬਿਛੌੜੀ ਅਤੇ ਸੁਖਦੇਵ ਡਾਂਨਸੀਵਾਲ ਨੇ ਕਿਹਾ ਕਿ ਲੋਕ- ਮਾਰੂ ਜੰਗ ਦੇ ਭਾਂਬੜ ਬਾਲੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਦੋਵੇਂ ਮੁਲਕਾਂ ਦੇ ਲੋਕਾਂ ਦੇ ਖਿਲਾਫ਼ ਨਿਹੱਕੀ ਜੰਗ ਹੈ, ਜਿਸਦਾ ਹਰ ਮਾਨਵ ਦਰਦੀ, ਇਨਸਾਫ਼ ਅਤੇ ਅਮਨ ਪਸੰਦ ਵਿਅਕਤੀ ਨੂੰ ਬੇਖੌਫ਼ ਹੋ ਕੇ ਵਿਰੋਧ ਕਰਨ ਦੀ ਲੋੜ ਹੈ।ਆਗੂਆ ਨੇ ਪਹਿਲਗਾਮ ਦੀ ਹਿਰਦੇਵੇਦਕ ਘਟਨਾ ਦੀ ਕਰੜੀ ਨਿੰਦਾ ਕਰਦੇ ਹੋਏ ਇਸ ਘਟਨਾ ਦੀ ਜਾਂਚ ਕਰਕੇ ਮੁਜ਼ਰਿਮਾਂ ਨੂੰ ਸ਼ਜਾ ਦੇਣਾ, ਲੋਕਾਂ ਦੇ ਸੰਦੇਹ ਅਤੇ ਮੂੰਹ ਫੱਟ ਬਿਆਨਾਂ ਦਾ ਤਸੱਲੀਬਖ਼ਸ਼ ਜਵਾਬ ਦੇਣ ਦੀ ਭਾਜਪਾ ਹਕੂਮਤ ਦੀ ਨੈਤਿਕ ਜ਼ਿੰਮੇਵਾਰੀ ਹੈ ਜਿਸ ਤੋ ਹਾਕਮ ਭੱਜ ਰਹੇ ਨੇ, ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਅਤੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਦੀ




ਪੂੰਜੀ ਲਈ ਰਾਹ ਪੱਧਰਾ ਕਰਨ ਵਾਸਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਲੋਕਾਂ ਦੀ ਸੁਰਤੀ ਜੰਗ ਦੇ ਝੱਖੜਾਂ ਵਿੱਚ ਰੋਲ਼ ਦੇਣਾ ਚਾਹੁੰਦੀ ਹੈ।ਉਹਨਾਂ ਕਿਹਾ ਕਿ ਕੇਂਦਰੀ ਹਕੂਮਤ ਅਤੇ ਪੁਲਸ ਰਾਜ ਬਣਾ ਧਰਨ ਲਈ ਪੰਜਾਬ ਹਕੂਮਤ ਨੇ ਕਾਰਪੋਰੇਟ ਘਰਾਣਿਆਂ ਅੱਗੇ ਜੰਗਲ,ਜਲ, ਜ਼ਮੀਨ, ਸਿੱਖਿਆ, ਸਿਹਤ ਆਦਿ ਸਭ ਸਾਧਨ ਅਤੇ ਕੁਦਰਤੀ ਅਨਮੋਲ ਸਰੋਤ ਪਰੋਸਣ ਲਈ ਲੋਕਾਂ ਖ਼ਿਲਾਫ਼ ਜੰਗ ਛੇੜ ਰੱਖੀ ਹੈ। ਜੰਗ ਰਾਹੀਂ ਅੰਧ ਰਾਸ਼ਟਰਵਾਦ ਦੀ ਗਰਦੋ ਗੁਬਾਰ ਦਾ ਓਹਲਾ ਕਰਕੇ ਲੋਕਾਂ ਦਾ ਧਿਆਨ ਆਪਣੀਆਂ ਹਕੀਕੀ ਮੰਗਾਂ ਮਸਲਿਆਂ ਤੋਂ ਹਟਾ ਕੇ ਬੱਸ ਜੰਗ ਦੇ ਧੂੰਏ ਵਿੱਚ ਬਦਲ ਦੇਣ ਦਾ ਮਨਸੂਬਾ ਹੈ। ਜੰਗ ਕੋਈ ਸਮੱਸਿਆ ਦਾ ਹੱਲ ਨਹੀਂ। ਇਸ ਮੌਕੇ ਅਮਨ ਮਾਰਚ ਵਿੱਚ ਜਸਪਾਲ ਸਿੰਘ ਸ਼ੌਂਕੀ, ਰਾਮ ਜੀ ਦਾਸ ਚੌਹਾਨ, ਰਾਣਾ ਦਵਿੰਦਰ ਕੁਮਾਰ, ਸਤਪਾਲ ਕਲੇਰ, ਗੁਰਮੇਲ ਸਿੰਘ, ਹੰਸ ਰਾਜ ਗੜ੍ਹਸ਼ੰਕਰ, ਪਰਮਜੀਤ ਚੌਹੜਾ ਭੁਪਿੰਦਰ ਸਿੰਘ ਸੜੋਆ,ਸ਼ਾਮ ਸੁੰਦਰ ਕਪੂਰ,ਜਗਦੀਪ ਕੁਮਾਰ, ਗਗਨਦੀਪ ਸਿੰਘ, ਰਾਜਦੀਪ ਸਿੰਘ, ਮਨਜੀਤ ਅਰਮਾਨ, ਨਰੇਸ਼ ਭੰਮੀਆ, ਮਨਦੀਪ ਕੁਮਾਰ, ਜਰਨੈਲ ਸਿੰਘ ਡਘਾਮ, ਰਮੇਸ਼ ਕੁਮਾਰ ਮਲਕੋਵਾਲ, ਗਗਨਦੀਪ ਥਾਂਦੀ,ਸ਼ਿੰਗਾਰਾ ਰਾਮ ਭੱਜਲ, ਬਲਵੰਤ ਰਾਮ, ਸਤਨਾਮ ਸਿੰਘ ਪੀਟੀ ਆਈ, ਜਗਦੀਪ ਕੁਮਾਰ, ਦੀਵਾਨ ਚੰਦ, ਰਜਿੰਦਰ ਸਿੰਘ, ਚੰਦਰਸ਼ੇਖਰ ਔਲੀਆਪੁਰ, ਵਿਨੇ ਕੁਮਾਰ, ਬਲਵਿੰਦਰ ਸਿੰਘ ਖਾਨਪੁਰ,ਸੰਜੀਵ ਕੁਮਾਰ ਪੀ ਟੀ ਆਈ, ਗੁਰਨਾਮ ਸਿੰਘ ਹਾਜੀਪੁਰ,ਡਾ ਅਮਰੀਕ ਸਿੰਘ,ਗੋਪਾਲ ਦਾਸ, ਸਤਨਾਮ ਸਿੰਘ ਸੂੰਨੀ,ਨਰਿੰਦਰ ਕੁਮਾਰ,ਬਲਕਾਰ ਸਿੰਘ ਮਘਾਣੀਆ,ਖੁਸ਼ਵਿੰਦਰ ਕੌਰ ਆਦਿ ਹਾਜਰ ਸਨ।

## ਸਫਾਈ ਤੇ ਸਿਹਤ ਲਈ ਡਰਾਈ ਡੇ ਮੁਹਿੰਮ ਦਾ ਸ਼ੁੱਭ ਆਰੰਭ



**ਮਹਿਤਪੁਰ (ਰਾਜਾ)** ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੀ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਪ੍ਰਭਾਕਰ ਦੀ ਰਾਹਨੁਮਾਈ ਹੇਠ ਬਲਾਕ ਪ੍ਰਾਇਮਰੀ ਹੈਲਥ ਸੈਂਟਰ ਮਹਿਤਪੁਰ ਵੱਲੋਂ ਡਰਾਈ ਡੇ ਮੁਹਿੰਮ ਅਤੇ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਨੂੰ ਇਕ ਵਿਲੱਖਣ ਤਰੀਕੇ ਨਾਲ ਸ਼ੁਰੂ ਕੀਤਾ ਗਿਆ। ਇਸ ਲਾਂਚਿੰਗ ਈਵੈਂਟ ਅਧੀਨ, ਬਲਾਕ ਮਹਿਤਪੁਰ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨੂੰ ਡੇਂਗੂ ਤੋਂ ਬਚਾਅ ਅਤੇ ਸਫਾਈ ਸੰਬੰਧੀ ਜਾਗਰੂਕਤਾ ਦਿੱਤੀ ਗਈ। ਇਹ ਮੁਹਿੰਮ ਬਲਾਕ ਐਕਸਟੈਨਸ਼ਨ ਐਜੂਕੇਟਰ ਹਿਮਾਲਿਆ ਪ੍ਰਕਾਸ਼ ਦੀ ਯੋਜਨਾ ਅਨੁਸਾਰ ਚਲਾਈ ਗਈ ਸੀ, ਜਿਸ ਵਿੱਚ ਸਭ ਪ੍ਰਬੰਧ ਸੁਚੱਜੇ ਢੰਗ ਨਾਲ ਕੀਤੇ ਗਏ। ਮੁਹਿੰਮ ਵਿੱਚ ਸੈਨੀਟੇਸ਼ਨ ਇੰਸਪੈਕਟਰ ਦਵਿੰਦਰ ਸਿੰਘ, ਲਖਬੀਰ ਸਿੰਘ ਅਤੇ ਮਲਟੀਪਰਪਜ਼ ਹੈਲਥ ਵਰਕਰ ਰਾਜਵੰਤ, ਅਮਰਜੀਤ, ਕੁਲਵਿੰਦਰ ਆਦਿ ਨੇ ਭਰਪੂਰ ਭਾਗ ਲਿਆ। ਇਹ ਮੁਹਿੰਮ ਸਿਰਫ਼ ਇੱਕ ਦਿਨ ਦਾ ਪ੍ਰੋਗਰਾਮ ਨਹੀਂ, ਸਗੋਂ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਲੋਕਾਂ ਵਿੱਚ ਲਗਾਤਾਰ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਹੈ। ਲੋਕਾਂ ਨੂੰ ਆਪਣੇ ਆਸਪਾਸ ਦੀ ਸਫਾਈ ਬਣਾਈ ਰੱਖਣ, ਪਾਣੀ ਇਕੱਠਾ ਨਾ ਹੋਣ ਦੇ ਉਪਾਅ ਅਤੇ ਨਿਰੰਤਰ ਡਰਾਈ ਡੇ ਮਨਾਉਣ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

11 May Page-8.qxd 5/10/2025 8:06 PM Page 1



# ਹੁਸ਼ਿਆਰਪੁਰ ਦੇ ਪਿੰਡ ਬਹਿ ਅਤਾ 'ਚ ਮਿਲੀ ਮਿਜ਼ਾਈਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਪਾਕਿਸਤਾਨ ਦਰਮਿਆਨ ਜੰਗ ਦੀਆਂ ਖਬਰਾਂ ਦੇ ਚਲਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਧਾਨ ਸਭਾ ਹਲਕਾ ਦਸੂਹਾ ਅਧੀਨ ਆਉਂਦੇ ਪਿੰਡ ਬਹਿ ਅਤਾ ਵਿੱਚ ਉਦੋਂ ਸਨਸਨੀ ਫੈਲ ਗਈ ਜਦੋਂ ਸਵੇਰ ਸਾਰ ਪਿੰਡ ਵਾਸੀਆਂ ਨੇ ਪਿੰਡ ਦੇ ਬਾਹਰ-ਵਾਰ ਖੇਤਾਂ ਵਿੱਚ ਇੱਕ ਮਿਜ਼ਾਈਲ ਡਿੱਗੀ ਹੋਈ ਦੇਖੀ। ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮੂ ਪਠਾਨਕੋਟ ਕੌਮੀ ਮਾਰਗ 'ਤੇ ਪਹਿਲੇ ਉੱਚੀ ਬਸੀ ਵਿਖੇ ਭਾਰਤੀ ਫੌਜ ਦੀ ਛਾਉਣੀ ਉੱਪਰ ਪਾਕਿਸਤਾਨ ਵੱਲੋਂ ਡਰੋਨ ਮਿਜ਼ਾਈਲਾਂ ਨਾਲ ਹਮਲਾ ਕੀਤੇ ਜਾਣ ਦੀਆਂ ਖਬਰਾਂ ਆਈਆਂ ਸਨ ਜਿਨ੍ਹਾਂ ਨੂੰ ਭਾਰਤੀ ਫੌਜ ਵੱਲੋਂ ਅਸਮਾਨ ਵਿੱਚ ਹੀ ਨਸ਼ਟ ਕਰ ਦਿੱਤਾ ਗਿਆ । ਇਹਨਾਂ ਹਾਲਾਤ ਦੇ ਚਲਦਿਆਂ ਹੀ ਪਿੰਡ ਬਹਿ ਅਤਾ ਵਿੱਚ ਮਿਜ਼ਾਈਲ ਦਾ ਮਿਲਣਾ ਆਪਣੇ ਆਪ ਵਿੱਚ ਹੀ ਬਹੁਤ ਮਹੱਤਵਪੂਰਨ ਘਟਨਾ ਹੈ। ਨਿਵਾਸੀਆਂ ਨੇ ਇਸ ਦੀ ਸੂਚਨਾ ਤੁਰੰਤ ਹੁਸ਼ਿਆਰਪੁਰ ਪੁਲਸ ਨੂੰ ਦਿੱਤੀ ਜਿਸ 'ਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਭਾਰਤੀ ਫੌਜ ਨੂੰ ਵੀ ਇਸ ਦੀ ਸੂਚਨਾ ਦਿੱਤੀ ਗਈ ਹੈ। ਮੁਢਲੀ ਜਾਣਕਾਰੀ ਅਨੁਸਾਰ ਇਹ ਮਿਜ਼ਾਈਲ ਜਿੰਦਾ ਦੱਸੀ ਜਾਂਦੀ ਹੈ ਜਿਸ ਨੂੰ ਡਿਫਿਊਜ਼ ਕਰਨ ਦੀਆਂ ਭਾਰਤੀ ਫੌਜ ਵੱਲੋਂ ਕੋਸ਼ਿਸ਼ ਚੱਲ ਰਹੀਆਂ ਹਨ । ਬੀਤੀ ਰਾਤ ਕਰੀਬ 8:30 ਵਜੇ ਇਸ ਹਮਲੇ ਦੀ ਸੂਚਨਾ ਮਿਲਦਿਆਂ ਹੀ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹਤਿਆਤੀ ਕਦਮ ਚੁੱਕ ਗਏ ਜਿਨਾਂ ਵਿੱਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ੍ਰੀਮਤੀ ਆਸ਼ਿਕਾ ਜੈਨ ਨੇ ਅਧਿਕਾਰਤ ਤੌਰ 'ਤੇ ਹੁਸ਼ਿਆਰਪੁਰ ਵਿੱਚ ਬਲੈਕ ਆਊਟ ਦਾ ਐਲਾਨ ਕਰ ਦਿੱਤਾ। ਰਾਤ 8:30 ਵਜੇ ਤੋਂ ਬਿਜਲੀ ਦੀ ਸਪਲਾਈ ਸਵੇਰੇ 5:00 ਵਜੇ ਤੱਕ ਬੰਦ ਰਹੀ ਅਤੇ ਸਾਰੇ ਪਾਸੇ ਘੁੱਪ ਹਨੇਰਾ ਛਾ ਗਿਆ।

# ਹਿੰਦੁਸਤਾਨ ਵੈੱਲਫੇਅਰ ਬਲੱਡ ਡੋਨਰਜ਼ ਕਲੱਬ ਲਗਾਏਗੀ ਖੂਨਦਾਨ ਕੈਂਪ



**ਫਗਵਾੜਾ (ਜਸਵਿੰਦਰ ਢੱਡਾ)** ਪਹਿਲਗਾਮ ਵਿੱਚ ਅੱਤਵਾਦੀਆਂ ਵਲੋਂ ਨਿਰਦੋਸ਼ ਸੈਲਾਨੀਆਂ ਦੇ ਕਤਲ ਦੇ ਜਵਾਬ ਵਿੱਚ ਭਾਰਤੀ ਫੌਜਾਂ ਵਲੋਂ ਜਾਰੀ ਉਪਰੇਸ਼ਨ ਸਿੰਧੂਰ ਤਹਿਤ ਕਾਰਵਾਈ ਤੋਂ ਬੌਖਲਾਏ ਪਾਕਿਸਤਾਨ ਵਲੋਂ ਐਲਾਨੀ ਜੰਗ ਅਤੇ ਸੰਭਾਵਿਤ ਹਾਲਾਤਾਂ ਦੇ ਮੱਦੇਨਜ਼ਰ ਭਾਰਤ ਦੇ ਜਾਂਬਾਜ਼ ਯੋਧਿਆਂ ਦੀ ਜੀਵਨ ਸੁਰੱਖਿਆ ਲਈ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਦੀ ਅਗਵਾਈ ਵਿੱਚ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ (ਰਜਿ.) ਫਗਵਾੜਾ ਦਾ ਇੱਕ ਵਫ਼ਦ ਖੂਨਦਾਨ ਕੈਂਪ ਆਯੋਜਨ ਲਈ ਡੀਆਈਜੀ ਬੀ ਐਸ ਐਫ ਹੈਡਕੁਆਟਰ ਪੰਜਾਬ ਡਾ. ਸ਼ਿਵ ਕੁਮਾਰ ਨਾਲ ਮੁਲਾਕਾਤ ਕੀਤੀ । ਡਾ. ਸ਼ਿਵ ਕੁਮਾਰ ਨੇ ਕਿਹਾ ਕਿ ਅੱਤਵਾਦ ਮਾਨਵਤਾ ਲਈ ਬਹੁਤ ਵੱਡੀ ਚੁਣੌਤੀ ਹੈ । ਪ੍ਰੰਤੂ ਭਾਰਤ ਦੇ ਲੋਕਾਂ ਦੇ ਮਿਲ ਰਹੇ ਪਿਆਰ ਅਤੇ ਦੇਸ਼ ਭਗਤੀ ਭਰਪੂਰ ਵਤੀਰੇ ਨਾਲ ਸੁਰੱਖਿਆ ਬੱਲ ਮਜ਼ਬੂਤੀ ਨਾਲ ਖੜੇ ਹਨ । ਡਾ. ਸ਼ਿਵ ਨੇ ਲੋਕਾਂ ਨੂੰ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਖੂਨਦਾਨ ਦੀ ਅਪੀਲ ਕੀਤੀ । ਇਸ ਮੌਕੇ ਵਿਤਿਨ ਪੁਰੀ. ਮੈਨੇਜਰ ਬੋਧ ਰਾਜ ਅਤੇ ਗਗਨ ਰਾਜ ਪੁਰੋਹਿਤ ਹਾਜ਼ਰ ਸਨ ।

# ਸੂਬੇ 'ਚ ਕਿਫਾਇਤੀ ਰਿਹਾਇਸ਼ੀ ਸਕੀਮਾਂ ਨੂੰ ਮਿਲੇਗਾ ਵੱਡਾ ਹੁਲਾਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਦੂਰਦਰਸ਼ੀ ਤੇ ਲੋਕ ਭਲਾਈ ਵਾਲਾ ਫੈਸਲਾ ਲੈਂ ਕੇ ਸ਼ਹਿਰੀਕਰਨ ਵੱਲ ਵੱਡਾ ਕਦਮ ਚੁੱਕਿਆ ਹੈ।ਵਜ਼ਾਰਤ ਦੀ ਮੀਟਿੰਗ ਵਿੱਚ ਸੂਬੇ 'ਚ ਕਿਫਾਇਤੀ ਰਿਹਾਇਸ਼ੀ ਯੋਜਨਾਵਾਂ ਵਿੱਚ ਤੇਜ਼ੀ ਲਿਆਉਣ ਅਤੇ ਅਰਬਨ ਅਸਟੇਟ ਦੇ ਤੇਜ਼ੀ ਨਾਲ ਵਿਕਾਸ ਲਈ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਦਾ ਫੈਸਲਾ ਕੀਤਾ ਗਿਆ।ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਹੁਣ ਜ਼ਮੀਨ ਮਾਲਕਾਂ ਤੋਂ ਸਿੱਧੇ ਤੌਰ 'ਤੇ ਜ਼ਮੀਨ ਖਰੀਦਣ ਲਈ ਸਰਲ ਅਤੇ ਪਾਰਦਰਸ਼ੀ ਪ੍ਰਕਿਰਿਆ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਜ਼ਮੀਨ ਪ੍ਰਾਪਤੀ ਵਿੱਚ ਦੇਰੀ ਤੇ ਕਾਨੂੰਨੀ ਪੇਚੀਦਗੀਆਂ ਖ਼ਤਮ ਹੋਣਗੀਆਂ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਪੂਰਾ ਕੀਤਾ ਜਾ ਸਕੇਗਾ।ਸਰਕਾਰ ਨੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀ 'ਲੈਂਡ ਪੂਲਿੰਗ ਸਕੀਮ' ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਸ਼ਹਿਰੀ ਖੇਤਰਾਂ ਵਿੱਚ ਨਵੀਆਂ ਰਿਹਾਇਸ਼ੀ ਕਲੋਨੀਆਂ ਦੀ ਸਥਾਪਨਾ ਹੋਵੇਗੀ। ਇਸ ਯੋਜਨਾ ਦੇ ਤਹਿਤ ਕਿਸਾਨ ਜਾਂ ਜ਼ਮੀਨ ਮਾਲਕ ਆਪਣੀ ਜ਼ਮੀਨ ਸਰਕਾਰ ਨੂੰ ਦੇਣਗੇ ਅਤੇ ਬਦਲੇ ਵਿੱਚ ਉਨ੍ਹਾਂ ਨੂੰ ਵਿਕਸਤ ਖੇਤਰ ਵਿੱਚ ਪਲਾਟ ਵਜੋਂ ਹਿੱਸੇਦਾਰੀ ਜਾਂ ਉਚਿਤ ਮੁਆਵਜ਼ਾ ਮਿਲੇਗਾ। ਇਹ ਨੀਤੀ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰੇਗੀ ਅਤੇ ਉਨ੍ਹਾਂ ਨੂੰ ਵਿਕਾਸ ਵਿੱਚ ਭਾਈਵਾਲ ਬਣਾਏਗੀ।ਜ਼ਮੀਨ ਖਰੀਦਣ ਦੀ ਪ੍ਰਕਿਰਿਆ ਪਾਰਦਰਸ਼ੀ ਤੇ ਸਮਾਂਬੱਧ ਹੋਵੇਗੀ ਸੂਬਾ ਸਰਕਾਰ ਦੁਆਰਾ ਨਿਰਧਾਰਤ ਨਵੀਂ ਪ੍ਰਕਿਰਿਆ ਦੇ ਤਹਿਤ: ਜ਼ਮੀਨ ਦੀ ਸ਼ਨਾਖਤ ਇੱਕ ਕਮੇਟੀ ਦੁਆਰਾ ਕੀਤੀ ਜਾਵੇਗੀ, ਜੋ ਕਿ ਮਾਲ ਅਤੇ ਮੁੜ ਵਸੇਬਾ ਵਿਭਾਗ ਦੀ 2011 ਦੀ ਨੀਤੀ ਅਨੁਸਾਰ ਕੰਮ ਕਰੇਗੀ। ਜ਼ਮੀਨ ਮਾਲਕਾਂ ਨੂੰ ਆਪਣੀ ਜ਼ਮੀਨ ਵਿਕਾਸ ਅਥਾਰਟੀ ਨੂੰ ਵੇਚਣ ਜਾਂ ਲੈਂਡ ਪੂਲਿੰਗ ਸਕੀਮ ਅਧੀਨ ਦੇਣ ਲਈ ਸੱਦਾ ਦਿੱਤਾ ਜਾਵੇਗਾ। ਜ਼ਮੀਨ ਦੇ ਮਾਲਕੀ ਹੱਕ ਦੀ ਤਸਦੀਕ ਸਬੰਧਤ ਡਿਪਟੀ ਕਮਿਸ਼ਨਰ ਤੋਂ ਕੀਤੀ ਜਾਵੇਗੀ। ਫਿਰ ਆਮ ਜਨਤਾ ਤੋਂ ਇਤਰਾਜ਼ ਮੰਗਣ ਲਈ 30 ਦਿਨਾਂ ਦਾ ਜਨਤਕ ਨੋਟਿਸ ਜਾਰੀ ਕੀਤਾ ਜਾਵੇਗਾ। ਪ੍ਰਾਪਤ ਹੋਏ ਇਤਰਾਜ਼ਾਂ ਦਾ ਨਿਪਟਾਰਾ ਕਮੇਟੀ ਦੁਆਰਾ 30 ਦਿਨਾਂ ਦੇ ਅੰਦਰ ਕੀਤਾ ਜਾਵੇਗਾ।ਇਸ ਤੋਂ ਬਾਅਦ ਵਿਕਾਸ ਅਥਾਰਟੀ ਦਾ ਮਨੋਨੀਤ ਅਧਿਕਾਰੀ ਪ੍ਰਾਪਤੀ ਪ੍ਰਕਿਰਿਆ ਨੂੰ ਪੂਰਾ ਕਰੇਗਾ।ਸਰਕਾਰ ਦਾ ਉਦੇਸ਼ ਹਰ ਪਰਿਵਾਰ ਨੂੰ ਛੱਤ ਪ੍ਰਦਾਨ ਕਰਨਾ ਅਤੇ ਵਿਕਾਸ ਨੂੰ ਤੇਜ਼ ਕਰਨਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਫੈਸਲੇ ਨੂੰ 'ਪੰਜਾਬ ਦੇ ਆਮ ਲੋਕਾਂ' ਨੂੰ ਛੱਤ ਪ੍ਰਦਾਨ ਕਰਨ ਅਤੇ ਯੋਜਨਾਬੱਧ ਸ਼ਹਿਰੀਕਰਨ ਵੱਲ ਇਤਿਹਾਸਕ ਕਦਮ ਦੱਸਿਆ। ਉਨ੍ਹਾਂ ਕਿਹਾ, 'ਇਹ ਸਾਡੀ ਸਰਕਾਰ ਦਾ ਤਰਜੀਹ ਹੈ ਕਿ ਕੋਈ ਵੀ ਵਿਅਕਤੀ ਛੱਤ ਤੋਂ ਬਿਨਾਂ ਨਾ ਰਹੇ। ਇਹ ਨੀਤੀ ਸੂਬੇ ਦੇ ਹਰ ਵਰਗ ਦੇ ਲੋਕਾਂ ਨੂੰ ਕਿਫਾਇਤੀ ਦਰਾਂ 'ਤੇ ਘਰ ਪ੍ਰਾਪਤ ਕਰਨ ਦੇ ਯੋਗ ਬਣਾਏਗੀ।' ਇਹ ਫੈਸਲਾ ਸੂਬੇ ਵਿਚ ਤੇਜ਼ ਅਤੇ ਟਿਕਾਊ ਸ਼ਹਿਰੀ ਵਿਕਾਸ ਲਈ ਰਾਹ ਪੱਧਰਾ ਕਰੇਗਾ, ਨਾਲ ਹੀ ਨੌਜਵਾਨਾਂ, ਘੱਟ ਆਮਦਨ ਵਾਲੇ ਸਮੂਹਾਂ ਅਤੇ ਮੱਧ ਵਰਗ ਲਈ ਘਰ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਦੇਵੇਗਾ। ਇਹ ਪਹਿਲਕਦਮੀ ਦਰਸਾਉਂਦੀ ਹੈ ਕਿ ਮਾਨ ਸਰਕਾਰ ਸਿਰਫ਼ ਵਾਅਦੇ ਹੀ ਨਹੀਂ ਕਰਦੀ, ਸਗੋਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਕਾਰਗਰ ਕਦਮ ਵੀ ਚੁੱਕਦੀ ਹੈ।

# ਡਾ. ਮਾਨ ਨੇ ਆਸ਼ਾ ਫੈਸਿਲੀਟੇਟਰਜ਼ ਨਾਲ ਮੀਟਿੰਗ ਕੀਤੀ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਦੀ ਅਗਵਾਈ ਵਿੱਚ ਆਸ਼ਾ ਫੈਸਿਲੀਟੇਟਰਜ਼ ਨਾਲ ਮਹੀਨਾਵਾਰ ਮੀਟਿੰਗ ਕੀਤੀ ਗਈ।ਡਾ. ਕੁਲਵਿੰਦਰ ਮਾਨ ਨੇ ਐਮਰਜੈਂਸੀ ਹਾਲਾਤ ਦੇ ਮੱਦੇਨਜ਼ਰ ਹਦਾਇਤ ਕੀਤੀ ਕਿ ਉਹ ਆਪੋ ਆਪਣੇ ਏਰੀਏ ਦੀਆਂ ਆਸ਼ਾ ਵਰਕਰਾਂ ਨੂੰ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਨਾਲ ਤਾਲਮੇਲ ਬਣਾ ਕੇ ਰੱਖਣ ਲਈ ਕਹਿਣ ਤਾਂ ਜੋ ਕਿਸੇ ਵੀ ਹਾਲਤ ਵਿੱਚ ਮੈਡੀਕਲ ਸਹਾਇਤਾ ਦਿੱਤੀ ਜਾ ਸਕੇ। ਹਰੇਕ ਆਸ਼ਾ ਵਰਕਰ 24 ਘੰਟੇ ਮੋਬਾਇਲ ਫੋਨ ਚਲਦੇ ਰੱਖਣ ਅਤੇ ਕਿਸੇ ਵੀ ਐਮਰਜੈਂਸੀ ਸਥਿਤੀ ਬਾਰੇ ਉਚ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ।

# ਅਧਿਆਪਕ ਮੰਗਾਂ ਦਾ ਹੱਲ ਹੋਣ ਤੱਕ ਸੰਘਰਸ਼ ਰਹੇਗਾ ਜਾਰੀ : ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਇੱਕ ਜ਼ਰੂਰੀ ਵਰਚੁਅਲ ਮੀਟਿੰਗ ਸਾਥੀ ਰਵਿੰਦਰਜੀਤ ਸਿੰਘ ਪੰਨੂ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਬਲਜੀਤ ਸਿੰਘ ਸਲਾਣਾ, ਹਰਵਿੰਦਰ ਸਿੰਘ ਬਿਲਗਾ, ਬਾਜ ਸਿੰਘ ਖਹਿਰਾ, ਰਵਿੰਦਰਜੀਤ ਸਿੰਘ ਪੰਨੂ, ਗੁਰਜੰਟ ਸਿੰਘ ਵਾਲੀਆ, ਸੁਖਜਿੰਦਰ ਸਿੰਘ ਹਰੀਕਾ, ਗੁਰਿੰਦਰ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੰਗਾ, ਅਮਨਬੀਰ ਸਿੰਘ ਗੁਰਾਇਆ ਨੇ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਅਧਿਆਪਕਾਂ ਦੀਆਂ ਮੰਗਾਂ ਦੀ ਅਣਦੇਖੀ ਕਰਨ ਅਤੇ ਅੜੀਅਲ ਵਤੀਰਾ ਅਪਣਾਉਣ ਵਿਰੁੱਧ ਸਾਂਝੇ ਅਧਿਆਪਕ ਮੋਰਚੇ ਵੱਲੋਂ 10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਕਰਨ ਦਾ ਐਕਸ਼ਨ ਉਲੀਕਿਆ ਹੋਇਆ ਸੀ। ਪਰ ਅਚਾਨਕ ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗ ਸ਼ੁਰੂ ਹੋਣ ਕਾਰਨ ਝੰਡਾ ਮਾਰਚ ਕਰਨ ਦਾ ਐਕਸ਼ਨ ਅਗਲੇ ਫੈਸਲੇ ਤੱਕ ਮੁਲਤਵੀ ਕੀਤਾ ਗਿਆ ਹੈ। ਆਗੂਆਂ ਨੇ ਦੱਸਿਆ ਕਿ ਅਧਿਆਪਕ ਮਸਲਿਆਂ ਦਾ ਹੱਲ ਹੋਣ ਤੱਕ ਸਾਂਝੇ ਅਧਿਆਪਕ ਮੋਰਚੇ ਵੱਲੋਂ ਸੰਘਰਸ਼ ਜਾਰੀ ਰਹੇਗਾ।ਕੇਂਦਰੀ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 20 ਮਈ ਨੂੰ ਹੜਤਾਲ ਕਰਨ ਦੇ ਸੱਦੇ ਦਾ ਸਾਂਝੇ ਅਧਿਆਪਕ ਮੋਰਚੇ ਵੱਲੋਂ ਸਮਰਥਨ ਕੀਤਾ ਗਿਆ। ਮੀਟਿੰਗ ਵਿੱਚ ਗੁਰਬਿੰਦਰ ਸਿੰਘ ਸਸਕੌਰ, ਨਵਪ੍ਰੀਤ ਬੱਲੀ, ਜਿੰਦਰ ਪਾਇਲਟ, ਸੋਮ ਸਿੰਘ, ਲਛਮਣ ਸਿੰਘ ਨਬੀਪੁਰ ਆਦਿ ਵੀ ਸ਼ਾਮਿਲ ਸਨ।

# ਮੱਛਰ ਦੇ ਪ੍ਰਜਨਨ ਚੱਕਰ ਨੂੰ ਤੋੜਨ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇ : ਡਾ. ਸਤਵਿੰਦਰਪਾਲ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**— ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ ਜ਼ਿਲ੍ਹੇ ਵਿੱਚ 'ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ' ਮੈਗਾ ਮੁਹਿੰਮ ਤਹਿਤ ਡੇਂਗੂ ਦੇ ਪਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਨਾਲ ਚੌਕਸ ਹੈ।ਇਸੇ ਕੜੀ ਤਹਿਤ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਸ਼ੁੱਕਰਵਾਰ ਨੂੰ ਨਵਾਂਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਡੇਂਗੂ ਦੇ ਪ੍ਰਸਾਰ ਨੂੰ ਰੋਕਣ ਲਈ ਚਲਾਈ ਜਾ ਰਹੀ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਖੁਦ ਆਪਣੀ ਸਮੁੱਚੀ ਸਿਹਤ ਟੀਮ ਸਮੇਤ ਕਾਲਜ ਦੀਆਂ ਵੱਖ-ਵੱਖ ਥਾਵਾਂ 'ਤੇ ਜਾ ਕੇ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਬ੍ਰੀਡਿੰਗ ਰੋਕਣ ਲਈ ਲਾਰਵਾ ਚੈੱਕ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੰਤਵ ਇਸ ਭਿਆਨਕ ਬਿਮਾਰੀ ਦੇ ਫੈਲਾਅ ਨੂੰ ਰੋਕ ਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣਾ ਹੈ। ਡਾ. ਸਿੰਘ ਨੇ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਡੇਂਗੂ ਇਕ ਵਾਇਰਲ ਬਿਮਾਰੀ ਹੈ ਜੋ ਕਿ ਏਡੀਜ਼ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਇਹ ਰੁਕੇ ਹੋਏ ਸਾਫ ਪਾਣੀ ਵਿੱਚ ਹੀ ਪੈਦਾ ਹੁੰਦਾ ਹੈ। ਉਨ੍ਹਾਂ ਨੇ ਆਮ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਮੱਛਰਾਂ, ਜੋ ਸਿਰਫ ਇੱਕ ਹਫ਼ਤੇ ਵਿੱਚ ਅੰਡੇ ਤੋਂ ਵਿਕਸਿਤ ਹੋ ਸਕਦੇ ਹਨ, ਦੇ ਪ੍ਰਜਨਨ ਚੱਕਰ ਨੂੰ ਤੋੜਨ ਦੀ ਲੋੜ ਤੇ ਜੋਰ ਦਿੱਤਾ ਜਾਵੇ। ਇਸ ਲਈ ਉਹ ਆਪਣੇ ਘਰਾਂ, ਫਰਿੱਜਾਂ ਦੀਆਂ ਟਰੇਆਂ, ਕੂਲਰਾਂ, ਕੰਟੇਨਰਾਂ, ਗਮਲਿਆਂ, ਛੱਤਾਂ 'ਤੇ ਪਏ ਕਬਾੜ ਆਦਿ ਸਮੇਤ ਪਾਣੀ ਖੜ੍ਹਾ ਹੋਣ ਦੀ ਸੰਭਾਵਨਾ ਵਾਲੀਆਂ ਸਾਰੀਆਂ ਸੰਭਾਵਿਤ ਥਾਵਾਂ ਨੂੰ ਹਰੇਕ ਹਫਤੇ ਸਾਫ਼ ਕਰਕੇ ਸੁਕਾਉਣ। ਘਰਾਂ ਅੰਦਰ ਅਤੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਹੋਣ ਕਾਰਨ ਮੱਛਰ ਦੇ ਪ੍ਰਜਣਨ ਵਿੱਚ ਹੁੰਦੇ ਵਾਧੇ ਨੂੰ ਰੋਕਣ ਦੀ ਸਖ਼ਤ ਲੋੜ ਹੈ। ਇਸ ਮੁਹਿੰਮ ਦਾ ਕੇਂਦਰ ਜ਼ਿਲ੍ਹੇ ਨੂੰ ਮੱਛਰਾਂ ਤੋਂ ਮੁਕਤ ਕਰਨ 'ਤੇ ਕੇਂਦਰਿਤ ਹੈ ਤਾਂ ਜੋ ਡੇਂਗੂ ਆਪਣੇ ਪੈਰ ਨਾ ਪਸਾਰ ਸਕੇ। ਘਰਾਂ ਅੰਦਰ ਅਤੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਨ ਕਾਰਨ ਪੈਦਾ ਹੋਈਆਂ ਬਿਮਾਰੀਆਂ 'ਤੇ ਕਾਬੂ ਪਾਉਣਾ ਸਾਡਾ ਸਾਰਿਆਂ ਦਾ ਮੁੱਢਲਾ ਫ਼ਰਜ਼ ਹੈ। ਉਨ੍ਹਾਂ ਨੇ ਕਿਹਾ ਕਿ ਜਾਗਰੂਕਤਾ ਹੀ ਇਸ ਬਿਮਾਰੀ ਉਤੇ ਕਾਬੂ ਪਾਉਣ ਦੀ ਕੁੰਜੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਡੇਂਗੂ ਵਿਰੁੱਧ ਮੁਹਿੰਮ ਵਿੱਚ ਸਿਹਤ ਵਿਭਾਗ ਦਾ ਸਾਥ ਦੇਣ।



# ਜਾਂਗਲੀਆਣਾ ਨੇ ਨਸ਼ਾ ਮੁਕਤ ਪਿੰਡ ਬਣ ਕੇ ਪੇਸ਼ ਕੀਤੀ ਮਿਸਾਲ

**ਚੱਬੇਵਾਲ (ਹੁਸ਼ਿਆਰਪੁਰ) (ਬਲਵੀਰ ਸਿੰਘ ਸੈਣੀ)**- ਚੱਬੇਵਾਲ ਵਿਧਾਨ ਸਭਾ ਹਲਕੇ ਅੰਦਰ ਆਉਂਦੇ ਪਿੰਡ ਜਾਂਗਲੀਆਣਾ ਨੇ ਇੱਕ ਨਵੀ ਤੇ ਪ੍ਰੇਰਨਾਦਾਇਕ ਮਿਸਾਲ ਕਾਇਮ ਕੀਤੀ ਹੈ। ਪਿੰਡ ਦੀ ਪੰਚਾਇਤ ਨੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਪਿੰਡ ਨੂੰ ਨਸ਼ਾ ਮੁਕਤ ਪਿੰਡ ਘੋਸ਼ਿਤ ਕੀਤਾ ਹੈ। ਇਹ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਦਾ ਪਹਿਲਾ ਅਜਿਹਾ ਪਿੰਡ ਬਣ ਗਿਆ ਹੈ ਜਿੱਥੇ ਨਾ ਕੋਈ ਨਸ਼ਾ ਵੇਚਦਾ ਹੈ ਤੇ ਨਾ ਹੀ ਕੋਈ ਨਸ਼ਾ ਕਰਦਾ ਹੈ। ਪਿੰਡ ਦੇ ਮੁੱਖ ਗੇਟ 'ਤੇ ਇੱਕ ਵੱਡਾ ਬੋਰਡ ਵੀ ਲਾਇਆ ਗਿਆ ਹੈ, ਜਿਸ 'ਤੇ ਲਿਖਿਆ ਗਿਆ ਹੈ - ਨਸ਼ਾ ਮੁਕਤ ਪਿੰਡ-ਜਾਂਗਲੀਆਣਾ ਵਿਚ ਤੁਹਾਡਾ ਸਵਾਗਤ ਹੈ। ਇਸ ਮਹੱਤਵਪੂਰਨ ਅਤੇ ਸਾਹਸੀ ਕਦਮ ਦੀ ਸਰਾਹਨਾ ਕਰਦਿਆਂ ਵਿਧਾਇਕ ਡਾ. ਈਸ਼ਾਂਕ ਨੇ ਪਿੰਡ ਦਾ ਦੌਰਾ ਕੀਤਾ ਅਤੇ ਪੰਚਾਇਤ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਜਾਂਗਲੀਆਣਾ ਪਿੰਡ ਨੇ ਜੋ ਕਰ ਕੇ ਵਿਖਾਇਆ ਹੈ, ਉਹ ਪੂਰੇ ਖੇਤਰ ਲਈ ਇੱਕ ਪ੍ਰੇਰਨਾ ਦਾ ਸਰੋਤ ਹੈ। ਜਦੋਂ ਕੋਈ ਪੰਚਾਇਤ ਖੁਦ ਅੱਗੇ ਆ ਕੇ ਇਸ ਬੁਰਾਈ ਦੇ ਖਿਲਾਫ ਮੋਰਚਾ ਖੋਲ੍ਹਦੀ ਹੈ ਤਾਂ ਉਹ ਸਮਾਜ ਵਿੱਚ ਨਵੀਂ ਚੇਤਨਾ ਅਤੇ ਸਕਾਰਾਤਮਕ ਊਰਜਾ ਦਾ ਸੰਚਾਰ ਕਰਦੀ ਹੈ। ਮੈਂ ਇਸ ਸਰਾਹੁਣਯੋਗ ਕਦਮ ਲਈ ਪਿੰਡ ਵਾਸੀਆਂ ਅਤੇ ਖਾਸ ਕਰਕੇ ਪੰਚਾਇਤ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਪਿੰਡ ਦੀ ਸਰਪੰਚ ਮਨਜੀਤ ਕੌਰ ਨੇ ਦੱਸਿਆ ਕਿ ਇਹ ਫੈਸਲਾ ਪਿੰਡ ਵਾਸੀਆਂ ਦੀ ਏਕਤਾ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਬਚਾਉਣ ਦੇ ਸੰਕਲਪ ਦਾ ਨਤੀਜਾ ਹੈ। ਅਸੀਂ ਪੰਚਾਇਤ ਮੀਟਿੰਗ ਵਿਚ ਸਰਵਸੰਮਤੀ ਨਾਲ ਮਤਾ ਪਾਸ ਕੀਤਾ ਅਤੇ ਨਸ਼ੇ ਦੇ ਖਿਲਾਫ ਜਨ ਜਾਗਰੂਕਤਾ ਅਭਿਆਨ ਸ਼ੁਰੂ ਕੀਤਾ। ਪਿੰਡ ਵਿੱਚ ਨਸ਼ਾ ਵੇਚਣ ਜਾਂ ਵਰਤਣ ਵਾਲਿਆਂ ਨੂੰ ਸਖ਼ਤ ਚੇਤਾਵਨੀ ਦਿੱਤੀ ਗਈ ਹੈ। ਨਾਲ ਹੀ, ਬਾਹਰੋਂ ਆਉਣ ਵਾਲਿਆਂ ਉੱਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਪੁਲਸ ਪ੍ਰਸ਼ਾਸਨ ਵੱਲੋਂ ਵੀ ਸਾਨੂੰ ਪੂਰਾ ਸਹਿਯੋਗ ਮਿਲਿਆ ਹੈ। ਇਸ ਪਹਿਲ ਨੂੰ ਅੱਗੇ ਵਧਾਉਣ ਵਿੱਚ ਪੁਲਸ ਵਿਭਾਗ ਦੀ ਵੀ ਅਹਿਮ ਭੂਮਿਕਾ ਰਹੀ। ਪ੍ਰਸ਼ਾਸਨ ਵੱਲੋਂ ਪਿੰਡ ਦੀ ਪੰਚਾਇਤ ਨੂੰ ਸਨਮਾਨਤ ਕੀਤਾ ਗਿਆ ਅਤੇ ਇਹ ਭਰੋਸਾ ਦਿੱਤਾ ਗਿਆ ਕਿ ਪਿੰਡ ਨੂੰ ਨਸ਼ਾ ਮੁਕਤ ਬਣਾਏ ਰੱਖਣ ਲਈ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ। ਵਿਧਾਇਕ ਡਾ. ਈਸ਼ਾਂਕ ਨੇ ਇਹ ਵੀ ਕਿਹਾ ਕਿ ਜੇ ਹੋਰ ਪਿੰਡ ਵੀ ਇਸ ਵਾਂਗ ਹੀ ਅੱਗੇ ਆਉਣ ਤਾਂ ਚੱਬੇਵਾਲ ਹਲਕਾ ਨਸ਼ੇ ਦੀ ਬੁਰਾਈ ਤੋਂ ਪੂਰੀ ਤਰ੍ਹਾਂ ਮੁਕਤ ਹੋ ਸਕਦਾ ਹੈ। ਉਨ੍ਹਾਂ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ, ਸਿੱਖਿਆ ਅਤੇ ਤਕਨੀਕੀ ਹੁਨਰਾਂ ਵੱਲ ਮੋੜਨ ਦੀ ਗੱਲ ਵੀ ਕੀਤੀ। ਪਿੰਡ ਜੰਗਲੀਆਣਾ ਦਾ ਇਹ ਕਦਮ ਨਿਸਚਿਤ ਤੌਰ 'ਤੇ ਪੰਜਾਬ ਵਿਚ ਨਸ਼ਾ ਮੁਕਤ ਅਭਿਆਨ ਨੂੰ ਇੱਕ ਨਵੀਂ ਦਿਸ਼ਾ ਦੇਵੇਗਾ ਅਤੇ ਹੋਰ ਪਿੰਡਾਂ ਲਈ ਵੀ ਪ੍ਰੇਰਨਾਦਾਇਕ ਉਦਾਹਰਨ ਬਣੇਗਾ। ਇਸ ਮੌਕੇ 'ਤੇ ਥਾਣਾ ਪ੍ਰਭਾਰੀ ਪ੍ਰਭਜੋਤ ਕੌਰ, ਤਰੁਣ, ਪੰਚ ਬਿੰਦਰ ਕੌਰ, ਜੈਲ ਸਿੰਘ, ਲੈਹੰਬਰ ਸਿੰਘ, ਅਨੁ, ਗੁਰਚਰਨ ਸਿੰਘ, ਮੀਨਾ ਕੁਮਾਰੀ ਅਤੇ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।



# ਪੁਰਾਣੀ ਪੈਨਸ਼ਨ ਬਹਾਲੀ ਦਾ ਫੈਸਲਾ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਵੀ ਲਾਗੂ ਹੋਵੇ : ਧੂਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੰਜਾਬ ਕੈਬਨਿਟ ਬੈਠਕ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਮੀਡੀਆ ਨਾਲ ਮੁਖਾਤਿਬ ਹੁੰਦਿਆਂ ਜੋ 2014 ਤੋਂ ਬਾਅਦ 2500 ਦੇ ਕਰੀਬ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲੀ ਦੀ ਗੱਲ ਕਰ ਰਹੇ ਹਨ, ਅਸਲ ਵਿੱਚ ਉਹਨਾਂ ਨੇ 2004 ਤੋਂ ਪਹਿਲਾਂ ਨਿਕਲੇ ਇਸ਼ਤਿਹਾਰ ਜਾਂ ਕੰਟਰੈਕਟਰ ਤੇ ਕੰਮ ਕਰਦੇ ਮੁਲਾਜ਼ਮਾਂ ਤੇ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਪੁਰਾਣੀ ਪੈਨਸ਼ਨ ਲਾਗੂ ਕੀਤੀ ਹੈ। ਇਸ ਸੰਬੰਧੀ 2004 ਤੋਂ ਪਹਿਲਾਂ ਭਰਤੀ ਮੁਲਾਜ਼ਮਾਂ ਨੇ ਮਾਣਯੋਗ ਸੁਪਰੀਮ ਕੋਰਟ ਵਿੱਚ ਸੀ ਡਬਲਯੂ ਪੀ 19481-2023 ਦਾਖਲ ਕੀਤੀ ਸੀ। ਜਿਸ ਦੇ ਤਹਿਤ ਅੱਜ ਕੈਬਨਿਟ ਵਿੱਚ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਪੁਰਾਣੀ ਪੈਨਸ਼ਨ ਬਹਾਲੀ ਸ਼ੰਘਰਸ ਕਮੇਟੀ ਹੁਸ਼ਿਆਰਪੁਰ ਦੇ ਦੱਸਿਆ ਕਿ ਪੰਜਾਬ ਦੇ ਕਰਮਚਾਰੀ ਵੀ ਇਸ ਨੂੰ ਲਾਗੂ ਕਰਵਾਉਣ ਲਈ ਮਾਣਯੋਗ ਹਾਈ ਕੋਰਟ ਗਏ ਸਨ, ਜਿੱਥੇ ਮਾਣਯੋਗ ਹਾਈ ਕੋਰਟ ਨੇ ਹਫਤੇ ਅੰਦਰ-ਅੰਦਰ ਪੀੜਤ ਕਰਮਚਾਰੀਆਂ ਨੂੰ ਪੂਰੇ ਵਿੱਤੀ ਲਾਭ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਜਿਸ ਕਰਕੇ ਪੰਜਾਬ ਸਰਕਾਰ ਨੇ ਅੱਜ ਦੀ ਕੈਬਨਿਟ ਮੀਟਿੰਗ ਵਿੱਚ ਇਹ ਫ਼ੈਸਲਾ ਲਿਆ ਹੈ । ਉਨ੍ਹਾਂ ਕਿਹਾ ਕਿ ਜਿਥੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦੀ ਹੈ,ਉਥੇ ਨਾਲ ਹੀ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਆਪਣੇ ਵਾਇਦੇ ਅਨੁਸਾਰ ਇਹ ਫੈਸਲਾ 2004 ਤੋਂ ਬਾਅਦ ਪੰਜਾਬ ਦੇ ਭਰਤੀ ਸਾਰੇ ਮੁਲਾਜਮਾਂ ਉੱਤੇ ਵੀ ਲਾਗੂ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਆਪਣੇ ਸੰਘਰਸ਼ ਨੂੰ ਉਸ ਸਮੇਂ ਤੱਕ ਜਾਰੀ ਰੱਖੇਗੀ ਜਦੋਂ ਤੱਕ 2004 ਤੋਂ ਬਾਅਦ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋ ਜਾਂਦੀ। ਇਸ ਮੌਕੇ ਪ੍ਰਿਤਪਾਲ ਸਿੰਘ ਚੌਟਾਲਾ, ਪ੍ਰਿੰਸ ਗੜ੍ਹਦੀਵਾਲ ,ਸਚਿਨ ਗੜ੍ਹਦੀਵਾਲ , ਨਵਜੋਤ ਸਿੰਘ, ਪਰਮਜੀਤ ਸਿੰਘ ਅਤੇ ਹੋਰ ਹਾਜ਼ਰ ਸਨ।



# ਪੁਨੀਤ ਢੀਂਗਰਾ ਸ਼ਿਵ ਸੈਨਾ ਹਿੰਦੁਸਤਾਨ 'ਚ ਸ਼ਾਮਲ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਅਜੋਕੇ ਯੁੱਗ ਵਿੱਚ ਨਸ਼ਿਆਂ ਜਿਹੀਆਂ ਬੁਰੀਆਂ ਆਦਤਾਂ ਵਿੱਚ ਗਰਤ ਹੋ ਰਹੀ ਨੌਜਵਾਨ ਪੀੜੀ ਨੂੰ ਬੁਰੀ ਅਲਾਮਤਾਂ ਤੋਂ ਦੂਰ ਕਰਕੇ ਸ਼ਿਵ ਸੇਨਾ ਨਾਲ ਜੋੜਨ ਸਬੰਧੀ ਦਫਤਰ ਟਾਂਡਾ ਵਿਖੇ ਸ਼ਿਵ ਸੇਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਬਲਾਕ ਪ੍ਰਧਾਨ ਗਣੇਸ਼ ਵੈਦ, ਯੁਵਾ ਨੇਤਾ ਰਾਜੂ ਖੋਸਲਾ, ਸੀਨੀਅਰ ਸਿਟੀ ਪ੍ਰਧਾਨ ਰਜੀਵ ਖੰਨਾ, ਵੀਰ ਕ੍ਰਿਸ਼ਨਾ ਕਲੱਬ ਦੇ ਪ੍ਰਧਾਨ ਰਾਜ ਅਹਿਆਪੁਰ, ਬਾਬੂ ਅਹਿਆਪੁਰ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ। ਸੈਮੀਨਾਰ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਖੰਨਾ ਨੇ ਕਿਹਾ ਕਿ ਅੱਜ ਭਾਰਤ ਵਿੱਚ ਹਿੰਦੂਆਂ ਨਾਲ ਹੋ ਰਹੇ ਭੇਦਭਾਵ ਅਤੇ ਵਿਤਕਰੇ ਨੂੰ ਖਤਮ ਕਰਕੇ ਉਨ੍ਹਾਂ ਦੇ ਬਣਦੇ ਹੱਕ ਉਨ੍ਹਾਂ ਨੂੰ ਦਿਵਾਉਣ ਸਬੰਧੀ ਆਮ ਜਨਤਾ ਨੂੰ ਜਾਗ੍ਰਿਤ ਕਰਨ ਲਈ ਪੰਜਾਬ ਦੇ ਹਰ ਪਿੰਡ ਅਤੇ ਕਸਬਿਆਂ ਵਿੱਚ ਸੈਮੀਨਾਰਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਕਿ ਨੌਜਵਾਨ ਪੀੜੀ ਨੂੰ ਬੁਰੀ ਆਦਤਾਂ ਤੋਂ ਦੂਰ ਕਰਕੇ ਸ਼ਿਵ ਸੇਨਾ ਹਿੰਦੁਸਤਾਨ ਨਾਲ ਜੋੜਿਆ ਜਾ ਸਕੇ ਤਾਂ ਜੋ ਸਨਾਤਨ ਧਰਮ ਦੀ ਰੱਖਿਆ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ਿਵ ਸੇਨਾ ਹਰ ਧਰਮ ਦਾ ਆਦਰ ਸਤਿਕਾਰ ਕਰਦੀ ਹੈ ਪਰ ਜੇਕਰ ਕੋਈ ਸਨਾਤਨ ਧਰਮ ਦੀ ਬੇਅਦਬੀ ਜਾਂ ਖਿਲਵਾੜ ਕਰਨ ਦੇ ਯਤਨ ਕਰੇਗਾ ਤਾਂ ਸ਼ਿਵ ਸੇਨਾ ਉਸਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਤੱਤਵ ਸ਼ਿਵ ਸੇਨਾ ਨੂੰ ਬਦਨਾਮ ਕਰਨ ਦੇ ਹਰ ਉਪਰਾਲੇ ਕਰ ਰਹੇ ਹਨ, ਪਰ ਸ਼ਿਵ ਸੇਨਾ ਅਜਿਹੇ ਸ਼ਰਾਰਤੀ ਅਨਸਰਾਂ ਦੇ ਮਨਸੂਬੇ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗੀ। ਉਨ੍ਹਾਂ ਨੌਜਵਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕੀ ਅਜਿਹੇ ਮਾੜੇ ਅੰਸਰਾਂ ਤੋਂ ਸਤਰਕ ਰਹਿਣ ਅਤੇ ਉਨ੍ਹਾਂ ਨੂੰ ਮੂੰਹ ਤੋੜ ਜਵਾਬ ਦੇਣ। ਸ਼ਿਵ ਸੇਨਾ ਹਿੰਦੁਸਤਾਨ ਦੀਆਂ ਜਨਤਕ ਹੇਤੂ ਪ੍ਰਾਪਤੀਆਂ ਅਤੇ ਕਾਰਗੁਜ਼ਾਰੀਆਂ ਨੂੰ ਦੇਖਦੇ ਹੋਏ ਸੀਨੀਅਰ ਹਿੰਦੂ ਨੇਤਾ ਪੁਨੀਤ ਢੀਂਗਰਾ, ਮਨੀਸ਼ ਗਰਗ, ਅਰਜੁਨ ਸਿੰਘ, ਬਚਿੱਤਰ ਸਿੰਘ ਤੇ ਉਨ੍ਹਾਂ ਦੇ ਸਾਥੀ ਸ਼ਿਵ ਸੇਨਾ ਵਿੱਚ ਸ਼ਾਮਿਲ ਹੋ ਗਏ ਜਿਨਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਰਾਹੁਲ ਖੰਨਾ ਨੇ ਪੁਨੀਤ ਢੀਂਗਰਾ ਨੂੰ ਸ਼ਿਵ ਸੇਨਾ ਹਿੰਦੁਸਤਾਨ ਦਾ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਵਿਕਾਸ ਖੋਸਲਾ, ਭਾਰਤ ਮਰਵਾਹਾ, ਰਾਹੁਲ ਕਸ਼ਅਪ, ਅਮਿਤ ਸ਼ਾਲੂ, ਸੁਜਲ ਢੀਂਗਰਾ, ਸੰਜੂ ਭੱਟੀ, ਰਾਹੁਲ ਭੱਟੀ, ਸੌਰਵ ਗਿੱਲ, ਕਰਨ ਗਿੱਲ ਅਤੇ ਹੋਰ ਸ਼ਿਵ ਸੇਨਾ ਵਰਕਰ ਹਾਜ਼ਰ ਸਨ।



# 20 ਦੀ ਆਲ ਇੰਡੀਆ ਹੜਤਾਲ ਲਈ ਤਿਆਰੀ ਜਾਰੀ ਰੱਖਣ ਦੀ ਅਪੀਲ

**ਖਰੜ (ਹਰਨਾਮ ਸਿੰਘ ਡੱਲਾ)** ਸੀਟੂ ਨੇ ਟਰਾਂਸਪੋਰਟ ਅਤੇ ਸਿਹਤ ਵਿਭਾਗ ਦੀਆਂ ਯੂਨੀਅਨਾਂ ਨੂੰ 20 ਮਈ ਦੀ ਹੜਤਾਲ ਦੀਆਂ ਤਿਆਰੀਆਂ ਦੇ ਨਾਲ-ਨਾਲ ਲੋੜ ਮੁਤਾਬਕ ਸਰਕਾਰ ਦੇ ਸਹਿਯੋਗ ਲਈ ਤਿਆਰ-ਬਰ-ਤਿਆਰ ਰਹਿਣ ਦੀ ਅਪੀਲ ਕੀਤੀ ।ਸੀਟੂ ਦੀ ਆਲ ਇੰਡੀਆ ਸਕੱਤਰ ਕਾਮਰੇਡ ਊਸ਼ਾ ਰਾਣੀ, ਸੂਬਾਈ ਪ੍ਰਧਾਨ ਮਹਾਨ ਸਿੰਘ ਰੌੜੀ, ਜਨਰਲ ਸਕੱਤਰ ਚੰਦਰ ਸ਼ੇਖਰ, ਖਜ਼ਾਨਚੀ ਸੁੱਚਾ ਸਿੰਘ ਅਤੇ ਸੂਬਾਈ ਸਕੱਤਰ ਅਮਰਨਾਥ ਕੂੰਮਕਲਾਂ ਨੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਸੀਟੂ ਨਾਲ ਸੰਬੰਧਿਤ ਯੂਨੀਅਨਾਂ, ਖਾਸ ਤੌਰ 'ਤੇ ਟਰਾਂਸਪੋਰਟ ਅਤੇ ਸਿਹਤ ਵਿਭਾਗ ਨਾਲ ਜੁੜੀਆਂ ਯੂਨੀਅਨਾਂ ਨੂੰ ਅਪੀਲ ਕੀਤੀ ਹੈ ਕਿ ਉਹ 20 ਮਈ ਦੀ ਆਲ ਇੰਡੀਆ ਹੜਤਾਲ ਦੀ ਜ਼ੋਰਾਂ ਸ਼ੋਰਾਂ ਨਾਲ ਤਿਆਰੀ ਜਾਰੀ ਰੱਖਣ । ਇਸ ਦੇ ਨਾਲ ਹੀ, ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦਿਆਂ ਸਰਕਾਰ ਨੂੰ ਐਮਰਜੈਂਸੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੀ ਤਿਆਰ-ਬਰ-ਤਿਆਰ ਰਹਿਣ।ਉਨ੍ਹਾਂ ਨੇ ਕਿਹਾ ਕਿ ਸੀਟੂ ਹਮੇਸ਼ਾ ਜੰਗ ਦੇ ਵਿਰੁੱਧ ਰਹੀ ਹੈ ਅਤੇ ਹੁਣ ਵੀ ਆਸਵੰਦ ਹੈ ਕਿ ਭਾਰਤ-ਪਾਕਿਸਤਾਨ ਵਿਚਕਾਰ ਸ਼ੁਰੂ ਹੋਈ ਤਣਾਅ ਵਾਲੀ ਸਥਿਤੀ ਜਲਦੀ ਹੀ ਸੁਲਝ ਜਾਵੇਗੀ। ਸੀਟੂ ਭਾਰਤ ਅਤੇ ਲੋਕ ਵਿਰੋਧੀ ਅੱਤਵਾਦੀਆਂ ਤੇ ਅੱਤਵਾਦੀ ਸੰਗਠਨਾਂ ਵਿਰੁੱਧ ਭਾਰਤ ਸਰਕਾਰ ਦੇ ਨਾਲ ਪੂਰੀ ਤਰ੍ਹਾਂ ਸਹਿਯੋਗ ਕਰੇਗੀ, ਤਾਂ ਜੋ ਪਾਕਿਸਤਾਨ ਅਤੇ ਉਥੋਂ ਦੇ ਸੱਤਾਧਾਰੀ ਸੰਗਠਨਾਂ ਦੀ ਸਰਪ੍ਰਸਤੀ ਹੇਠ ਕਾਰਜਸ਼ੀਲ ਅੱਤਵਾਦੀਆਂ ਦਾ ਖਾਤਮਾ ਕੀਤਾ ਜਾ ਸਕੇ।

# ਲੋਕ ਅਫਵਾਹਾਂ ਤੋਂ ਬਚਣ, ਚੁਸਤ ਤੇ ਸੁਚੇਤ ਰਹਿਣ : ਰਾਜਵਿੰਦਰ ਸਿੰਘ

**ਅੱਡਾ ਸਰਾਂ (ਜਸਵੀਰ ਕਾਜਲ)**- ਭਾਰਤ ਪਾਕਿਸਤਾਨ ਦੇ ਬਾਰਡਰ ਤੇ ਵਧੇ ਤਣਾਅ ਨੂੰ ਦੇਖਦੇ ਹੋਏ ਲੋਕ ਅਫਵਾਹਾਂ ਤੋਂ ਬਚਣ ਚੁਸਤ ਅਤੇ ਸੁਚੇਤ ਰਹਿਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਡਾ ਸਰਾਂ ਦੇ ਚੌਕੀ ਇੰਚਾਰਜ ਰਾਜਵਿੰਦਰ ਸਿੰਘ ਨੇ ਸਥਾਨਕ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕ ਆਪਣੇ ਘਰਾਂ ਦੀਆਂ ਲਾਈਟਾਂ ਰਾਤ ਨੂੰ ਬਿਲਕੁਲ ਬੰਦ ਕਰ ਕੇ ਘਰਾਂ ਵਿੱਚ ਬੈਠਣ ਅਤੇ ਜੇਕਰ ਕੋਈ ਦੁਕਾਨ ਕਰਦਾ ਹੈ ਤਾਂ ਉਹ ਦੁਕਾਨ ਦੇ ਬਾਹਰ ਦੀਆਂ ਲਾਈਟਾਂ ਵੀ ਰਾਤ ਨੂੰ ਬੰਦ ਕਰੇ। ਉਨ੍ਹਾਂ ਕਿਹਾ ਜੋ ਇਨਵਰਟਰ ਉਨ੍ਹਾਂ ਨੂੰ ਬੰਦ ਰਖਿਆ ਜਾਵੇ। ਉਨ੍ਹਾਂ ਕਿਹਾ ਜੇਕਰ ਕੋਈ ਲਾਵਾਰਸ ਚੀਜ਼ ਦੇਖਣ ਨੂੰ ਮਿਲੇ ਜਾਂ ਅਣਪਛਾਤਾ ਵਿਅਕਤੀ ਦੇਖਣ ਨੂੰ ਮਿਲੇ ਤਾਂ ਪੁਲਸ ਨੂੰ ਸੂਚਿਤ ਕੀਤਾ ਜਾਵੇ ਇੰਚਾਰਜ ਨੇ ਕਿਹਾ ਕੋਈ ਡਰਨ ਦੀ ਲੋੜ ਨਹੀਂ ਪ੍ਰਸ਼ਾਸਨ ਤੁਹਾਡੇ ਨਾਲ਼ ਹੈ। ਤੁਸੀਂ ਪ੍ਰਸ਼ਾਸਨ ਦੇ ਹੁਕਮਾਂ ਦੀ ਪਾਲਣਾ ਕਰੋ। ਉਨ੍ਹਾਂ ਨੇ ਕਿਹਾ ਕੋਈ ਵੀ ਵਿਅਕਤੀ ਰਾਤ ਵਕਤ ਨਾੜ ਨੂੰ ਅੱਗ ਲਗਾਉਂਦਾ ਫੜਿਆ ਗਿਆ। ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਇਲਾਕੇ ਵਿੱਚ ਅਮਨ ਸ਼ਾਂਤੀ ਅਤੇ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਿਆ ਜਾਵੇ। ਇਸ ਮੌਕੇ ਏ ਐਸ ਆਈ ਗੁਰਮੀਤ ਸਿੰਘ, ਏ ਐਸ ਆਈ ਬੁਧ ਸਿੰਘ, ਏ ਐਸ ਆਈ ਜਗਤਾਰ ਸਿੰਘ, ਏ ਐਸ ਆਈ ਗੁਰਮੀਤ ਸਿੰਘ, ਹੈਂਡ ਕਾਂਸਟੇਬਲ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।



# ਲੌਂਗੋਵਾਲ ਗਰੁੱਪ ਆਫ ਕਾਲਜ ਵਿਖੇ ਵਿਦਾਇਗੀ ਸਮਾਰੋਹ ਧੂਮਧਾਮ ਨਾਲ ਮਨਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਲੌਂਗੋਵਾਲ ਗਰੁੱਪ ਆਫ ਕਾਲਜਜ਼ ਵਿਖੇ ਆਉਣ ਵਾਲੇ ਨਵੇਂ ਜੀਵਨ ਦੀ ਸ਼ੁਰੂਆਤ ਕਰ ਰਹੇ ਵਿਦਿਆਰਥੀਆਂ ਲਈ ਵਿਦਾਇਗੀ ਸਮਾਰੋਹ ਬਹੁਤ ਹੀ ਉਤਸ਼ਾਹ ਅਤੇ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਇਹ ਸਮਾਰੋਹ ਕਾਲਜ ਦੇ ਕੈਂਪਸ ਵਿਖੇ ਹੋਇਆ, ਜਿਸ ਵਿੱਚ ਆਖਰੀ ਸਾਲ ਦੇ ਵਿਦਿਆਰਥੀਆਂ ਨੂੰ ਵਿਦਾ ਕਰਦੇ ਹੋਏ ਉਨ੍ਹਾਂ ਦੀ ਯਾਦਗਾਰ ਯਾਤਰਾ ਨੂੰ ਸਲਾਮ ਕੀਤਾ ਗਿਆ।ਸਮਾਰੋਹ ਦੀ ਸ਼ੁਰੂਆਤ ਸਰਸਵਤੀ ਮਾਤਾ ਦੀ ਪੂਜਾ ਨਾਲ ਕੀਤੀ ਗਈ, ਜਿਸ ਤੋਂ ਬਾਅਦ ਕਾਲਜ ਦੇ ਪ੍ਰਿੰਸਿਪਲ ਡਾ. ਰੋਜ਼ੀ ਕਟਿਆਲ ਨੇ ਸਾਰੇ ਵਿਦਿਆਰਥੀਆਂ ਨੂੰ ਆਪਣੇ ਅਸ਼ੀਰਵਾਦ ਸਨੇਹੇ ਨਾਲ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ, 'ਇਹ ਸਮਾਂ ਤੁਹਾਡੀ ਜ਼ਿੰਦਗੀ ਦੀ ਨਵੀਂ ਦਿਹਲੀਜ਼ ਦਾ ਹੈ।ਲੌਂਗੋਵਾਲ ਗਰੁੱਪ ਨੇ ਤੁਹਾਨੂੰ ਜੋ ਗਿਆਨ, ਅਨੁਸ਼ਾਸਨ ਤੇ ਆਤਮ ਵਿਸ਼ਵਾਸ ਦਿੱਤਾ ਹੈ, ਉਹ ਤੁਹਾਨੂੰ ਹਰ ਮੈਦਾਨ ਵਿੱਚ ਕਾਮਯਾਬੀ ਦੇਵੇਗਾ।' ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਸੰਗੀਤਕ ਕਾਰਜਕ੍ਰਮ, ਗਿੱਧਾ, ਭੰਗੜਾ, ਕਵਿਤਾ ਪਾਠ ਅਤੇ ਨਾਟਕ ਆਦਿ ਪੇਸ਼ ਕੀਤੇ ਗਏ। ਨੌਜਵਾਨਾਂ ਨੇ ਪੁਰਾਣੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਹੱਸਿਆ, ਰੋਇਆ ਅਤੇ ਭਵਿੱਖ ਲਈ ਅਰਮਾਨ ਵੀ ਜਤਾਏ 'ਮਿਸ਼ਟਰ ਫੇਅਰਵੈਲ' ਅਤੇ 'ਮਿਸ ਫੇਅਰਵੈਲ' ਦੇ ਖਿਤਾਬ ਵੀ ਦਿੱਤੇ ਗਏ। ਇਹ ਸਨਮਾਨ ਹਰ ਸਾਲ ਆਖਰੀ ਸਾਲ ਦੇ ਵਿਦਿਆਰਥੀਆਂ ਵਿਚੋਂ ਚੁਣੇ ਹੋਏ ਵਿਅਕਤਿਤਵ ਨੂੰ ਦਿੱਤੇ ਜਾਂਦੇ ਹਨ। ਇਸ ਸਾਲ ਇਹ ਖਿਤਾਬ ਈਸ਼ਾ ਸਿੰਘ ਅਤੇ ਸ਼ੁਭਮ ਪੂਰੀ ਨੇ ਜਿੱਤੇ।ਸਭ ਵਿਦਿਆਰਥੀਆਂ ਨੇ ਕਾਲਜ ਪ੍ਰਬੰਧਕਾਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਜੋ ਉਨ੍ਹਾਂ ਦੀ ਸਿੱਖਿਆ ਯਾਤਰਾ ਦੌਰਾਨ ਸਦਾ ਮਾਰਗਦਰਸ਼ਨ ਬਣੇ ਰਹੇ। ਉਨ੍ਹਾਂ ਨੇ ਕਿਹਾ ਕਿ ਲੌਂਗੋਵਾਲ ਗਰੁੱਪ ਉਨ੍ਹਾਂ ਲਈ ਸਿਰਫ਼ ਇੱਕ ਕਾਲਜ ਨਹੀਂ, ਸਗੋਂ ਇੱਕ ਪਰਵਾਰ ਬਣ ਗਿਆ ਸੀ, ਜਿਸ ਦੀ ਯਾਦ ਉਨ੍ਹਾਂ ਨੂੰ ਹਮੇਸ਼ਾ ਰਹੇਗੀ।ਅੰਤ ਵਿੱਚ ਕਾਲਜ ਦੇ ਚੇਅਰਮੈਨ ਸ਼੍ਰੀਮਤੀ ਕਾਨਤਾ ਕਟਿਆਲ ਨੇ ਵੀ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ 'ਸਫਲਤਾ ਲਈ ਕੋਸ਼ਿਸ਼, ਇਮਾਨਦਾਰੀ ਅਤੇ ਆਤਮ ਵਿਸ਼ਵਾਸ ਸਭ ਤੋਂ ਜ਼ਰੂਰੀ ਹਨ। ਤੁਸੀਂ ਜਿੱਥੇ ਵੀ ਜਾਵੋ, ਆਪਣੇ ਰਿਸ਼ਤੇ ਕਦੇ ਨਾ ਭੁਲੋ ਅਤੇ ਆਪਣੇ ਸਸੰਕਾਰਾਂ ਨੂੰ ਜੀਵਨ ਵਿੱਚ ਉਤਾਰੋ।' ਇਸ ਤਰ੍ਹਾਂ ਇਹ ਵਿਦਾਇਗੀ ਸਮਾਰੋਹ ਸਾਰੇ ਵਿਦਿਆਰਥੀਆਂ ਲਈ ਯਾਦਗਾਰ ਪਲ ਬਣ ਗਿਆ ਜੋ ਉਨ੍ਹਾਂ ਦੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਦਾ ਸੰਕੇਤ ਸੀ।




# ਮਾਂਗੇਵਾਲ ਦੇ ਖੇਤਾਂ 'ਚੋਂ ਮਿਜ਼ਾਈਲ ਦੇ ਹਿੱਸੇ ਮਿਲੇ

**ਕਾਲਾ ਸੰਘਿਆਂ (ਮਨਜੀਤ ਮਾਨ)** ਭਾਰਤ-ਪਾਕਿ 'ਚ ਵਧਦੇ ਤਣਾਅ ਦੇ ਕਾਰਨ ਜਿੱਥੇ ਰਾਤ ਨੂੰ ਹਮਲੇ ਹੋ ਰਹੇ ਹਨ , ਉਥੇ ਹੀ ਜ਼ਿਲ੍ਹਾ ਕਪੂਰਥਲਾ ਦੇ ਬਲਾਕ ਫਿਲਵਾਂ ਦੇ ਪਿੰਡ ਮਾਂਗੇਵਾਲ ਦੇ ਸਰਕਾਰੀ ਸਕੂਲ਼ ਸਾਹਮਣੇ ਖੇਤਾਂ ਵਿਚੋਂ ਮਿਜਾਇਲ ਵਰਗੇ 3 ਹਿੱਸੇ ਮਿਲਣ ਤੇ ਲੋਕਾਂ ਵਿਚ ਡਰ ਤੇ ਸਹਿਮ ਵਾਲਾ ਮਾਹੌਲ ਪਾਇਆ ਜਾ ਰਿਹਾ ਹੈ । ਦੱਸਣਯੋਗ ਹੈ ਕਿ ਬੀਤੀ ਰਾਤ ਫਿਲਵਾਂ ਨਜਦੀਕ ਧਮਾਕਿਆਂ ਦੀ ਅਵਾਜ ਸੁਣੀ ਗਈ ਸੀ ਜਿਸ ਤਹਿਤ ਸਵੇਰੇ ਪੱਤਰਕਾਰਾਂ ਵਲੋਂ ਉਕਤ ਖੇਤਰ ਦਾ ਦੌਰਾ ਕੀਤਾ ਗਿਆ, ਜਿੱਥੇ ਮਿਜਾਇਲਾਂ ਦੇ ਹਿੱਸੇ ਮਿਲੇ ਸਨ। ਪਿੰਡ ਮਾਂਗੇਵਾਲ ਦੇ ਲੋਕਾਂ ਨੇ ਦੱਸਿਆ ਕਿ ਦੇਰ ਰਾਤ ਉਨ੍ਹਾਂ ਉਕਤ ਸਥਾਨ 'ਤੇ ਲੋਕਾਂ ਵੱਲੋਂ ਖੇਤਾਂ ਵਿੱਚ ਕੁੱਝ ਡਿੱਗਦਾ ਦੇਖਿਆ । ਪਿੰਡ ਵਾਸੀਆਂ ਨੇ ਇਸ ਦੀ ਸੂਚਨਾ ਥਾਣਾ ਫਿਲਵਾਂ ਦੇ ਮੁਖੀ ਮਨਜੀਤ ਸਿੰਘ, ਏ ਐਸ ਆਈ ਪਰਮਜੀਤ ਸਿੰਘ ਨੂੰ ਦਿੱਤੀ ਜਿਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ ਗਈ ।



# ਭਗਤ ਕਬੀਰ ਦਾ ਪ੍ਰਕਾਸ਼ ਪੁਰਬ 11 ਜੂਨ ਨੂੰ ਮਨਾਇਆ ਜਾਵੇਗਾ : ਬੰਬਰ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**: ਪੰਜਾਬ ਕਲਾ ਮੰਚ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਦੀ ਪ੍ਰਧਾਨਗੀ ਹੇਠ ਡਾ. ਰਾਜਪਾਲ ਚੌਧਰੀ ਕਲੀਨਿਕ ਵਿਖੇ ਹੋਈ । ਇਸ ਮੀਟਿੰਗ ਵਿੱਚ ਮੈਂਬਰਾਂ ਵੱਲੋਂ ਸਰਬਸਮਤੀ ਨਾਲ ਫੈਸਲਾ ਲਿਆ ਗਿਆ ਕਿ ਭਗਤ ਕਬੀਰ ਦਾ ਮੰਚ ਵੱਲੋਂ ਤੀਜਾ ਅਤੇ 627ਵਾਂ ਪ੍ਰਕਾਸ਼ ਪੁਰਬ 11 ਜੂਨ ਨੂੰ ਸ਼ਾਮ 8 ਵਜੇ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਭਾਵਨਾ ਨਾਲ ਮਨਾਇਆ ਜਾਵੇਗਾ। ਮੰਚ ਦੇ ਪ੍ਰਧਾਨ ਬੰਬਰ ਨੇ ਦੱਸਿਆ ਕਿ ਇਹ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ । ਮੀਟਿੰਗ ਦੌਰਾਨ ਭਗਤ ਕਬੀਰ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੈਨਰ ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ ਵੱਲੋਂ ਜਾਰੀ ਕੀਤਾ ਗਿਆ । ਉਨ੍ਹਾਂ ਇਸ ਕਾਰਜ ਲਈ ਪੰਜਾਬ ਕਲਾ ਮੰਚ ਦੀ ਟੀਮ ਦੀ ਪ੍ਰਸ਼ੰਸਾ ਕੀਤੀ । ਇਸ ਮੌਕੇ ਡਾ. ਰਾਜਪਾਲ ਸਿੰਘ, ਮਨਮੋਹਨ ਸਿੰਘ , ਰਘਬੀਰ ਸਿੰਘ, ਬਲਜੀਤ ਸਿੰਘ ਬੱਸੀ , ਜੀਵਨ ਸਿੰਘ, ਸਵਰਨ ਸਿੰਘ ਸੈਣੀ, ਮਿਸਤਰੀ ਮਨਮੋਹਨ ਸਿੰਘ ਕਾਲਾ, ਗਿਆਨ ਸਿੰਘ, ਸੇਵਾ ਸਿੰਘ ਅਤੇ ਸਰਪੰਚ ਸੋਮ ਸਿੰਘ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਨੇ ਕੈਬਨਿਟ ਮੰਤਰੀਆਂ ਨੂੰ ਸੰਵੇਦਨਸ਼ੀਲ ਇਲਾਕਿਆਂ 'ਚ ਡੇਰਾ ਲਾਉਣ ਦੇ ਦਿੱਤੇ ਆਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**— ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੈਬਨਿਟ ਮੰਤਰੀਆਂ ਨੂੰ ਸਰਹੱਦੀ ਖੇਤਰਾਂ ਵਿੱਚ ਪੱਕੇ ਤੌਰ 'ਤੇ ਡੇਰਾ ਲਾਉਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਸੂਬੇ ਵਿੱਚ ਪੈਦਾ ਹੋਈ ਜੰਗ ਵਰਗੀ ਸਥਿਤੀ ਦੌਰਾਨ ਸੂਬੇ ਦੇ ਵਸਨੀਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ।ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਰਹੱਦੀ ਖੇਤਰਾਂ ਦੇ ਮੰਤਰੀਆਂ ਨੂੰ ਰਾਹਤ ਕਾਰਜਾਂ ਦੀ ਨਿਗਰਾਨੀ ਲਈ ਆਪੋ-ਆਪਣੇ ਇਲਾਕਿਆਂ ਵਿੱਚ ਸਥਾਈ ਤੌਰ 'ਤੇ ਤਾਇਨਾਤ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਹੋਰ ਮੰਤਰੀਆਂ ਨੂੰ ਵੀ ਰੋਟੇਸ਼ਨ (ਵਾਰੋ-ਵਾਰੀ) ਦੇ ਆਧਾਰ 'ਤੇ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਨਾ ਚਾਹੀਦਾ ਹੈ ਤਾਂ ਜੋ ਹੰਗਾਮੀ ਸਥਿਤੀ ਵਿੱਚ ਲੋਕਾਂ ਨੂੰ ਮਦਦ ਦਾ ਭਰੋਸਾ ਦਿੱਤਾ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਤਰੀ ਫਾਇਰ ਸਟੇਸ਼ਨਾਂ, ਹਸਪਤਾਲਾਂ, ਰਾਸ਼ਨ ਡਿਪੂਆਂ ਅਤੇ ਹੋਰ ਥਾਵਾਂ ਦਾ ਦੌਰਾ ਕਰਨਗੇ ਤਾਂ ਜੋ ਇਨ੍ਹਾਂ ਖੇਤਰਾਂ ਦੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦੀ ਖੇਤਰਾਂ ਨਾਲ ਸਬੰਧਤ ਕੈਬਨਿਟ ਮੰਤਰੀ ਬਚਾਅ ਕਾਰਜਾਂ ਦੀ ਨਿਗਰਾਨੀ ਕਰਨਗੇ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦੇਣਗੇ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਮੰਤਰੀ ਸਰਹੱਦੀ ਖੇਤਰਾਂ ਦੇ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ ਉਨ੍ਹਾਂ ਦੇ ਹੱਲ ਨੂੰ ਯਕੀਨੀ ਬਣਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਨੂੰ ਔਖੀ ਘੜੀ ਵਿੱਚ ਕੋਈ ਮੁਸ਼ਕਲ ਨਾ ਆਵੇ।ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦ 'ਤੇ ਵਧ ਰਹੇ ਤਣਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬਾ ਸਰਕਾਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ ਹੈ। ਸਰਹੱਦੀ ਖੇਤਰ ਦੇ ਵਸਨੀਕਾਂ ਨਾਲ ਭਾਵੁਕ ਸਾਂਝ ਪਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੂਰਾ ਦੇਸ਼ ਉਨ੍ਹਾਂ ਦਾ ਰਿਣੀ ਹੈ ਕਿ ਉਨ੍ਹਾਂ ਨੇ ਸੂਬੇ ਦੇ ਸਰਹੱਦੀ ਇਲਾਕੇ ਵਿੱਚ ਰਹਿੰਦਿਆਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਬਹਾਦਰ ਲੋਕਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦੌਰਾਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੰਗ ਦੇ ਲਗਾਤਾਰ ਖ਼ਤਰੇ ਕਾਰਨ ਇਹ ਖੇਤਰ ਵਿਕਾਸ ਵਿੱਚ ਪੱਛੜ ਗਿਆ ਪਰ ਫਿਰ ਵੀ ਇਸ ਖੇਤਰ ਦੇ ਬਹਾਦਰ ਵਸਨੀਕਾਂ ਨੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਸੂਬਾ ਸਗੋਂ ਪੂਰਾ ਦੇਸ਼ ਇਨ੍ਹਾਂ ਲੋਕਾਂ ਦੀ ਹਿੰਮਤ, ਜਜ਼ਬੇ ਅਤੇ ਦੇਸ਼ ਭਗਤੀ ਲਈ ਰਿਣੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧ ਰਹੇ ਤਣਾਅ ਦੇ ਮੱਦੇਨਜ਼ਰ ਸੂਬਾ ਸਰਕਾਰ ਇਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਵਚਨਬੱਧ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੰਕਟ ਦੀ ਇਸ ਘੜੀ ਵਿੱਚ ਸੂਬੇ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਸੁਣੇ। ਲੋਕਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹਰ ਕੀਮਤ ਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਢੁਕਵਾਂ ਕਦਮ ਚੁੱਕੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਵਾਸੀ ਸੱਚੇ ਦੇਸ਼ ਭਗਤ ਹਨ ਅਤੇ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।ਮੁੱਖ ਮੰਤਰੀ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀ ਕੋਈ ਕਮੀ ਨਹੀਂ ਹੈ, ਇਸ ਲਈ ਘਬਰਾਹਟ ਦੀ ਸਥਿਤੀ ਪੈਦਾ ਹੋਣ ਤੋਂ ਬਚਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਮ੍ਹਾਂਖੋਰੀ ਨਾਲ ਕਮੀ ਪੈਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਨਾਲ ਸਖ਼ਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਤਰੀਆਂ ਦੇ ਨਾਲ-ਨਾਲ ਪ੍ਰਬੰਧਕੀ ਸਕੱਤਰ ਰੈਂਕ ਦੇ ਅਧਿਕਾਰੀ ਵੀ ਸਰਹੱਦੀ ਖੇਤਰਾਂ ਵਿੱਚ ਤਾਇਨਾਤ ਕੀਤੇ ਜਾਣਗੇ।

# ਜ਼ਿਲ੍ਹੇ 'ਚ ਐਮਰਜੈਂਸੀ ਸਿਹਤ ਸੇਵਾਵਾਂ ਅਲਰਟ ਮੋਡ 'ਤੇ



**ਜਲੰਧਰ (ਸ਼ੈਲੀ ਐਲਬਰਟ)** ਭਾਰਤ ਅਤੇ ਪਾਕਿਸਤਾਨ ਦੇ ਵਿੱਚ ਤਣਾਅ ਨੂੰ ਦੇਖਦੇ ਹੋਏ ਅਤੇ ਦੇਸ਼ ਦੇ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਸਿਵਲ ਸਰਜਨ ਡਾ. ਗੁਰਮੀਤ ਲਾਲ ਵੱਲੋਂ ਜ਼ਿਲ੍ਹੇ ਦੇ ਸਮੂਹ ਐਸ.ਐਮ.ਓਜ਼ ਨਾਲ ਸ਼ੁੱਕਰਵਾਰ ਨੂੰ ਸਿਵਲ ਸਰਜਨ ਦਫ਼ਤਰ ਜਲੰਧਰ ਵਿਖੇ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਵੱਲੋਂ ਸਮੂਹ ਐਸ.ਐਮ.ਓਜ਼ ਨੂੰ ਐਮਰਜੈਂਸੀ ਸਿਹਤ ਸੇਵਾਵਾਂ ਨੂੰ 24 ਘੰਟੇ ਅਲਰਟ ਮੋਡ 'ਚ ਰੱਖਣ ਦੀ ਹਦਾਇਤ ਕੀਤੀ ਗਈ। ਸਿਵਲ ਸਰਜਨ ਨੇ ਹਦਾਇਤ ਕਰਦਿਆਂ ਕਿਹਾ ਕਿ ਹਰ ਬਲਾਕ ਵਿੱਚ ਐਮਰਜੈਂਸੀ ਟੀਮਾਂ ਦਾ ਗਠਨ ਕਰਕੇ ਲੋਕਾਂ ਲਈ ਸਿਹਤ ਸੇਵਾਵਾਂ ਨੂੰ ਪੂਰੀ ਤਰ੍ਹਾਂ ਦਰੁਸਤ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਵਾਚਦੇ ਹੋਏ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਛੁੱਟੀਆਂ ਰੱਦ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।ਸਿਵਲ ਸਰਜਨ ਡਾ. ਗੁਰਮੀਤ ਲਾਲ ਨੇ ਸਮੂਹ ਐਸ.ਐਮ.ਓਜ਼ ਨੂੰ 24 ਘੰਟੇ ਮੋਬਾਈਲ ਤੇ ਉਪਲਬਧ ਰਹਿਣ ਅਤੇ ਕਿਸੇ ਵੀ ਸਮੇਂ ਕਿਸੇ ਵੀ ਐਮਰਜੈਂਸ਼ੀ ਡਿਊਟੀ ਲਈ ਤਿਆਰ ਰਹਿਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਫਰਸਟ-ਏਡ-ਕਿਟ, ਦਵਾਈਆਂ ਅਤੇ ਮੈਡੀਕਲ ਉਪਕਰਨਾਂ ਦੀ ਉਪਲਬਧਤਾ ਨੂੰ ਵੀ ਸੁਨਿਸ਼ਚਿਤ ਕੀਤਾ ਜਾਵੇ। ਉਨ੍ਹਾਂ ਨੇ ਸਮੂਹ ਐਸ.ਐਮ.ਓਜ਼ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਆਪਾਤ ਸਥਿਤੀ ਨਾਲ ਨਜਿੱਠਣ ਲਈ ਪ੍ਰਾਇਵੇਟ ਹਸਪਤਾਲਾਂ ਨਾਲ ਵੀ ਪੂਰੀ ਤਰ੍ਹਾਂ ਤਾਲਮੇਲ ਬਣਾ ਕੇ ਰੱਖਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਅਗਲੇ ਹੁਕਮਾਂ ਤੱਕ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਹਿੱਤ ਸਿਹਤ ਸਟਾਫ਼ ਵੱਲੋਂ ਆਪਣੀ ਡਿਊਟੀ ਪੂਰੀ ਨਿਸ਼ਠਾ ਅਤੇ ਅਨੁਸ਼ਾਸਨ ਵਿੱਚ ਰਹਿ ਕੇ ਨਿਭਾਈ ਜਾਵੇ।

# ਪਹਿਲਗਾਮ ਵਿਖੇ ਸ਼ਹੀਦ ਹੋਏ ਸੈਲਾਨੀਆਂ ਨੂੰ ਸ਼ਰਧਾਂਜਲੀ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** ਸੀਨੀਅਰ ਸਿਟੀਜਨ ਕੌਂਸਲ ਬਲਾਕ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਸੀਨੀਅਰ ਮੈਂਬਰ ਅਜਾਇਬ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਹਿਲਗਾਮ ਵਿਖੇ ਸ਼ਹੀਦ ਹੋਏ ਸੈਲਾਨੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਪਿੰਡ ਜੰਡ ਸਾਹਿਬ ਨਜ਼ਦੀਕ ਲੱਗ ਰਹੀ ਪੇਪਰ ਮਿਲ ਦਾ ਵਿਰੋਧ ਕੀਤਾ ਅਤੇ ਸਰਕਾਰ ਨੂੰ ਇਸ ਦੀ ਤਜਵੀਜ ਰੱਦ ਕਰਨ ਦੀ ਬੇਨਤੀ ਕੀਤੀ ਗਈ, ਕਿਉਂਕਿ ਇਸ ਨਾਲ ਇਲਾਕੇ ਦਾ ਵਾਤਾਵਰਨ ਬੁਰੀ ਤਰ੍ਹਾਂ ਦੂਸ਼ਿਤ ਹੋ ਜਾਵੇਗਾ ਅਤੇ ਆਉਣ ਵਾਲੀਆਂ ਨਸਲਾਂ ਅਤੇ ਫ਼ਸਲਾਂ ਨੂੰ ਬੜਾ ਨੁਕਸਾਨ ਹੋਵੇਗਾ। ਮੈਂਬਰਾਂ ਨੇ ਸਰਕਾਰ ਨੂੰ ਇਹ ਇਹ ਵੀ ਬੇਨਤੀ ਕੀਤੀ ਕਿ ਚਮਕੌਰ ਸਾਹਿਬ ਤੋਂ ਪਿੰਡ ਭੂਰੜੇ ਰੋਡ ਅਤੇ ਸੰਧੂਆਂ ਰੋਡ ਤੋਂ ਮਾਨੇਮਾਜਰਾ ਰੋਡ ਆਦਿ ਲਿੰਕ ਸੜਕਾਂ ਦੀ ਹਾਲਤ ਬਹੁਤ ਤਰਸਯੋਗ ਹੈ, ਨੂੰ ਜਲਦੀ ਬਣਾਇਆ ਜਾਵੇ। ਇਸ ਤੋਂ ਇਲਾਵਾ ਪਸ਼ੂਆਂ ਨੂੰ ਕੰਟਰੋਲ ਕਰਨ ਲਈ ਵੀ ਬੇਨਤੀ ਕੀਤੀ ਗਈ ਤਾਂ ਜੋ ਰੋਜ ਹੁੰਦੇ ਹਾਦਸਿਆਂ ਤੋਂ ਬਚਿਆ ਜਾ ਸਕੇ । ਮੈਂਬਰਾਂ ਨੇ ਇਲਾਕੇ ਦੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਮੌਜੂਦਾ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।


ਪੰਡਤ ਵਿਸ਼ਨੂੰ ਨਾਰਾਇਣ ਭਾਤ ਖੰਡੇ
(ਆਖਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਮਰ-ਮਰ ਸਿੜ੍ਹੀ ਸਿਆਪੇ ਕੀਤੇ,
ਜੀਵਨ ਮੌਤ ਬਣਾ ਕੇ ਆਇਆ।
ਰੱਬਾ! ਤੇਰੀ ਦੁਨੀਆ ਤੋਂ ਮੈਂ,
ਆਪਣੀ ਜਿੰਦ ਬਚਾ ਕੇ ਆਇਆ।
- ਹਜ਼ਾਰਾ ਸਿੰਘ 'ਮੁਸ਼ਤਾਕ'

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 11 ਮਈ 2025
www.nawanzamana.in
ਕੀਮਤ 5.00 ਰੁਪਏ



ਹਰਵਿੰਦਰ ਭੰਡਾਲ


# ਸੋਸ਼ਲ ਮੀਡੀਆ ਦੀ ਸਮਾਜਿਕਤਾ




ਅਸੀਂ ਸਰਮਾਏਦਾਰੀ ਦੇ ਮਸਨੂਈ ਬੁੱਧੀ ਦੌਰ ਵਿੱਚ ਦਾਖਲ ਹੋ ਚੁੱਕੇ ਹਾਂ। ਵੱਖ-ਵੱਖ ਮੀਡੀਆ ਕਾਰਪੋਰੇਟ ਲੰਬੇ ਸਮੇਂ ਤੋਂ ਜਿਸ ਨਵੀਂ ਉਤਪਾਦਕ ਸ਼ਕਤੀ ਨੂੰ ਵਿਕਸਤ ਕਰਨ ਦਾ ਯਤਨ ਕਰ ਰਹੇ ਸਨ, ਉਹ ਹੁਣ ਸਾਡੇ ਵਿਚਕਾਰ ਹੈ। ਇਸ ਮਸਨੂਈ ਬੁੱਧੀ ਜਾਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਤਕਨੀਕ ਨੂੰ ਸਿਰਫ਼ ਕਾਰਪੋਰੇਟ ਕੰਪਨੀਆਂ ਨੇ ਹੀ ਵਿਕਸਤ ਨਹੀਂ ਕੀਤਾ ਹੈ। ਇਸ ਦੇ ਸਾਕਾਰ ਹੋਣ ਵਿੱਚ ਹਰ ਉਸ ਬੰਦੇ ਦਾ ਯੋਗਦਾਨ ਹੈ, ਜਿਸ ਨਾਲ ਸੰਬੰਧਤ ਕੋਈ ਨਾ ਕੋਈ ਅੰਕੜਾ ਜਾਂ ਡੇਟਾ ਆਨਲਾਈਨ ਮੌਜੂਦ ਹੈ। ਹੁਣ ਸਮਝ ਆ ਰਹੀ ਹੈ ਕਿ ਏਨਾ ਲੰਮਾ ਸਮਾਂ ਸੋਸ਼ਲ ਮੀਡੀਆ ਕਾਰਪੋਰੇਟ ਲੋਕਾਂ ਨੂੰ ਮੁਫ਼ਤ ਸੇਵਾਵਾਂ ਕਿਉਂ ਮੁਹੱਈਆ ਕਰਵਾਉਂਦੇ ਰਹੇ। ਸੋਸ਼ਲ ਮੀਡੀਆ ਦੇ ਇਸ ਰਹੱਸ ਨੂੰ ਸਮਝਣ ਲਈ ਸੂਚਨਾ ਕ੍ਰਾਂਤੀ ਦੇ ਸੰਕਲਪ ਅੰਦਰ ਡੁਬਕੀ ਲਾਉਣ ਦੀ ਲੋੜ ਹੈ।

ਬੰਦੇ ਦਾ ਜੀਵਨ ਹਮੇਸ਼ਾ ਸੂਚਨਾਵਾਂ ਦੇ ਇਰਦ-ਗਿਰਦ ਘੁੰਮਦਾ ਹੈ। ਇਹ ਸੂਚਨਾਵਾਂ ਹੀ ਬੰਦਿਆਂ ਨੂੰ ਇਕੱਠਿਆਂ ਰੱਖਦੀਆਂ ਹਨ। ਕਿਸੇ ਬੰਦੇ ਲਈ ਕੋਈ ਬਾਹਰਮੁਖੀ ਸੱਚ ਜਾਂ ਮਨ ਵੱਲੋਂ ਮੰਨੇ ਜਾ ਰਹੇ ਸੱਚ ਰੂਪੀ ਅੰਤਰਮੁਖੀ ਸੂਚਨਾ ਹੋ ਸਕਦੀ ਹੈ। ਯੁਵਾਲ ਨੋਹ ਹਰਾਰੀ ਇੱਕ ਤੀਸਰੇ ਸੱਚ ਦੀ ਗੱਲ ਕਰਦਾ ਹੈ, ਜੋ ਬਹੁਤ ਸਾਰੇ ਲੋਕਾਂ ਦੇ ਮਨ ਵੱਲੋਂ ਇਕੱਠਿਆਂ ਸਵੀਕਾਰ ਕੀਤਾ ਜਾਂਦਾ ਹੈ। ਇਸ ਸੱਚ ਦੀ ਵੀ ਉਂਝ ਕੋਈ ਬਾਹਰਮੁਖੀ ਹੋਂਦ ਨਹੀਂ ਹੁੰਦੀ। ਜਿਵੇਂ ਜਨਜਾਤੀ ਅੰਦਰ ਇੱਕ ਟੋਟਮ ਜਾਂ ਸਾਂਝਾ ਦੇਵਤਾ ਹੁੰਦਾ ਹੈ। ਇਸ ਪਿੱਛੋਂ ਧਰਮ ਦੀ ਈਜ਼ਾਦ ਨੇ ਇੱਕ ਜਾਤੀ ਤੋਂ ਬਾਹਰ ਦੇ ਲੋਕਾਂ ਨੂੰ ਵੀ ਇਸੇ ਤਰ੍ਹਾਂ ਦੇ ਇੱਕ ਸੱਚ ਨਾਲ ਜੋੜ ਦਿੱਤਾ। ਬੈਨੇਡਿਕਟ ਐਂਡਰਸਨ ਰਾਸ਼ਟਰਵਾਦ ਦੇ ਸੰਕਲਪ ਦੇ ਪ੍ਰਸੰਗ ਵਿੱਚ ਇਸੇ ਨੂੰ ਕਲਪ ਆਖਦਾ ਹੈ। ਸਰਮਾਏਦਾਰੀ ਦੇ ਹੋਂਦ ਵਿੱਚ ਆਉਣ ਪਿੱਛੋਂ ਮਜ਼ਹਬੀ ਕਲਪਾਂ ਦੇ ਬਦਲ ਵਜੋਂ ਰਾਸ਼ਟਰੀ ਕਲਪਾਂ ਨੂੰ ਘੜਿਆ ਗਿਆ, ਜਿਹਨਾਂ ਉੱਤੇ ਰਾਸ਼ਟਰ ਰਾਜਾਂ ਦੀ ਹੋਂਦ ਟਿਕਾਈ ਗਈ। ਕਲਪਾਂ ਦੀਆਂ ਘਾੜਤਾਂ ਅਤੇ ਇਹਨਾਂ ਦੇ ਫੈਲਣ ਦੀ ਰਫ਼ਤਾਰ ਹਮੇਸ਼ਾ ਯੁੱਗ ਦੀ ਤਕਨੀਕ ਉੱਤੇ ਨਿਰਭਰ ਹੁੰਦੀ ਸੀ। ਸਾਮੰਤੀ ਸਮਿਆਂ ਵਿੱਚ ਸੂਚਨਾ ਦਾ ਸਰੋਤ ਕਿਤਾਬ ਸੀ, ਜਦ ਕਿ ਅਖ਼ਬਾਰ ਤੇ ਟੈਲੀਗ੍ਰਾਫ ਨੇ ਮੁਢਲੇ ਸਰਮਾਏਦਾਰੀ ਦੇ ਦੌਰ ਵਿੱਚ ਕਲਪਾਂ ਅਤੇ ਸੂਚਨਾਵਾਂ ਨੂੰ ਫੈਲਾਇਆ। ਟੈਲੀਵੀਜ਼ਨ, ਕੰਪਿਊਟਰ ਤੇ ਫਿਰ ਮੋਬਾਈਲ ਫ਼ੋਨ ਦੀ ਈਜਾਦ ਨੇ ਤਾਂ ਸੂਚਨਾਵਾਂ ਅਤੇ ਕਲਪਾਂ ਦੇ ਆਦਾਨ-ਪ੍ਰਦਾਨ ਵਿੱਚ ਕ੍ਰਾਂਤੀ ਹੀ ਕਰ ਦਿੱਤੀ। ਸੋਸ਼ਲ ਮੀਡੀਆ ਇਸੇ ਕ੍ਰਾਂਤੀ ਦੀ ਉਪਜ ਵੀ ਹੈ ਅਤੇ ਇਸ ਨੂੰ ਹੋਰ ਤੇਜ਼ ਦੌੜਾਉਣ ਵਾਲੀ ਸ਼ਕਤੀ ਵੀ।

ਸੋਸ਼ਲ ਮੀਡੀਆ ਉਹ ਮੀਡੀਆ ਹੈ, ਜਿਸ ਅੰਦਰ ਸਭ ਲੋਕ ਇੱਕ-ਦੂਜੇ ਨਾਲ ਅੰਤਰ-ਕ੍ਰਿਆ ਕਰਨ ਲਈ ਆਜ਼ਾਦ ਹੁੰਦੇ ਹਨ। ਇਸ ਤੋਂ ਪਹਿਲਾਂ ਦੇ ਅਖ਼ਬਾਰਾਂ/ਰੇਡੀਓ/ਟੈਲੀਵੀਜ਼ਨ ਆਦਿ ਮਾਸ ਮੀਡੀਆ ਵਿੱਚ ਲੋਕ ਸੂਚਨਾਵਾਂ ਦਾ ਸਿੱਧਾ ਆਦਾਨ-ਪ੍ਰਦਾਨ ਨਹੀਂ ਸਨ ਕਰ ਸਕਦੇ। ਉਹਨਾਂ ਦਰਮਿਆਨ ਹਮੇਸ਼ਾ ਸੰਪਾਦਕ/ਨਿਰਦੇਸ਼ਕ/ਐਂਕਰ ਮੌਜੂਦ ਹੁੰਦਾ ਸੀ। ਸੋਸ਼ਲ ਮੀਡੀਆ ਨੇ ਇਹਨਾਂ ਨੂੰ ਵਿੱਚੋਂ ਹਟਾ ਕੇ ਲੋਕਾਂ ਨੂੰ ਇੱਕ-ਦੂਜੇ ਦੇ ਐਨ ਸਾਹਮਣੇ ਖੜ੍ਹਾ ਕਰ ਦਿੱਤਾ। ਜਿਸਮਾਨੀ ਤੌਰ 'ਤੇ ਇੱਕ-ਦੂਜੇ ਦੇ ਸਾਹਮਣੇ ਮੌਜੂਦ ਨਾ ਹੋਣ ਦੇ ਬਾਵਜੂਦ ਉਹ ਇੱਕ-ਦੂਜੇ ਨੂੰ ਸਿੱਧਿਆਂ ਮੁਖ਼ਾਤਬ ਹੋ ਸਕਦੇ ਸਨ। ਇੱਕ-ਦੂਜੇ ਨਾਲ ਸੁਨੇਹੇ, ਫ਼ੋਟੋ, ਵੀਡੀਓ ਆਦਿ ਦੇ ਰੂਪ ਵਿੱਚ ਹਰ ਤਰ੍ਹਾਂ ਦੀਆਂ ਸੂਚਨਾਵਾਂ ਸਾਂਝੀਆਂ ਕਰ ਸਕਦੇ ਸਨ। (ਹੁਣ ਤਾਂ ਉਹ ਇੱਕ-ਦੂਜੇ ਨੂੰ ਆਡੀਓ/ਵੀਡੀਓ ਕਾਲ ਵੀ ਕਰ ਸਕਦੇ ਹਨ।) ਭਾਰਤ ਵਿੱਚ ਲੋਕ ਸਭ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਆਰਕੁਟ ਨਾਲ ਜੁੜੇ, ਜਿਸ ਨੂੰ ਗੂਗਲ ਕੰਪਨੀ ਵਿੱਚ ਕੰਮ ਕਰਦਿਆਂ ਇੱਕ ਇੰਜੀਨੀਅਰ ਨੇ ਨਿੱਜੀ ਤੌਰ ਉੱਤੇ 2004 ਵਿੱਚ ਲਾਂਚ ਕੀਤਾ ਸੀ। 2004 ਵਿੱਚ ਹੀ ਲਾਂਚ ਹੋਇਆ ਫੇਸਬੁਕ 2006 ਵਿੱਚ ਹਰ ਕਿਸੇ ਲਈ ਖੁੱਲ੍ਹਾ ਹੋ ਗਿਆ। 2005 ਵਿੱਚ ਯੂਟਿਊਬ ਆਇਆ ਤੇ 2006 ਵਿੱਚ ਟਵਿਟਰ। 21ਵੀਂ ਸਦੀ ਦੇ ਦੂਸਰੇ ਦਹਾਕੇ ਦੌਰਾਨ ਇਸ ਨੇ ਧਰਤੀ ਦੇ ਵਧੇਰੇ ਲੋਕਾਂ ਨੂੰ ਆਪਣੀ ਗ੍ਰਿਫਤ ਵਿੱਚ ਲੈ ਲਿਆ। ਇਸ ਨੇ ਸਮਾਜਿਕ ਜ਼ਿੰਦਗੀ ਨੂੰ ਬੁਨਿਆਦੀ ਤੌਰ ਉੱਤੇ ਬਦਲ ਦਿੱਤਾ।

ਬਹੁਤ ਸਾਰੇ ਅਤਿ-ਆਸ਼ਾਵਾਦੀ ਲੋਕਾਂ ਲਈ ਸੋਸ਼ਲ ਮੀਡੀਆ ਨਵੀਂ ਸ਼ਕਤੀ ਸੀ, ਜਿਸ ਨੇ ਆਮ ਸਧਾਰਨ ਲੋਕਾਂ ਦੇ ਹੱਥ ਨਵੀਂ ਤਾਕਤ ਦੇ ਦਿੱਤੀ ਸੀ। ਉਹ ਇਸ ਨੂੰ ਮੀਡੀਆ ਦੇ ਜਮਹੂਰੀਕਰਨ ਦੀ ਪ੍ਰਕਿਰਿਆ ਵਿੱਚੋਂ ਦੇਖ ਰਹੇ ਸਨ। ਇਸ ਨਵੀਂ ਸ਼ਕਤੀ ਨੇ ਸੱਤਾ ਵੱਲੋਂ ਸੂਚਨਾਵਾਂ ਨੂੰ ਸੈਂਸਰ ਕਰਨ ਦੀਆਂ ਸੰਭਾਵਨਾਵਾਂ ਖਤਮ ਕਰ ਦਿੱਤੀਆਂ ਸਨ। ਇਹ ਗੱਲ ਬਹੁਤ ਹੱਦ ਤੱਕ ਸਹੀ ਵੀ ਸਾਬਤ ਹੋਈ। ਸੋਸ਼ਲ ਮੀਡੀਆ ਕਾਰਨ ਕਈ ਸਿਆਸੀ ਲਹਿਰਾਂ ਅਤੇ ਅੰਦੋਲਨ ਸੰਭਵ ਹੋ ਸਕੇ। ਇੱਕ ਉਦਾਹਰਣ ਅਰਬ ਦੀਆਂ ਤਾਨਾਸ਼ਾਹ ਹਕੂਮਤਾਂ ਵਾਲੇ ਮੁਲਕਾਂ ਅੰਦਰ ਹੋਏ ਉਹਨਾਂ ਅੰਦੋਲਨਾਂ ਦੀ ਹੈ, ਜਿਸ ਨੂੰ 'ਅਰਬ ਸਪਰਿੰਗ' ਜਾਂ 'ਅਰਬ ਦੀ ਬਸੰਤ' ਕਿਹਾ ਜਾਂਦਾ ਹੈ।

ਅਰਬ ਦੀ ਇਹ ਬਸੰਤ 2010 ਦੇ ਅਖੀਰੀ ਮਹੀਨਿਆਂ ਦੌਰਾਨ ਟੁਨੀਸ਼ੀਆ ਵਿੱਚੋਂ ਸ਼ੁਰੂ ਹੋਈ, ਜਿੱਥੇ ਗਲੀ ਵਿੱਚ ਸਾਮਾਨ ਵੇਚਣ ਵਾਲੇ ਮੁਹੰਮਦ ਬੁਆਜ਼ਿਜ਼ੀ ਨੇ ਸਰਕਾਰ ਵੱਲੋਂ ਤੰਗ-ਪ੍ਰੇਸ਼ਾਨ ਕਰਨ ਦੇ ਰੋਸ ਵਜੋਂ ਖੁਦ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਫੇਸਬੁਕ ਤੇ ਟਵਿਟਰ ਰਾਹੀਂ ਇਸ ਘਟਨਾ ਦੀ ਵੀਡੀਓ ਤੇਜ਼ੀ ਨਾਲ ਪੂਰੇ ਮੁਲਕ ਅੰਦਰ ਫੈਲ ਗਈ ਤੇ ਪੂਰੇ ਟੁਨੀਸ਼ੀਆ ਵਿੱਚ ਰੋਸ-ਵਿਖਾਵੇ ਸ਼ੁਰੂ ਹੋ ਗਏ। ਛੇਤੀ ਹੀ ਇਹ ਰੋਸ-ਵਿਖਾਵੇ ਜਮਹੂਰੀਅਤ ਪੱਖੀ ਮੰਗਾਂ ਵਾਲੇ ਬਣ ਗਏ। ਸੋਸ਼ਲ ਮੀਡੀਆ ਅੰਦੋਲਨਕਾਰੀਆਂ ਲਈ ਸੰਗਠਤ ਹੋਣ ਤੇ ਯੋਜਨਾਬੰਦੀ ਕਰਨ ਦਾ ਸਾਧਨ ਬਣ ਗਿਆ। ਅਖੀਰ ਜਨਵਰੀ 2011 ਵਿੱਚ ਰਾਸ਼ਟਰਪਤੀ ਜ਼ਾਈਨ ਅਲ ਅਬੀਦੀਨ ਬਿਨ ਨੂੰ ਗੱਦੀ ਛੱਡਣੀ ਪਈ।

ਛੇਤੀ ਹੀ ਇਹ ਰੋਸ-ਦਿਖਾਵੇ ਟੁਨੀਸ਼ੀਆ ਦੀ ਸਰਹੱਦ ਪਾਰ ਕਰਕੇ ਮਿਸਰ, ਲੀਬੀਆ, ਸੀਰੀਆ ਤੇ ਯਮਨ ਵਿੱਚ ਵੀ ਫੈਲ ਗਏ। ਮਿਸਰ ਦੇ ਤਹਿਰੀਰ ਚੌਕ ਵਿੱਚ ਸੋਸ਼ਲ ਮੀਡੀਆ ਦੀ ਮਦਦ ਨਾਲ ਵੱਡੇ ਪ੍ਰਦਰਸ਼ਨ ਹੋਏ। ਲੋਕ ਵੱਡੀ ਤਦਾਦ ਵਿੱਚ 'ਵੀ ਆਰ ਖਾਲਿਦ ਸਈਦ ਨਾਂਅ ਦੇ ਫੇਸਬੁਕ ਪੇਜ ਨਾਲ ਜੁੜ ਕੇ ਇਕੱਠੇ ਹੋਏ। ਖਾਲਿਦ ਸਈਦ ਪੁਲਸ ਦੀਆਂ ਗੋਲੀਆਂ ਨਾਲ ਮਾਰਿਆ ਗਿਆ ਸੀ। ਲੀਬੀਆ ਵਿੱਚ ਲੋਕਾਂ ਨੇ ਕਰਨਲ ਗੱਦਾਫ਼ੀ ਦੀ ਹਕੂਮਤ ਦੀਆਂ ਜ਼ਿਆਦਤੀਆਂ ਨੂੰ ਨੰਗਾ ਕੀਤਾ। ਸੀਰੀਆ ਵਿੱਚ ਵੀ ਲੋਕਾਂ ਵੱਲੋਂ ਸੋਸ਼ਲ ਮੀਡੀਆ ਦੀ ਵੱਡੇ ਪੱਧਰ ਉੱਤੇ ਵਰਤੋਂ ਕਾਰਨ ਹਕੂਮਤ ਨੇ ਇਸ ਦੀ ਪਹੁੰਚ ਸੀਮਤ ਕਰਨ ਦੀ ਪੂਰੀ ਵਾਹ ਲਾਈ। ਯਮਨ ਵਿੱਚ ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਅਲੀ ਅਬਦੁੱਲਾ ਸਾਲੇਹ ਵਿਰੁੱਧ ਸੋਸ਼ਲ ਮੀਡੀਆ ਦੀ ਸਹਾਇਤਾ ਨਾਲ ਮੁਜ਼ਾਹਰੇ ਕੀਤੇ। ਪਰ ਇਹਨਾਂ ਮੁਲਕਾਂ ਵਿੱਚ ਇੰਟਰਨੈੱਟ ਬੰਦ ਕਰਕੇ ਹਕੂਮਤ ਸੋਸ਼ਲ ਮੀਡੀਆ ਦੀ ਪ੍ਰਭਾਵਕਤਾ ਨੂੰ ਖਤਮ ਕਰਨ ਵਿੱਚ ਵੀ ਸਫ਼ਲ ਹੋਈ। ਇਸ ਤਰ੍ਹਾਂ ਇਸ 'ਬਸੰਤ' ਨੇ ਜੇ ਇੱਕ ਪਾਸੇ ਸੋਸ਼ਲ ਮੀਡੀਆ ਦੀ ਸਮਰੱਥਾ ਨੂੰ ਉਜਾਗਰ ਕੀਤਾ ਤਾਂ ਦੂਸਰੇ ਪਾਸੇ ਇਸ ਦੀਆਂ ਸੀਮਾਵਾਂ ਵੀ ਸਾਹਮਣੇ ਆਈਆਂ। ਜਿਸ ਨੂੰ "ਫੇਸਬੁਕ ਇਨਕਲਾਬ" ਦਾ ਨਾਂਅ ਦਿੱਤਾ ਜਾ ਰਿਹਾ ਸੀ, ਉਹ ਵਧੇਰੇ ਮੁਲਕਾਂ ਵਿੱਚ ਟੁਨੀਸ਼ੀਆ ਵਾਂਗ ਸਫ਼ਲ ਨਾ ਹੋ ਸਕਿਆ।

ਸਾਡੇ ਆਪਣੇ ਮੁਲਕ ਭਾਰਤ ਦੀ ਉਦਾਹਰਣ ਵੀ ਦੇਖ ਸਕਦੇ ਹਾਂ। ਆਪਣੇ ਦੂਸਰੇ ਕਾਰਜਕਾਲ ਦੌਰਾਨ ਮੋਦੀ ਹਕੂਮਤ ਨੇ ਸਮੁੱਚੇ ਬਿਜਲਈ ਮੀਡੀਆ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਐੱਨ ਡੀ ਟੀ ਵੀ ਵਰਗੇ ਬਚੇ ਆਖਰੀ ਮੋਰਚੇ ਵੀ ਕਾਰਪੋਰੇਟ ਨੇ ਆਪਣੇ ਸਰਮਾਏ ਦੇ ਬਲ ਉੱਤੇ ਜਿੱਤ ਲਏ ਸਨ, ਪਰ ਇਸ ਦੇ ਬਾਵਜੂਦ 2024 ਦੀਆਂ ਚੋਣਾਂ ਵਿੱਚ ਉਸ ਨੂੰ ਉਹ ਸਫ਼ਲਤਾ ਨਾ ਮਿਲੀ, ਜਿਸ ਦੀ ਮੋਦੀ ਹਕੂਮਤ ਤਵੱਕੋ ਕਰ ਰਹੀ ਸੀ। ਇਸ ਦਾ ਇੱਕ ਕਾਰਨ ਸੋਸ਼ਲ ਮੀਡੀਆ ਵੀ ਸੀ। ਜਿਹਨਾਂ ਸੱਚਾਈਆਂ ਨੂੰ ਮੋਦੀ ਹਕੂਮਤ ਵੱਲੋਂ ਸਾਹਮਣੇ ਆਉਣ ਤੋਂ ਰੋਕਿਆ ਜਾ ਰਿਹਾ ਸੀ, ਉਹ ਸੋਸ਼ਲ ਮੀਡੀਆ ਰਾਹੀਂ ਉਜਾਗਰ ਹੋ ਰਹੀਆਂ ਸਨ। ਕਿੰਨੇ ਹੀ ਜਮਹੂਰੀਅਤ ਪਸੰਦ ਪੱਤਰਕਾਰ ਇਸ ਕੰਮ ਲਈ ਬਦਲਵੇਂ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਸਨ ਅਤੇ ਹੁਣ ਵੀ ਕਰ ਰਹੇ ਹਨ।

ਪ੍ਰੰਤੂ ਹੁਣ ਇਸੇ ਸੋਸ਼ਲ ਮੀਡੀਆ ਦਾ ਨਕਾਰਾਤਮਕ ਪੱਖ ਵਧੇਰੇ ਸਪਸ਼ਟਤਾ ਨਾਲ ਲੋਕਾਂ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। 'ਫ਼ੇਸਬੁਕ ਵਿੱਚ ਗਲੋਬਲ ਪਬਲਿਕ ਪਾਲਿਸੀ ਦੀ ਡਾਇਰੈਕਟਰ ਰਹੀ ਸਾਰਾ ਵਿਨ ਵਿਲੀਅਮਜ਼ ਦੀ ਹੁਣੇ-ਹੁਣੇ ਛਪੀ ਕਿਤਾਬ 'ਕੇਅਰਲੈਸ ਪੀਪਲ' (ਲਾਪਰਵਾਹ ਲੋਕ) ਫ਼ੇਸਬੁਕ ਦੀ ਅੰਦਰਲੀ ਤਾਕਤ, ਹਵਸ ਅਤੇ ਪਾਗਲਪਣ ਭਰੀ ਕਹਾਣੀ ਬਿਆਨ ਕਰਦਿਆਂ ਇਹਨਾਂ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਅਸਲ ਹਕੀਕਤ ਖੋਹਲ ਕੇ ਰੱਖ ਦਿੰਦੀ ਹੈ। ਸਪੱਸ਼ਟ ਹੁੰਦਾ ਹੈ ਕਿ ਇਹ ਸੋਸ਼ਲ ਮੀਡੀਆ ਪਲੇਟਫਾਰਮ ਕਿਸੇ ਸਮਾਜਿਕ ਇਨਕਲਾਬ ਨੂੰ ਸਿਰੇ ਚਾੜ੍ਹਨ ਲਈ ਈਜਾਦ ਨਹੀਂ ਸਨ ਹੋਏ। ਇਹਨਾਂ ਦੇ ਬਣਨ, ਉਸਰਨ ਤੇ ਫੈਲਣ ਪਿੱਛੇ ਵੀ ਸਰਮਾਏ ਦੀ ਮੁਨਾਫ਼ੇ ਦੀ ਅਸੀਮ ਹਵਸ ਹੀ ਸੀ। ਨਿਊਜ਼ੀਲੈਂਡ ਵਿੱਚ ਜੰਮੀ ਸਾਰਾ ਸੰਯੁਕਤ ਰਾਸ਼ਟਰ ਵਿੱਚ ਆਪਣੇ ਮੁਲਕ ਦੀ ਡਿਪਲੋਮੈਟ ਸੀ। 2009 ਵਿੱਚ ਉਸ ਨੇ ਯਤਨ ਕਰਕੇ 'ਫ਼ੇਸਬੁਕ' ਵਿੱਚ ਨੌਕਰੀ ਪ੍ਰਾਪਤ ਕੀਤੀ, ਕਿਉਂਕਿ ਉਸ ਵੇਲੇ ਉਸ ਨੂੰ ਜਾਪਦਾ ਸੀ ਕਿ ਫੇਸਬੁਕ ਜਿਹੇ ਪਲੇਟਫਾਰਮ ਦੀ ਵਰਤੋਂ ਦੁਨੀਆ ਨੂੰ ਬਦਲਣ ਲਈ ਕੀਤੀ ਜਾ ਸਕਦੀ ਸੀ। ਉਹ 2017 ਤੱਕ ਦੇ ਉਹਨਾਂ ਵਰ੍ਹਿਆਂ ਵਿੱਚ 'ਫੇਸਬੁੱਕ' ਦੇ ਪਹਿਲੀ ਕਤਾਰ ਦੇ ਕਰਮਚਾਰੀਆਂ ਵਿੱਚੋਂ ਇੱਕ ਸੀ, ਜਿਹਨਾਂ ਦੌਰਾਨ ਇਸ ਸੋਸ਼ਲ ਮੀਡੀਆ ਪਲੇਟਫਾਰਮ ਨੇ ਵੱਡੀਆਂ ਪੁਲਾਂਘਾਂ ਪੁੱਟੀਆਂ ਅਤੇ ਤਕਰੀਬਨ ਪੂਰੀ ਦੁਨੀਆ ਵਿੱਚ ਲੋਕਾਂ ਦੇ ਸਮਾਜਿਕ ਜੀਵਨ ਦਾ ਹਿੱਸਾ ਬਣ ਗਿਆ।

'ਫੇਸਬੁਕ ਹਾਵਰਡ ਯੂਨੀਵਰਸਿਟੀ ਵਿੱਚੋਂ ਨਿਕਲੇ ਮਾਰਕ ਜ਼ੁਕਰਬਰਗ ਦੀ ਮਲਕੀਅਤ ਹੈ, ਜਿਸ ਨੂੰ ਉਹਨਾਂ ਵਰ੍ਹਿਆਂ ਅੰਦਰ ਸ਼ੈਰਿਲ ਸੈਂਡਰਬਰਗ ਅਤੇ ਜੋਇਲ ਕੈਪਲਰ ਜਿਹੇ ਲੋਕ ਚਲਾਉਂਦੇ ਸਨ। ਇਸ ਕੰਪਨੀ ਦਾ ਦਾਅਵਾ ਸੀ ਕਿ "ਫੇਸਬੁਕ ਇੱਕ ਸਮਾਜਿਕ ਮਿਸ਼ਨ ਪੂਰਾ ਕਰਨ ਲਈ ਸਥਾਪਤ ਕੀਤੀ ਗਈ ਸੀ-ਦੁਨੀਆ ਨੂੰ ਵਧੇਰੇ ਖੁੱਲ੍ਹੀ ਕਰਨ ਲਈ ਅਤੇ ਲੋਕਾਂ ਨੂੰ ਆਪਸ ਵਿੱਚ ਜੋੜਨ ਲਈ"। ਆਪਣੇ ਸ਼ੁਰੂ ਦੇ ਸਾਲਾਂ ਵਿੱਚ ਇਸ ਨੇ ਇਹ ਕੀਤਾ ਵੀ। ਇਸ ਨੇ ਬਹੁਤ ਸਾਰੀਆਂ ਮਿੱਤਰਤਾਵਾਂ ਪੈਦਾ ਕੀਤੀਆਂ ਅਤੇ ਇੱਕ-ਦੂਸਰੇ ਦੇ ਸੰਪਰਕ ਨਾਲੋਂ ਟੁੱਟ ਚੁੱਕੇ ਲੱਖਾਂ ਲੋਕਾਂ ਦੀਆਂ ਮਿੱਤਰਤਾਵਾਂ ਨੂੰ ਮੁੜ ਸੁਰਜੀਤ ਵੀ ਕੀਤਾ। ਪਰ ਇਸ ਦੇ ਨਾਲ ਹੀ ਨਵੀਂ ਤਰ੍ਹਾਂ ਦੀ ਤਕਨੀਕ ਅਤੇ ਸੰਸਾਰ-ਅਰਥਚਾਰਿਆਂ ਦੇ ਨਵੇਂ




ਰੂਪਾਂ ਕਾਰਨ ਫੇਸਬੁਕ ਅਤੇ ਹੋਰ ਸੋਸ਼ਲ ਮੀਡੀਆ ਕੰਪਨੀਆਂ ਨੇ ਬੇਹਿਸਾਬਾ ਧਨ ਵੀ ਪੈਦਾ ਕੀਤਾ। ਅੱਜ ਐਲਨ ਮਸਕ ਅਤੇ ਮਾਰਕ ਜ਼ੁਕਰਬਰਗ ਜਿਹੇ ਦੁਨੀਆ ਦੇ ਸਭ ਤੋਂ ਅਮੀਰ ਲੋਕ ਇਹਨਾਂ ਸੋਸ਼ਲ ਮੀਡੀਆ ਕੰਪਨੀਆਂ ਦੇ ਮਾਲਕ ਹੀ ਹਨ।

ਇਹਨਾਂ ਕੰਪਨੀਆਂ ਵੱਲੋਂ ਬੇਹਿਸਾਬੇ ਮੁਨਾਫ਼ੇ ਕਮਾਉਣ ਦਾ ਕਾਰਨ ਉਹ 'ਡੇਟਾ ਜਾਂ ਅੰਕੜੇ ਹਨ, ਜੋ ਅੱਜ ਦੁਨੀਆ ਵਿੱਚ ਸਭ ਤੋਂ ਮਹਿੰਗੀ ਵਸਤ ਮੰਨੇ ਜਾਂਦੇ ਹਨ। ਦੁਨੀਆ ਦੀ ਇਹ ਸਭ ਤੋਂ ਮਹਿੰਗੀ ਵਸਤ ਦੁਨੀਆ ਦੇ ਲੋਕ ਇਹਨਾਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਮੁਫ਼ਤ ਵਿੱਚ ਆਪ ਹੀ ਖੁਸ਼ੀ-ਖੁਸ਼ੀ ਮੁਹੱਈਆ ਕਰਵਾਉਂਦੇ ਹਨ। ਕੰਪਨੀਆਂ ਲੋਕਾਂ ਦੇ ਨਿੱਜੀ ਡੇਟਾ ਨੂੰ ਨਾ ਸਿਰਫ਼ ਆਪ ਵਰਤਦੀਆਂ ਹਨ, ਸਗੋਂ ਮੁਨਾਫ਼ੇ ਲਈ ਹੋਰ ਕੰਪਨੀਆਂ ਅਤੇ ਸਰਕਾਰਾਂ ਨੂੰ ਵੀ ਪਰੋਸ ਦਿੰਦੀਆਂ ਹਨ। ਉਦਾਹਰਣ ਵਜੋਂ ਇਹਨਾਂ ਕੰਪਨੀਆਂ ਨੇ ਚਿਹਰਾ ਪਛਾਨਣ ਵਾਲੀ ਮਸਨੂਈ ਬੁੱਧੀ ਜਾਂ ਏ ਆਈ ਦੀ ਈਜਾਦ ਕਰਨ ਲਈ ਬਿੱਲੀਆਂ ਦੀਆਂ ਫੋਟੋਆਂ ਦਾ ਇਸਤੇਮਾਲ ਕੀਤਾ ਸੀ। ਬਿੱਲੀਆਂ ਦੀਆਂ ਇਹ ਲੱਖਾਂ ਫੋਟੋਆਂ ਇਹਨਾਂ ਪਲੇਟਫਾਰਮਾਂ ਉੱਤੇ ਆਪਣੀਆਂ ਪਾਲਤੂ ਬਿੱਲੀਆਂ ਦੀਆਂ ਚਾਅ-ਚਾਅ ਵਿੱਚ ਫ਼ੋਟੋ ਪਾਉਣ ਵਾਲੇ ਲੋਕਾਂ ਨੇ ਹੀ ਮੁਹੱਈਆ ਕਰਵਾਈਆਂ ਸਨ, ਹਾਲਾਂਕਿ ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹਨਾਂ ਵੱਲੋਂ ਏਥੇ ਪਾਈਆਂ ਜਾ ਰਹੀਆਂ ਫ਼ੋਟੋਆਂ ਕਿਸ ਮਕਸਦ ਲਈ ਵਰਤੀਆਂ ਜਾ ਰਹੀਆਂ ਹਨ।

ਇਹਨਾਂ ਕੰਪਨੀਆਂ ਵੱਲੋਂ ਆਪਣੇ ਵਰਤੋਂਕਾਰਾਂ ਦੀ ਹਰੇਕ ਹਰਕਤ ਨਾ ਸਿਰਫ਼ ਨੋਟ ਕੀਤੀ ਜਾਂਦੀ ਹੈ, ਸਗੋਂ ਬਹੁਤ ਸਾਰੀਆਂ ਹਰਕਤਾਂ ਇਹ ਵਰਤੋਂਕਾਰ ਇਹਨਾਂ ਪਲੇਟਫਾਰਮਾਂ ਦੇ ਅਸਰ ਹੇਠ ਆ ਕੇ ਹੀ ਕਰਦੇ ਹਨ। ਇਹ ਇੱਕ ਤਰ੍ਹਾਂ ਨਾਲ ਮਨੁੱਖੀ ਮਨ ਨੂੰ ਪ੍ਰਭਾਵਤ ਅਤੇ ਕੰਟਰੋਲ ਕਰਨ ਦਾ ਜ਼ਰੀਆ ਬਣ ਗਏ ਹਨ। ਆਪਣੀ ਇਹ ਅਸੀਮ ਤਾਕਤ ਇਹਨਾਂ ਕੰਪਨੀਆਂ ਨੇ ਲਗਾਤਾਰ ਇਹਨਾਂ ਪਲੇਟਫਾਰਮਾਂ ਉੱਤੇ ਆਪਣੇ ਅੰਦਰੂਨੀ ਖੋਜ-ਕਾਰਜਾਂ ਰਾਹੀਂ ਹਾਸਲ ਕੀਤੀ ਹੈ। ਅਮਰੀਕਾ ਦੀਆਂ 2010 ਦੀਆਂ ਮੱਧਕਾਲੀ ਚੋਣਾਂ ਵਿੱਚ ਫੇਸਬੁਕ ਨੇ ਅਜਿਹਾ ਇੱਕ ਤਜਰਬਾ ਕੀਤਾ। ਉਹਨਾਂ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਤ ਕੀਤਾ ਅਤੇ 'ਮੈਂ ਵੋਟ ਪਾਈ' ਦਾ ਬਟਨ 'ਫੀਡ' ਉੱਤੇ ਲਾ ਦਿੱਤਾ। 'ਨੇਚਰ' ਪਰਚੇ ਵਿੱਚ ਛਪੀ ਇੱਕ ਖੋਜ-ਲਿਖਤ ਅਨੁਸਾਰ 6 ਕਰੋੜ ਤੋਂ ਵੱਧ ਲੋਕਾਂ ਨੇ ਇਹ ਬਟਨ ਦੇਖਿਆ ਤੇ ਇਸ ਨੇ ਅਸਲ ਵਿੱਚ ਲੋਕਾਂ ਦੇ ਵਿਹਾਰ ਉੱਤੇ ਅਸਰ ਪਾਇਆ। ਇਸ ਕਾਰਨ 3 ਲੱਖ 40 ਹਜ਼ਾਰ ਵੱਧ ਲੋਕਾਂ ਨੇ ਵੋਟ ਪਾਈ।

ਹਾਸਲ ਡੇਟਾ ਨੂੰ ਵਰਤ ਕੇ ਲੋਕਾਂ ਦੇ ਮਨਾਂ ਨੂੰ ਪ੍ਰਭਾਵਤ ਕਰਨ ਦੀ ਆਪਣੀ ਅਸੀਮ ਤਾਕਤ ਕਾਰਨ ਹੀ ਇਹ ਸੋਸ਼ਲ ਮੀਡੀਆ ਕੰਪਨੀਆਂ ਏਨੀਆਂ ਤਾਕਤਵਰ ਹੋ ਗਈਆਂ ਹਨ ਕਿ ਲੋਕਾਂ ਦੇ ਜੀਵਨ ਦੇ ਹਰੇਕ ਪੱਖ ਨੂੰ ਪ੍ਰਭਾਵਤ ਕਰਨ ਲੱਗੀਆਂ ਹਨ। ਇਹਨਾਂ ਲਈ ਇਹਨਾਂ ਦੇ ਵਰਤੋਂਕਾਰ 'ਵਸਤ' ਤਾਂ ਹਨ ਹੀ, ਨਾਲ ਹੀ ਸੰਭਾਵਤ ਗਾਹਕ ਵੀ ਹਨ। ਇਸੇ ਲਈ ਹਰੇਕ ਤਰ੍ਹਾਂ ਦੀਆਂ ਵਸਤਾਂ ਵੇਚਣ ਵਾਲੀਆਂ ਕੰਪਨੀਆਂ ਇਹਨਾਂ ਤੋਂ ਆਪਣੇ ਸੰਭਾਵਤ ਗਾਹਕਾਂ ਦਾ ਡੇਟਾ ਖਰੀਦਦੀਆਂ ਹਨ ਅਤੇ ਢੁਕਵੇਂ ਸਮੇਂ ਉਹਨਾਂ ਨੂੰ ਆਪਣੀ ਇਸ਼ਤਿਹਾਰਬਾਜ਼ੀ ਨਾਲ ਟਾਰਗਟ ਕਰਦੀਆਂ ਹਨ। ਅਪ੍ਰੈਲ 2017 ਵਿੱਚ ਫੇਸਬੁਕ ਦਾ ਇੱਕ ਗੁਪਤ ਦਸਤਾਵੇਜ਼ ਲੀਕ ਹੋਇਆ, ਜਿਸ ਨੇ ਇਹ ਤੱਥ ਜ਼ਾਹਿਰ ਕੀਤਾ ਕਿ ਫੇਸਬੁਕ ਤੇ ਇੰਸਟਾਗਰਾਮ (ਦੋਹਾਂ ਦਾ ਮਾਲਕ ਇੱਕ ਹੀ ਹੈ) 13 ਤੋਂ 17 ਸਾਲਾਂ ਤੱਕ ਦੇ ਕਿਸ਼ੋਰ ਉਮਰ ਦੇ ਗੱਭਰੂ ਤੇ ਮੁਟਿਆਰਾਂ ਨੂੰ ਆਪਣੇ ਪਲੇਟਫਾਰਮਾਂ ਉੱਤੇ ਉਦੋਂ ਇਸ਼ਤਿਹਾਰਬਾਜ਼ਾਂ ਨੂੰ ਸੌਂਪ ਦਿੰਦੇ ਹਨ, ਜਦੋਂ ਉਹ ਕਿਸੇ ਭਾਵੁਕ ਸੰਕਟ ਦਾ ਸ਼ਿਕਾਰ ਹੁੰਦੇ ਹਨ। ਭਾਵਨਾਤਮਕ ਸੰਕਟ ਵਿੱਚੋਂ ਲੰਘ ਰਿਹਾ ਵਿਅਕਤੀ ਵਧੇਰੇ ਵਸਤੂਆਂ ਦੀ ਖ਼ਪਤ ਲਈ ਤਿਆਰ ਹੁੰਦਾ ਹੈ; ਖਾਸ ਕਰ ਜੇ ਵਸਤੂ ਉਸ ਦੇ ਭਾਵੁਕ ਸੰਕਟ ਨਾਲ ਜੁੜੀ ਹੋਵੇ। ਉਦਾਹਰਣ ਵਜੋਂ ਫੇਸਬੁਕ ਨੋਟ ਕਰਦੀ ਹੈ ਕਿ ਕਦੋਂ ਕਿਸੇ ਕਿਸ਼ੋਰ ਜਾਂ ਕਿਸ਼ੋਰੀ ਨੇ ਆਪਣੀ ਸੈਲਫੀ ਡੀਲੀਟ ਕੀਤੀ ਹੈ। ਉਸੇ ਵੇਲੇ ਉਸ ਦੀ ਸਕਰੀਨ ਉੱਤੇ ਕੋਈ ਸੁੰਦਰਤਾ ਨਾਲ ਜੁੜਿਆ ਇਸ਼ਤਿਹਾਰ ਪਰੋਸ ਦਿੱਤਾ ਜਾਂਦਾ ਹੈ। ਇੱਕ ਰਿਪੋਰਟ ਅਨੁਸਾਰ ਯੂਰਪ ਦੇ ਹਸਪਤਾਲਾਂ ਵਿੱਚ ਵੱਡੀ ਗਿਣਤੀ ਵਿੱਚ ਕਿਸ਼ੋਰ ਆਪਣੀ ਪਲਾਸਟਿਕ ਸਰਜਰੀ ਕਰਵਾਉਣ ਪਹੁੰਚ ਰਹੇ ਹਨ। ਉਹ ਉਸ ਤਰ੍ਹਾਂ ਦਾ ਬਣਨਾ ਚਾਹੁੰਦੇ ਹਨ, ਜਿਸ ਤਰ੍ਹਾਂ ਦੇ ਉਹ 'ਸਨੈਪਚੈਟ' ਦਾ ਫਿਲਟਰ ਲਾ ਕੇ ਖਿੱਚੀ ਫੋਟੋ ਵਿੱਚ ਨਜ਼ਰ ਆਉਂਦੇ ਹਨ। ਇਸ ਵਰਤਾਰੇ ਨੇ ਉਹਨਾਂ ਨੂੰ ਆਪਣੇ ਹੀ ਚਿਹਰੇ ਤੋਂ ਅਜਨਬੀ ਕਰ ਦਿੱਤਾ ਹੈ ਅਤੇ ਉਹ ਕਈ ਤਰ੍ਹਾਂ ਦੀਆਂ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋ ਰਹੇ ਹਨ। ਇੱਕ ਬਰਤਾਨਵੀ ਟੀਨ ਏਜਰ ਰੱਸਲ ਮੌਲੀ ਦੀ ਆਤਮ-ਹੱਤਿਆ ਤੋਂ ਬਾਅਦ ਜਦੋਂ ਉਸ ਦਾ ਇੰਸਟਾਗਰਾਮ ਅਕਾਊਂਟ ਦੇਖਿਆ ਗਿਆ ਤਾਂ ਉਸ ਨੇ ਆਤਮ-ਹੱਤਿਆ ਤੋਂ ਤੁਰੰਤ ਪਹਿਲਾਂ 'ਫੀਲਿੰਗ ਵਰਥਲੈੱਸ (ਨਕਾਰਾ ਮਹਿਸੂਸ ਕਰਦਿਆਂ) ਪੇਜ ਤੋਂ ਇੱਕ ਪੋਸਟ ਸੇਵ ਕੀਤੀ ਸੀ। 'ਵਰਥਲੈੱਸ' ਵੀ ਇਹਨਾਂ ਕੰਪਨੀਆਂ ਦਾ ਟਾਰਗਟ ਖੇਤਰ ਸੀ।

ਸਾਰਾ ਵਿਨ ਵਿਲੀਅਮਜ਼ ਇਹਨਾਂ ਕੰਪਨੀਆਂ ਦੇ ਸੰਚਾਲਕਾਂ ਨਾਲ ਨੇੜਿਉਂ ਵਿਚਰ ਕੇ ਲਿਖਦੀ ਹੈ ਕਿ ਇਹ ਸਾਰੇ ਸਿਰਫ਼ ਤੇ ਸਿਰਫ਼ ਆਪਣੇ ਮੁਨਾਫ਼ੇ ਦਾ ਖਿਆਲ ਰੱਖਣ ਵਾਲੇ ਲੋਕ ਹਨ। ਵਪਾਰ ਕਰਦਿਆਂ ਉਹਨਾਂ ਕੋਲ ਕਿਸੇ ਕਿਸਮ ਦੀ ਨੈਤਿਕਤਾ ਨਹੀਂ ਹੁੰਦੀ। ਉਹ ਆਪਣੇ ਮੁਨਾਫ਼ੇ ਨੂੰ ਵਧਾਉਣ ਲਈ ਕਿਸੇ ਵੀ ਕੀਮਤ ਉੱਤੇ ਕਿਸੇ ਵੀ ਦੇਸ਼ ਅੰਦਰ ਆਪਣਾ ਪਲੇਟਫਾਰਮ ਸ਼ੁਰੂ ਕਰਨਾ ਚਾਹੁੰਦੇ ਹਨ। ਇਸ ਲਈ ਉਹ ਸਰਕਾਰਾਂ ਨਾਲ ਸਮਝੌਤੇ ਕਰਦੇ ਹਨ। ਚੀਨ ਜਿਹੇ ਵੱਡੇ ਮੁਲਕ ਅੰਦਰ ਦਾਖਲ ਹੋਣ ਲਈ ਤਾਂ ਉਹ ਆਪਣੇ ਵਰਤੋਂਕਾਰਾਂ ਨਾਲ ਜੁੜਿਆ ਡੇਟਾ ਵੀ ਉੱਥੋਂ ਦੀ ਸਰਕਾਰ ਨੂੰ ਮੁਹੱਈਆ ਕਰਵਾਉਣ ਲਈ ਤਿਆਰ ਹੋ ਜਾਂਦੇ ਹਨ। ਭਾਰਤ ਸਮੇਤ ਬਹੁਤ ਸਾਰੇ ਮੁਲਕਾਂ ਅੰਦਰ ਉਹ ਉੱਥੋਂ ਦੀਆਂ ਸਰਕਾਰਾਂ ਦੀ ਇੱਛਾ ਅਨੁਸਾਰ ਹੀ ਕੰਮ ਕਰਦੇ ਹਨ। ਪਲੇਟਫਾਰਮ ਤੋਂ ਨਫ਼ਰਤੀ ਜਾਂ ਭੜਕਾਊ ਪੋਸਟਾਂ ਨੂੰ ਰੱਖਣ ਜਾਂ ਹਟਾਉਣ ਦਾ ਫੈਸਲਾ ਸਰਕਾਰਾਂ ਦੀ ਵਿਚਾਰਧਾਰਾ ਨੂੰ ਦੇਖ ਕੇ ਹੁੰਦਾ ਹੈ, ਨਾ ਕਿ ਪਲੇਟਫਾਰਮ ਦੀ ਤਥਾ ਕਥਿਤ 'ਕਮਿਊਨਿਟੀ ਸਟੈਂਡਰਡ' ਨੀਤੀ ਅਨੁਸਾਰ। ਉਹਨਾਂ ਦੇ ਕਾਰਨ ਕਿਸੇ ਮੁਲਕ ਦੇ ਲੋਕਾਂ ਨੂੰ ਕਿਹੜੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉਹਨਾਂ ਨੂੰ ਇਸ ਦੀ ਕੋਈ ਪਰਵਾਹ ਨਹੀਂ ਹੈ। ਸਰਮਾਇਆ ਸਰਮਾਏਦਾਰਾਂ ਨੂੰ ਹਰ ਯੁੱਗ ਵਿੱਚ ਇਸੇ ਤਰ੍ਹਾਂ ਦੇ ਸੁਭਾਅ ਦਾ ਮਾਲਕ ਬਣਾਉਂਦਾ ਹੈ। ਬੇਸ਼ੱਕ ਯੁੱਗ ਬਸਤੀਵਾਦੀ ਸਰਮਾਏ ਦਾ ਹੋਵੇ ਜਾਂ ਅਜੋਕੇ ਡਿਜੀਟਲ ਤੇ ਨਿਗਰਾਨ ਸਰਮਾਏ ਦਾ।

ਸਿਆਸਤ ਵਿੱਚ ਇਹਨਾਂ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਭੂਮਿਕਾ ਨੂੰ 1914 ਦੀਆਂ ਭਾਰਤੀ ਆਮ ਚੋਣਾਂ ਅਤੇ 1916 ਦੀ ਅਮਰੀਕਨ ਰਾਸ਼ਟਰਪਤੀ ਦੀ ਚੋਣ ਵਿੱਚ ਦੇਖਿਆ ਜਾ ਸਕਦਾ ਹੈ। ਇਹਨਾਂ ਨੂੰ ਵਰਤ ਕੇ ਹੀ ਭਾਰਤ ਅੰਦਰ ਅੱਨਾ ਹਜ਼ਾਰੇ ਅੰਦੋਲਨ ਖੜ੍ਹਾ ਕਰਕੇ ਵੇਲ਼ੇ ਦੀ ਮਨਮੋਹਨ ਸਿੰਘ ਸਰਕਾਰ ਵਿਰੁੱਧ ਮਾਹੌਲ ਬਣਾਇਆ ਗਿਆ ਅਤੇ ਫਿਰ ਚੋਣਾਂ ਦੌਰਾਨ ਵੀ ਭਾਰਤੀ ਜਨਤਾ ਪਾਰਟੀ ਦੇ ਆਈ ਟੀ ਸੈੱਲ ਨੇ ਬਹੁਤ ਸਰਗਰਮੀ ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਨਰਿੰਦਰ ਮੋਦੀ ਦੇ ਪ੍ਰਚਾਰ ਲਈ ਕੀਤੀ। ਪੂਰੀ ਦੀ ਪੂਰੀ ਪ੍ਰੋਫੈਸ਼ਨਲ ਟਰੌਲਾਂ ਦੀ ਫੌਜ ਖੜ੍ਹੀ ਕਰਕੇ ਲੋਕ ਰਾਏ ਨੂੰ ਆਪਣੇ ਹੱਕ ਵਿੱਚ ਘੜਿਆ ਗਿਆ। ਬਹੁਤ ਸਾਰੇ ਲੋਕ ਇਸੇ ਲਈ ਫੇਸਬੁਕ ਉੱਤੇ "ਡਿਜੀਟਲ ਬਸਤੀਵਾਦ" ਫੈਲਾਉਣ ਦਾ ਦੋਸ਼ ਲਾਉਂਦੇ ਹਨ। ਪਿੱਛੇ ਜਿਹੇ ਫੇਸਬੁਕ ਦੇ ਬੋਰਡ ਮੈਂਬਰ ਮਾਰਕ ਐਂਡਰੀਸਨ ਨੇ ਬਹੁਤ ਸਾਰੇ ਟਵੀਟ ਕਰਦਿਆਂ ਕਿਹਾ ਸੀ ਕਿ ਇਸ ਨਾਲੋਂ ਤਾਂ ਭਾਰਤ ਅੰਗਰੇਜ਼ੀ ਬਸਤੀਵਾਦ ਵੇਲੇ ਹੀ ਵਧੇਰੇ ਚੰਗਾ ਸੀ।

ਇਸੇ ਤਰ੍ਹਾਂ 1916 ਦੀ ਉਸ ਚੋਣ ਨੂੰ ਕਿਹਾ ਹੀ "ਫੇਸਬੁਕ ਚੋਣ" ਜਾਂਦਾ ਹੈ, ਜਿਸ ਵਿੱਚ ਜਿੱਤ ਕੇ ਡੋਨਾਲਡ ਟਰੰਪ ਪਹਿਲੀ ਵਾਰ ਅਮਰੀਕਾ ਦਾ ਰਾਸ਼ਟਰਪਤੀ ਬਣਿਆ। ਫੇਸਬੁਕ ਨੇ ਇਸ ਚੋਣ ਵਿੱਚ ਡੋਨਾਲਡ ਟਰੰਪ ਨਾਲ ਰਲ਼ ਕੇ ਕੰਮ ਕੀਤਾ। ਫੇਸਬੁਕ ਵੱਲੋਂ ਨਿਯੁਕਤ ਕੀਤਾ ਸਟਾਫ਼ ਅਮਰੀਕਾ ਦੇ ਸੇਂਟ ਐਨਟੋਨੀਓ ਵਿੱਚ ਮਹੀਨਿਆਂਬੱਧੀ ਟਰੰਪ ਦੀ ਟੀਮ ਨਾਲ ਬੈਠਾ ਰਿਹਾ। ਇਸ ਟੀਮ ਵਿੱਚ ਚੋਣ ਮੁਹਿੰਮ ਦਾ ਪ੍ਰੋਗਰਾਮ ਬਣਾਉਣ ਵਾਲੇ, ਇਸ਼ਤਿਹਾਰਬਾਜ਼ੀ ਤਿਆਰ ਕਰਨ ਵਾਲੇ, ਮੀਡੀਆ ਦੇ ਦਲਾਲ, ਨੈੱਟਵਰਕ ਇੰਜੀਨੀਅਰ ਅਤੇ ਅੰਕੜਾ-ਵਿਗਿਆਨੀ ਸ਼ਾਮਲ ਸਨ। ਇਹਨਾਂ ਸਾਰਿਆਂ ਨੇ ਰਲ਼ ਕੇ ਸੋਸ਼ਲ ਮੀਡੀਆ ਉੱਤੇ ਝੂਠੀਆਂ ਸੂਚਨਾਵਾਂ, ਭੜਕਾਊ ਪੋਸਟਾਂ ਅਤੇ ਫੰਡ ਇਕੱਠਾ ਕਰਨ ਦੇ ਸੁਨੇਹਿਆਂ ਦੀ ਅਜਿਹੀ ਹਨੇਰੀ ਝੁਲਾਈ ਕਿ ਟਰੰਪ ਦੇ ਵ੍ਹਾਈਟ-ਹਾਊਸ ਉੱਤੇ ਕਬਜ਼ੇ ਦਾ ਰਾਹ ਪੱਧਰਾ ਹੋ ਗਿਆ। ਫੇਸਬੁਕ ਨੇ ਇਸ ਨੂੰ 'ਪ੍ਰੋਜੈਕਟ ਅਲੈਮੋ' ਦਾ ਨਾਂਅ ਦਿੱਤਾ, ਜਿਸ ਵਿੱਚ 220 ਮਿਲੀਅਨ ਅਮਰੀਕਨਾਂ ਦੇ ਪ੍ਰੋਫਾਈਲਾਂ ਨਾਲ ਜੁੜੇ ਬੁਨਿਆਦੀ ਅੰਕੜੇ ਇਕੱਠੇ ਕੀਤੇ ਗਏ। ਉਹਨਾਂ ਦੇ ਹਰੇਕ ਤਰ੍ਹਾਂ ਦੇ ਆਨਲਾਈਨ ਅਤੇ ਆਫ਼ਲਾਈਨ ਵਿਹਾਰ ਬਾਰੇ ਜਾਣਿਆ ਗਿਆ। ਕਿਸ ਨੇ ਬੰਦੂਕ ਦੀ ਰਜਿਸਟਰੇਸ਼ਨ ਕਰਵਾਈ ਹੈ ਅਤੇ ਕਿਸ ਨੇ ਵੋਟ ਦੀ, ਕਰੈਡਿਟ ਕਾਰਡ ਅਤੇ ਖਰੀਦਦਾਰੀ ਸੰਬੰਧੀ ਇਤਿਹਾਸ, ਕੌਣ ਕਿਹੜੀ ਵੈੱਬਸਾਈਟ ਦੇਖਦਾ ਹੈ ਤੇ ਕੌਣ ਕਿਹੜੀ ਕਾਰ ਚਲਾਉਂਦਾ ਹੈ, ਫੇਸਬੁਕ ਉੱਤੇ ਕੌਣ ਕੀ ਪੋਸਟ ਕਰਦਾ ਹੈ। ਇਹਨਾਂ ਸਾਰਿਆਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਹਰ ਵਰਗ ਦੇ ਲੋਕਾਂ ਨੂੰ ਟਾਰਗਟ ਕੀਤਾ ਗਿਆ। ਫੇਸਬੁਕ ਦੇ ਵੱਖ-ਵੱਖ ਟੂਲਜ਼ ਵਰਤ ਕੇ ਇਹ ਮੁਹਿੰਮ ਚਲਾਈ ਗਈ।

ਡੈਮੋਕਰੇਟਾਂ ਦੇ ਸਮਰਥਕਾਂ ਨੂੰ ਵੱਖਰੇ ਤਰੀਕੇ ਨਾਲ ਨਿਰਉਤਸ਼ਾਹਿਤ ਕੀਤਾ ਗਿਆ। ਉਹਨਾਂ ਦੇ ਤਿੰਨ ਸਮੂਹਾਂ ਨੂੰ ਟਾਰਗਟ ਕੀਤਾ ਗਿਆ। ਇਹ ਸਨ: ਨੌਜਵਾਨ ਔਰਤਾਂ, ਗੋਰੇ ਖੁੱਲ-ਖਿਆਲੀਏ, ਜੋ ਬਰਨੀ ਸਾਂਡਰਸ ਦੇ ਪ੍ਰਸੰਸਕ ਹੋ ਸਕਦੇ ਸਨ ਅਤੇ ਸਿਆਹਫਾਮ ਵੋਟਰ। ਉਹਨਾਂ ਨੂੰ "ਹਨੇਰੀਆਂ ਪੋਸਟਾਂ" ਦਿਖਾਈਆਂ ਗਈਆਂ, ਜੋ ਆਮ ਜਨਤਾ ਲਈ ਨਹੀਂ ਸਨ ਤੇ ਜਿਹਨਾਂ ਨੂੰ ਸਿਰਫ ਉਹੀ ਦੇਖ ਸਕਦੇ ਸਨ। ਇਹ ਸਾਰੀਆਂ ਪੋਸਟਾਂ ਅਜਿਹੀਆਂ ਸਨ, ਜੋ ਇਹਨਾਂ ਡੈਮੋਕਰੇਟਾਂ ਦੇ ਮਨਾਂ ਵਿੱਚ ਹਿਲੇਰੀ ਕਲਿੰਟਨ ਬਾਰੇ ਬੁਰਾ ਪ੍ਰਭਾਵ ਸਿਰਜਦੀਆਂ ਸਨ। ਇਹਨਾਂ ਦਾ ਮੰਤਵ ਡੈਮੋਕਰੇਟਾਂ ਦੇ ਇਹਨਾਂ ਗਰੁੱਪਾਂ ਨੂੰ ਵੋਟ ਪਾਉਣ ਤੋਂ ਰੋਕਣਾ ਸੀ ਤੇ ਅੰਕੜਿਆਂ ਨੇ ਦਰਸਾਇਆ ਕਿ ਫੇਸਬੁਕ ਤੇ ਟਰੰਪ ਦੀ ਇਹ ਚਾਲ ਵੀ ਸਫਲ ਸਿੱਧ ਹੋਈ ਸੀ।

ਚੋਣਾਂ ਤੋਂ ਪਹਿਲਾਂ ਦੇ ਹਫ਼ਤਿਆਂ ਦੌਰਾਨ ਟਰੰਪ ਮੁਹਿੰਮ ਪੂਰੇ ਸੰਸਾਰ ਵਿੱਚ ਫੇਸਬੁਕ ਇਸ਼ਤਿਹਾਰਬਾਜ਼ਾਂ ਵਿੱਚ ਪਹਿਲੇ ਨੰਬਰ ਉੱਤੇ ਸੀ। ਇਹੀ ਨਹੀਂ. ਫੇਸਬੁਕ ਹੀ ਟਰੰਪ ਮੁਹਿੰਮ ਲਈ ਕੈਸ਼ ਇਕੱਠਾ ਕਰਨ ਦਾ ਵੀ ਸਭ ਤੋਂ ਵੱਡਾ ਸਾਧਨ ਸੀ। ਫੇਸਬੁਕੀ ਐਲਗੋਰਿਦਮਾਂ ਨੇ ਅਜਿਹੀ ਸਫ਼ਾਈ ਨਾਲ ਆਪਣੇ ਵਰਤੋਂਕਾਰਾਂ ਨੂੰ ਟਾਰਗਟ ਕੀਤਾ ਕਿ ਹਰ ਮਹੀਨੇ ਟਰੰਪ ਕਰੋੜਾਂ ਡਾਲਰਾਂ ਦੇ ਫੰਡ ਇਕੱਠੇ ਕਰਨ ਵਿੱਚ ਸਫ਼ਲ ਹੋਇਆ। ਟਰੰਪ ਦੇ ਮੁਕਾਬਲੇ ਹਿਲੇਰੀ ਕਲਿੰਟਨ ਪਿੱਛੇ ਰਹਿ ਗਈ।

ਹੁਣ ਤੱਕ ਦਾ ਫੇਸਬੁਕ ਦਾ ਸਭ ਤੋਂ ਵੱਡਾ ਸਕੈਂਡਲ ਮਿਆਂਮਾਰ ਦਾ ਹੈ, ਜਿੱਥੇ ਰੋਹਿੰਗਿਆ ਮੁਸਲਮਾਨਾਂ ਦੀ ਨਸਲਕੁਸ਼ੀ ਲਈ ਇਸ ਸੋਸ਼ਲ ਮੀਡੀਆ ਪਲੇਟਫਾਰਮ ਨੇ ਹੀ ਅਧਾਰ ਤਿਆਰ ਕੀਤਾ। ਇਸ ਤੱਥ ਨੂੰ ਫੇਸਬੁਕ ਨੇ ਆਪਣੇ ਅੰਦਰੂਨੀ ਗੁਪਤ ਦਸਤਾਵੇਜ਼ਾਂ ਵਿੱਚ ਆਪ ਤਸਲੀਮ ਕੀਤਾ ਹੈ। 2013 ਤੱਕ ਮੀਆਂਮਾਰ ਦੀ ਫੌਜੀ ਹਕੂਮਤ ਨੇ ਫੇਸਬੁਕ ਉੱਤੇ ਪਾਬੰਦੀ ਲਾਈ ਰੱਖੀ ਸੀ। ਫੇਸਬੁਕ ਹੀ ਨਹੀਂ, ਦਰਅਸਲ ਮਿਆਂਮਾਰ ਵਿੱਚ ਇੰਟਰਨੈੱਟ ਉੱਤੇ ਹੀ ਪਾਬੰਦੀ ਸੀ। ਫੇਸਬੁਕ ਨੇ ਹਕੂਮਤ ਨਾਲ ਸਮਝੌਤਾ ਕਰਕੇ ਆਪਣਾ ਨੈੱਟਵਰਕ ਮਿਆਂਮਾਰ ਵਿੱਚ ਸ਼ੁਰੂ ਕੀਤਾ। ਉੱਥੇ ਵਿਕਣ ਵਾਲੇ ਫੋਨਾਂ ਅੰਦਰ ਕੰਪਨੀ ਨੇ ਆਪਣਾ ਐਪ ਪ੍ਰੀ ਇੰਸਟਾਲ ਕਰਵਾਇਆ, ਜਿਸ ਦਾ ਭਾਵ ਇਹ ਸੀ ਕਿ ਹਰੇਕ ਫੋਨ ਖਰੀਦਣ ਵਾਲੇ ਨੂੰ ਫੇਸਬੁਕ ਐਪ ਫੋਨ ਵਿੱਚ ਹੀ ਮਿਲਦਾ ਸੀ। ਮਿਆਂਮਾਰ ਦੇ ਲੋਕ ਆਪਣਾ ਵੱਧ ਤੋਂ ਵੱਧ ਸਮਾਂ ਫੇਸਬੁਕ ਉੱਤੇ ਹੀ ਗੁਜ਼ਾਰਨ, ਫੇਸਬੁਕ ਨੇ ਆਪਣੇ ਅਲਗੋਰਿਦਮਾਂ ਨੂੰ ਇਸ ਅਨੁਸਾਰ ਹੀ ਚੱਲਣ ਲਈ ਹਦਾਇਤ ਸੈੱਟ ਕੀਤੀ। ਲੋਕਾਂ ਦਾ ਵੱਧ ਤੋਂ ਵੱਧ ਸਮਾਂ ਅਤੇ ਧਿਆਨ ਆਪਣੇ ਵੱਲ ਖਿੱਚ ਕੇ ਹੀ ਫੇਸਬੁਕ ਜਿਹੀਆਂ ਸੋਸ਼ਲ ਸਾਈਟਾਂ ਵੱਧ ਤੋਂ ਵੱਧ ਅੰਕੜੇ ਇਕੱਠੇ ਕਰਦੀਆਂ ਹਨ ਅਤੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਂਦੀਆਂ ਹਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਮਿਆਂਮਾਰ ਦੇ ਲੋਕਾਂ ਦੀਆਂ ਪੋਸਟਾਂ ਉੱਤੇ ਨਫ਼ਰਤੀ ਅਤੇ ਭੜਕਾਊ ਸਮੱਗਰੀ ਦਾ ਹੜ੍ਹ ਆ ਗਿਆ। ਐਲਗੋਰਿਦਮਾਂ ਭਾਵ ਫੇਸਬੁਕ ਦੀ ਮਸਨੂਈ ਬੁੱਧੀ ਨੇ ਆਪਣੀ ਖੋਜ ਨਾਲ ਪਤਾ ਲਾ ਲਿਆ ਕਿ ਲੋਕ ਭੜਕਾਊ ਅਤੇ ਨਫ਼ਰਤੀ ਪੋਸਟਾਂ ਨੂੰ ਹੋਰਨਾਂ ਪੋਸਟਾਂ ਦੇ ਮੁਕਾਬਲੇ ਵੱਧ ਦੇਖਦੇ ਹਨ।

ਫੇਸਬੁਕ ਇਹ ਪੋਸਟਾਂ ਆਪ ਨਹੀਂ ਸੀ ਬਣਾ ਰਿਹਾ। ਮਿਆਂਮਾਰ ਜਿਹਾ ਛੋਟਾ ਮੁਲਕ ਉਸ ਲਈ ਏਨਾ ਮਹੱਤਵਪੂਰਨ ਨਹੀਂ ਸੀ। ਇਹ ਕੰਮ ਮਿਆਂਮਾਰ ਅੰਦਰਲੀਆਂ ਫੌਜੀ ਹਕੂਮਤ ਦੀਆਂ ਏਜੰਸੀਆਂ ਹੀ ਕਰ ਰਹੀਆਂ ਸਨ। ਇਹ ਸਭ ਭੜਕਾਊ ਪੋਸਟਾਂ ਮਿਆਂਮਾਰ ਦੇ ਰੋਹਿੰਗਿਆ ਮੁਸਲਮਾਨਾਂ ਦੇ ਖ਼ਿਲਾਫ ਸਨ। ਇਹਨਾਂ ਵਿੱਚ ਉਹਨਾਂ ਦੇ ਵਿਦੇਸ਼ੀ ਹੋਣ, ਵਧੇਰੇ ਬੱਚੇ ਪੈਦਾ ਕਰਕੇ ਬਹੁਗਿਣਤੀ ਬਣ ਜਾਣ ਜਾਂ ਰੋਹਿੰਗਿਆਂ ਬੰਦਿਆਂ ਵੱਲੋਂ ਮਿਆਂਮਾਰ ਦੀਆਂ ਬੋਧੀ ਔਰਤਾਂ ਨਾਲ ਬਲਾਤਕਾਰ ਕਰਨ ਜਿਹੀਆਂ ਝੂਠੀਆਂ, ਗੁੰਮਰਾਕੁੰਨ ਅਤੇ ਭੜਕਾਊ ਪੋਸਟਾਂ ਸਨ। ਫੇਸਬੁਕ ਮਿਆਂਮਾਰ ਦੀਆਂ ਘਟਨਾਵਾਂ ਬਾਰੇ ਏਨਾ ਲਾਪਰਵਾਹ ਸੀ ਕਿ ਉਸ ਨੇ ਅਜਿਹੀਆਂ ਭੜਕਾਊ ਪੋਸਟਾਂ ਨੂੰ ਰਿਪੋਰਟ ਕਰਨ ਦੀ ਕੋਈ ਵਿਧੀ ਹੀ ਉੱਥੋਂ ਦੇ ਵਰਤੋਂਕਾਰਾਂ ਨੂੰ ਮੁਹੱਈਆ ਨਹੀਂ ਸੀ ਕਰਵਾਈ। ਮੀਆਂਮਾਰ ਦੇ ਹੈਕਰਾਂ ਦਾ ਵੱਡਾ ਗਰੁੱਪ ਬਿਨਾਂ ਕਿਸੇ ਡਰ ਅਤੇ ਰੁਕਾਵਟ ਤੋਂ ਆਪਣੇ ਅਤੇ ਹੋਰਨਾਂ ਦੇ ਅਕਾਊਂਟ ਹੈਕ ਕਰਕੇ ਇਹ ਭੜਕਾਊ ਸਮੱਗਰੀ ਲੋਕਾਂ ਦੇ ਮਨ-ਮਸਤਕ ਤੱਕ ਪਹੁੰਚਾਉਂਦਾ ਰਿਹਾ। ਫੇਸਬੁਕ ਦੀ ਸਕਿਉਰਿਟੀ ਟੀਮ ਦੇ ਆਪਣੇ ਦਸਤਾਵੇਜ਼ਾਂ ਅਨੁਸਾਰ ਜਾਣੇ-ਪਛਾਣੇ ਲੋਕਾਂ ਦੇ ਤਸਦੀਕਸ਼ੁਦਾ ਅਕਾਊਂਟਾਂ ਨੂੰ ਹੈਕ ਕਰਕੇ ਉਹਨਾਂ ਰਾਹੀਂ ਝੂਠੀ ਸਮੱਗਰੀ ਨੂੰ ਸੱਚੀ ਹੋਣ ਦਾ ਭਰਮ ਪੈਦਾ ਕਰਨ ਲਈ ਫੈਲਾਇਆ ਗਿਆ। ਬੋਧੀ ਅਤੇ ਮੁਸਲਮਾਨ ਦੋਹਾਂ ਧਰਮਾਂ ਦੇ ਲੋਕਾਂ ਨੂੰ ਇੱਕ-ਦੂਜੇ ਤੋਂ ਡਰਾਇਆ ਜਾ ਰਿਹਾ ਸੀ। ਲੋਕਾਂ ਵਿੱਚ ਇਹ ਖੌਫ ਇਸ ਲਈ ਪੈਦਾ ਕੀਤਾ ਜਾ ਰਿਹਾ ਸੀ ਤਾਂਕਿ ਉਹਨਾਂ ਨੂੰ ਆਪਣੀ ਸੁਰੱਖਿਅਤਾ ਦਾ ਅਹਿਸਾਸ ਫੌਜੀ ਹਕੂਮਤ ਥੱਲੇ ਹੀ ਹੁੰਦਾ ਰਹੇ।

ਸਿਰਫ਼ 4 ਸਾਲਾਂ ਦੇ ਅੰਦਰ ਅੰਦਰ ਮਿਆਂਮਾਰ ਦੀ ਫੌਜੀ ਹਕੂਮਤ ਨੇ ਫੇਸਬੁਕ ਰਾਹੀਂ ਮੁਲਕ ਦੀ ਬਹੁਗਿਣਤੀ ਬੋਧੀ ਅਬਾਦੀ ਨੂੰ ਰੋਹਿੰਗਿਆ ਮੁਸਲਮਾਨਾਂ ਦੀ ਨਸਲਕੁਸ਼ੀ ਲਈ ਤਿਆਰ ਕਰ ਲਿਆ। ਅਗਸਤ 2017 ਵਿੱਚ ਫੌਜ ਹਰਕਤ ਵਿੱਚ ਆਈ। ਉਸ ਨੇ ਰੋਹਿੰਗਿਆ ਮੁਸਲਮਾਨਾਂ ਵਿਰੁੱਧ ਉਹ ਮੁਹਿੰਮ ਛੇੜ ਦਿੱਤੀ, ਜਿਸ ਨੂੰ ਬਾਅਦ ਵਿੱਚ ਸੰਯੁਕਤ ਰਾਸ਼ਟਰ ਨੇ ਨਸਲਕੁਸ਼ੀ ਤੇ ਮਨੁੱਖਤਾ ਵਿਰੁੱਧ ਅਪਰਾਧ ਐਲਾਨ ਕੀਤਾ। ਘੱਟੋ-ਘੱਟ 10 ਹਜ਼ਾਰ ਲੋਕਾਂ ਦਾ ਕਤਲ ਕੀਤਾ ਗਿਆ। ਇਹਨਾਂ ਜ਼ੁਲਮਾਂ ਬਾਰੇ ਸੰਯੁਕਤ ਰਾਸ਼ਟਰ ਨੇ ਆਪਣੀ ਰਿਪੋਰਟ ਵਿੱਚ ਲਿਖਿਆ : ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਸਾਹਮਣੇ ਕਤਲ ਕੀਤਾ ਗਿਆ ਅਤੇ ਨੌਜਵਾਨ ਕੁੜੀਆਂ ਉੱਤੇ ਜਿਨਸੀ ਹਮਲੇ ਕੀਤੇ ਗਏ। ਵੱਡੀ ਪੱਧਰ ਉੱਤੇ ਬਲਾਤਕਾਰ ਅਤੇ ਜਿਨਸੀ ਹਿੰਸਾ ਦੇ ਹੋਰ ਰੂਪਾਂ ਦਾ ਕਹਿਰ ਢਾਇਆ ਗਿਆ। ਕਈ ਵਾਰ 40-40 ਔਰਤਾਂ ਤੇ ਕੁੜੀਆਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ। ਬਲਾਤਕਾਰ ਅਕਸਰ ਜਨਤਕ ਥਾਵਾਂ ਉੱਤੇ ਅਤੇ ਪਰਵਾਰਕ ਮੈਂਬਰਾਂ ਤੇ ਹੋਰ ਲੋਕਾਂ ਦੇ ਸਾਹਮਣੇ ਕੀਤੇ ਜਾਂਦੇ ਸਨ ਤਾਂਕਿ ਵੱਧ ਤੋਂ ਵੱਧ ਜ਼ਲੀਲ ਕੀਤਾ ਜਾ ਸਕੇ ਅਤੇ ਸਦਮਾ ਪਹੁੰਚਾਇਆ ਜਾ ਸਕੇ। ਔਰਤਾਂ ਅਤੇ ਕੁੜੀਆਂ ਨੂੰ ਯੋਜਨਾਬੱਧ ਤਰੀਕੇ ਨਾਲ ਉਧਾਲਿਆ ਜਾਂਦਾ ਸੀ ਤੇ ਫੌਜੀ ਅਤੇ ਪੁਲਸ ਕੰਪਾਊਂਡਾਂ ਵਿੱਚ 'ਸੈਕਸ ਗੁਲਾਮਾਂ' ਵਾਂਗ ਰੱਖ ਕੇ ਬਲਾਤਕਾਰ ਕੀਤੇ ਜਾਂਦੇ ਸਨ।

ਹਜ਼ਾਰਾਂ ਲੋਕਾਂ ਨੂੰ ਫੌਜੀ ਹਮਲਿਆਂ ਵਿੱਚ ਮਾਰ ਦਿੱਤਾ ਗਿਆ। ਉਹਨਾਂ ਦੇ ਘਰਾਂ ਨੂੰ ਸਾੜ ਦਿੱਤਾ ਗਿਆ। ਬਹੁਤ ਬਜ਼ੁਰਗ, ਅੰਗਹੀਣ ਅਤੇ ਬੱਚੇ ਜਿਊਂਦੇ ਹੀ ਘਰਾਂ ਵਿੱਚ ਸੜ ਗਏ। ਕਈ ਘਟਨਾਵਾਂ ਵਿੱਚ ਲੋਕਾਂ ਨੂੰ ਫੜ ਕੇ ਸੜਦੇ ਘਰਾਂ ਅੰਦਰ ਸੁੱਟ ਦਿੱਤਾ ਗਿਆ। 70 ਲੱਖ ਤੋਂ ਵੱਧ ਰੋਹਿੰਗਿਆ ਮੁਸਲਮਾਨਾਂ ਨੂੰ ਮੁਲਕ ਛੱਡ ਕੇ ਦੌੜਨਾ ਪਿਆ। ਕਿਸੇ ਮੁਲਕ ਦੀ ਤਾਨਾਸ਼ਾਹ ਹਕੂਮਤ ਵੱਲੋਂ ਸੋਸ਼ਲ ਮੀਡੀਆ ਨੂੰ ਆਪਣੀ ਹੀ ਰਿਆਇਆ ਦੀ ਨਸਲਕੁਸ਼ੀ ਲਈ ਵਰਤਣ ਦੀ ਇਹ ਬੇਹੱਦ ਡਰਾਉਣੀ ਉਦਾਹਰਣ ਹੈ।

ਸੋਸ਼ਲ ਮੀਡੀਆ ਦੀਆਂ ਐਲਗੋਰਿਦਮਾਂ ਇਹ ਸਭ ਘੱਟ ਜਾਂ ਵੱਧ ਹਰੇਕ ਮੁਲਕ ਅੰਦਰ ਹੀ ਕਰ ਰਹੀਆਂ ਹਨ। ਇਸੇ ਲਈ ਪੂਰੀ ਦੁਨੀਆ ਅੰਦਰ ਵਿਚਾਰਧਾਰਾਵਾਂ ਦੇ ਪਾੜੇ ਵਧ ਰਹੇ ਸਨ। ਵਿਚਾਰ-ਵਟਾਂਦਰੇ ਦੀ ਜਮਹੂਰੀ ਸਪੇਸ ਸੁੰਗੜ ਰਹੀ ਹੈ। ਲੋਕ ਆਪਣੇ ਅਕੀਦਿਆਂ ਅੰਦਰ ਹੋਰ ਅਤੇ ਹੋਰ ਕੱਟੜ ਹੋ ਰਹੇ ਹਨ। ਇਸ ਸਾਰੇ ਵਰਤਾਰੇ ਨੂੰ ਸੰਸਾਰ ਪੱਧਰ ਉੱਤੇ ਸੱਜੇ ਪੱਖੀ ਤਾਕਤਾਂ ਨੇ ਵਧੇਰੇ ਆਪਣੇ ਪੱਖ ਵਿੱਚ ਵਰਤਿਆ ਹੈ। ਸੱਜੇ ਪੱਖੀ ਧਾਰਨਾਵਾਂ ਅਤੇ ਉਲਾਰਾਂ ਲਈ ਬੰਦੇ ਦੇ ਮਨ ਅੰਦਰ ਪਹਿਲਾਂ ਹੀ ਜ਼ਮੀਨ ਤਿਆਰ ਹੁੰਦੀ ਹੈ। ਹਰੇਕ ਯੁੱਗ ਵਿੱਚ ਬੰਦੇ ਦਾ ਮਨ ਆਪਣੀਆਂ ਐਥਨਿਕ ਪਛਾਣਾਂ ਦੇ ਅਧਾਰ ਉੱਤੇ ਹੀ ਘੜਿਆ ਜਾਂਦਾ ਰਿਹਾ ਹੈ। ਇਸੇ ਲਈ ਖੱਬੇ ਪੱਖੀਆਂ ਲਈ ਜਮਾਤ ਅਧਾਰਤ ਸੱਚ ਨੂੰ ਲੋਕਾਂ ਦੇ ਮਨਾਂ ਅੰਦਰ ਬਿਠਾਉਣ ਲਈ ਜ਼ਮੀਨ ਤਿਆਰ ਕਰਨ ਦਾ ਕੰਮ ਹੋਰ ਵੀ ਚੁਣੌਤੀਪੂਰਨ ਹੋ ਗਿਆ ਹੈ। ਸੋਸ਼ਲ ਮੀਡੀਆ ਅਤੇ ਇਸ ਨਾਲ ਜੁੜੀ ਮਸਨੂਈ ਬੁੱਧੀ ਦੀ ਇਸ ਸਮਾਜਿਕਤਾ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਨੂੰ ਸਮਝ ਕੇ ਹੀ ਇਸ ਨੂੰ ਆਪਣੇ ਪੱਖ ਵਿੱਚ ਵਰਤਣ ਦੇ ਦਾਅ-ਪੇਚ ਤਿਆਰ ਕੀਤੇ ਜਾ ਸਕਦੇ ਹਨ।


ਫੋਨ: 98550-36890

# ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੋਇਆ ਕਰਦੀ, ਆਓ ਸੁੱਖ ਮੰਗੀਏ ਕਿ ਹਾਲਾਤ ਹੋਰ ਨਾ ਵਿਗੜ ਜਾਂਦੇ ਹੋਣ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਜੰਗ ਕਿਸੇ ਮਸਲੇ ਦਾ ਪੱਕਾ ਹੱਲ ਨਹੀਂ ਹੁੰਦੀ। ਇਹ ਗੱਲ ਦੁਨੀਆ ਭਰ ਦੇ ਅਕਲਮੰਦਾਂ ਨੇ ਕਈ ਵਾਰੀ ਕਹੀ ਹੋਈ ਹੈ, ਇਸ ਦੇ ਬਾਵਜੂਦ ਜੰਗਾਂ ਲੱਗਦੀਆਂ ਰਹਿੰਦੀਆਂ ਹਨ। ਕਈ ਵਾਰੀ ਜੰਗ ਕਿਸੇ ਇਹੋ ਜਿਹੇ ਮੁੱਦੇ ਨਾਲ ਵੀ ਛਿੜ ਜਾਂਦੀ ਹੈ, ਜਿਹੜਾ ਦੋ ਦੇਸ਼ਾਂ ਦੇ ਲੀਡਰਾਂ ਦੀ ਹਉਮੈ ਵਿੱਚੋਂ ਉਪਜਿਆ ਹੁੰਦਾ ਹੈ, ਕਈ ਵਾਰੀ ਲੜਨ ਵਾਲੇ ਦੇਸ਼ ਖੁਦ ਨਹੀਂ ਲੜ ਰਹੇ ਹੁੰਦੇ, ਦੋਵਾਂ ਧਿਰਾਂ ਦੇ ਜਾਂ ਉਨ੍ਹਾਂ ਵਿੱਚੋਂ ਇੱਕ ਧਿਰ ਦੇ ਆਗੂ ਨੂੰ ਕਿਸੇ ਬਾਹਰਲੇ ਦੀ ਚੁੱਕਣਾ ਜਾਂ ਕਿਸੇ ਵੱਡੇ ਦੇਸ਼ ਨਾਲ ਸਾਂਝ ਬਹਾਨੇ ਉੱਥੋਂ ਮਿਲੀ ਸਾਜ਼ਿਸ਼ ਦੀ ਪੁੜੀ ਵੀ ਲੜਾਈ ਦਾ ਕਾਰਨ ਬਣ ਜਾਂਦੀ ਹੈ। ਇਹੋ ਨਹੀਂ, ਕਈ ਵਾਰੀ ਕੁਝ ਦੇਸ਼ਾਂ ਦੇ ਹਾਕਮ ਨੂੰ ਆਪਣੀ ਖੇਡ ਵਿੱਚ ਆਪਣੇ ਦੇਸ਼ ਜਾਂ ਆਪਣੇ ਧਰਮ ਦੇ ਲੋਕਾਂ ਅੱਗੇ ਬਹਾਦਰੀ ਦਾ ਡੰਕਾ ਵਜਾਉਣ ਦੀ ਖਾਹਿਸ਼ ਵੀ ਜੰਗ ਦੀ ਨੌਬਤ ਤੱਕ ਲੈ ਜਾਂਦੀ ਹੈ ਤੇ ਉਨ੍ਹਾਂ ਦੀ ਇਸ ਬੇਵਕੂਫੀ ਨੂੰ ਉਨ੍ਹਾਂ ਦੀ ਕੌਮ ਭੁਗਤਦੀ ਹੈ ਤੇ ਕਈ ਵਾਰ ਉਹ ਆਪ ਖੁਦ ਵੀ ਜੰਗ ਮੁੱਕਦੇ ਸਾਰ ਰਾਜ-ਪਲਟੇ ਦਾ ਸ਼ਿਕਾਰ ਬਣ ਕੇ ਸਾਰੀ ਉਮਰ ਪਛਤਾਉਂਦੇ ਹਨ। ਭਾਰਤ ਦੇ ਗਵਾਂਢੀ ਦੇਸ਼ ਪਾਕਿਸਤਾਨ ਵਿੱਚ ਇਹ ਕੁਝ ਹੁੰਦਾ ਕਈ ਵਾਰ ਵੇਖਣ ਪਿੱਛੋਂ ਵੀ ਕੋਈ ਸਬਕ ਨਹੀਂ ਸਿਖਦਾ। ਇਤਿਹਾਸ ਦਾ ਇਹ ਸਬਕ ਸਿੱਖਣ ਲਈ ਜਿਸ ਅਕਲ ਦੀ ਲੋੜ ਹੈ, ਉਹ ਹੋਵੇ ਤਾਂ ਜੰਗਾਂ ਦੀ ਨੌਬਤ ਨਹੀਂ ਆ ਸਕਦੀ। ਅੱਜ ਇਹ ਲਿਖਤ ਲਿਖਣ ਵੇਲੇ ਤੱਕ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਦਾ ਐਲਾਨ ਬੇਸ਼ੱਕ ਨਹੀਂ ਹੋਇਆ, ਉਂਝ ਹਾਲਾਤ ਜੰਗ ਵਰਗੇ ਬਣ ਚੁੱਕੇ ਹਨ ਅਤੇ ਇਸ ਦੇ ਕਾਰਨ ਦੋਵਾਂ ਪਾਸਿਆਂ ਦੇ ਲੋਕਾਂ ਦੇ ਮਨਾਂ ਵਿੱਚ ਇਸ ਬਾਰੇ ਚਿੰਤਾ ਹੋਣਾ ਵੀ ਸੁਭਾਵਕ ਹੈ।

ਪਿਛਲੀਆਂ ਕਹਾਣੀਆਂ ਪਾਸੇ ਰੱਖ ਕੇ ਅਜੋਕੇ ਹਾਲਾਤ ਬਾਰੇ ਇਹ ਸਾਫ ਕਿਹਾ ਜਾ ਸਕਦਾ ਹੈ ਕਿ ਜੰਮੂ-ਕਸ਼ਮੀਰ ਵਾਲੇ ਸੈਰ-ਸਪਾਟਾ ਲਈ ਪ੍ਰਸਿੱਧ ਸ਼ਹਿਰ ਪਹਿਲਗਾਮ ਵਿੱਚ ਗਵਾਂਢੀ ਦੇਸ਼ ਦੇ ਹਾਕਮਾਂ ਦੀ ਸ਼ਹਿ ਉੱਤੇ ਹੋਇਆ ਹਮਲਾ ਇਸ ਭੜਕਾਹਟ ਦਾ ਕਾਰਨ ਬਣਿਆ ਹੈ। ਚੁਣ-ਚੁਣ ਕੇ ਲੋਕਾਂ ਨੂੰ ਮਾਰਿਆ ਗਿਆ ਅਤੇ ਨਾਲ ਇਹ ਗੱਲ ਕਹੀ ਗਈ ਕਿ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਨੂੰ ਦੱਸ ਦਿਓ ਕਿ ਆਹ ਕੁਝ ਕਰ ਦਿੱਤਾ ਹੈ। ਸਾਰੇ ਦੇਸ਼ ਦੇ ਲੋਕਾਂ ਵਿੱਚ ਇਸ ਬਾਰੇ ਗੁੱਸਾ ਸੀ, ਲੋਕ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰ ਰਹੇ ਸਨ, ਪਰ ਦੋਸ਼ੀ ਲੱਭ ਲੈਣੇ ਸੌਖੇ ਨਹੀਂ ਹੁੰਦੇ, ਉਹ ਆਪਣਾ ਕਾਰਾ ਕਰਕੇ ਜਾ ਚੁੱਕੇ ਸਨ। ਭਾਰਤ ਨੇ ਇਸ ਵਾਰਦਾਤ ਪਿੱਛੇ ਪਾਕਿਸਤਾਨੀ ਖੁਫੀਆ ਏਜੰਸੀ ਦੀ ਸਾਜ਼ਿਸ਼ ਹੋਣ ਦੀ ਗੱਲ ਕਹੀ ਤਾਂ ਪਾਕਿਸਤਾਨ ਦੇ ਵੱਖ-ਵੱਖ ਰਾਜਸੀ ਪੱਖਾਂ ਦੇ ਆਗੂਆਂ ਨੇ ਇਹ ਮੰਨਣ ਵਿੱਚ ਆਪਣੀ ਸ਼ਾਨ ਸਮਝੀ ਕਿ ਉਨ੍ਹਾਂ ਦਾ ਦੇਸ਼ ਤਾਂ ਕਾਤਲਾਂ ਨੂੰ ਪਿਛਲੇ ਤੀਹ ਸਾਲਾਂ ਤੋਂ ਹਰ ਤਰ੍ਹਾਂ ਦੀ ਮਦਦ ਦੇਂਦਾ ਰਿਹਾ ਹੈ, ਪਰ ਆਖਿਆ ਇਹ ਕਿ ਇਹ ਕਾਤਲ ਨਹੀਂ ਹਨ, ਇਹ ਲੋਕ ਤਾਂ ਜੇਹਾਦੀ ਹਨ ਤੇ ਇਨ੍ਹਾਂ ਦੀ ਮਦਦ ਕਰਨਾ ਉਨ੍ਹਾਂ ਦਾ ਫਰਜ਼ ਹੈ। ਭਾਰਤੀ ਲੋਕਾਂ ਅਤੇ ਹਾਕਮਾਂ ਦਾ ਗੁੱਸਾ ਵੇਖ ਕੇ ਵੀ ਅਕਲ ਕਰਨ ਦੀ ਥਾਂ ਉਲਟਾ ਐਟਮ ਜੰਗ ਛੇੜਨ ਦੀਆਂ ਧਮਕੀਆਂ ਦੇਣ ਲੱਗ ਪਏ ਅਤੇ ਏਦਾਂ ਦੀ ਹੋੜ ਲੱਗੀ ਕਿ ਕੋਈ ਸਮਝਾਉਣ ਜੋਗਾ ਹੋਵੇ ਵੀ ਤਾਂ ਸਮਝਾਉਣ ਜੋਗਾ ਨਾ ਰਿਹਾ। ਨਤੀਜੇ ਵਜੋਂ ਹਾਲਾਤ ਦੋਵਾਂ ਗਵਾਂਢੀ ਦੇਸ਼ਾਂ ਵਿਚਾਲੇ ਸਿੱਧਾ ਭੇੜ ਸ਼ੁਰੂ ਹੋਣ ਤੱਕ ਪਹੁੰਚ ਗਏ ਤੇ ਬਾਕੀ ਦੁਨੀਆ ਤਮਾਸ਼ਬੀਨ ਬਣ ਗਈ। ਦੁਨੀਆ ਦੇ ਇਸ ਤਮਾਸ਼ਬੀਨ ਬਣਨ ਦੀ ਗੱਲ ਅਸੀਂ ਇਸ ਕਰ ਕੇ ਆਖੀ ਹੈ ਕਿ ਦੁਨੀਆ ਦੀ ਪੰਚਾਇਤ ਕਹੀ ਜਾਂਦੀ ਜਿਹੜੀ ਯੂ ਐੱਨ ਓ ਨੇ ਯੂਕਰੇਨ ਤੇ ਰੂਸ ਦੀ ਜੰਗ ਦੌਰਾਨ ਕੋਈ ਪ੍ਰਭਾਵੀ ਦਖਲ ਕਦੇ ਨਹੀਂ ਸੀ ਦਿੱਤਾ, ਉਸ ਨੇ ਭਾਰਤ-ਪਾਕਿ ਵਿਚਾਲੇ ਜੰਗ ਲੱਗਦੀ ਰੋਕਣ ਲਈ ਵੀ ਕੁਝ ਨਹੀਂ ਸੀ ਕਰਨਾ ਅਤੇ ਨਾ ਕੀਤਾ ਹੀ, ਬਸ ਸਮਝਾਉਣੀਆਂ ਦੇ ਕੇ ਉੱਠ ਗਈ। ਪਾਕਿਸਤਾਨ ਦੇ ਹਾਕਮਾਂ ਨੂੰ ਇਸ ਮੌਕੇ ਸੋਚਣ ਦੀ ਲੋੜ ਸੀ, ਪਰ ਉਹ ਅੰਨ੍ਹੇ ਘੋੜੇ ਦੀ ਜੰਗੀ ਸਵਾਰੀ ਦੇ ਨਜ਼ਾਰੇ ਮਾਨਣ ਵੱਲ ਤੁਰ ਪਏ।

ਭਾਰਤ ਵੱਡਾ ਦੇਸ਼ ਹੈ, ਇਸ ਦੀ ਆਰਥਿਕਤਾ ਵੀ ਵੱਡੀ ਹੈ, ਜੰਗ ਦਾ ਬੋਝ ਇੱਕ ਸੀਮਾ ਤੱਕ ਇਸ ਦੇ ਕਰੋੜਾਂ ਲੋਕਾਂ ਨੇ ਮਿਲ ਕੇ ਝੱਲਣਾ ਹੈ। ਪਾਕਿਸਤਾਨ ਦੇਸ਼ ਵੀ ਛੋਟਾ, ਆਰਥਿਕਤਾ ਵੀ ਕਮਜ਼ੋਰ ਅਤੇ ਇਸ ਦਾ ਬੋਝ ਝੱਲਣ ਵਾਲੇ ਲੋਕ ਵੀ ਭਾਰਤ ਤੋਂ ਮਸਾਂ ਛੇਵਾਂ ਕੁ ਹਿੱਸਾ ਬਣਦੇ ਹਨ, ਜਦ ਕਿ ਖ਼ਰਚ ਲਗਭਗ ਇੱਕੋ ਜਿਹਾ ਹੋ ਜਾਣਾ ਹੈ। ਉਨ੍ਹਾਂ ਦੇ ਤੀਸਰੀ-ਚੌਥੀ ਪਾਲ ਦੇ ਲੀਡਰ ਕੀ, ਮੁਖੀ ਲੀਡਰ ਵੀ ਇਹੋ ਟਾਹਰਾਂ ਮਾਰਦੇ ਰਹੇ ਕਿ ਜੇ ਭਾਰਤ ਸਾਡੇ ਵੱਲ ਨੂੰ ਵਗਦਾ ਪਾਣੀ ਰੋਕੇਗਾ ਤਾਂ ਪਾਣੀ ਵਾਲੀ ਨਹਿਰ ਵਿੱਚ ਭਾਰਤੀਆਂ ਦਾ ਖੂਨ ਵਗੇਗਾ। ਅਕਲ ਦੀ ਗੱਲ ਸਿਰਫ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਕਰਦੇ ਸੁਣਾਈ ਦਿੱਤੇ, ਜਦੋਂ ਅਚਾਨਕ ਜੰਗ ਵਰਗੇ ਹਾਲਾਤ ਵਿੱਚ ਇੰਗਲੈਂਡ ਤੋਂ ਦੇਸ਼ ਪਰਤੇ ਤੇ ਆਪਣੇ ਭਰਾ ਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਭਾਰਤ ਨਾਲ ਗੱਲਬਾਤ ਦਾ ਰਾਹ ਕੱਢਣ ਵਾਸਤੇ ਕਿਹਾ। ਏਦਾਂ ਕਹਿਣ ਵਾਲੇ ਨਵਾਜ਼ ਸ਼ਰੀਫ ਨੂੰ ਖੁਦ ਪ੍ਰਧਾਨ ਮੰਤਰੀ ਹੋਣ ਸਮੇਂ ਇਹੋ ਜਿਹੀ ਭੁੱਲ ਕਰਨ ਪਿੱਛੋਂ ਖਮਿਆਜ਼ਾ ਤੇ ਖੁਆਰੀ ਭੁਗਤਣ ਦਾ ਚੇਤਾ ਸੀ। ਕਾਰਗਿਲ ਜੰਗ ਦੇ ਸਮੇਂ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਸੀ, ਪਰ ਜੰਗ ਛੇੜਨ ਦਾ ਫੈਸਲਾ ਉਸ ਦਾ ਨਹੀਂ, ਓਦੋਂ ਵਾਲੇ ਫੌਜ ਮੁਖੀ ਜਨਰਲ ਪਰਵੇਜ਼ ਮੁਸ਼ੱਰਫ ਦਾ ਸੀ, ਜਿਸ ਨੇ ਨਵਾਜ਼ ਸ਼ਰੀਫ ਨੂੰ ਦੱਸਿਆ ਵੀ ਨਹੀਂ ਸੀ, ਪਰ ਜਦੋਂ ਭੁਗਤਣੀ ਪਈ ਤਾਂ ਅਮਰੀਕਾ ਦੇ ਰਾਸ਼ਟਰਪਤੀ ਕੋਲ ਭਾਰਤ ਨਾਲ ਜੰਗਬੰਦੀ ਕਰਾਉਣ ਦਾ ਤਰਲਾ ਮਾਰਨ ਉਸ ਨੂੰ ਜਾਣਾ ਪਿਆ ਸੀ। ਅਮਰੀਕਾ ਦੇ ਦਖਲ ਨਾਲ ਜੰਗ ਤਾਂ ਰੁਕ ਗਈ, ਪਰ ਇਸ ਜੰਗਬੰਦੀ ਪਿੱਛੋਂ ਆਪਣੀ ਸ਼ਰਮਿੰਦਗੀ ਦੇ ਬੋਝ ਕਾਰਨ ਫੌਜੀ ਕਮਾਂਡਰ ਝੁਕਣ ਦੀ ਥਾਂ ਨਵਾਜ਼ ਸ਼ਰੀਫ ਦੀ ਸਰਕਾਰ ਦਾ ਤਖਤ ਪਲਟਣ ਤੱਕ ਪਹੁੰਚ ਗਿਆ ਸੀ। ਇਸ ਵਾਰੀ ਫਿਰ ਇਹੋ ਜਾਪਦਾ ਹੈ ਕਿ ਫੌਜ ਦੀ ਕਮਾਂਡ ਉੱਤੇ ਕਾਬਜ਼ ਅਫਸਰਾਂ ਦੀ ਜੁੰਡੀ ਇੱਕ ਵਾਰ ਹੋਰ ਉਸ ਦੇਸ਼ ਨੂੰ ਭਾਰਤ ਨਾਲ ਜੰਗ ਵਿੱਚ ਫਸਾ ਕੇ ਫਿਰ ਸਰਕਾਰ ਦਾ ਤਖਤ ਪਲਟਣ ਅਤੇ ਇੱਕ ਵਾਰ ਹੋਰ ਦਸ-ਵੀਹ ਸਾਲ ਰਾਜ ਕਰਨ ਦਾ ਸੁਫਨਾ ਪਾਲਦੀ ਪਈ ਹੈ। ਇਹ ਸੁਫਨਾ ਬੜਾ ਖਤਰਨਾਕ ਹੁੰਦਾ ਹੈ। ਗੱਲ ਜੰਗ ਵਿੱਚ ਖਿੱਚੇ ਗਏ ਭਾਰਤ ਨਾਲੋਂ ਵੱਧ ਪਾਕਿਸਤਾਨੀ ਲੋਕਾਂ ਦੇ ਭਵਿੱਖ ਦੀ ਵੀ ਹੈ।

ਉਂਜ ਗਲਤੀਆਂ ਦਾ ਮੁੱਢ ਜੰਗ ਲਈ ਬਣੇ ਹੋਏ ਹਾਲਾਤ ਵਿੱਚੋਂ ਨਹੀਂ, ਇਹੋ ਜਿਹੇ ਹਾਲਾਤ ਤੋਂ ਪਹਿਲਾਂ ਹੁੰਦੀ ਰਹੀ ਉਸ ਖੇਡ ਤੋਂ ਲੱਭਣਾ ਚਾਹੀਦਾ ਹੈ, ਜਿਹੜੀ ਆਖਰ ਨੂੰ ਜੰਗ ਦੀ ਜਿੱਲ੍ਹਣ ਵਿੱਚ ਫਸਾ ਦੇਂਦੀ ਹੁੰਦੀ ਹੈ। ਜਦੋਂ ਬੰਗਲਾਦੇਸ਼ ਬਣਨ ਦਾ ਨਤੀਜਾ ਕੱਢਣ ਵਾਲੀ ਜੰਗ ਦੋਵਾਂ ਦੇਸ਼ਾਂ ਵਿਚਾਲੇ ਹੋਈ ਸੀ, ਉਸ ਤੋਂ ਪਹਿਲਾਂ ਵੀ ਭਾਰਤ ਦੇ ਖਿਲਾਫ ਨਿੱਤ ਦਿਨ ਏਦਾਂ ਦੀਆਂ ਸ਼ਰਾਰਤਾਂ ਹੋਇਆ ਕਰਦੀਆਂ ਸਨ, ਜਿਹੋ ਜਿਹੀਆਂ ਬੀਤੇ ਦਿਨੀਂ ਹੋਈਆਂ ਹਨ। ਉਹਨੀਂ ਦਿਨੀਂ ਬੇਗਾਨੇ ਹੱਥੀਂ ਚੜ੍ਹੇ ਦੋ ਮੁੰਡੇ ਭਾਰਤ ਦਾ ਇੱਕ ਹਵਾਈ ਜਹਾਜ਼ ਏਥੋਂ ਅਗਵਾ ਕਰ ਕੇ ਓਧਰ ਲੈ ਗਏ ਤੇ ਭਾਰਤ ਨੂੰ ਠਰ੍ਹੰਮਾ ਛੱਡ ਕੇ ਜੰਗੀ ਮੈਦਾਨ ਵਿੱਚ ਸਿੱਝਣ ਦਾ ਫੈਸਲਾ ਕਰਨਾ ਪੈ ਗਿਆ ਸੀ। ਕਈ ਸਾਲ ਬਾਅਦ ਜਦੋਂ ਉਨ੍ਹਾਂ ਅਗਵਾਕਾਰਾਂ ਨੂੰ ਛੁੱਟਣ ਦਾ ਮੌਕਾ ਨਸੀਬ ਹੋਇਆ ਤਾਂ ਉਹ ਉਸ ਘਟਨਾਕ੍ਰਮ ਬਾਰੇ ਜੋ ਕੁਝ ਦੱਸਦੇ ਸਨ, ਉਹ ਉਸ ਤੋਂ ਬਾਅਦ ਦੀ ਪੀੜ੍ਹੀ ਦੇ ਨੌਜਵਾਨਾਂ ਲਈ ਅਕਲ ਦੀ ਪੁੜੀ ਸਾਬਤ ਹੋ ਸਕਦਾ ਸੀ, ਪਰ ਹੋਣ ਨਹੀਂ ਦਿੱਤਾ ਗਿਆ। ਧਰਮ ਦੇ ਨਾਂਅ ਉੱਤੇ ਹੋਰਨਾਂ ਨੂੰ ਮਾਰਨ ਤੇ ਖੁਦ ਮਰ ਜਾਣ ਵਾਲੀ ਇਹੋ ਜਿਹੀ ਪਾਣ ਚਾੜ੍ਹੀ ਜਾਂਦੀ ਰਹੀ ਕਿ ਜਵਾਨੀ ਦੇ ਜੋਸ਼ ਵਿੱਚ ਕਈ ਹੋਰ ਏਦਾਂ ਦਾ ਰਾਹ ਚੁਣਦੇ ਤੇ ਮਰਦੇ ਰਹੇ ਅਤੇ ਅੱਜ ਤੱਕ ਮਾਰਨ ਅਤੇ ਮਰਨ ਦਾ ਕੰਮ ਕਰੀ ਜਾ ਰਹੇ ਹਨ। ਪਾਕਿਸਤਾਨ ਦੇ ਜਿਹੜੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਸੀਂ ਕਾਰਗਿਲ ਦੀ ਜੰਗ ਵਿੱਚ ਫਸਾਇਆ ਗਿਆ ਮੰਨ ਸਕਦੇ ਹਾਂ, ਅੱਤਵਾਦੀ ਸੋਚ ਦੀ ਸਰਗਰਮੀ ਤੋਂ ਉਹ ਵੀ ਦੂਰ ਨਹੀਂ ਸੀ, ਸਗੋਂ ਬੇਗਾਨੇ ਪੁੱਤਰ ਮਰਵਾਉਣ ਦੀ ਖੇਡ ਵਿੱਚ ਸ਼ਾਮਲ ਹੁੰਦਾ ਰਿਹਾ ਸੀ। ਭਾਰਤ ਦੇ ਰਾਜ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲੇ ਵਿੱਚ ਜੰਮਿਆ-ਪਲਿਆ ਬੁਰਹਾਨ ਵਾਨੀ ਸਾਊ ਜਿਹੇ ਬਾਪ ਦਾ ਪੁੱਤ ਸੀ, ਪਰ ਪਾਕਿਸਤਾਨੀ ਸ਼ਹਿ ਉੱਤੇ ਚੱਲਦੀਆਂ ਸਾਜ਼ਿਸ਼ਾਂ ਦੀ ਪਾਣ ਚੜ੍ਹਨ ਪਿੱਛੋਂ ਅੱਤਵਾਦੀ ਬਣ ਗਿਆ। ਫਿਰ ਉਸ ਨੇ ਬਹੁਤ ਸਾਰੇ ਲੋਕ ਮਾਰੇ ਤੇ ਆਖਰ ਖੁਦ ਵੀ ਮਾਰਿਆ ਗਿਆ। ਪਾਕਿਸਤਾਨ ਵਿੱਚ ਸਰਕਾਰ ਨਵਾਜ਼ ਸ਼ਰੀਫ ਦੀ ਸੀ। ਉਸ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਇੱਕ ਮੁਕੰਮਲ ਦਿਨ ਬੁਰਹਾਨ ਵਾਨੀ ਨੂੰ ਸ਼ਰਧਾਂਜਲੀ ਦੇਣ ਲਈ ਸਮਰਪਣ ਕਰਨ ਦਾ ਸੱਦਾ ਦੇ ਦਿੱਤਾ ਅਤੇ ਇਸ ਸੱਦੇ ਉੱਤੇ ਫੌਜ ਵਿੱਚ ਵੀ ਉਸ ਮੁੰਡੇ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ, ਜਿਹੜਾ ਭਾਰਤ ਵਿੱਚ ਜੰਮਿਆ, ਭਾਰਤ ਵਿੱਚ ਗਲਤ ਰਾਹੇ ਪਿਆ ਤੇ ਫਿਰ ਭਾਰਤ ਵਿੱਚ ਹੀ ਮਾਰਿਆ ਗਿਆ ਸੀ। ਉਹ ਪਾਕਿਸਤਾਨ ਦਾ ਕੁਝ ਵੀ ਨਹੀਂ ਸੀ ਲੱਗਦਾ, ਪਰ ਨਵਾਜ਼ ਸ਼ਰੀਫ ਨੇ ਉਸ ਨੂੰ ਏਦਾਂ ਵਡਿਆ ਕੇ ਹੋਰ ਨੌਜਵਾਨਾਂ ਨੂੰ ਇਸ ਰਾਹੇ ਪੈਣ ਲਈ ਉਕਸਾਇਆ ਸੀ। ਅੱਗ ਨਾਲ ਖੇਡਣ ਦੇ ਕੌੜੇ ਤਜਰਬੇ ਵਿੱਚ ਹੱਥ ਸੜਵਾ ਚੁੱਕਾ ਨਵਾਜ਼ ਸ਼ਰੀਫ ਅੱਜ ਆਪਣੇ ਭਰਾ ਨੂੰ ਸਮਝਾਉਣੀਆਂ ਦੇ ਰਿਹਾ ਹੈ।

ਸਿਆਣੇ ਕਹਿੰਦੇ ਹਨ ਕਿ ਜਦੋਂ ਤੇ ਜਿਹੜਾ ਬੰਦਾ ਚੁੱਕਣਾ ਦੇਣ ਵਾਲਿਆਂ ਦੇ ਹੱਥੀਂ ਇੱਕ ਵਾਰੀ ਚੜ੍ਹ ਗਿਆ, ਉਹ ਫਿਰ ਉਸ ਜਾਲ ਤੋਂ ਬਾਹਰ ਨਹੀਂ ਨਿਕਲ ਸਕਦਾ। ਹਕੂਮਤ ਦਾ ਜਲੌਅ ਮਾਨਣ ਦੇ ਬਾਅਦ ਸ਼ਾਹਬਾਜ਼ ਸ਼ਰੀਫ ਵੀ ਆਪਣੇ ਨਾਲ ਜੁੜੇ ਹੋਰਨਾਂ ਪਾਰਟੀਆਂ ਦੇ ਏਦਾਂ ਦੀ ਉਕਸਾਊ ਬੋਲੀ ਬੋਲਣ ਵਾਲਿਆਂ ਦੇ ਹੱਥੀਂ ਚੜ੍ਹਨ ਪਿੱਛੋਂ ਫੌਜ ਦੇ ਦਾਅ-ਪੇਚਾਂ ਨੂੰ ਮੰਨਣ ਤੋਂ ਇਨਕਾਰ ਕਰਨ ਜੋਗਾ ਨਹੀਂ ਰਹਿ ਗਿਆ, ਜਿਸ ਫੌਜ ਦੇ ਜਰਨੈਲਾਂ ਨੂੰ ਰਾਜ ਕਰਨ ਦਾ ਚਸਕਾ ਕਈ ਵਾਰੀ ਪੈ ਚੁੱਕਾ ਹੈ। ਉਸ ਦੇਸ਼ ਦਾ ਹਰ ਵੱਡਾ ਜਰਨੈਲ ਇਹ ਨਹੀਂ ਸੋਚਦਾ ਕਿ ਹਸ਼ਰ ਕੀ ਹੋਇਆ ਸੀ, ਸਿਰਫ ਇਹ ਵੇਖਦਾ ਹੈ ਕਿ ਮਾਰਸ਼ਲ ਅਯੂਬ ਖਾਨ ਨੇ ਐਨੇ ਸਾਲ ਰਾਜ ਕੀਤਾ ਅਤੇ ਜਰਨੈਲ ਯਾਹੀਆ ਖਾਨ ਦੀ ਕਿੰਨੀ ਚੜ੍ਹਤ ਹੁੰਦੀ ਸੀ ਤੇ ਫਿਰ ਜਨਰਲ ਜ਼ਿਆ ਉਲ ਹੱਕ ਐਨੇ ਸਾਲ ਸ਼ਹਿਨਸ਼ਾਹਾਂ ਵਾਂਗ ਰਾਜ ਮਾਣਦਾ ਰਿਹਾ ਸੀ। ਏਨਿਆਂ ਪੁਰਾਣਿਆਂ ਦੇ ਕਿੱਸੇ ਅਜੋਕੀ ਪੀੜ੍ਹੀ ਦੇ ਜਰਨੈਲਾਂ ਨੇ ਕਿਤਾਬਾਂ ਵਿੱਚ ਪੜ੍ਹੇ ਹੋਣਗੇ, ਜਨਰਲ ਪਰਵੇਜ਼ ਮੁਸ਼ੱਰਫ ਨਾਲ ਰਾਜ ਦਾ ਸੁੱਖ ਮਾਣਦੇ ਰਹੇ ਬਹੁਤ ਸਾਰੇ ਅਫਸਰ ਤਾਂ ਅੱਜ ਦੀ ਫੌਜ ਦੇ ਜਰਨੈਲਾਂ ਵਿੱਚ ਵੀ ਹਨ। ਸਿਆਸਤ ਦੇ ਜਿਹੜੇ ਵੱਡੇ ਮੁਹਰੈਲ ਅੱਜ ਸਾਹਮਣੇ ਆਉਣ ਤਾਂ ਇਹ ਕਮਾਂਡਰ ਉਨ੍ਹਾਂ ਨੂੰ ਸਲੂਟ ਮਾਰਨ ਨੂੰ ਮਜਬੂਰ ਹੋ ਜਾਂਦੇ ਹਨ, ਇਹੋ ਆਗੂ ਜਦੋਂ ਫੌਜੀ ਰਾਜ ਵਿੱਚ ਇਨ੍ਹਾਂ ਫੌਜੀ ਅਫਸਰਾਂ ਨੂੰ ਮਿਲਣ ਜਾਂਦੇ ਸਨ ਤਾਂ ਉਹ ਦੋ-ਦੋ ਘੰਟੇ ਬਾਹਰ ਬਿਠਾ ਰੱਖਦੇ ਸਨ। ਉਨ੍ਹਾਂ ਪੁਰਾਣੇ ਦਿਨਾਂ ਦੇ ਸੁਫਨੇ ਮਾਰੂਥਲ ਵਿੱਚ ਭਟਕਦੇ ਮਿਰਗ ਵਰਗੇ ਨਹੀਂ, ਝਪੱਟਾ ਮਾਰਨ ਲਈ ਫੌਜੀ ਅਫਸਰਾਂ ਨੂੰ ਉਕਸਾਉਣ ਵਾਲੇ ਸਾਬਤ ਹੋ ਸਕਦੇ ਹਨ।

ਅਸੀਂ ਫਿਰ ਇਹ ਕਹਿ ਦੇਈਏ ਕਿ ਇਹ ਲਿਖਤ ਲਿਖਣ ਤੱਕ ਜੰਗ ਲੱਗਣ ਵਾਲੇ ਹਾਲਾਤ ਸਾਫ ਦਿੱਸਦੇ ਹਨ, ਪਰ ਹਾਲਾਤ ਜ਼ਿੰਦਾਂ ਦੇ ਮਰਜ਼ੀ ਹੋਣ, ਜੰਗ ਲੱਗਣੀ ਜ਼ਰੂਰੀ ਨਹੀਂ ਹੁੰਦੀ, ਟਲ ਵੀ ਸਕਦੀ ਹੈ ਅਤੇ ਸਾਫ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਜੰਗ ਟਾਲੀ ਜਾ ਸਕਦੀ ਹੈ। ਦੋਵਾਂ ਪਾਸਿਆਂ ਦੇ ਆਮ ਲੋਕਾਂ ਦੀ ਭਲਾਈ ਏਸੇ ਵਿੱਚ ਹੈ ਕਿ ਜੰਗ ਨਾ ਲੱਗੇ ਜਾਂ ਲੱਗੇ ਤਾਂ ਸੀਮਤ ਹੱਦਾਂ ਵਿੱਚ ਰਹਿ ਜਾਵੇ, ਪਰ ਸਭ ਨੂੰ ਪਤਾ ਹੈ ਕਿ ਚਿੰਗਾੜੀ ਸੁੱਟਣ ਵਾਲਾ ਜਿੰਨਾ ਕੁ ਮਰਜ਼ੀ ਸਿਆਣਾ ਹੋਵੇ, ਚਿੰਗਾੜੀ ਭਾਂਬੜ ਦੇ ਰਾਹ ਪੈ ਜਾਵੇ ਤਾਂ ਫਿਰ ਉਸ ਤੋਂ ਸੰਭਾਲੀ ਨਹੀਂ ਜਾਇਆ ਕਰਦੀ। ਇਸ ਵਕਤ ਦੇ ਹਾਲਾਤ ਵੀ ਕੁਝ ਏਦਾਂ ਦੇ ਬਣਦੇ ਜਾ ਰਹੇ ਹਨ ਅਤੇ ਇਹੋ ਜਿਹੇ ਹਾਲਾਤ ਵਿੱਚ ਸਿਰਫ ਸੁੱਖ ਮੰਗੀ ਜਾ ਸਕਦੀ ਹੈ। ਲਿਖਤ ਦੇ ਮੁੱਢਲੇ ਸ਼ਬਦ ਅਸੀਂ ਸਿਆਣਿਆਂ ਦੀ ਇਸ ਕਹਿਣੀ ਵਿੱਚੋਂ ਲੈ ਕੇ ਵਰਤੇ ਸਨ ਕਿ ਜੰਗ ਕਿਸੇ ਵੀ ਮਸਲੇ ਦਾ ਪੱਕਾ ਹੱਲ ਨਹੀਂ ਹੁੰਦੀ ਅਤੇ ਹੋ ਵੀ ਨਹੀਂ ਸਕਦੀ। ਇਸ ਲਈ ਆਓ ਸੁੱਖ ਮੰਗੀਏ ਕਿ ਵਿਗਾੜ ਹੋਰ ਬਹੁਤਾ ਵਧਦਾ ਨਾ ਜਾਂਦਾ ਹੋਵੇ।

# ਜਦ ਬੁੱਚੜ ਨੂੰ ਅੱਲਾਹ ਚੇਤੇ ਆਇਆ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਉਂਝ ਰੋਜ਼ ਹੀ ਦਿਨ ਰਾਤ ਚਲਦੇ ਅਤੇ ਬਦਲਦੇ ਰਹਿੰਦੇ ਹਨ ਪਰ ਬਹੁਤੀ ਵਾਰ ਹਰ ਸਵੇਰਾ ਅਲੱਗ-ਅਲੱਗ ਕੁਝ ਲੈ ਕੇ ਆਉਂਦਾ ਹੈ ਜਿਵੇਂ ਪਿਛਲੇ ਬੁੱਧਵਾਰ ਦੀ ਤੜਕੇ ਹੋਇਆ, ਉਸ ਨੇ ਜੋ ਹੈਰਾਨੀ ਭਰੀ ਖੁਸ਼ੀ ਦੇਸ਼-ਵਾਸੀਆਂ ਨੂੰ ਅਤੇ ਹੈਰਾਨੀ ਭਰੀ ਸਵੇਰ ਪਾਕਿਸਤਾਨੀਆਂ ਨੂੰ ਦਿੱਤੀ, ਉਸ ਦੀ ਮਿਸਾਲ ਆਮ ਮਿਲਣੀ ਬਿਲਕੁਲ ਅਸੰਭਵ ਹੈ, 22 ਅਪ੍ਰੈਲ 2025 ਨੂੰ ਪਹਿਲਗਾਮ ’ਚ ਵਾਪਰੀਆਂ ਭਿਆਨਕ ਅੱਤਵਾਦੀ ਘਟਨਾਵਾਂ ਨੇ ਸਮੁੱਚੇ ਦੇਸ਼-ਵਾਸੀਆਂ ਨੂੰ ਜਿਸ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ, ਜਿਸ ’ਚ ਸਿਰਫ਼ ਹਫ਼ਤਾ ਕੁ ਪਹਿਲਾਂ ਵਿਆਹੀ ਦੁਲਹਨ ਨੇ ਆਪਣੇ ਪਤੀ (ਫੌਜੀ ਅਫ਼ਸਰ) ਨੂੰ ਗੋਲੀ ਲੱਗਣ ਤੋਂ ਬਾਅਦ ਆਪ ਵੀ ਮੌਤ ਲਈ ਗੋਲੀ ਦੀ ਮੰਗ ਅੱਤਵਾਦੀ ਤੋਂ ਕੀਤੀ ਸੀ, ਜਿਸ ’ਤੇ ਪਾਗਲ ਅੱਤਵਾਦੀ ਨੇ ਕਿਹਾ ਸੀ, “ਮੈਂ ਤੈਨੂੰ ਇਸ ਕਰਕੇ ਛੱਡ ਰਿਹਾ ਹਾਂ ਕਿ ਤੂੰ ਇਹ ਸਭ ਕੁਝ ਮੋਦੀ ਨੂੰ ਦੱਸ ਸਕੇਂ।” ਇਸ ਘਿਨੌਣੀ ਘਟਨਾ ਤੋਂ ਬਾਅਦ ਜਿਸ ਫੌਜੀ ਅਫ਼ਸਰ ਦੀ ਪਤਨੀ ਦਾ ਸਿੰਧੂਰ ਅਜੇ ਉਵੇਂ ਦਾ ਉਵੇਂ ਹੀ ਸਿਰ ’ਚ ਚਮਕ ਰਿਹਾ ਸੀ, ਜਿਸ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਨੇ ਤਿੰਨਾਂ ਫੌਜ ਮੁਖੀਆਂ ਨਾਲ ਗੱਲਬਾਤ ਕਰਦੇ ਹੋਏ ਵਿਚਾਰ-ਵਟਾਂਦਰੇ ਤੋਂ ਬਾਅਦ ਹੀ ਆਖ ਦਿੱਤਾ ਸੀ ਕਿ ਕੀ ਐਕਸ਼ਨ ਕਰਨਾ ਹੈ? ਕਿਸ ਕਿਸ ਜਗ੍ਹਾ ਕਰਨਾ ਹੈ? ਕਿਸ ਦਿਨ ਕਰਨਾ ਹੈ? ਅਤੇ ਕਿੰਨੇ ਵਜੇ ਕਰਨਾ ਹੈ? ਕਿਸ ਫੋਰਸ ਨਾਲ ਕਰਨਾ ਹੈ? ਅਜਿਹੀ ਸਭ ਤੁਹਾਡੀ ਚੋਣ ਹੋਵੇਗੀ, ਪਰ ਉਸ ਆਪ੍ਰੇਸ਼ਨ ਦਾ ਨਾਂਅ ਆਪ੍ਰੇਸ਼ਨ ‘ਸਿੰਧੂਰ’ ਹੀ ਹੋਵੇਗਾ। ਜਿਸ ਨੂੰ ਭਾਰਤ ਦੀਆਂ ਫੌਜਾਂ ਦੇ ਮੁਖੀਆਂ ਨੇ ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਅਜਿਹੇ ਸੰਜਮ ਅਤੇ ਸਟੀਕਤਾ ’ਚ ਰਹਿ ਕੇ ਕੀਤਾ, ਇਕ ਅਜਿਹਾ ਸੰਦੇਸ਼ ਪਾਕਿਸਤਾਨੀ ਅੱਤਵਾਦੀ ਸੰਗਠਨਾਂ ਨੂੰ ਦਿੱਤਾ, ਜਿਸ ਨੇ ਕੰਨੋ-ਕੰਨੀ ਭਿਣਕ ਵੀ ਨਹੀਂ ਪੈਣ ਦਿੱਤੀ। ਇਸ ਆਪ੍ਰੇਸ਼ਨ ਬਾਰੇ ਭਾਰਤੀ ਜਨਤਾ ਨੂੰ ਬਿਲਕੁਲ ਕੋਈ ਖ਼ਬਰ ਨਹੀਂ ਸੀ, ਇਥੋਂ ਤੱਕ ਕਿ ਪਾਕਿਸਤਾਨ ’ਚ ਸੰਬੰਧਤ ਅੱਤਵਾਦੀਆਂ ਨੂੰ ਵੀ ਮਿਜ਼ਾਈਲਾਂ ਦੀ ਰੌਸ਼ਨੀ ਅਤੇ ਅਵਾਜ਼ ਨੇ ਹੀ ਭਿਣਕ ਪੁਆਈ। ਅਜਿਹੇ ਐਕਸ਼ਨ ਨੇ ਸਾਬਤ ਕਰ ਦਿੱਤਾ ਕਿ ਜੋ ਭਾਰਤ ਨੇ ਆਖਿਆ ਸੀ ਕਿ ਅੱਤਵਾਦ ਦੇ ਟਿਕਾਣਿਆਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾ ਕੇ ਬਰਬਾਦ ਕਰਾਂਗੇ, ਉਵੇਂ ਹੀ ਹੋਇਆ। ਭਾਰਤ ਨੇ ਆਪਣੇ ਇਸ ਪ੍ਰਣ ’ਤੇ ਵੀ ਗੰਭੀਰਤਾ ਨਾਲ ਪਹਿਰਾ ਦਿੱਤਾ ਕਿ ਪਾਕਿਸਤਾਨ ਦੀ ਆਮ ਜਨਤਾ ਨੂੰ ਅਤੇ ਫੌਜੀ ਟਿਕਾਣਿਆਂ ਨੂੰ ਨਹੀਂ ਛੇੜਿਆ ਜਾਵੇਗਾ। ਇਸੇ ਤਰ੍ਹਾਂ ਪੰਝੀ ਕੁ ਮਿੰਟ ਦੀ ਕਾਰਵਾਈ ਕਰਨ ਤੋਂ ਬਾਅਦ ਦਰਜਨਾਂ ਜਹਾਜ਼ ਆਪਣਾ ਕੰਮ ਮੁਕਾ ਕੇ ਆਪਣੇ ਘਰ ਨੂੰ ਵਾਪਸ ਆਏ। ਇਸ ਐਕਸ਼ਨ ਦੌਰਾਨ ਜਲ ਸੈਨਾ ਨੇ ਸਮੁੰਦਰੀ ਤੱਟਾਂ ’ਤੇ, ਥਲ ਸੈਨਾ ਨੇ ਲੰਮੀਆਂ ਸਰਹੱਦਾਂ ’ਤੇ ਪਹਿਰਾ ਦਿੱਤਾ ਅਤੇ ਹਵਾਈ ਫੌਜ ਨੇ ਹਵਾ ਵਿੱਚ ਰਹਿ ਕੇ ਆਪਣੇ ਕੰਮ ਨੂੰ ਸਹੀ ਸਲਾਮਤ ਅੰਜਾਮ ਦਿੱਤਾ।

ਉਪਰੋਕਤ ‘ਸਿੰਧੂਰ ਆਪ੍ਰੇਸ਼ਨ’ ’ਚ ਜੋ ਜਾਨੀ ਅਤੇ ਮਾਲੀ ਨੁਕਸਾਨ ਅੱਤਵਾਦੀ ਕੈਂਪਾਂ ’ਚ ਹੋਇਆ, ਉਸ ਦਾ ਅੰਦਾਜ਼ਾ ਅੱਤਵਾਦੀ ਪਰਵਾਰਾਂ ਦੇ ਚੀਖ ਚਿਹਾੜਿਆਂ, ਤਬੂਤਾਂ ਦੀ ਗਿਣਤੀ ਅਤੇ ਕਬਰਸਤਾਨਾਂ ’ਚ ਅੱਤਵਾਦੀ ਪਰਵਾਰਾਂ ਸਮੇਤ ਬਾਕੀ ਭੀੜ ਤੋਂ ਲਗਦਾ ਹੈ। ਪਾਕਿਸਤਾਨੀ ਝੰਡਿਆਂ ’ਚ ਲਪੇਟੀਆਂ ਲਾਸ਼ਾਂ, ਪੁਲਸ ਫੌਜ ਦੀ ਮੌਜੂਦਗੀ ਦਰਸਾਉਂਦੀ ਹੈ ਕਿ ਪਾਕਿਸਤਾਨੀ ਫੌਜ ਅਤੇ ਪੁਲਸ ਆਪਸ ਵਿੱਚ ਘਿਉ-ਖਿਚੜੀ ਹਨ, ਕਈ ਤਬੂਤਾਂ ’ਤੇ ਪ੍ਰਧਾਨ ਮੰਤਰੀ ਵੱਲੋਂ ਅਤੇ ਹੋਰ ਹਸਤੀਆਂ ਵੱਲੋਂ ਫੁੱਲ ਭੇਟ ਕੀਤੇ ਵੀ ਸਰਕਾਰ ਦੀ ਸ਼ਮੂਲੀਅਤ ਦੀ ਗਵਾਹੀ ਭਰਦੇ ਹਨ। ਇਸ ਅੱਧੀ ਰਾਤ ਦੇ ਉਸ ਐਕਸ਼ਨ ਨੇ ਸਭ ਤੋਂ ਵੱਧ ਜਨਤਾ ਦਾ ਧਿਆਨ ਖਿੱਚਿਆ ਹੈ। ਜਿਸ ਵਿੱਚ ਪਾਕਿਸਤਾਨ ਦਾ ਸਿਖਰਲਾ ਅੱਤਵਾਦੀ ਰੋਂਦਾ-ਪਿੱਟਦਾ, ਕੁਲਾਉਂਦਾ ਦਿਖਾਇਆ ਹੈ, ਜੋ 2019 ਤੋਂ ਇੰਟਰਨੈਸ਼ਨਲ ਤੌਰ ’ਤੇ ਅੱਤਵਾਦੀ ਕਰਾਰ ਦਿੱਤਾ ਜਾ ਚੁੱਕਾ ਹੈ। ਸੂਤਰਾਂ ਮੁਤਾਬਕ ਉਸ ਅੱਤਵਾਦੀ ਦੇ ਨੇੜਲੇ ਪਰਵਾਰ ਦੇ ਤਕਰੀਬਨ ਦਸ ਜਣੇ ਅਤੇ ਨੇੜਲੇ ਚਾਰ ਦੋਸਤਾਂ ਸਣੇ ਕੁੱਲ ਚੌਦਾ ਉਸ ਅੱਲਾਹ ਨੂੰ ਪਿਆਰੇ ਹੋ ਚੁੱਕੇ ਹਨ, ਜਿਸ ਅੱਲਾਹ ਦੀ ਰਟ ਇਹ ਅੱਤਵਾਦੀ ਹਰ ਕੁਕਰਮ ਕਰਨ ਤੋਂ ਪਹਿਲਾਂ ਲਾਉਂਦਾ ਹੁੰਦਾ ਸੀ। ਜਿਸ ਅੱਲਾਹ ਨੂੰ ਮਸੂਦ ਅਜ਼ਹਰ ਰੋ-ਰੋ ਕੇ ਆਖ ਰਿਹਾ ਸੀ ਕਿ ਕਿੰਨਾ ਚੰਗਾ ਹੁੰਦਾ ਜੇ ਮੈਂ ਵੀ ਨਾਲ ਮਰ ਜਾਂਦਾ। ਦਰਅਸਲ ਉਸ ਨੂੰ ਹੁਣ ਪਤਾ ਲੱਗਾ ਹੈ ਕਿ ਆਪਣੇ ਨੇੜਲਿਆਂ ਦਾ ਕੀ ਦੁੱਖ ਹੁੰਦਾ ਹੈ? ਥੋੜ੍ਹਾ ਜਿਹਾ ਪੁਰਾਣੀ ਪੀੜ੍ਹੀ ਨੂੰ ਪਤਾ ਹੋਵੇਗਾ ਕਿ ਮਸੂਦ ਅਜ਼ਹਰ ਉਹ ਅੱਤਵਾਦੀ ਹੈ, ਜਿਸ ਨੂੰ ਭਾਰਤੀ ਜਹਾਜ਼ ਅਗਵਾਹ ਕਰਕੇ ਮੌਕੇ ਦੀ ਸਰਕਾਰ ਤੋਂ ਜੇਲ੍ਹ ’ਚੋਂ ਛੁਡਾਇਆ ਸੀ, ਇਹ ਗੱਲ ਸ਼ਾਇਦ 1999 ਦੀ ਹੈ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ1999 ’ਚ ਸੈਂਟਰ ’ਚ ਕਿਸ ਦੀ ਸਰਕਾਰ ਸੀ। ‘ਸਿੰਧੂਰ’ ਨਾਂਅ ਹੇਠ ਜੋ ਆਪ੍ਰੇਸ਼ਨ ਫੌਜ ਵੱਲੋਂ ਕੀਤਾ ਗਿਆ, ਉਸ ਦੀ ਖੂਬਸੂਰਤੀ ਇਸ ਗੱਲ ’ਚ ਹੈ ਕਿ ਇਸ ਵਾਰ ਸਭ ਵਿਰੋਧੀ ਪਾਰਟੀਆਂ ਇੱਕ ਰਾਏ ਦੀਆਂ ਬਣੀਆਂ, ਸਭ ਸਰਕਾਰ ਦੀ ਪਿੱਠ ’ਤੇ ਆਣ ਖਲੋਈਆਂ, ਲੋੜੀਂਦੇ ਵਿਰੋਧੀ, ਸੰਬੰਧਤ ਅਫ਼ਸਰ, ਸੰਬੰਧਤ ਰਾਜਦੂਤਾਂ, ਵਿਦੇਸ਼ੀ ਦੋਸਤਾਂ ਨਾਲ ਸਮੇਂ-ਸਮੇਂ ਸਿਰ ਗੱਲਬਾਤ ਕੀਤੀ ਗਈ, ਸਭ ਨੂੰ ਆਪਣੇ ਭਰੋਸੇ ’ਚ ਲਿਆ ਗਿਆ, ਇਥੋਂ ਤੱਕ ਕਿ ਕਿਸਾਨਾਂ ਦੀ ਹਾੜ੍ਹੀ ਦੀ ਫ਼ਸਲ (ਕਣਕ) ਦਾ ਵੀ ਖਿਆਲ ਰੱਖਿਆ ਗਿਆ। ਸਰਵ ਪਾਰਟੀ ਮੀਟਿੰਗ ਕਾਰਵਾਈ ਤੋਂ ਪਹਿਲਾਂ ਅਤੇ ਬਾਅਦ ’ਚ ਵੀ ਹੋਈ। ਇਸ ਐਕਸ਼ਨ ’ਚ ਸਭ ਤੋਂ ਵੱਡੀ ਗੱਲ ਇਹ ਹੋਈ ਕਿ ਇਸ ‘ਸਿੰਧੂਰ’ ਐਕਸ਼ਨ ਦੌਰਾਨ ਪਾਕਿਸਤਾਨੀ ਫੌਜ ਅਤੇ ਆਮ ਜਨਤਾ ਦਾ ਕੋਈ ਨੁਕਸਾਨ ਨਹੀਂ ਕੀਤਾ ਗਿਆ, ਸਿਰਫ਼ ਨਹਿਲੇ ’ਤੇ ਦਹਿਲਾ ਮਾਰਿਆ ਹੈ, ਬਾਵਜੂਦ ਇਸ ਦੇ ਕਿ ਜਦ ਸਾਡੇ ਪਾਸ ਗੋਲਾ, ਬੇਗੀ, ਬਾਦਸ਼ਾਹ ਅਤੇ ਯੱਕਾ ਵੀ ਮੌਜੂਦ ਸੀ। ਅਗਰ ਲੰਮੇ ਰਾਹ ਸੋਚਿਆ ਜਾਵੇ ਤਾਂ ਪਾਕਿਸਤਾਨੀ ਵੀ ਸਾਡੇ ਭੈਣ-ਭਰਾ ਹੀ ਹਨ, ਫ਼ਰਕ ਸਿਰਫ਼ ਏਨਾ ਹੈ ਕਿ ਅੱਜ ਦੇ ਦਿਨ ਉਹ ਭਰਾਵਾਂ ਤੋਂ ਸ਼ਰੀਕ ਬਣ ਗਏ ਹਨ। ਉਂਝ ਸਾਡਾ ਡੀ ਐੱਨ ਏ ਲੱਗਭੱਗ ਇਕੋ ਜਿਹਾ ਹੈ, ਮੁਹ-ਮੁਹਾਂਦਰੇ ਇਕੋ ਜਿਹੇ ਹਨ। ਸਿਰਫ਼ ਸਰਕਾਰਾਂ ਦੇ ਢਾਂਚੇ ਅਲੱਗ ਹਨ। ਹੋਰ ਫ਼ਰਕ ਇਹ ਲਗਦਾ ਹੈ ਕਿ ਅਸੀਂ ਪਿਆਰ ਦੀ ਥਾਂ ਪਿਛਲੇ ਸਮੇਂ ਨਫ਼ਰਤ ਨਾਲ ਚੋਪੜੇ ਗਏ ਹਾਂ। ਉਂਝ 1947 ਤੋਂ ਪਹਿਲਾਂ ਬਹੁਤਿਆਂ ਦੇ ਪਿੰਡ, ਸ਼ਹਿਰ, ਇਲਾਕੇ, ਜ਼ਿਲ੍ਹੇ, ਪ੍ਰਦੇਸ਼ ਇਕ ਹੀ ਸਨ।

ਅਖੀਰ ’ਚ ਅਸੀਂ ਪਾਕਿਸਤਾਨ ਦੀ ਅਵਾਮ ਨੂੰ ਅਪੀਲ ਕਰਨੀ ਚਾਹਾਂਗੇ ਕਿ ਉਠੋ, ਇਕੱਠੇ ਹੋਵੋ, ਭਾਰਤ ਵਿਰੁੱਧ ਲੜਨ ਦੀ ਬਜਾਏ, ਆਪਣੀਆਂ ਉਨ੍ਹਾਂ ਸਰਕਾਰਾਂ ਵਿਰੁੱਧ ਲੜੋ ਜੋ ਤੁਹਾਡੇ ਚੁਣੇ ਹੋਏ ਮੁਖੀਆਂ ਨੂੰ ਫਾਂਸੀ ਲਾਉਂਦੇ ਹਨ, ਜਾਂ ਜੇਲ੍ਹਾਂ ’ਚ ਬੰਦ ਕਰ ਦਿੰਦੇ ਹਨ। ਫੌਜਾਂ ਸਿਰਫ਼ ਦੇਸ਼ ਦੀ ਬਾਹਰਲੀ ਰੱਖਿਆ ਕਰਨ ਲਈ ਬਣਾਈਆਂ ਗਈਆਂ ਹੁੰਦੀਆਂ ਹਨ ਨਾ ਕਿ ਰਾਜ ਕਰਨ ਲਈ। ਕਿੰਨੇ ਦੁੱਖ ਦੀ ਗੱਲ ਹੈ ਕਿ ਤੁਹਾਡੇ ਦੇਸ਼ ਵਿੱਚ ਅਜ਼ਾਦੀ ਦੇ 78 ਸਾਲ ਬਾਅਦ ਵੀ ਅਵਾਮ ਫੌਜ ਦੇ ਬੂਟਾਂ ਥੱਲੇ ਪਿਸ ਰਿਹਾ ਹੈ, ਸਾਨੂੰ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਧੀਰਜ ਬੰਨ੍ਹਾਇਆ ਸੀ ਕਿ ਅਗਰ ਭਾਰਤ ਤਨਾਅ ਨੂੰ ਘੱਟ ਕਰਦਾ ਹੈ ਤਾਂ ਅਸੀਂ ਇਸ ਤਨਾਅ ਨੂੰ ਖ਼ਤਮ ਕਰਨ ਲਈ ਤਿਆਰ ਹਾਂ। ਪਰ 8 ਤਰੀਕ ਦੀ ਰਾਤ ਦੀ ਬੇਲੋੜੀ ਪਾਕਿਸਤਾਨੀ ਫਾਇਰਿੰਗ ਨੇ ਉਸ ਬਿਆਨ ’ਤੇ ਮਿੱਟੀ ਫੇਰਦਿਆਂ ਅੱਗ ਨਾਲ ਖੇਡਣ ਦੀ ਜੋ ਗਲਤੀ ਮੁੜ ਦੁਹਰਾਈ ਹੈ, ਨਾ ਸਮਝੇ ਤਾਂ ਆਪਣੇ ਵਜੂਦ ਦੇ ਖਾਤਮੇ ਵੱਲ ਸਫ਼ਰ ਕਰਨਗੇ।

*# ਸੰਪਰਕ : 98721-65741*

# ਅੱਗ ਪਾਣੀਆਂ ’ਚ ਹਾਣੀਆਂ ਮੈਂ ਲਾਈ ਰਾਤ ਨੂੰ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-15**

**ਸੁਰਜੀਤ ਸੁਮਨ**

ਅਚਾਨਕ ਲੱਗੀ ਅੱਗ ਦਾ ਦੋਸ਼ ਆਮ ਤੌਰ ‘ਤੇ ਅਸੀਂ ਅਣਗਹਿਲੀ ਵਰਤਣ ਵਾਲ਼ੇ ਦੇ ਨਾਲ਼ ਨਾਲ਼ ਕੁਦਰਤ ਸਿਰ ਮੜ੍ਹਨ ਲੱਗਿਆਂ ਦੇਰ ਨਹੀਂ ਲਾਉਂਦੇ। ਅੱਗ ਲਾਉਣਾ ਗੁਨਾਹ ਹੈ। ਅੱਗ ਚੁਫੇਰੇ ਨੂੰ ਸੁਆਹ ਕਰ ਛੱਡਦੀ ਹੈ, ਸਭ ਜਾਣਦੇ ਹਨ। ਫਿਰ ਵੀ ਬਹੁਤੇ ਲੋਕਾਂ ਨੂੰ ਅੱਗ ਲਾਉਣ ਦੀ ਭੈੜੀ ਵਾਦੀ ਹੁੰਦੀ ਹੈ। ਅਜਿਹੇ ਲੋਕਾਂ ਵੱਲੋਂ ਲਗਾਈ ਗਈ ਅੱਗ ਜਿਉਂਦੇ-ਜਾਗਦੇ ਰਿਸ਼ਤਿਆਂ ਨੂੰ ਰਾਖ਼ ਦੀ ਢੇਰੀ ਵਿੱਚ ਤਬਦੀਲ ਕਰ ਦਿੰਦੀ ਹੈ। ਕਈ ਲੋਕ ਆਪਣੇ ਸੁਹਜ-ਸੁਆਦ ਲਈ ਅਜਿਹਾ ਕਾਰਾ ਕਰਦਿਆਂ ਭੋਰਾ ਭਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਧਾਨਾਂ ਦੀ ਪਰਾਲ਼ੀ ਜਾਂ ਕਣਕ ਦੇ ਨਾੜ ਨੂੰ ਲਗਾਈ ਅੱਗ ਅਸਮਾਨ ਨੂੰ ਧੂੰਆਂ-ਧੂੰਆਂ ਕਰ ਦਿੰਦੀ ਹੈ। ਸਾਹ ਆਉਣਾ ਮੁਸ਼ਕਲ ਹੋ ਜਾਂਦਾ ਹੈ। ਧਰਤੀ ਦੀ ਗੋਦ ਵਿੱਚ ਪਲ਼ਦੇ ਕੀਟ-ਪਤੰਗੇ, ਨਦੀਨ, ਤਿੱਤਲੀਆਂ, ਆਲ੍ਹਣਿਆਂ ਦੇ ਬੋਟ, ਇੱਥੋਂ ਤੱਕ ਹਰੇ-ਭਰੇ ਪੌਦੇ, ਫੁੱਲ-ਬੂਟੇ ਆਦਿ, ਜਿਨ੍ਹਾਂ ਹਾਲੇ ਭਵਿੱਖੀ ਕਾਲ ਵਿੱਚ ਰੁੱਖ ਬਣ ਕੇ ਸਾਨੂੰ ਸਾਹ ਪ੍ਰਦਾਨ ਕਰਨੇ ਹੁੰਦੇ ਹਨ, ਅਗਨ ਭੇਟ ਹੋ ਅਣਿਆਈ ਮੌਤ ਮਾਰੇ ਜਾਂਦੇ ਹਨ। ਅੱਗ ਦੇ ਕਹਿਰ ਅਤੇ ਜ਼ਾਲਮਾਂ ਦੇ ਜ਼ੁਲਮ ਦੀ ਸਿਖਰ ਪੇਸ਼ ਕਰਦਿਆਂ ਨਾਨਕ ਸਿੰਘ ਦੇ ਸ਼ਾਹਕਾਰ ਨਾਵਲ ‘ਚਿੱਟਾ ਲਹੂ’ ਦੇ ਮੁੱਖ ਪਾਤਰ ‘ਬਾਬਾ ਰੋੜੂ’ ਤੇ ‘ਸੁੰਦਰੀ’ ਦੀ ਪੀੜ-ਪਰੁੱਚੀ ਯਾਦ ਦੀ ਫਿਰਕੀ ਮੇਰੇ ਚੇਤੇ ਵਿੱਚ ਘੁੰਮਣ ਲਗਦੀ ਹੈ। ਵੈਲੀ ਪਾਲਾ ਸਿੰਘ ਦੀ ਖ਼ੂੰਖਾਰ ਤਬੀਅਤ ‘ਸੁੰਦਰੀ’ ਦੇ ਨਾਲ਼ ਨਾਲ਼ ਲੋਕ ਹਿਤਾਂ ਨੂੰ ਪਰਣਾਏ ‘ਬਚਨ ਸਿੰਘ’ ਵਰਗੇ ਦੇਸ਼ ਪ੍ਰੇਮੀ ਦੀ ਸੰਘੀ ਨੂੰ ਜਾ ਹੱਥ ਪਾਉਂਦੀ ਹੈ। ਇਹ ਅੱਗ ਹੀ ਸੀ, ਜਿਸ ਨੇ ਸ਼ਿਵ ਅਰਧਾਂਗਨੀ ਮਾਤਾ ਸਤੀ ਨੂੰ, ਪਿਤਾ ਦਕਸ਼ ਦੀ ਬੇਰਹਿਮ ਸੋਚ ਬਦਲੇ ਹਵਨ ਕੁੰਡ ਦੀ ਅੱਗ ਹਵਾਲੇ ਹੋ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ। ਮਹਾਂਭਾਰਤ ਕਾਲ ਵਿੱਚ ਪਾਂਡਵਾਂ ਵੱਲੋਂ ਖਾਂਡਵ ਵਣ ਨੂੰ ਘੇਰ ਕੇ ਅੱਗ ਲਗਾ ਦਿੱਤੀ ਗਈ ਸੀ। ਏਸ ਅੱਗ ਵਿੱਚ ਖਾਂਡਵ ਵਣ ਦੇ ਨਾਲ਼ ਨਾਲ਼ ਉੱਥੋਂ ਦੇ ਨਾਗਲੋਕ ਤੇ ਭੀਲ ਅਗਨ ਭੇਟ ਹੋ ਗਏ। ਏਸ ਅੱਗ ਦੀਆਂ ਲਪਟਾਂ ਨਾਲ਼ ਸੜੇ ਇਨ੍ਹਾਂ ਬੇਕਸੂਰ ਤੇ ਬੇਵਸ ਲੋਕਾਂ ਦੀਆਂ ਬਦ-ਦੁਆਵਾਂ ਨੇ ਪਾਂਡਵਾਂ ਵੱਲੋਂ ਇਸ ਥਾਂ ਬਣਾਏ ਇੰਦਰਪ੍ਰਸਤ ਦੀਆਂ ਨੀਂਹਾਂ ਵਿੱਚ ਇਨ੍ਹਾਂ ਲੋਕਾਂ ਦੀ ਚੀਕ-ਪੁਕਾਰ ਨੂੰ ਵੀ ਚਿਣ ਦਿੱਤਾ। ਫਿਰ ਏਸ ਚੀਕ-ਪੁਕਾਰ ਨੇ ਇੰਦਰਪ੍ਰਸਤ ਨੂੰ ਇੱਕ ਪਲ ਲਈ ਵੀ ਚੈਨ ਨਾਲ਼ ਜੀਣ ਨਹੀਂ ਦਿੱਤਾ। ਇਹ ਤਤਕਾਲੀਨ ਰਾਜਨੀਤਿਕਾਂ ਦੀਆਂ ਆਪਹੁਦਰੀਆਂ ਸਾਜ਼ਿਸ਼ਾਂ ਦਾ ਅਜਿਹਾ ਅੱਡਾ ਬਣਿਆ, ਜਿਸ ਨਾਲ਼ ਇਨ੍ਹਾਂ ਦੀ ਅਗਲੀ ਪੀੜ੍ਹੀ ਲੜਦੀ ਹੋਈ ਕੱਟ-ਵੱਟ ਕੇ ਮਰ ਗਈ। ਇਤਿਹਾਸ-ਮਿਥਿਹਾਸ ਵਿੱਚੋਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਲਈਆਂ ਜਾ ਸਕਦੀਆਂ ਹਨ, ਜਿਹੜੀਆਂ ਸਾੜੇ ਜਾਂ ਬਦਲੇ ਦੀ ਅੱਗ ਵਿੱਚ ਸੜ ਕੇ ਸੁਆਹ ਹੋ ਗਈਆਂ। ਪਿਛਲੇ ਦਿਨੀਂ ਪਹਿਲਗਾਮ ਵਿੱਚ ਮਨੁੱਖਤਾ ਦੇ ਦੁਸ਼ਮਣਾਂ ਦੇ ਮੈਲ਼ੇ ਮਨਾਂ ਵਿੱਚ ਮੱਚ ਰਹੇ ਅੱਗ ਦੇ ਭਾਂਬੜ ਨੇ ਨਿਰਦੋਸ਼ ਪ੍ਰਾਣੀਆਂ ਨੂੰ ਭੁੰਨ ਸੁੱਟਿਆ। ਇਸ ਖ਼ੂਬਸੂਰਤ ਬੈਸਰਨ ਵਾਦੀ ਦੀ ਸੈਰਗਾਹ ਵਿੱਚ ਸਕੂਨ ਦੇ ਪਲਾਂ ਨੂੰ ਮਾਣਨ ਆਏ ਇੱਕ ਧਰਮ ਦੇ ਇਨ੍ਹਾਂ ਲੋਕਾਂ ਦੇ ਖੂਨ ਦੀ ਹੋਲੀ ਖੇਡਣ ਨੂੰ ਭੋਰਾ ਭਰ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਘਟਨਾ ਦੇ ਇਵਜ਼ ਵਿੱਚ ਫਟੇ ਜੁਆਲਾਮੁਖੀ ਦੀਆਂ ਲਪਟਾਂ ਨੇ ਸਮੁੱਚੇ ਵਿਸ਼ਵ ਦਾ ਧਿਆਨ ਖਿੱਚਦਿਆਂ ਦੋਵਾਂ ਦੇਸ਼ਾਂ ਦੇ ਰਾਜਨੀਤਿਕ ਗਲਿਆਰਿਆਂ ਵਿੱਚ ਖਲਬਲੀ ਜਿਹੀ ਮਚਾ ਦਿੱਤੀ। ਗਹਿਰੀ ਦੁਸ਼ਮਣੀ ਦੀ ਏਸ ਅਪਸਰਾ ਨੇ ਘੁੰਡ ਚੁੱਕ ਕੇ ਨਹੀਂ, ਘੁੰਡ ਕੱਢ ਕੇ ਅਜਿਹੀ ਕਿੱਕਲੀ ਪਾਈ ਕਿ ਅੱਖ ਦੇ ਫੋਰ ਵਿੱਚ ਹੀ ਵਹਿੰਦੇ ਪਾਣੀਆਂ ਨੂੰ ਅੱਗ ਲੱਗ ਗਈ। ਇਸੇ ਲਈ ਅੱਜ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਹਾਲਤ ‘ਸੱਪ ਦੇ ਮੂੰਹ ਆਈ ਕੋਹੜ-ਕਿਰਲੀ’ ਵਰਗੀ ਹੋਈ ਪਈ ਹੈ। ਸਰਹੱਦ ‘ਤੇ ਕੰਡਿਆਲ਼ੀ ਤਾਰੋਂ ਓਰਾਰ ਜਾਂ ਪਾਰ ਦਹਿਸ਼ਤ ਦਾ ਮਾਹੌਲ ਹੈ। ਗੁਆਂਢੀ ਦੇਸ਼ ਨੂੰ ਜਾਂਦੇ ਪਾਣੀਆਂ ਦੀ ਧਾਰਾ ਨੂੰ ਬੰਦ ਕਰਨ ਨਾਲ਼ ਏਸ ਖਿੱਤੇ ਦੀ ਤਪਸ਼ ਦਾ ਵਧਣਾ ਲਾਜ਼ਮੀ ਸੀ। ਹੁਣ ਦੋਵੇਂ ਦੇਸ਼ਾਂ ਦੇ ਰਾਜਨੀਤਿਕ ਲਗਾਤਾਰ ਇੱਕ ਦੂਜੇ ਨੂੰ ਪਾਣੀ ਪੀ ਪੀ ਕੋਸ ਰਹੇ ਹਨ। ਅੱਗ ਉਗਲ਼ ਰਹੇ ਹਨ। ਇਨ੍ਹਾਂ ਨੂੰ ਆਵਾਮ ਦਾ ਰੱਤੀ ਭਰ ਵੀ ਫਿਕਰ ਨਹੀਂ। ਦੋਵਾਂ ਦੇਸ਼ਾਂ ਦੇ ਆਮ ਲੋਕ ਕਿੰਝ ਗੁਰਬਤ ਦੀ ਅੱਗ ਵਿੱਚ ਝੋਕੇ ਹੋਏ ਹਨ, ਉਨ੍ਹਾਂ ਦਾ ਇਨ੍ਹਾਂ ਨੂੰ ਕੋਈ ਫ਼ਿਕਰ ਨਹੀਂ। ਅਪਰੇਸ਼ਨ ਸੰਧੂਰ ਨਾਲ਼ ਦੁਸ਼ਮਣਾਂ ਨੂੰ ਮੂੰਹ ਤੋੜ ਜਵਾਬ ਮਿਲ਼ ਗਿਆ ਹੈ। ਐਨੇ ਨਾਲ਼ ਹੀ ਇਨ੍ਹਾਂ ਨੂੰ ਸਮਝ ਜਾਣਾ ਚਾਹੀਦਾ ਹੈ। ਖ਼ੂਨ ਏਧਰ ਵੀ ਡੁੱਲ੍ਹਿਆ ਤੇ ਖ਼ੂਨ ਓਧਰ ਵੀ। ਦੋਵਾਂ ਦੇਸ਼ਾਂ ਦਾ ਆਵਾਮ ਕਿਸੇ ਤਰ੍ਹਾਂ ਦੀ ਵੀ ਜੰਗ ਨਹੀਂ ਚਾਹੁੰਦਾ। ਦੂਜੇ ਪਾਸੇ ਅੱਤਵਾਦੀ ਸਰਗਣੇ ਤੇ ਰਾਜਨੀਤੀਵਾਨ ਸ਼ਾਂਤੀ ਨਹੀਂ ਚਾਹੁੰਦੇ। ਅਜਿਹਾ ਵਰਤਾਰਾ ਇਨਸਾਨੀਅਤ ਵਿਰੋਧੀ ਹੈ, ਜਿਸ ਨੂੰ ਬਦਲਣਾ ਚਾਹੀਦਾ ਹੈ। ਸਵੇਰੇ ਸੈਰ ਕਰਦਿਆਂ ਪਿਆਰਾ ਸਿੰਘ ਸੈਣੀ ਕਹਿ ਰਿਹਾ ਸੀ, ‘ਅਪਰੇਸ਼ਨ ਸਿੰਧੂਰ’ ਨਾਲ਼ ਭਾਰਤ-ਪਾਕਿ ਦੁਸ਼ਮਣੀ ਦੀ ਏਸ ਕਹਾਣੀ ਵਿੱਚ ਇੱਕ ਨਵਾਂ ਅਧਿਆਏ ਜੁੜ ਗਿਆ ਭਰਾ। ਤੈਨੂੰ ਪਤੈ, ਪਹਿਲੀ ਭਾਰਤ-ਪਾਕਿ ਜੰਗ ਦੀ ਜੜ੍ਹ ਉਸ ਵੇਲ਼ੇ ਦੀ ਜੰਮੂ ਕਸ਼ਮੀਰ ਰਿਆਸਤ ਸੀ। ਮਹਾਰਾਜਾ ਹਰੀ ਸਿੰਘ ਦੇ ਏਧਰ ਸ਼ਾਮਿਲ ਹੋਣ ਕਰਕੇ ਟਕਰਾਅ ਵਧਿਆ। ਸੰਯੁਕਤ ਰਾਸ਼ਟਰ ਦੀ ਵਿਚੋਲਗੀ ਨੇ ਜੰਗਬੰਦੀ ਲਈ ਰਾਹ ਪੱਧਰਾ ਕੀਤਾ ਤੇ ਫਿਰ ਕਸ਼ਮੀਰ ਦੀ ਵੰਡ ਹੋਈ। ’ਕਹੱਤਰ ਦੀ ਜੰਗ ਨੇ ਬੰਗਲਾਦੇਸ਼ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਦੇ ਦਿੱਤੀ। ਇਸੇ ਤਰ੍ਹਾਂ ਕਾਰਗਿਲ ਯੁੱਧ, ਉੜੀ ਹਮਲਾ ਤੇ ਫਿਰ 2019 ਵਿੱਚ ਪੁਲਵਾਮਾ।’ ਕੁਝ ਸਮਾਂ ਚੁੱਪ ਰਹਿ ਕੇ ਉਹ ਫਿਰ ਬੋਲਿਆ, ’ਇਹ ਭਰਾ ਮਾਰੂ ਜੰਗ ਆ ਜੀਹਨੇ ਅੰਤ ਪੱਲੇ ਕੱਖ ਨੀਂ ਛੱਡਣਾ। ਸਭ ਕੁਸ਼ ਐਥੇ ਈ ਰਹਿ ਜਾਣਾ। ਆਪਾਂ ਚਰਾਸੀ ਭੋਗਿਆ, ਲੱਭਿਆ ਕੁਸ਼? ਘਰਾਂ ਦੇ ਘਰ ਉਜੜ ਗਏ। ਧੀਆਂ-ਭੈਣਾਂ ਦੇ ਸੰਧੂਰ ਲੱਥ ਗਏ। ਮਾਵਾਂ ਨੂੰ ਪੁੱਤ ਨਾ ਲੱਭੇ। ਸਰਹੱਦ ’ਤੇ ਦੋਵੇਂ ਪਾਸੇ ਸ਼ਹੀਦ ਹੁੰਦੇ ਫੌਜੀਆਂ ਦੇ ਘਰਾਂ ’ਚ ਸੱਥਰ ਵਿਛ ਜਾਂਦੇ ਨੇ। ਚਾਰ ਦਿਨ ਦੀਆਂ ਗੱਲਾਂ, ਬਾਅਦ ’ਚ ਫਿਰ ਕੌਣ ਪੁੱਛਦੈ? ਮੇਰੇ ਵੱਡੇ ਭਰਾ ਦੀ ਸੁਣ ਲੈ? ਮੇਰੀ ਇੱਕ ਨੀਂ ਸੁਣੀਂ ਉਸ। ਸ਼ਰੀਕਾਂ ਮਗਰ ਜਾ ਲੱਗਿਆ। ਜ਼ਮੀਨ ਦਾ ਥੋੜ੍ਹਾ ਪੈਸਾ ਮਿਲ਼ਿਆ ਸਾਨੂੰ? ਹੋਰ ਬੰਦੇ ਨੂੰ ਕੀ ਚਾਹੀਦੈ। ਵੀਹ-ਵੀਹ, ਤੀਹ-ਤੀਹ ਕਿੱਲੇ ਜ਼ਮੀਨ ਹੋਰ ਬਣਗੀ। ਉੱਕਾ-ਪੁੱਕਾ ਠੇਕਾ ਆਊਂਦੈ। ਦਿਨ ਭਰ ਵਿਹਲੇ। ਕੋਈ ਕੰਮ ਨੀਂ ਕਾਰ ਨੀਂ। ਮੁੰਡੇ ਵੰਨ-ਸੁਵੰਨੀਆਂ ਲਗਜ਼ਰੀ ਗੱਡੀਆਂ ਦੁੜਾਈ ਫਿਰਦੇ ਨੇ। ਪਹਿਨਣ ਨੂੰ ਬਰਾਂਡਿਡ ਕੱਪੜੇ। ਭਰਾ ਨੇ ਮੁਸ਼ਤਰਕਾ ਖਾਤੇ ਦੀਆਂ ਚਾਰ ਕਨਾਲ਼ਾਂ ਪਿੱਛੇ ਕੇਸ ਕਰ ਛੱਡਿਆ। ਹੁਣ ਵਕੀਲਾਂ ਕੋਲ਼ ਧੱਕੇ ਖਾਈ ਜਾਂਦੇ ਆਂ। ਬੀਬੀ-ਬਾਪੂ ਹੱਥੀਂ ਬਣੇ ਘਰ ਨੂੰ ਵਿਚਾਲ਼ਿਉਂ ਕੰਧ ਕਰਕੇ ਦੋ ਟੁਕੜਿਆਂ ਵਿੱਚ ਵੰਡ ’ਤਾ ਪਤੰਦਰ ਨੇ।’ ਉਸ ਦੀਆਂ ਅੱਖਾਂ ਵਿੱਚੋਂ ਪਾਣੀ ਸਿੰਮ ਆਇਆ ਸੀ। ਉਹ ਇੱਕ ਪਲ ਲਈ ਰੁਕਿਆ। ਫਿਰ ਪਾਰਕ ਵਿੱਚ ਪਏ ਬੈਂਚ ’ਤੇ ਬਹਿ ਗਿਆ। ਜਿਵੇਂ ਉਹਦੀਆਂ ਲੱਤਾਂ ਤੁਰਨੋਂ ਜਵਾਬ ਦੇ ਰਹੀਆਂ ਹੋਣ। ਮੈਂ ਵੀ ਓਹਦੇ ਕੋਲ਼ ਜਾ ਬੈਠਾ। ਉਹ ਪਾਰਕ ਸਾਹਮਣੇ ਬਣੀਂ ਕਨਾਲ਼ ਦੀ ਕਾਰਨਰ ਕੋਠੀ ਵਿੱਚਲੇ ਨਿੱਕੀਆਂ ਨਿੱਕੀਆਂ ਅੰਬੀਆਂ ਦੇ ਗੁੱਛਿਆ ਨਾਲ ਭਰੇ ਅੰਬ ਨੂੰ ਘੂਰ ਰਿਹਾ ਸੀ। ਓਹਦੀਆਂ ਅੱਖਾਂ ਵਿੱਚੋਂ ਵਹਿ ਰਹੇ ਹੰਝੂ ਉਸ ਦੀ ਕਰੜ-ਬਰੜੀ ਦਾਹੜੀ ਨੂੰ ਭਿਉਂ ਰਹੇ ਸਨ। ਇਹਦਾ ਦਿਲ ਹੌਲ਼ਾ ਹੋ ਲਵੇ, ਸੋਚ ਮੈਂ ਚੁੱਪ ਰਿਹਾ ਤੇ ਪਾਰਕ ਵਿੱਚ ਲੱਗੇ ਓਪਨ ਜਿੰਮ ਵਿੱਚ ਵਰਜ਼ਿਸ਼ ਕਰਦੇ ਸੈਲਾਨੀਆਂ ਵੱਲ ਦੇਖਣ ਲੱਗਾ। ਫਿਰ ਮੈਂ ਓਹਦੇ ਮੋਢੇ ’ਤੇ ਹੱਥ ਧਰਿਆ। ਉਦੋਂ ਤੱਕ ਉਹ ਸ਼ਾਂਤ ਹੋ ਚੁੱਕਾ ਸੀ। ਯਾਦਾਂ ਦੇ ਗਲੋਟੇ ਉੱਧੜ ਚੁੱਕੇ ਸਨ। ਵਹਿ ਗਏ ਹੰਝੂਆਂ ਨੇ ਓਹਦੇ ਮਨ ਨੂੰ ਹੌਲ਼ਾ ਫੁੱਲ ਕਰ ਦਿੱਤਾ ਸੀ। ਉਸ ਨੇ ਕੋਠੀ ਦੇ ਲਾਅਨ ਵਿੱਚ ਖੜ੍ਹੇ ਓਸੇ ਅੰਬ ਦੇ ਬੂਟੇ ਵੱਲ ਹੱਥ ਦਾ ਇਸ਼ਾਰਾ ਕਰਦਿਆਂ ਕਿਹਾ, ’ਇਹ ਅੰਬ ਅਸੀਂ ਦੋਹਾਂ ਭਰਾਵਾਂ ਨੇ ਲਾਇਆ ਸੀ। ਏਥੇ ਸਾਡੇ ਪੰਜ ਕਿੱਲੇ ਦਾ ਟੱਕ ਸੀ। ਏਹਦੇ ’ਚ ਅਸੀਂ ਸਬਜ਼ੀਆਂ ਬੀਜਦੇ। ਘੀਆ, ਕੱਦੂ, ਟਮਾਟਰ, ਕਰੇਲੇ, ਪਿਆਜ, ਹਰੀਆਂ ਮਿਰਚਾਂ। ਬਾਪੂ ਜੀ ਦੱਸਦੇ ਹੁੰਦੇ ਸਨ, ਅਹੁ ਜਿਹੜੀ ਵੱਡੀ ਪਾਰਕ, ਗੁਰਦੁਆਰਾ ਸਾਹਿਬ ਤੱਕ ਜਾਂਦੀ ਆ ਨਾ, ਇੱਥੋਂ ਤੱਕ ਪਟਿਆਲ਼ਾ ਕੀ ਰਾਓ ਨਦੀ ਵਹਿੰਦੀ ਸੀ ਕਿਸੇ ਵੇਲ਼ੇ। ਹੁਣ ਤਾਂ ਡੈਮ ਬਣਗੇ। ਬਰਸਾਤਾਂ ਵਿੱਚ ਇੱਥੋਂ ਲੰਘਣਾ ਮੁਸ਼ਕਲ ਹੁੰਦਾ ਸੀ। ਇਹਦੇ ਇੱਕ ਕੋਨੇ ’ਚ ਦਸ ਦਸ ਫੁੱਟ ਦੀਆਂ ਉੱਚੀਆਂ ਕੰਧਾਂ ਦੇਖੀਆਂ? ਓਹਦੇ ਅੰਦਰ ਸਾਡੇ ਪਿੰਡ ਦਾ ਸਮਸ਼ਾਨ ਆ, ਬਿਲਕੁਲ ਗੁਰਦੁਆਰਾ ਸਾਹਿਬ ਦੇ ਸਾਹਮਣੇ। ਵੱਟਾਂ ਦੇ ਝਗੜੇ ਪਿੱਛੇ, ਪਾਣੀ ਪਿੱਛੇ ਇੱਥੇ ਕਈ ਵਾਰ ਹੋਈਆਂ ਲੜਾਈਆਂ ਵਿੱਚ ਕਤਲ ਹੁੰਦੇ ਮੈਂ ਆਪਣੇ ਅੱਖੀਂ ਵੇਖੇ ਨੇ। ਦੇਖ ਲੈ ਜ਼ਮੀਨਾਂ ਏਥੇ ਈ ਰਹਿ ਗਈਆਂ। ਡੁੱਲ੍ਹਿਆ ਖੂਨ ਵੀ ਮਿੱਟੀ ਵਿੱਚ ਜਾ ਰਲ਼ਿਆ।’ ਆਖ ਉਸ ਡੂੰਘਾ ਜਿਹਾ ਹੌਕਾ ਲਿਆ। ਹੁਣ ਚੁੱਪ ਬੈਠੇ ਪਿਆਰਾ ਸਿੰਘ ਦੀ ਨਜ਼ਰ ਅੰਬੀਆਂ ਤੇ ਟਿਕੀ ਦੇਖ ਪਤਾ ਨਹੀਂ ਮੇਰੀ ਸੁਤਾਅ ਕਦੋਂ ਭਾਰਤ-ਪਾਕਿ ਸਰਹੱਦ ਵੱਲ ਚਲੇ ਜਾਂਦੀ ਹੈ। ਬੈਂਚ ਤੇ ਬੈਠਾ ਬੈਠਾ ਮੈਂ ਯੂਟਿਊਬ ਫਰੋਲਣ ਲਗਦਾ ਹਾਂ। ਮਾਤਾ ਸੁਰਿੰਦਰ ਕੌਰ ਦਾ ਗੀਤ ਚੱਲ ਪਿਆ, ‘ਸ਼ਾਵਾ ਘੁੰਡ ਕੱਢ ਕੇ ਜਾ ਕਿੱਕਲੀ ਮੈਂ ਪਾਈ ਰਾਤ ਨੂੰ/ ਅੱਗ ਪਾਣੀਆਂ ‘ਚ ..’ ਮੈਂ ਫਟਾਫਟ ਫੋਨ ਬੰਦ ਕਰ ਦਿੰਦਾ ਹਾਂ।

*ਸੰਪਰਕ : 98144 30874*

**ਸਰਬਜੀਤ ਕੰਗਣੀਵਾਲ**

# ਯਾਦਾਂ ਵਿੱਚ ਵਸਿਆ-ਮਾਸਟਰ ਭਗਤ ਰਾਮ

ਮਾਸਟਰ ਭਗਤ ਰਾਮ ਯਾਦਾਂ ਵਿੱਚ ਪੂਰੀ ਤਰ੍ਹਾਂ ਵਸਿਆ ਹੋਇਆ ਹੈ। ਉਨ੍ਹਾਂ ਵੱਲੋਂ ਦਿੱਤੇ ਗਏ ਭਾਸ਼ਣਾਂ ਨੇ ਚੜ੍ਹਦੀ ਉਮਰੇ ਦਿਮਾਗ ਦੇ ਕਈ ਕਵਾੜ ਖੋਲ੍ਹੇ। ਹਾਲਾਂਕਿ ਉਹ ਢਾਈ ਦਹਾਕੇ ਪਹਿਲਾਂ ਕੈਨੇਡਾ ਚਲੇ ਗਏ ਸਨ ਅਤੇ ਉਸ ਤੋਂ ਬਾਅਦ ਉਨ੍ਹਾਂ ਨਾਲ ਕੋਈ ਖਾਸ ਰਾਬਤਾ ਨਹੀਂ ਰਿਹਾ ਪਰ ਫਿਰ ਵੀ ਉਹ ਹਮੇਸ਼ਾ ਯਾਦਾਂ ਵਿੱਚ ਬਣੇ ਰਹੇ ਹਨ। ਉਨ੍ਹਾਂ ਨੇ 1977 ਦੀਆਂ ਲੋਕ ਸਭਾ ਚੋਣਾਂ ਵਿੱਚ 2,76,973 ਵੋਟਾਂ ਲੈ ਕੇ ਫਿਲੌਰ ਤੋਂ ਜਿੱਤ ਹਾਸਲ ਕੀਤੀ ਸੀ ਅਤੇ ਉਨ੍ਹਾਂ ਨੂੰ 61.06 ਫ਼ੀਸਦੀ ਵੋਟਾਂ ਹਾਸਲ ਹੋਈਆਂ ਸਨ, ਜਦਕਿ ਉਨ੍ਹਾਂ ਦੇ ਮੁੱਖ ਵਿਰੋਧੀ ਕਾਂਗਰਸ ਦੇ ਗੁਰਚਰਨ ਦਾਸ ਨੂੰ 1,27,942 ਵੋਟਾਂ ਪਈਆਂ ਸਨ।

ਮਾਸਟਰ ਭਗਤ ਰਾਮ ਨਾਲ ਮੇਰਾ ਸਿੱਧਾ ਵਾਹ 1980ਵਿਆਂ ਦੇ ਸ਼ੁਰੂ ਵਿੱਚ ਪਿਆ। ਉਸ ਵੇਲੇ ਮੈਂ ਡੀ.ਵਾਈ.ਐੱਫ.ਆਈ. ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਮਾਸਟਰ ਭਗਤ ਰਾਮ ਉਸ ਸਮੇਂ ਖੇਤ ਮਜ਼ਦੂਰ ਸਭਾ ਵਿੱਚ ਸਰਗਰਮ ਸਨ ਅਤੇ ਉਨ੍ਹਾਂ ਦਾ ਸਾਡੇ ਪਿੰਡ ਵਿੱਚ ਵਿਸ਼ੇਸ਼ ਦਖ਼ਲ ਸੀ। ਭਾਵੇਂ ਲੱਖ ਯਤਨਾਂ ਦੇ ਬਾਵਜੂਦ ਅਸੀਂ ਖੇਤ ਮਜ਼ਦੂਰ ਸਭਾ ਦਾ ਯੂਨਿਟ ਸਥਾਪਤ ਨਹੀਂ ਕਰ ਸਕੇ, ਪਰ ਫਿਰ ਵੀ ਉਹ ਪਾਰਟੀ ਅਤੇ ਨੌਜਵਾਨਾਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਨ ਆਉਂਦੇ ਸਨ। ਮੈਂ ਉਨ੍ਹਾਂ ਦੀਆਂ ਅਨੇਕਾਂ ਮੀਟਿੰਗਾਂ ਅਟੈਂਡ ਕੀਤੀਆਂ। ਉਹ ਦੋ-ਤਿੰਨ ਮਹੀਨੇ ਬਾਅਦ ਸਾਡੇ ਪਿੰਡ ਮੀਟਿੰਗ ਰੱਖ ਲੈਂਦੇ। ਪਾਰਟੀ ਯੂਨਿਟ ਦਾ ਸਾਡਾ ਇੰਚਾਰਜ ਕਾਮਰੇਡ ਚਰੰਜੀ ਲਾਲ ਸੁਨੇਹਾ ਦੇਣ ਆਉਂਦਾ ਅਤੇ ਆਖਦਾ, “ਮਾਸਟਰ ਭਗਤ ਰਾਮ ਨੇ ਫਲਾਣੇ ਦਿਨ ਨੂੰ ਮੀਟਿੰਗ ਲੈਣ ਆਉਣਾ। ਮੁੰਡਿਆਂ ਨੂੰ ਇਕੱਠੇ ਕਰ ਲਵੀਂ।” ਫਿਰ ਸਾਡੀ ਹੇਠਲੀ ਬੈਠਕ ਵਿੱਚ ਲੰਮੀ ਮੀਟਿੰਗ ਚੱਲ ਪੈਂਦੀ, ਜੋ 30-35 ਬੰਦਿਆਂ ਦੇ ਬੈਠਣ ਲਈ ਕਾਫ਼ੀ ਸੀ। ਇਹ ਬੈਠਕ ਸਿਰਫ਼ ਮੀਟਿੰਗਾਂ ਲਈ ਹੀ ਸੀ ਜਾਂ ਇਸ ਵਿੱਚ ਭਾਪਾ ਜੀ ਦੀਆਂ ਪੜ੍ਹਨ ਵਾਲੀਆਂ ਕਿਤਾਬਾਂ ਸਨ।

ਮਾਸਟਰ ਭਗਤ ਰਾਮ ਬਹੁਤ ਟਿਕਾਅ-ਟਿਕਾਅ ਕੇ ਗੱਲ ਕਰਦੇ। ਉਨ੍ਹਾਂ ਦੀ ਹਰੇਕ ਗੱਲ ਸਮਝ ਆਉਣ ਵਾਲੀ ਹੁੰਦੀ। ਕੋਈ, ਕਿਸੇ ਵੀ ਵੇਲੇ ਸਵਾਲ ਕਰ ਸਕਦਾ ਸੀ ਅਤੇ ਉਨ੍ਹਾਂ ਤੋਂ ਕਿਸੇ ਨੂੰ ਕੋਈ ਝਿਜਕ ਨਹੀਂ ਸੀ। ਮੇਰੇ ਲਈ ਸਭ ਤੋਂ ਅਹਿਮ ਗੱਲ ਇਹ ਸੀ ਕਿ ਉਨ੍ਹਾਂ ਦੀ ਹਾਜ਼ਰੀ ਵਿੱਚ ਕੋਈ ਸਿਗਰਟ-ਬੀੜੀ ਨਹੀਂ ਸੀ ਪੀਂਦਾ। ਇਸ ਮਾਮਲੇ ਉਤੇ ਹਰ ਕੋਈ ਝਿਜਕਦਾ ਸੀ। ਦਰਅਸਲ ਬੈਠਕ ਦੇ ਰੋਸ਼ਨਦਾਨ ਦਾ ਇੱਕ ਸ਼ੀਸ਼ਾ ਟੁੱਟਾ ਸੀ। ਘਰ ਦੇ ਬਾਕੀ ਜੀਅ ਉਪਰ ਰਹਿੰਦੇ ਸਨ। ਇੱਕ ਅੱਧੇ ਜਣੇ ਵੱਲੋਂ ਵੀ ਬੀੜੀ-ਸਿਗਰਟ ਲਾਉਣ ਨਾਲ ਹੀ ਬੀਬੀ ਨੂੰ ਇੱਕਦਮ ਮਹਿਕ ਆ ਜਾਂਦਾ ਸੀ। ਉਹ ਇਸ ਗੱਲ ਤੋਂ ਜ਼ਿਆਦਾ ਚਿੜ੍ਹਦੀ ਸੀ, ਪਰ ਮਾਸਟਰ ਭਗਤ ਰਾਮ ਦੀ ਮੀਟਿੰਗ ਵਿੱਚ ਤਾਂ ਕੋਈ ਵੀ ਬੀੜੀ-ਸਿਗਰਟ ਪੀਂਦਾ ਹੀ ਨਹੀਂ ਸੀ, ਜਿਸ ਕਰਕੇ ਇਹ ਵਧੀਆ ਮਹੌਲ ਵਿੱਚ ਹੋ ਜਾਂਦੀ। ਬੀਬੀ ਵੀ ਖੁਸ਼ੀ ਨਾਲ ਚਾਹ ਦੇ ਜੱਗ ਭਰ-ਭਰ ਹੇਠਾਂ ਭੇਜਦੀ ਰਹਿੰਦੀ।



ਮਾਸਟਰ ਭਗਤ ਰਾਮ ਦੀਆਂ ਦੋ ਚੋਣਾਂ ਵਿੱਚ ਮੈਂ ਜ਼ਿਆਦਾ ਸਰਗਰਮੀ ਕੀਤੀ। ਗੱਲ ਇਉਂ ਹੈ ਕਿ 1984 ਵਿੱਚ ਲੋਕ ਸਭਾ ਚੋਣਾਂ ਪੰਜਾਬ ਅਤੇ ਅਸਾਮ ਵਿੱਚ ਬਾਕੀ ਦੇਸ਼ ਦੇ ਨਾਲ ਨਾ ਹੋਈਆਂ। ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਸਤੰਬਰ 1985 ਵਿੱਚ ਇੱਕੋ ਵੇਲੇ ਹੋਈਆਂ। ਮਾਸਟਰ ਭਗਤ ਰਾਮ ਫਿਲੌਰ ਤੋਂ ਪਾਰਟੀ ਦੇ ਉਮੀਦਵਾਰ ਸਨ। ਉਸ ਵੇਲੇ ਇਹ ਸੀਟ ਬਹੁਤ ਟੇਢੀ ਸੀ। ਫਿਲੌਰ ਤੋਂ ਹਰਗੋਬਿੰਦਪੁਰ ਤੱਕ। ਇਹ ਹਲਕਾ ਸਾਡੇ ਪਿੰਡ ਤੋਂ ਸੱਤ ਕੁ ਕਿਲੋਮੀਟਰ ਚੜ੍ਹਦੇ ਵੱਲ ਤੋਂ ਸ਼ੁਰੂ ਹੁੰਦਾ ਸੀ। ਆਮ ਦੀ ਤਰ੍ਹਾਂ ਇਸ ਵਾਰ ਵੀ ਕਾਮਰੇਡ ਚਰੰਜੀ ਲਾਲ ਦੀ ਅਗਵਾਈ ਵਿੱਚ ਸਾਈਕਲ ’ਤੇ ਝੰਡਾ ਮਾਰਚ ਸ਼ੁਰੂ ਕਰ ਦਿੱਤਾ। ਪਹਿਲਾ ਪਿੰਡ ਚੂਹੜਵਾਲੀ ਸੀ ਅਤੇ ਉਸ ਤੋਂ ਬਾਅਦ ਅਰਜਨਵਾਲ ਹੁੰਦੇ ਹੋਏ ਅਸੀਂ ਵੱਖ-ਵੱਖ ਪਿੰਡਾਂ ਰਾਹੀਂ ਆਦਮਪੁਰ ਚੋਣ ਦਫਤਰ ਪਹੁੰਚ ਗਏ। ਉੱਥੇ ਪਹੁੰਚਦਿਆਂ ਸਾਰ ਹੀ ਪੰਡੋਰੀ ਨਿੱਝਰਾਂ ਵਾਲਾ ਮਾਸਟਰ ਸਰਬਜੀਤ ਸਿੰਘ ਵੀ ਉੱਥੇ ਆ ਗਿਆ। ਉਸ ਦੀ ਡਿਊਟੀ ਭੋਗਪੁਰ ਸੀ, ਪਰ ਉਸ ਦੇ ਨਾਲ ਕੋਈ ਵੀ ਨਹੀਂ ਸੀ। ਉਸ ਨੇ ਭੋਗਪੁਰ ਲਈ ਬੰਦਿਆਂ ਦੀ ਮੰਗ ਕਰ ਦਿੱਤੀ। ਚਰਚਾਵਾਂ ਦਾ ਦੌਰ ਸ਼ੁਰੂ ਹੋ ਗਿਆ। ਹਰ ਕੋਈ ਆਪਣੀ ਸਮੱਸਿਆ ਰੱਖ ਦੇਵੇ। ਚਾਚੇ ਚਰੰਜੀ ਨੇ ਵੀ ਫੈਕਟਰੀ ਤੋਂ ਛੁੱਟੀਆਂ ਨਾ ਮਿਲਣ ਦੀ ਆਪਣੀ ਸਮੱਸਿਆ ਦੱਸੀ। ਆਖ਼ੀਰ ਭੋਗਪੁਰ ਡਿਊਟੀ ਦੇਣ ਲਈ ਮੈਨੂੰ ਹੁਕਮ ਜਾਰੀ ਕਰ ਦਿੱਤਾ। ਦੂਸਰੇ ਹੀ ਦਿਨ ਮੈਨੂੰ ਭੋਗਪੁਰ ਪਹੁੰਚਾ ਦਿੱਤਾ ਗਿਆ, ਜਿੱਥੇ ਮੈਂ ਪੰਦਰਾਂ ਕੁ ਦਿਨ ਰਹਿਣਾ ਸੀ। ਮੇਰੇ ਰਹਿਣ ਦਾ ਪ੍ਰਬੰਧ ਭੋਗਪੁਰ ਸ਼ਹਿਰ ਵਿੱਚ ਕਾਮਰੇਡ ਤਰਸੇਮ ਦੇ ਆਰੇ ਉੱਤੇ ਸੀ, ਜਦਕਿ ਰੋਟੀ-ਪਾਣੀ ਦਾ ਭੋਗਪੁਰ ਬੱਸ ਅੱਡੇ ਦੇ ਕੋਲ ਬਣੇ ਸੀ.ਪੀ.ਆਈ. ਦੇ ਚੋਣ ਦਫਤਰ ਵਿੱਚ ਸੀ। ਸੀ.ਪੀ.ਆਈ. ਦਾ ਏਥੇ ਵੱਡਾ ਜੁਗਾੜ ਸੀ, ਕਿਉਂਕਿ ਆਦਮਪੁਰ ਵਿਧਾਨ ਸਭਾ ਤੋਂ ਕਾਮਰੇਡ ਕੁਲਵੰਤ ਸਿੰਘ ਚੋਣ ਲੜ ਰਿਹਾ ਸੀ ਅਤੇ ਭੋਗਪੁਰ ਆਦਮਪੁਰ ਵਿਧਾਨ ਸਭਾ ਹਲਕੇ ਵਿੱਚ ਸੀ।

ਮਾਸਟਰ ਸਰਬਜੀਤ ਪੰਡੋਰੀ ਨਿੱਝਰਾਂ ਦੂਸਰੇ ਦਿਨ ਹੀ ਸਕੂਲ ਹਾਜ਼ਰੀ ਲਾਉਣ ਦੀ ਗੱਲ ਆਖ ਕੇ ਚਲਾ ਗਿਆ। ਫਿਰ ਤੀਜੇ-ਚੌਥੇ ਦਿਨ ਆਇਆ। ਦਰਅਸਲ ਜਿੱਥੇ ਪਾਰਟੀ ਦਾ ਕੋਈ ਆਧਾਰ ਨਾ ਹੋਵੇ, ਉੱਥੇ ਕੋਈ ਘੱਟ ਹੀ ਜਾਂਦਾ ਹੈ। ਮੁੱਕਦੀ ਗੱਲ ਇਹ ਕਿ ਮੈਂ ਸਵੇਰ ਤੋਂ ਲੈ ਕੇ ਰਾਤ ਤੱਕ ਪਿੰਡ ਅਤੇ ਸ਼ਹਿਰ ਗਾਹੁੰਦਾ ਫਿਰਦਾ। ਦਸਾਂ ਕੁ ਦਿਨਾਂ ਬਾਅਦ ਕੁਝ ਕੁ ਸਮੇਂ ਲਈ ਮਾਸਟਰ ਭਗਤ ਰਾਮ ਅਤੇ ਹੋਰ ਆਗੂ ਆਏ। ਉਨ੍ਹਾਂ ਨੇ ਮੇਰੇ ਕੋਲੋਂ ਇਲਾਕੇ ਦੀ ਸਥਿਤੀ ਬਾਰੇ ਪੁੱਛਿਆ। ਸਥਿਤੀ ਕੀ ਹੋਣੀ ਸੀ? ਜਿੱਥੇ ਮੈਂ ਇਕੱਲਾ ਇਲਾਕੇ ਵਿੱਚ ਘੁੰਮਦਾ ਅਤੇ ਕਾਮਰੇਡ ਤਰਸੇਮ ਆਰੇ ਤੇ ਫਰਨੀਚਰ ਦੇ ਸ਼ੋਅ ਰੂਮ ਉਤੇ ਬੈਠਾ ਲੰਘਦਿਆਂ-ਵੜਦਿਆਂ ਨੂੰ ਚਾਹ-ਪਾਣੀ ਪਿਲਾ ਛੱਡਦਾ। ਆਖ਼ੀਰ ਚੋਣ ਪ੍ਰਚਾਰ ਬੰਦ ਹੋਣ ਦਾ ਦਿਨ ਆ ਗਿਆ। ਲੌਢੇ ਵੇਲੇ ਚਾਚਾ ਚਰੰਜੀ ਅਤੇ ਕਾਮਰੇਡ ਕੇਵਲ ਸਿੰਘ ਹਜ਼ਾਰਾ ਜੀਪ ਉਤੇ ਪਹੁੰਚ ਗਏ। ਕਾਮਰੇਡ ਕੇਵਲ ਬਹੁਤ ਹੀ ਛੋਹਲਾ ਸੀ। ਉਸ ਨੇ ਆਉਂਦੇ ਹੀ ਕਿਹਾ, “ਸਮਾਨ ਰੱਖ ਜੀਪ ਵਿੱਚ। ਅੱਜ ਦੀ ਰਾਤ ਹੀ ਹੈ, ਕੰਮ ਖਿੱਚ ਦਈਏ। ਆਖਰੀ ਸਮੇਂ ਮਾਰੀ ਸੱਟ ਹੀ ਜ਼ਿਆਦਾ ਕਾਰਗਰ ਹੁੰਦੀ।” ਕੰਮ ਕੀ ਖਿੱਚਣਾ ਸੀ। ਮੱਠਾ-ਮੱਠਾ ਮੀਂਹ ਪੈ ਰਿਹਾ ਸੀ। ਜੀਪ ਕਦੀ ਕਿਸੇ ਪਿੰਡ, ਕਦੀ ਕਿਸੇ ਪਿੰਡ। ਕਦੀ ਕਿਸੇ ਕਾਮਰੇਡ ਦਾ ਬੂਹਾ ਖੜਕਾਏ, ਕਦੀ ਕਿਸੇ ਦਾ। ਰਾਤ ਦੇ ਨੌਂ ਕੁ ਵੱਜ ਗਏ। ਕਾਲੇ ਬੱਕਰੇ ਜਦੋਂ ਕਿਸੇ ਕਾਮਰੇਡ ਦੇ ਘਰ ਦਾ ਬੂਹਾ ਖੜਕਾਇਆ ਤਾਂ ਇੱਕ ਬਜ਼ੁਰਗ ਔਰਤ ਕੱਚੇ ਵਿਹੜੇ ਵਿੱਚ ਦੀ ਹੌਲੀ-ਹੌਲੀ ਤੁਰ ਕੇ ਆਈ। ਕਾਮਰੇਡ ਘਰ ਵਿੱਚ ਨਹੀਂ ਸੀ। ਚਾਚੇ ਚਰੰਜੀ ਨੇ ਜੀਪ ਵਿੱਚ ਬੈਠਦਿਆਂ ਕਿਹਾ, “ਛੱਡ ਕੇਵਲ ਹੁਣ। ਐਵੇਂ ਕੋਈ ਮੀਂਹ ਵਿੱਚ ਦਰਵਾਜ਼ਾ ਖੋਲ੍ਹਦਾ ਤਿਲਕ ਕੇ ਲੱਤ-ਬਾਂਹ ਤੁੜਾ ਲਊ। ਕੇਵਲ ਮੰਨ ਗਿਆ। ਜੀਪ ਪਿੰਡ ਵੱਲ ਨੂੰ ਦੌੜਨ ਲੱਗੀ।

ਚੋਣ ਨਤੀਜੇ ਆਏ। ਮਾਸਟਰ ਭਗਤ ਰਾਮ ਨੂੰ 97,740 ਵੋਟਾਂ ਮਿਲੀਆਂ, ਜੋ ਭੁਗਤੀਆਂ ਵੋਟਾਂ ਦਾ 17.78 ਫ਼ੀਸਦੀ ਸਨ। ਨਤੀਜੇ ਆਉਣ ਤੋਂ ਅਗਲੇ ਐਤਵਾਰ ਛੁੱਟੀ ਹੋਣ ਕਰਕੇ ਚਾਚਾ ਚਰੰਜੀ ਸਵੇਰੇ ਆ ਗਿਆ। ਕਹਿੰਦਾ, “ਚੱਲ ਸਰਬਜੀਤ, ਮਾਸਟਰ ਨੂੰ ਮਿਲ ਆਈਏ। ਬੰਦੇ ਨੂੰ ਹੌਸਲਾ ਮਿਲਦਾ।” ਬਿੰਦ ਕੁ ਵਿੱਚ ਤਿਆਰ ਹੋ ਕੇ ਅਸੀਂ ਭਾਰਦਵਾਜੀਆਂ ਪਿੰਡ ਪਹੁੰਚ ਕੇ ਮਾਸਟਰ ਜੀ ਦੇ ਘਰ ਦੇ ਬੂਹੇ ਮੋਹਰੇ ਸਕੂਟਰੀ ਲਾਈ। ਚਾਚੇ ਨੇ ਗਲੀ ਵਿੱਚੋਂ ਉੱਚੀ ਆਵਾਜ਼ ਵਿੱਚ “ਮਾਸਟਰ ਜੀ” ਆਖਿਆ। ਉਹ ਆਪਣੇ ਕੋਠੇ ਉਤੇ ਬੈਠੇ ਹੋਏ ਸਨ। ਉਨ੍ਹਾਂ ਨੇ ਆਵਾਜ਼ ਪਛਾਣੇ ਹੋਏ ਉਸੇ ਲਹਿਜੇ ਵਿੱਚ ਕਿਹਾ, “ਚਰੰਜੀ ਲਾਲ, ਉਪਰ ਆ ਜਾਓ।” ਅਸੀਂ ਵਿਹੜੇ ਵਿੱਚ ਦੀ ਹੁੰਦੇ ਹੋਏ ਭੀੜੀਆਂ ਜਿਹੀਆਂ ਪੌੜੀਆਂ ਰਾਹੀਂ ਕੋਠੇ ’ਤੇ ਜਾ ਚੜ੍ਹੇ। ਨਿੱਘੀ-ਨਿੱਘੀ ਧੁੱਪ ਵਿੱਚ ਮਾਸਟਰ ਜੀ ਮੰਜੇ ’ਤੇ ਬੈਠੇ ਸਨ। ਸਕਿਉਰਟੀ ਵਾਲੇ ਮੁੰਡੇ ਨੇ ਕੁਰਸੀਆਂ ਡਾਹ ਦਿੱਤੀਆਂ। ਅਸੀਂ ਬੈਠ ਗਏ। ਪਹਿਲਾਂ ਚਾਹ, ਫੇਰ ਰੋਟੀਆਂ ਅਤੇ ਫਿਰ ਲੌਢੇ ਵੇਲੇ ਦੀ ਚਾਹ। ਵਿਚਕਾਰ ਢੇਰ ਸਾਰੀਆਂ ਗੱਲਾਂ ਅਤੇ ਵਿਚਾਰ-ਵਟਾਂਦਰਾ।

ਇਸ ਤੋਂ ਬਾਅਦ 1989 ਦੀਆਂ ਲੋਕ ਸਭਾ ਚੋਣਾਂ। ਫਿਰ ਮਾਸਟਰ ਭਗਤ ਰਾਮ ਫਿਲੌਰ ਤੋਂ ਉਮੀਦਵਾਰ ਅਤੇ ਫਿਰ ਚਾਚੇ ਚਰੰਜੀ ਦੀ ਅਗਵਾਈ ਵਿੱਚ ਕਈ ਦਿਨ ਪਿੰਡੋ-ਪਿੰਡ ਸਾਈਕਲ ਮਾਰਚ। ਇਸ ਵਾਰ ਮਾਸਟਰ ਭਗਤ ਰਾਮ ਨੂੰ 72,104 ਵੋਟਾਂ ਮਿਲੀਆਂ, ਜੋ ਭੁਗਤੀਆਂ ਵੋਟਾਂ ਦਾ 12.15 ਫ਼ੀਸਦੀ ਹਿੱਸਾ ਸਨ। ਇਸ ਸਮੇਂ ਧਾਰਮਿਕ ਅਤੇ ਜਾਤੀ ਫ਼ਿਰਕਾਪ੍ਰਸਤੀ ਨੇ ਸਮਾਜ ਨੂੰ ਬੁਰੀ ਤਰ੍ਹਾਂ ਲੀਰੋ-ਲੀਰ ਕਰ ਦਿੱਤਾ ਸੀ। ਗੱਲਬਾਤ ਦੌਰਾਨ ਆਮ ਲੋਕ ਆਖਦੇ ਸਨ, “ਬੰਦਾ ਤਾਂ ਤੁਹਾਡਾ ਬਹੁਤ ਵਧੀਆ, ਪਰ ਵੋਟ ਅਸੀਂ ਆਪਣੇ ਫ਼ਿਰਕੇ ਨੂੰ ਹੀ ਪਾਉਣੀ ਆ।”

ਮਾਸਟਰ ਭਗਤ ਰਾਮ ਇੱਕ ਵਧੀਆ ਨਿੱਗਰ ਮਨੁੱਖ ਸੀ। ਉਨ੍ਹਾਂ ਦੀਆਂ ਗੱਲਾਂ ਵਿੱਚ ਕੋਈ ਲੱਗ-ਲਪੇਟ ਨਹੀਂ ਸੀ। ਉਹ ਹਰ ਗੱਲ ਤਰਕ ਨਾਲ ਕਰਦੇ ਸਨ। ਅੱਸੀਵਿਆਂ ਦੇ ਸ਼ੁਰੂ ਵਿੱਚ ਉਨ੍ਹਾਂ ਨੇ ਸਾਡੇ ਪਿੰਡ ਦੇ ਚੈਰੀ ਦੀ ਰੇਡੀਓ ਸਟੇਸ਼ਨ ’ਤੇ ਨੌਕਰੀ ਲਵਾਉਣ ਲਈ ਅਹਿਮ ਭੂਮਿਕਾ ਨਿਭਾਈ ਸੀ। ਉਸ ਦਾ ਬਣਦਾ ਜਾਇਜ਼ ਹੱਕ ਦਿਵਾਉਣ ਲਈ ਮਾਸਟਰ ਭਗਤ ਰਾਮ ਨੇ ਦਿੱਲੀ ਤੱਕ ਅਨੇਕਾਂ ਗੇੜੇ ਮਾਰੇ ਅਤੇ ਪਾਰਟੀ ਦੇ ਸੰਸਦ ਮੈਂਬਰਾਂ ਦੀ ਮਦਦ ਲਈ। ਜਦੋਂ ਚੈਰੀ ਦੀ ਨੌਕਰੀ ਲੱਗੀ ਤਾਂ ਚੈਰੀ ਦੇ ਵੱਡੇ ਭਰਾ ਕਾਮਰੇਡ ਤਰਸੇਮ ਲਾਲ ਨੇ ਕਿਹਾ, “ਮਾਸਟਰ ਜੀ, ਪਰਵਾਰ ਪਾਰਟੀ ਦੀ ਮਦਦ ਕਰਨੀ ਚਾਹੁੰਦਾ, ਦੱਸੋ ਕੀ ਕਰੀਏ?” ਪਹਿਲਾਂ ਤਾਂ ਮਾਸਟਰ ਭਗਤ ਰਾਮ ਨੇ ਕੋਈ ਹੁੰਗਾਰਾ ਨਾ ਭਰਿਆ ਅਤੇ ਗੱਲ ਛੱਡਣ ਲਈ ਆਖਿਆ। ਪਰ ਜਦੋਂ ਕਾਮਰੇਡ ਤਰਸੇਮ ਖਹਿੜੇ ਹੀ ਪੈ ਗਿਆ ਤਾਂ ਮਾਸਟਰ ਜੀ ਨੇ ਕਿਹਾ, “ਜਦੋਂ ਉਸ ਨੂੰ ਪਹਿਲੀ ਤਨਖਾਹ ਮਿਲੀ ਤਾਂ ਪਿੰਡ ਦੇ ਪਾਰਟੀ ਯੂਨਿਟ ਨੂੰ ਸੌ ਰੁਪਿਆ ਦੇ ਦੇਵੇ।”

ਮਾਸਟਰ ਭਗਤ ਰਾਮ ਨੇ ਆਪਣੇ ਵਿਚਾਰਾਂ ਅਤੇ ਕਿਰਦਾਰ ਨਾਲ ਬਹੁਤ ਸਾਰਿਆਂ ’ਤੇ ਡੂੰਘਾ ਪ੍ਰਭਾਵ ਛੱਡਿਆ ਹੈ। ਉਹ ਭਾਵੇਂ ਸਰੀਰਕ ਤੌਰ ’ਤੇ ਵਿਛੋੜਾ ਦੇ ਗਏ ਹਨ, ਪਰ ਉਨ੍ਹਾਂ ਵੱਲੋਂ ਨਿਭਾਈ ਗਈ ਭੂਮਿਕਾ ਦੀ ਰਾਹੇ-ਬਗਾਹੇ ਚਰਚਾ ਚੱਲਦੀ ਹੀ ਰਹੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਵੀਹਵੀਂ ਸਦੀ ਦੀ ਵਾਰਤਕ ਦੇ ਤਲਿਸਮੀ ਰੰਗ

## ਸਿਰਲੇਖ

(ਵੀਹਵੀਂ ਸਦੀ ਦੇ ਚੋਣਵੇਂ ਨਿਬੰਧ)
ਸੰਜੋਗੀ-ਅਮਰਜੀਤ ਚੰਦਨ
ਪੰਨੇ-250, ਮੁੱਲ-330 ਰੁਪਏ
ਨੈਸ਼ਨਲ ਬੁੱਕ ਟਰੱਸਟ, ਇੰਡੀਆ




**ਫੋਕਸ**



**ਚਰਚਾ ਇਕ ਪੁਸਤਕ ਦੀ**

**ਪਰਮਜੀਤ ਢੀਂਗਰਾ**

ਮਨੁੱਖ ਨੇ ਜਦੋਂ ਭਾਸ਼ਾ ਇਜ਼ਾਦ ਕੀਤੀ ਤਾਂ ਉਹਨੂੰ ਇਹਦੇ ਵਿੱਚੋਂ ਕਈ ਸੰਭਾਵਨਾਵਾਂ ਨਜ਼ਰ ਆਈਆਂ। ਭਾਸ਼ਾ ਉਹਦੇ ਸੋਹਜ ਸਵਾਦ ਦਾ ਸਬੱਬ ਬਣਨ ਲੱਗੀ। ਰੋਮਾਂਟਿਕਤਾ ਵਿੱਚੋਂ ਮਨੁੱਖ ਨੇ ਕਾਵਿ ਬੋਲ ਸਿਰਜਣੇ ਅਰੰਭੇ। ਕੁਦਰਤ ਦੇ ਹੁਸਨ ਵਿੱਚੋਂ ਉਹ ਵਿਸਮਾਦ ਭਾਲਦਾ ਕਵੀ ਬਣ ਗਿਆ। ਜਦੋਂ ਉਹਦੀ ਭਾਸ਼ਾ ਤੇ ਵਿਚਾਰ ਏਨੇ ਸਮਰੱਥ ਹੋ ਗਏ ਕਿ ਉਹਨੂੰ ਲੱਗਣ ਲੱਗਾ ਕਵਿਤਾ ਵਿਚ ਸਾਰੀ ਗੱਲ ਨਹੀਂ ਕਹੀ ਜਾ ਸਕਦੀ, ਤਦ ਉਹਨੇ ਪ੍ਰਗਟਾਵੇ ਨੂੰ ਵਧੇਰੇ ਸਪੱਸ਼ਟ ਤੇ ਸਮਰੱਥ ਬਣਾਉਣ ਲਈ ਵਾਰਤਕ ਦੀ ਕਾਢ ਕੱਢੀ। ਹਾਲਾਂਕਿ ਸਾਰੇ ਕਲਾਸੀਕਲ ਗ੍ਰੰਥ ਕਵਿਤਾ ਵਿਚ ਹੀ ਮਿਲਦੇ ਹਨ। ਵਾਰਤਕ ਵਿਚ ਕਵਿਤਾ ਦੇ ਸੰਜਮੀ ਸੁਭਾਅ ਦੇ ਉਲਟ ਵਧੇਰੇ ਸਪੇਸ ਮਿਲ ਜਾਂਦੀ ਹੈ। ਤੁਸੀਂ ਕਿਸੇ ਵਿਚਾਰ, ਖਿਆਲ ਜਾਂ ਸਥਿਤੀ ਬਾਰੇ ਭਰਪੂਰ ਮਾਤਰਾ ਵਿਚ ਕਲਮ ਚਲਾ ਸਕਦੇ ਹੋ।

ਜੇ ਵਾਰਤਕ ਸ਼ਬਦ ਦੀ ਵਿਓਤਪਤੀ ਦੇਖੀਏ ਤਾਂ ਇਹ ਸੰਸਕ੍ਰਿਤ ਦੇ ਸ਼ਬਦ 'ਵਰਤਕ' ਤੋਂ ਹੋਈ ਹੈ, ਜਿਸ ਦੇ ਮੂਲ ਵਿਚ/ਵਰਤ/ਧਾਤੂ ਪਈ ਹੈ। ਵਰਤ ਜਾਂ ਵਰਤਕ ਤੋਂ ਬਣੇ ਵਾਰਤਕ ਸ਼ਬਦ ਦਾ ਅਰਥ ਹੈ-ਗੱਦ, ਨਸਰ, ਪਰੋਜ਼। ਏਸੇ ਤਰ੍ਹਾਂ ਲੇਖ ਵੀ ਸੰਸਕ੍ਰਿਤ ਦਾ ਸ਼ਬਦ ਹੈ। ਮਹਾਨ ਕੋਸ਼ ਵਿਚ ਇਹਦੇ ਅਰਥ ਰੇਖਾ, ਲੀਕ, ਲਿਪਿ, ਲਿਖਤ, ਤਹਿਰੀਰ, ਮਜਮੂਨ, ਭਾਗ, ਨਸੀਬ, ਹਿਸਾਬ, ਗਿਣਤੀ ਕੀਤੇ ਹਨ।

ਪੰਜਾਬੀ ਵਿਚ ਵਾਰਤਕ ਦਾ ਅਰੰਭ ਕਾਫੀ ਪਹਿਲਾਂ ਹੋ ਗਿਆ ਸੀ, ਜਿਸ ਨੂੰ ਮੱਧਕਾਲ ਦੀ ਵਾਰਤਕ ਕਿਹਾ ਜਾਂਦਾ ਹੈ। ਇਸ ਮੱਧਕਾਲੀ ਵਾਰਤਕ ਵਿਚ ਜਨਮ ਸਾਖੀਆਂ, ਪਰਚੀਆਂ, ਗੋਸ਼ਟਾਂ, ਟੀਕੇ, ਮਸਲੇ, ਰਹਿਤਨਾਮੇ, ਹੁਕਮਨਾਮੇ, ਪਰਮਾਰਥ, ਜੀਵਨੀਆਂ, ਇਤਿਹਾਸ, ਗੁਰਬਿਲਾਸ ਆਦ ਰੂਪਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਆਧੁਨਿਕ ਵਾਰਤਕ ਰੂਪਾਂ ਦਾ ਅਰੰਭ ਪੰਜਾਬ ਵਿਚ ਛਾਪੇਖਾਨੇ ਤੇ ਇਸਾਈ ਮਿਸ਼ਨਰੀਆਂ ਦੇ ਆਉਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਬਾਅਦ ਵਿਚ ਸਿੰਘ ਸਭਾ ਲਹਿਰ ਦੀ ਆਮਦ ਨਾਲ ਇਸ ਨੂੰ ਹੋਰ ਬਲ ਮਿਲਿਆ।

ਵੀਹਵੀਂ ਸਦੀ ਦੀ ਪੰਜਾਬੀ ਵਾਰਤਕ ਇਸ ਪੱਖੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਇਹ ਸਦੀ ਵਿਸ਼ਵ ਦੇ ਇਤਿਹਾਸ ਵਿਚ ਅਨੇਕਾਂ ਉਤਰਾਵਾਂ, ਚੜ੍ਹਾਵਾਂ ਦੀ ਗਵਾਹ ਹੈ। ਦੋ ਸੰਸਾਰ ਯੁੱਧਾਂ ਤੋਂ ਲੈ ਕੇ, ਭਾਰਤ ਦੀ ਅਜ਼ਾਦੀ ਦੀ ਲੜਾਈ, ਦੁਨੀਆ 'ਤੇ ਹਿਟਲਰ ਦੇ ਫਾਸ਼ੀਵਾਦ ਦਾ ਉਦਯ, ਯਹੂਦੀਆਂ ਦਾ ਨਰ-ਸੰਘਾਰ, ਵਿਸ਼ਵ ਮੰਦੀ, ਮਹਾਂਮਾਰੀਆਂ ਦਾ ਫੈਲਾਅ ਤੇ ਅਜ਼ਾਦ ਹੋਏ ਮੁਲਕਾਂ ਦੀ ਸਥਾਪਤੀ ਦੇ ਮਸਲੇ ਇਸ ਸਦੀ ਦੇ ਇਤਿਹਾਸ ਦੇ ਵਰਕੇ ਹਨ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸੂਬੇ ਦਾ ਸੰਘਰਸ਼, ਪੰਜਾਬ ਨੂੰ ਰਾਜ ਦਾ ਦਰਜਾ ਮਿਲਣਾ, ਪੰਜਾਬੀ ਦਾ ਰਾਜ ਭਾਸ਼ਾ ਬਣਨਾ, ਹਰਾ ਇਨਕਲਾਬ, ਅੱਤਵਾਦ ਦਾ ਜਨਮ, ਸਾਕਾ ਨੀਲਾ ਤਾਰਾ, ਇੰਦਰਾ ਦਾ ਕਤਲ ਤੇ ਸਿੱਖ ਕਤਲੇਆਮ ਪੰਜਾਬ ਦੇ ਇਤਿਹਾਸ ਦੇ ਉਥਲ-ਪੁਥਲ ਦੇ ਦੌਰ ਵਿੱਚੋਂ ਜਨਮੇ ਅਨੇਕਾਂ ਮਸਲੇ ਹਨ, ਜੋ ਇੱਕੀਵੀਂ ਸਦੀ ਵਿਚ ਵਿਕਰਾਲ ਰੂਪ ਧਾਰਦੇ ਨਜ਼ਰ ਆਉਂਦੇ ਹਨ।

ਪਿਛਲੀ ਸਦੀ ਦੇ ਪੰਜਾਬੀ ਲੇਖਕਾਂ ਨੇ ਵਾਰਤਕ ਦੇ ਵਿਸ਼ੇਸ਼ ਰੂਪ ਲੇਖ ਅਥਵਾ ਨਿਬੰਧ ਨੂੰ ਤਵੱਜੋ ਦਿੱਤੀ। ਹੱਥਲੀ ਕਿਤਾਬ ਵਿਚ ਇਨ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਸਾਰਥਿਕ ਉਪਰਾਲਾ ਕੀਤਾ ਗਿਆ ਹੈ। ਅਮਰਜੀਤ ਚੰਦਨ ਪੰਜਾਬੀ ਦੇ ਵੱਖਰੇ ਕਾਵਿ ਮੁਹਾਂਦਰੇ ਤੇ ਵਾਰਤਕ ਵਾਲਾ ਰਚਨਾਕਾਰ ਹੈ। ਉਹਦੀ ਕਵਿਤਾ ਤੇ ਵਾਰਤਕ ਬੜੀ ਸੰਜਮੀ ਤੇ ਸ਼ੈਲੀਮੁਖ ਰੂਪ ਵਾਲੀ ਹੈ। ਏਸੇ ਕਰਕੇ ਜਦੋਂ ਉਹਨੇ 'ਸਿਰਲੇਖ' ਨਾਂਅ ਦੀ ਕਿਤਾਬ ਦੀ ਸੰਪਾਦਨਾ ਲਈ ਚੋਣ ਕੀਤੀ ਤਾਂ ਬੜੀ ਸੂਝਬੂਝ ਨਾਲ ਹਰ ਵਾਰਤਕ-ਕਾਰ ਦੀ ਵਧੀਆ ਤੇ ਪ੍ਰਭਾਵਸ਼ਾਲੀ ਕਿਰਤ ਨੂੰ ਚੁਣਿਆ। ਭਾਈ ਕਾਨ੍ਹ ਸਿੰਘ ਨਾਭਾ ਤੋਂ ਲੈ ਕੇ ਭਾਈ ਵੀਰ ਸਿੰਘ, ਭਾਈ ਰਣਧੀਰ ਸਿੰਘ, ਬਾਵਾ ਬੁੱਧ ਸਿੰਘ, ਪੂਰਨ ਸਿੰਘ, ਮਾਸਟਰ ਤਾਰਾ ਸਿੰਘ, ਸਰਦੂਲ ਸਿੰਘ ਕਵੀਸ਼ਰ, ਲਾਲ ਸਿੰਘ ਕਮਲਾ ਅਕਾਲੀ, ਸਾਹਿਬ ਸਿੰਘ, ਭਾਈ ਸੰਤੋਖ ਸਿੰਘ, ਨਿਰੰਜਨ ਸਿੰਘ, ਬਲਬੀਰ ਸਿੰਘ, ਤੇਜਾ ਸਿੰਘ, ਗੁਰਬਖਸ਼ ਸਿੰਘ, ਨਾਨਕ ਸਿੰਘ, ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਸ.ਸ. ਅਮੋਲ, ਮਹਿੰਦਰ ਸਿੰਘ ਰੰਧਾਵਾ, ਕਪੂਰ ਸਿੰਘ, ਈਸ਼ਵਰ ਚਿੱਤਰਕਾਰ, ਬਲਰਾਜ ਸਾਹਨੀ, ਬਾਵਾ ਬਲਵੰਤ, ਬਲਵੰਤ ਗਾਰਗੀ, ਹਰਿਭਜਨ ਸਿੰਘ, ਗਿਆਨੀ ਗੁਰਦਿੱਤ ਸਿੰਘ, ਸ.ਸ. ਵਣਜਾਰਾ ਬੇਦੀ, ਅਤਰ ਸਿੰਘ, ਹਰਿੰਦਰ ਸਿੰਘ ਮਹਿਬੂਬ ਤੇ ਅਮਰਜੀਤ ਚੰਦਨ ਸਮੇਤ ਕੁਲ 36 ਲੇਖਕਾਂ ਦੇ ਲੇਖ ਸ਼ਾਮਲ ਹਨ।

ਇਹ ਸਾਰੇ ਲੇਖਕ ਵਾਰਤਕ ਰੂਪਾਂ ਦੀ ਸੁਚੇਤ/ਅਚੇਤ ਰੂਪ ਵਿਚ ਵਰਤੋਂ ਕਰਦੇ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਤਾਂ ਵਾਰਤਕ-ਕਾਰ ਵਜੋਂ ਪ੍ਰਸਿੱਧ ਹੋਏ, ਕੁਝ ਆਲੋਚਕਾਂ ਵਜੋਂ ਤੇ ਕੁਝ ਨਾਵਲਕਾਰ, ਚਿੱਤਰਕਾਰ ਤੇ ਭਾਸ਼ਾ ਵਿਓਤਪਤੀ ਪੱਖੋਂ ਕਾਰਜਸ਼ੀਲ ਰਹੇ। ਇਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਵਿਸ਼ੇ, ਸ਼ੈਲੀ, ਭਾਸ਼ਾ ਤੇ ਗਿਆਨ ਪੱਖੋਂ ਭਰਪੂਰ ਕੀਤਾ। ਇਹ ਸੰਪਾਦਕ ਦੀ ਚੋਣ ਹੈ। ਹਾਲਾਂਕਿ ਹੀਰਾ ਸਿੰਘ ਦਰਦ ਵਰਗੇ ਕੁਝ ਹੋਰ ਵਾਰਤਕ ਲੇਖਕ ਇਸ ਵਿਚ ਸ਼ਾਮਲ ਹੋਣੋ ਰਹਿ ਗਏ ਹਨ। ਇਸ ਵਾਰਤਕ ਨੇ ਨਵੇਂ ਵਾਰਤਕ ਰੂਪਾਂ ਦੀ ਸਿਰਜਣਾ ਲਈ ਨੀਂਹ ਦਾ ਕੰਮ ਕੀਤਾ।

ਇਤਿਹਾਸਕ ਤੌਰ 'ਤੇ ਇਸ ਵਾਰਤਕ ਦਾ ਸਮਕਾਲ ਵਧੇਰੇ ਕਰਕੇ ਬਸਤੀਵਾਦੀ ਦੌਰ ਤੇ ਸਮਾਜਿਕ ਤੇ ਧਾਰਮਿਕ ਤੌਰ 'ਤੇ ਪੁਨਰ ਜਾਗਰਤੀ ਦਾ ਕਾਲ ਹੈ। ਇਸ ਲਈ ਇਸ ਵਾਰਤਕ ਵਿਚ ਧਾਰਮਿਕ, ਸਮਾਜਿਕ ਤੇ ਸਾਹਿਤਕ ਵਿਸ਼ਿਆਂ ਨੂੰ ਵਿਸ਼ੇਸ਼ ਤਰਤੀਬ ਵਿਚ ਪੇਸ਼ ਕੀਤਾ ਹੈ। ਮਸਲਨ ਭਾਈ ਕਾਨ੍ਹ ਸਿੰਘ ਨਾਭਾ ਦੇ ਲੇਖ 'ਕੀਰਤਨ' ਨੂੰ ਲਿਆ ਜਾ ਸਕਦਾ ਹੈ। ਇਹ ਕੀਰਤਨ ਦੇ ਅਰਥਾਂ ਤੋਂ ਲੈ ਕੇ ਉਹਦੇ ਮਹੱਤਵ, ਪਰੰਪਰਾ, ਰਾਗ ਪ੍ਰਣਾਲੀ ਤੇ ਮਰਿਆਦਾ ਦੀ ਗੱਲ ਕਰਦਾ ਹੈ। ਭਾਈ ਸਾਹਿਬ ਨੇ ਗੁਰਮੱਤ ਦੇ ਆਸ਼ੇ ਨੂੰ ਸਾਹਮਣੇ ਰੱਖ ਕੇ ਇਸ ਗਿਆਨਮਈ ਲੇਖ ਦੀ ਰਚਨਾ ਕੀਤੀ ਹੈ। ਇਹਦੀ ਵੰਨਗੀ ਦੇਖੀ ਜਾ ਸਕਦੀ ਹੈ -

ਇਸ ਵੇਲੇ ਅਸੀਂ ਕੀਰਤਨ ਦੀ ਮਰਯਾਦਾ ਨੂੰ ਬਹੁਤ ਉਲੰਘਣ ਕਰ ਗਏ ਹਾਂ, ਚੰਚਲ ਧਾਰਨਾ ਨੇ ਅਸਾਡੇ ਮਨ ਅਜਿਹੇ ਚੰਚਲ ਕਰ ਦਿੱਤੇ ਹਨ ਕਿ ਗੰਭੀਰਤਾ ਅਤੇ ਸ਼ਾਂਤੀ ਭਾਵ ਘੱਟ ਹੀ ਨਜ਼ਰ ਪੈਂਦੇ ਹਨ, ਸਾਰੇ ਗੁਰ ਸਿੱਖਾਂ ਨੂੰ ਯਤਨ ਕਰਨਾ ਲੋੜੀਏ ਕਿ ਭਾਈ ਮਰਦਾਨੇ ਅਤੇ ਨਿਵਲੇ- ਨਿਹਾਲੂ ਦਾ ਇਲਾਹੀ ਕੀਰਤਨ ਮੁੜ ਜਾਰੀ ਹੋਵੇ, ਜਿਸ ਤੋਂ ਨਾਮ ਅਭਯਾਸੀਆਂ ਦੀ ਵ੍ਰਿਤਿ 'ਹਰਿ ਲਿਵ ਮੰਡਲ' ਦਾ ਅਨੰਦ ਮਾਣੇ।

ਵਾਰਤਕ ਖੇਤਰ ਵਿਚ ਭਾਈ ਵੀਰ ਸਿੰਘ ਦਾ ਨਾਂਅ ਬੜਾ ਉੱਘਾ ਹੈ। ਉਹ ਪੰਜਾਬੀ ਸਾਹਿਤ ਦੀ ਉੱਚ-ਦਮਾਲੜੀ ਸ਼ਖਸੀਅਤ ਸਨ। ਨਿੱਕੀ ਕਵਿਤਾ ਤੇ ਨਾਵਲ ਦਾ ਉਨ੍ਹਾਂ ਨੂੰ ਮੋਢੀ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਪੰਜਾਬੀ ਭਾਸ਼ਾ ਤੋਂ ਲੈ ਕੇ ਸਾਹਿਤ, ਧਰਮ ਤੇ ਸਮਕਾਲੀ ਸਰੋਕਾਰਾਂ ਬਾਰੇ ਵੱਡੀ ਗਿਣਤੀ ਵਿਚ ਲੇਖ ਲਿਖੇ ਹਨ। ਉਹ ਉੱਘੇ ਸੰਪਾਦਕ ਤੇ ਕੋਸ਼ਕਾਰ ਵੀ ਸਨ। ਉਨ੍ਹਾਂ ਦੀ ਵਾਰਤਕ ਬੜੀ ਸੰਜਮੀ ਤੇ ਨਪੇ-ਤੁਲੇ ਖਾਸੇ ਵਾਲੀ ਹੈ। ਇਸ ਕਿਤਾਬ ਵਿਚ ਸ਼ਾਮਲ ਉਨ੍ਹਾਂ ਦਾ ਲੇਖ 'ਹੱਕ ਤੇ ਫ਼ਰਜ਼' ਬੜਾ ਵਿਚਾਰ ਉਤੇਜਕ ਹੈ-'ਹੱਕ', 'ਹੱਕ' ਕੂਕਣ ਵਾਲਾ ਤਾਂ ਹਰ ਕੋਈ ਹੈ, ਅਰ 'ਹੱਕ' ਦੀ ਧੁਨ ਤੇ 'ਹੱਕ' ਦੇ ਨਾਂਅ ਹੇਠਾਂ ਪਾਪ, ਧੱਕੇ ਤੇ ਜ਼ੁਲਮ ਕਰਨ ਵਾਲੇ ਅਨੇਕਾਂ ਹੀ ਪੈਦਾ ਹੋ ਜਾਂਦੇ ਹਨ; ਤਦ ਉਸ ਸੁਸਾਇਟੀ (ਭਾਈਚਾਰੇ) ਵਿਚ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਸ ਜ਼ੁਲਮ ਦੇ ਰੋਕਣ ਲਈ ਹੱਕ ਪਛਾਣਨ ਵਾਲੇ ਜਥੇਬੰਦੀ ਕਾਇਮ ਕਰਦੇ ਹਨ ਤੇ ਰਾਜ ਦਾ ਸਿਲਸਿਲਾ ਤੋਰਦੇ ਹਨ, ਜਿਸ ਦੇ ਜ਼ਰੀਏ ਦੇਸ਼ ਵਿਚ ਨਹੱਕਾ ਧੱਕਾ ਕਰਨ ਵਾਲੇ ਡੰਡੇ ਦੇ ਜ਼ੋਰ ਨਾਲ ਅਰ ਸਜ਼ਾ ਦੇ ਭੈਅ ਦੇ ਕਾਰਨ ਆਪਣਾ 'ਫ਼ਰਜ਼' ਪਛਾਨਣ ਲਈ ਮਜਬੂਰ ਕੀਤੇ ਜਾਂਦੇ ਹਨ।

ਬਾਵਾ ਬੁੱਧ ਸਿੰਘ ਪੰਜਾਬੀ ਦੇ ਪਹਿਲੇ ਆਲੋਚਕ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਦੀ ਸਾਂਭ-ਸੰਭਾਲ ਦੇ ਮੁੱਢਲੇ ਯਤਨ ਕੀਤੇ। ਉਨ੍ਹਾਂ ਕੋਲ ਸਾਹਿਤ ਨੂੰ ਦੇਖਣ/ਪਰਖਣ ਤੇ ਵਾਚਣ ਦੀ ਆਪਣੀ ਦ੍ਰਿਸ਼ਟੀ ਸੀ। ਕਾਵਿਕਤਾ ਉਨ੍ਹਾਂ ਦੀ ਵਾਰਤਕ ਦਾ ਮੁੱਖ ਲੱਛਣ ਹੈ-

ਮੈਂ ਜਦ ਉਸ ਸੁੰਦਰਤਾ ਦੀ ਦੇਵੀ, ਨੂਰ ਦੇ ਸ਼ੋਹਲੇ ਵੱਲ ਤੱਕਿਆ ਤਾਂ ਮੇਰੇ ਅੰਦਰਲੇ ਕਪਾਟ ਖੁੱਲ੍ਹ ਗਏ। ਝੱਟ ਮੇਰੀ ਅੱਖ ਖੁੱਲ੍ਹੀ, ਪਰੀਆਂ ਤੇ ਗਈਆਂ, ਪਰ ਰੱਬੀ ਰਾਗ, ਛਣਕਾਰ ਤੇ ਨੂਰ ਦੀ ਝਾਕੀ ਮੇਰੀਆਂ ਅੱਖਾਂ ਅੱਗੇ ਹੀ ਰਹੀ। ਜਿੱਧਰ ਤੱਕਾਂ, ਡਲ, ਪਹਾੜ, ਮੈਦਾਨ, ਤਾਰੇ, ਅਕਾਸ਼ ਸਭ ਮੇਰੇ ਮਿਤ੍ਰ ਜਾਪਣ। ਹੱਸਣ ਤੇ ਪਯਾਰ ਦੇ ਸੁਨੇਹੇ ਦੇਣ। ਡਲ ਸਾਫ ਦਿਲੀ ਦਾ ਸੁਨੇਹਾ ਦੇਵੇ। ਚਸ਼ਮੇ ਤੇ ਨਾਲੇ, ਆਪਣੀ ਸੁਰੀਲੀ ਧੁਨੀ ਨਾਲ ਉਸ ਰਚਨਹਾਰ ਦੇ ਗੁਣ ਗਾਨ।

ਪੂਰਨ ਸਿੰਘ ਪੰਜਾਬੀ ਦਾ ਅਲਬੇਲਾ ਸ਼ਾਇਰ ਤੇ ਅਗੰਮੀ ਰਮਜ਼ਾਂ ਦਾ ਵਾਰਤਕ ਲੇਖਕ ਹੈ। ਪੰਜਾਬ ਸਮੁੱਚਤਾ ਵਿਚ ਉਹਦੇ ਅਚੇਤਨ ਵਿਚ ਵਸਿਆ ਹੋਇਆ ਹੈ। ਉਹਦੀ ਵਾਰਤਕ ਪੰਜਾਬ ਦੇ ਦਰਿਆਵਾਂ ਵਾਂਗ ਲੰਮੇ ਵਹਿਣਾਂ ਵਿਚ ਵਹਿੰਦੀ ਤੁਰੀ ਜਾਂਦੀ ਹੈ। ਉਹਦੇ ਕੋਲ ਸ਼ਬਦਾਂ ਦਾ ਹੜ੍ਹ ਹੈ ਤੇ ਇਸ ਵਿਚ ਉਹ ਸ਼ਬਦ ਧੁਨੀ ਵਾਂਗ ਖਿਆਲਾਂ ਦੀਆਂ ਲੜੀਆਂ ਸਿਰਜਦਾ ਜਾਂਦਾ ਹੈ। 'ਪਿਆਰ' ਉਹਦਾ ਬੜਾ ਚਰਚਿੱਤ ਲੇਖ ਹੈ, ਜਿਸ ਵਿਚ ਉਹ ਇਸ ਨੂੰ ਵੱਖਰੇ ਅੰਦਾਜ਼ ਵਿਚ ਪਰਿਭਾਸ਼ਿਤ ਕਰਨ ਦੇ ਨਾਲ-ਨਾਲ ਉਹਦੀ ਪ੍ਰਕਿਰਤੀ ਤੇ ਗੁਣਾਂ ਦਾ ਵੀ ਵਰਨਣ ਕਰਦਾ ਹੈ-

ਪਿਆਰ ਮੱਲੋ-ਮੱਲੀ ਰਾਹ ਜਾਂਦਿਆਂ ਪੈਂਦੇ ਹਨ, 'ਨਿੰਹੁ ਨਾ ਲੱਗਦੇ ਜੋਰੀਂ।' ਇਹ ਇਕ ਅੰਦਰੋਂ-ਅੰਦਰ ਦੀ ਲਗਾਤਾਰ ਖਿੱਚ ਹੈ, ਜਿਹੜੀ ਪਹਿਲਾਂ ਤਾਂ ਕਦੀ-ਕਦੀ ਇਉਂ ਪੈਂਦੀ ਹੈ, ਜਿਵੇਂ ਉਡਾਣ ਵਾਲੇ ਦਾ ਹੱਥ ਚੜ੍ਹੀ ਗੁੱਡੀ ਦੀ ਡੋਰ ਨੂੰ ਖਿੱਚਦਾ ਹੈ ਤੇ ਇਉਂ ਇਲਾਹੀ ਤੁਣਕੇ ਖਾ-ਖਾ ਪਿਆਰ ਇਕ ਲਗਾਤਾਰ ਦਰਦ ਦੀ ਸ਼ਕਲ ਵਿਚ ਅੰਦਰ ਵੱਸਣ ਲੱਗ ਜਾਂਦਾ ਹੈ।

ਤੇਜਾ ਸਿੰਘ ਪੰਜਾਬੀ ਦਾ ਉੱਘਾ ਵਾਰਤਕ-ਕਾਰ ਹੈ। ਉਹਦੀ ਵਾਰਤਕ ਦਾ ਵੱਡਾ ਗੁਣ ਗਲਪੀ ਰਸ ਵਾਲੀ ਸ਼ੈਲੀ ਹੈ। ਉਹ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਲੇਖ ਲਿਖਣ ਵਿਚ ਮਾਹਿਰ ਹੈ। ਇਸ ਕਿਤਾਬ ਵਿਚ 'ਲੋਕ ਭਰਮ' ਨਾਂਅ ਦਾ ਉਹਦਾ ਲੇਖ ਇਸ ਗੱਲ ਦੀ ਗਵਾਹੀ ਹੈ-

ਜਦ ਦੋ ਬਿੱਲੀਆਂ ਆਪੋ ਵਿਚ ਘੂਰ-ਘੂਰ ਕੇ ਵੇਂਹਦੀਆਂ ਤੇ ਫਿਰ ਹੱਥੋਪਾਈ ਕਰਦਿਆਂ ਮਿਆਂਕਦੀਆਂ ਹਨ ਤਾਂ ਹੂਬਹੂ ਸਾਡੇ ਗੁਆਂਢੀਆਂ ਵਾਕਰ ਕਰਦੀਆਂ ਹਨ। ਫੇਰ ਅਸੀਂ ਵੇਖਦੇ ਹਾਂ ਕਿ ਹੋਰ ਕੋਈ ਜਨੌਰ ਨਿੱਛ ਨਹੀਂ ਮਾਰਦਾ, ਪਰ ਬਿੱਲੀ ਦੀ ਨਿੱਛ ਆਦਮੀ ਵਰਗੀ ਹੁੰਦੀ ਹੈ। ਇਸ ਲਈ 'ਬਿੱਲੀ ਨਿੱਛ ਗਈ' ਦਾ ਉਹੀ ਅਸਰ ਮੰਨਿਆ ਜਾਂਦਾ ਹੈ, ਜੋ ਆਦਮੀ ਦੇ ਨਿੱਛਣ ਦਾ।ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬੀ ਵਿਚ ਨਵੀਆਂ ਪੈੜਾਂ ਪਾਉਣ ਵਾਲਾ ਲੇਖਕ ਹੈ। ਉਹਨੇ ਪਹਿਲੀ ਵਾਰ ਪੰਜਾਬੀ ਵਿਚ ਵਹਿਮਾਂ-ਭਰਮਾਂ ਤੋਂ ਉਲਟ ਵਿਗਿਆਨਕ ਤੇ ਪਿਆਰ ਦੇ ਖੁੱਲ੍ਹੇ-ਡੁੱਲ੍ਹੇ ਪ੍ਰਗਟਾਅ ਵਾਲੀ ਨਿਬੰਧਕਾਰੀ ਕੀਤੀ। ਉਹਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾਂਦਾ ਹੈ। ਉਹਦੀ ਸ਼ੈਲੀ ਨਿਵੇਕਲੀ ਤੇ ਉਹਦੇ ਸੁਭਾਅ ਅਨੁਸਾਰ ਸਪੱਸ਼ਟ ਖਿਆਲਾਂ ਦੀ ਧਾਰਨੀ ਹੈ। ਉਹ ਮਜ਼ਬੀ ਵਲਗਣਾਂ ਨੂੰ ਉਚਿਤ ਨਹੀਂ ਸੀ ਮੰਨਦਾ। ਉਹਦੇ ਅਨੁਸਾਰ ਮਨੁੱਖ ਦਾ ਸਭ ਤੋਂ ਉੱਚਾ-ਸੁੱਚਾ ਧਰਮ ਉਹਦਾ ਆਚਰਣ ਹੈ। ਇਸ ਕਿਤਾਬ ਵਿਚ ਸ਼ਾਮਲ ਉਹਦਾ ਲੇਖ 'ਕੁਦਰਤੀ ਮਜ਼ਬ' ਉਹਦੇ ਖਿਆਲਾਂ ਦੀ ਪੁਸ਼ਟੀ ਕਰਦਾ ਹੈ-

ਮਜ਼ਬੀ ਗੋਰਖ ਧੰਦਾ ਏਡਾ ਪੇਚਦਾਰ ਬਣਾ ਦਿੱਤਾ ਗਿਆ ਹੈ ਕਿ ਇਸ ਦੀਆਂ ਮੰਗਾਂ ਨੇ ਆਤਮਾ ਨੂੰ ਬਿਲਕੁਲ ਚਕਨਾਚੂਰ ਕਰ ਦਿੱਤਾ ਹੈ। ਸਾਧੂ, ਪੀਰ, ਫਕੀਰ, ਪਾਠ, ਯੋਗ, ਜਗਰਾਤੇ, ਫੁੱਲ, ਪਤਾਸ਼ੇ, ਪ੍ਰਸ਼ਾਦ, ਪ੍ਰਕਰਮਾ, ਸੁੱਖਣਾ, ਭੋਰੇ, ਜਪ, ਤਪ, ਇਸ਼ਨਾਨ-ਇਨ੍ਹਾਂ ਸਭਨਾਂ ਨੇ ਮਨੁੱਖੀ ਆਤਮਾ ਨੂੰ ਇਕ ਤਰਸ-ਯੋਗ ਜਿਹੀ ਹਸਤੀ ਬਣਾ ਦਿੱਤਾ ਹੈ-ਗਲ ਵਿਚ ਪੱਲਾ, ਅੱਖਾਂ ਨੀਵੀਆਂ, ਪ੍ਰਾਧੀਨ ਜਿਹੀ ਬੋਲੀ, ਸਰਾਪਾਂ ਦਾ ਸਹਿਮ, ਮਿਹਰਾਂ ਦੀ ਆਸ, ਸਵੈ-ਭਰੋਸੇ ਦੀ ਅਣਹੋਂਦ, ਦਲੇਰੀ ਤੇ ਖੇੜੇ ਨੂੰ ਜੁਰਮ ਸਮਝਣਾ, ਫੂਕ-ਫੂਕ ਕੇ ਹਰੇਕ ਕਦਮ ਚੁੱਕਣਾ, ਅੱਗੇ ਦਾ ਸਹਿਮ, ਪਿੱਛੇ ਦਾ ਭੁਗਤਾਨ।

ਚਿੱਤਰ ਕਲਾ ਬਾਰੇ ਪੰਜਾਬੀ ਵਿਚ ਬੜਾ ਘੱਟ ਲਿਖਿਆ ਗਿਆ ਹੈ। ਹਰਿੰਦਰ ਸਿੰਘ ਰੂਪ ਮੂਲ ਰੂਪ ਵਿਚ ਕਵੀ ਹੈ। ਏਸੇ ਕਰਕੇ ਉਹਨੇ ਜਿਹੜੇ ਲੇਖ ਲਿਖੇ ਹਨ, ਉਨ੍ਹਾਂ ਵਿਚ ਕਾਵਿਕਤਾ ਝਲਕਦੀ ਨਜ਼ਰ ਆਉਂਦੀ ਹੈ। 'ਚਿੱਤਰ ਕਲਾ ਦੀ ਸਮਰੱਥਾ' ਨਾਂਅ ਦਾ ਉਹਦਾ ਲੇਖ ਇਸ ਕਿਤਾਬ ਵਿਚ ਸ਼ਾਮਲ ਹੈ, ਜਿਸ ਰਾਹੀਂ ਉਹ ਕਲਾ ਦੀ ਕੋਮਲਤਾ ਨੂੰ ਕਾਵਿ ਸ਼ਬਦਾਂ ਦੀਆਂ ਛੋਹਾਂ ਦੇਂਦਾ ਹੈ-

ਆਰਟ ਦਾ ਪਸਾਰਾ ਬੜਾ ਹੈ, ਮਾਮੂਲੀ ਪੱਤੀ ਲਵੋ, ਉਸ ਵਿਚ ਢਬ ਨਾਲ ਖ਼ਤ ਲੱਗੇ ਹੋਏ ਹਨ। ਇਹ ਖ਼ਤ ਕੀ ਹਨ-ਆਰਟ। ਏਸ ਆਰਟ ਨੇ ਸੁੰਦਰਤਾ ਪੈਦਾ ਕੀਤੀ ਹੈ, ਪੱਤੀ ਵਿਚ ਲੀਕਾਂ ਨਾਲ ਜਾਨ ਪਾ ਦਿੱਤੀ ਹੈ, ਨਹੀਂ ਤਾਂ ਪੱਤੀ ਇਕ ਬੇਜਾਨ ਜਿਹੀ ਡੋਲੀ ਲੱਗਣੀ ਸੀ, ਸੋਹਣੀ ਨਹੀਂ ਸੀ ਹੋਣੀ। ਦਰਿਆ ਦੀ ਲਹਿਰ ਵੇਖੋ ਲਗ ਤੇ ਚੜ੍ਹਾ ਵਿਚ ਸੁੰਦਰਤਾ ਹੈ, ਸੋ ਏਥੇ ਆਰਟ ਹੈ। ਆਰਟ ਸੁੰਦਰਤਾ ਦਾ ਨਾਂਅ ਹੈ।

ਮਹਿੰਦਰ ਸਿੰਘ ਰੰਧਾਵਾ ਵਿਗਿਆਨੀ ਹੋਣ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਦਾ ਅਲੰਬਰਦਾਰ ਸੀ। ਉਹਨੂੰ ਪੇਂਡੂ ਰਹਿਤਲ ਦਾ ਬੜਾ ਬਾਰੀਕ ਗਿਆਨ ਸੀ। ਉਹਨੇ ਪੰਜਾਬ ਵਿਚ ਸੱਭਿਆਚਾਰ ਨੂੰ ਸਾਂਭਣ ਲਈ ਵੱਡੀ ਮਾਤਰਾ ਵਿਚ ਲੇਖ ਲਿਖੇ ਤੇ ਕਿਤਾਬਾਂ ਸੰਪਾਦਤ ਕੀਤੀਆਂ। ਹੱਥਲੀ ਕਿਤਾਬ ਵਿਚ ਉਹਦਾ ਲੇਖ ਦੁਆਬੇ ਦੇ ਸੱਭਿਆਚਾਰ ਨਾਲ ਸੰਬੰਧਤ ਹੈ, ਜਿਸ ਵਿੱਚੋਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਦੀਆਂ ਤੋਂ ਲੁੱਟੇ ਤੇ ਕੁੱਟੇ ਜਾ ਰਹੇ ਫਲਸਤੀਨ ਦੇ ਲੋਕ

## ਇਜ਼ਰਾਈਲ ਫਲਸਤੀਨ ਸੰਘਰਸ਼

(ਇਕ ਇਤਿਹਾਸਕ ਝਾਤ)
ਡਾ. ਅਜ਼ੀਜ਼ੁਰ ਰਹਿਮਾਨ ਆਜ਼ਮੀ
ਅਨੁ.-ਹਰਜੋਤ, ਸੰਪਾਦਕ-ਕਿੰਦ ਨਾਹਲ
ਮੁੱਲ-250 ਰੁਪਏ, ਪੰਨੇ-136
ਵ੍ਹਾਈਟ ਕਰੋਅ ਪਬਲਿਸ਼ਰਜ਼, ਮਾਨਸਾ

**ਸਾਹਿਤ ਚਿੰਤਨ**


**ਡਾ. ਤੇਜਿੰਦਰ ਵਿਰਲੀ**

ਇਜ਼ਰਾਇਲ ਫਲਸਤੀਨ ਸੰਘਰਸ਼ ਬਾਰੇ ਝਾਤ ਪਾਉਂਦੀ ਪੁਸਤਕ ਡਾਕਟਰ ਅਜ਼ੀਜ਼ੁਰ ਰਹਿਮਾਨ ਆਜ਼ਮੀ ਨੇ ਲਿਖੀ ਹੈ। ਇਹ ਪੁਸਤਕ ਪਹਿਲਾਂ ਹਿੰਦੀ ਵਿੱਚ ਆਉਂਦੀ ਹੈ। ਯਕੀਨਨ ਪੰਜਾਬੀ ਦੇ ਪਾਠਕਾਂ ਲਈ ਇਜ਼ਰਾਇਲ ਫਲਸਤੀਨ ਸੰਘਰਸ਼ ਬਾਰੇ ਝਾਤੀ ਪਾਉਂਦੀ ਇਹ ਪੁਸਤਕ ਖਾਸ ਮਹੱਤਵ ਦੀ ਲਿਖਾਇਕ ਹੈ।

ਇਸ ਪੁਸਤਕ ਦਾ ਮੁੱਖ ਬੰਦ ਪ੍ਰੋਫੈਸਰ ਜਾਵੇਦ ਇਕਬਾਲ ਮੁਖੀ ਪੱਛਮੀ ਏਸ਼ੀਆ ਤੇ ਉੱਤਰੀ ਅਫਰੀਕੀ ਅਧਿਐਨ ਵਿਭਾਗ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਦੁਆਰਾ ਲਿਖਿਆ ਗਿਆ ਹੈ। ਇਹ ਭੂਮਿਕਾ ਰੂਪੀ ਲੇਖ ਆਪਣੇ ਆਪ ਵਿੱਚ ਇੱਕ ਮੁੱਲਵਾਨ ਪ੍ਰਾਪਤੀ ਹੈ।

ਇਜ਼ਰਾਈਲ-ਫਲਸਤੀਨ ਸੰਘਰਸ਼ ਨੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ ਅਤੇ ਲੱਖਾਂ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਜੇਕਰ ਅਤੀਤ ਵਿੱਚ ਦੇਖਿਆ ਜਾਵੇ ਤਾਂ ਇਸ ਪੂਰੇ ਵਿਵਾਦ ਦੀਆਂ ਜੜ੍ਹਾਂ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਬ੍ਰਿਟਿਸ਼ ਸਾਮਰਾਜ ਦੁਆਰਾ ਕੀਤੇ ਗਏ ਬਸਤੀਵਾਦੀ ਰਾਜ ਵਿੱਚ ਪਈਆਂ ਹਨ।

31 ਅਕਤੂਬਰ 1917 ਨੂੰ ਬ੍ਰਿਟਿਸ਼ ਫੌਜਾਂ ਨੇ ਫਲਸਤੀਨ ਨੂੰ ਓਟੋਮਨ ਤੁਰਕਾਂ ਤੋਂ ਜਿੱਤ ਲਿਆ। ਇਸ ਦੇ ਨਾਲ ਹੀ ਇਸ ਖੇਤਰ ਉੱਤੇ 1400 ਸਾਲਾਂ ਤੋਂ ਚੱਲੇ ਆ ਰਹੇ ਇਸਲਾਮੀ ਸ਼ਾਸਨ ਦਾ ਅੰਤ ਹੋ ਗਿਆ। ਉਸ ਸਮੇਂ ਫਲਸਤੀਨ ਵਿੱਚ ਯਹੂਦੀਆਂ ਦੀ ਕੁੱਲ ਆਬਾਦੀ ਲਗਭਗ 6 ਫੀਸਦੀ ਹੀ ਸੀ। ਕਿੰਨੇ ਹੀ ਸਾਲਾਂ ਤੋਂ ਫਲਸਤੀਨੀ ਆਪਣੇ ਹੀ ਦੇਸ਼ ਵਿੱਚ ਬਿਨਾਂ ਕਿਸੇ ਅਜ਼ਾਦੀ ਤੋਂ ਰਹਿ ਰਹੇ ਹਨ। ਗਰੀਬੀ, ਅਨਪੜ੍ਹਤਾ ਅਤੇ ਸਿਹਤ ਸੇਵਾਵਾਂ ਉਨ੍ਹਾਂ ਦੀਆਂ ਮੁੱਖ ਸਮੱਸਿਆਵਾਂ ਬਣੀਆਂ ਹੋਈਆਂ ਹਨ। ਪੀਣ ਵਾਲਾ ਪਾਣੀ ਉਨ੍ਹਾਂ ਦੀ ਇੱਕ ਮਹੱਤਵਪੂਰਨ ਸਮੱਸਿਆ ਹੈ । ਜੇਕਰ ਤੁਸੀਂ ਇਜ਼ਰਾਈਲੀ ਖੇਤਰ ਵਿੱਚ ਖੜ੍ਹ ਕੇ ਫਲਸਤੀਨੀ ਬਸਤੀਆਂ ਵੱਲ ਨਜ਼ਰ ਮਾਰੋਗੇ ਤਾਂ ਦੇਖ ਸਕੋਗੇ ਕਿ ਫਲਸਤੀਨੀ ਅਰਬ ਕਿਸ ਹਾਲਤ ਵਿੱਚ ਰਹਿੰਦੇ ਹਨ ਅਤੇ ਯਹੂਦੀ ਕਿਸ ਹਾਲਤ ਵਿੱਚ। ਅਰਬਾਂ ਦੇ ਮਕਾਨਾਂ ਦੀਆਂ ਛੱਤਾਂ ਉੱਤੇ ਪਾਣੀ ਦੇ ਡਰੰਮ ਅਤੇ ਟੈਂਕੀਆਂ ਨਜ਼ਰ ਆਉਣਗੀਆਂ, ਅਜਿਹਾ ਇਸ ਲਈ, ਕਿਉਂਕਿ ਬਹੁਤ ਥੋੜ੍ਹੇ ਦਿਨ ਹੀ ਪਾਣੀ ਮਿਲਦਾ ਹੈ, ਜਦਕਿ ਯਹੂਦੀ ਵਸੋਂ ਵਾਲੀਆਂ ਬਸਤੀਆਂ ਵਿੱਚ ਅਜਿਹਾ ਕੁਝ ਵੀ ਦੇਖਣ ਨੂੰ ਨਹੀਂ ਮਿਲਦਾ।




ਇਸ ਤੋਂ ਇਲਾਵਾ ਫਲਸਤੀਨੀ ਵਸੋਂ ਵਾਲੇ ਖੇਤਰਾਂ ਵਿੱਚ ਕੰਧ ਖੜ੍ਹੀ ਕਰ ਦਿੱਤੀ ਗਈ ਹੈ, ਤਾਂ ਜੋ ਉਹ ਯਹੂਦੀ ਬਸਤੀਆਂ ਵਿੱਚ ਦਾਖਲ ਨਾ ਹੋ ਸਕਣ। ਸੋ, ਫਲਸਤੀਨੀ ਲੋਕਾਂ ਨੂੰ ਕਿਸੇ ਵੀ ਖੇਤਰ ਵਿੱਚ ਜਾਣ ਲਈ ਲੰਮੀ ਦੂਰੀ ਤੈਅ ਕਰਨੀ ਪੈਂਦੀ ਹੈ। ਕੰਮ 'ਤੇ ਜਾਣ ਵਾਲੇ ਫਲਸਤੀਨੀਆਂ ਦਾ ਸੁਰੱਖਿਆ ਚੌਕੀਆਂ ਤੋਂ ਗੁਜ਼ਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਸ ਵਿੱਚ ਕਈ-ਕਈ ਘੰਟੇ ਲੱਗ ਜਾਂਦੇ ਹਨ। ਫਲਸਤੀਨੀ ਅਰਬਾਂ ਦਾ ਮੰਨਣਾ ਹੈ ਕਿ ਅਜਿਹਾ ਫਲਸਤੀਨੀਆਂ ਨੂੰ ਪਰੇਸ਼ਾਨ ਕਰਨ ਲਈ ਕੀਤਾ ਜਾਂਦਾ ਹੈ। ਉਨ੍ਹਾਂ ਨਾਲ ਗੁਲਾਮਾਂ ਵਰਗਾ ਸਲੂਕ ਕੀਤਾ ਜਾਂਦਾ ਹੈ।

ਹੁਣ ਇਜ਼ਰਾਈਲ ਗਾਜ਼ਾ ਅਤੇ ਵੈੱਸਟ ਬੈਂਕ ਦੇ ਫਲਸਤੀਨੀ ਅਰਬਾਂ ਲਈ ਨਾ ਤਾਂ ਇੱਕ ਵੱਖਰਾ ਦੇਸ਼ ਬਣਾਉਣ ਦੇ ਹੱਕ ਵਿੱਚ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੁਤੰਤਰਤਾ ਦੇਣ ਦੇ। ਫਲਸਤੀਨੀ ਸੁਤੰਤਰਤਾ ਦੀ ਮੰਗ ਵਿੱਚ ਜੇਕਰ ਹਿੰਸਕ ਪ੍ਰਦਰਸ਼ਨ ਹੋ ਜਾਣ ਤਾਂ ਗਾਜ਼ਾ ਅਤੇ ਫਲਸਤੀਨੀ ਅਥਾਰਿਟੀ ਦੇ ਕਬਜ਼ੇ ਵਾਲੇ ਖੇਤਰ ਵਿੱਚ ਇਜ਼ਰਾਈਲ ਏਨੀ ਕਰੂਰਤਾ ਨਾਲ ਨਜਿੱਠਦਾ ਹੈ ਕਿ ਹਾਲਾਤ ਸੁਧਾਰਨ ਵਿੱਚ ਕਈ ਸਾਲ ਬੀਤ ਜਾਂਦੇ ਹਨ। ਰਸਦ-ਪਾਣੀ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਪਾਣੀ ਦੀਆਂ ਪਾਈਪਾਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ। ਬੱਚਿਆਂ ਨੂੰ ਮਾਰ ਦਿੱਤਾ ਜਾਂਦਾ ਹੈ। ਫਿਰ ਕੁਝ ਦਿਨ ਲਈ ਇਹ ਲੋਕ ਜਿਉਂਦੇ ਰਹਿਣ ਲਈ ਸੰਘਰਸ਼ ਕਰਨ ਲੱਗਦੇ ਹਨ।

ਇਜ਼ਰਾਈਲ ਏਨਾ ਮਜ਼ਬੂਤ ਹੁੰਦੇ ਹੋਏ ਵੀ ਇਸ ਡਰ ਦੇ ਘੇਰੇ ਵਿੱਚ ਰਹਿੰਦਾ ਹੈ। ਇਸ ਡਰ ਦਾ ਹੱਲ ਸ਼ਾਂਤੀ ਹੈ ਅਤੇ ਇਹ ਸ਼ਾਂਤੀ ਅਨਿਆਂ ਨਾਲ ਨਹੀਂ ਆਵੇਗੀ। ਉਹ ਹਰ ਸੈਲਾਨੀ ਨੂੰ ਦੱਸਦੇ ਹਨ ਕਿ ਸ਼ਹਿਰ ਵਿੱਚ ਐਂਟੀ ਬਲਿਸਟਿਕ ਮਿਜ਼ਾਈਲ ਲੱਗੀ ਹੋਈ ਹੈ। ਫਿਰ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਉੱਤੇ ਇੱਥੇ ਅਲਾਰਮ ਵੱਜਦਾ ਹੈ ਅਤੇ ਤੁਹਾਨੂੰ ਹੋਟਲ ਦੇ ਤਹਿਖਾਨੇ ਵਿੱਚ ਜਾਣਾ ਪਵੇਗਾ, ਜਿੱਥੇ ਅਜਿਹੇ ਕਿਸੇ ਵੀ ਹਮਲੇ ਦਾ ਕੋਈ ਅਸਰ ਨਹੀਂ ਹੋਵੇਗਾ। ਇਹ ਇਜ਼ਰਾਈਲ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਪੂਰਨ ਸੁਰੱਖਿਆ ਦਿੰਦਾ ਹੈ।

ਰਾਕਟ ਹਮਲਿਆਂ ਨਾਲ ਨਾਗਰਿਕਾਂ ਦਾ ਮਾਨਸਿਕ ਤਣਾਅ ਏਨਾ ਜ਼ਿਆਦਾ ਵਧ ਗਿਆ ਕਿ ਬੱਚਿਆਂ ਅਤੇ ਬਜ਼ੁਰਗਾਂ ਨੂੰ ਮਾਨਸਿਕ ਰੋਗਾਂ ਦੇ ਮਾਹਰ ਕੋਲ ਦਿਖਾਉਣਾ ਪੈਂਦਾ ਸੀ ਅਤੇ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ । ਇਜ਼ਰਾਈਲ ਸਰਕਾਰ ਨੇ ਇਸ ਸ਼ਹਿਰ ਵਿੱਚ ਹਰ ਪਾਸੇ ਨਾਗਰਿਕ ਸੁਰੱਖਿਆ ਬੰਕਰ ਬਣਾਏ ਹੋਏ ਹਨ, ਜਿੱਥੇ ਕੋਈ ਵੀ ਵਿਅਕਤੀ 8 ਸਕਿੰਟ ਦੇ ਅੰਦਰ-ਅੰਦਰ ਦੌੜ ਕੇ ਬੰਕਰਾਂ ਵਿੱਚ ਜਾ ਸਕੇ। ਪਾਰਕਾਂ ਵਿੱਚ ਬੱਚਿਆਂ ਦੇ ਖੇਡਣ ਲਈ ਬਹੁਤ ਸਾਰੇ ਬੰਕਰ ਖਿਡੌਣੇ ਦੇ ਰੂਪ 'ਚ ਬਣਾਏ ਗਏ ਹਨ ਅਤੇ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਕੋਈ ਇਸ ਤਰ੍ਹਾਂ ਦੀ ਅਵਾਜ਼ ਸੁਣਾਈ ਦੇਵੇ ਤਾਂ ਉਸ ਵਿੱਚ ਚਲੇ ਜਾਣਾ ਹੈ।


ਜਿੱਥੋਂ ਤੱਕ ਭਾਰਤ ਦਾ ਸੁਆਲ ਹੈ, ਅਤੀਤ ਵਿੱਚ ਇਜ਼ਰਾਈਲ ਦੇ ਮਾਮਲੇ ਵਿੱਚ ਉਸ ਦੀਆਂ ਨੀਤੀਆਂ ਇਸ ਮੁੱਦੇ 'ਤੇ ਮਹਾਤਮਾ ਗਾਂਧੀ ਦੇ ਵਿਚਾਰਾਂ ਉੱਤੇ ਅਧਾਰਤ ਰਹੀਆਂ ਹਨ। ਗਾਂਧੀ ਜੀ ਨੇ 1938 ਵਿੱਚ ਲਿਖਿਆ ਸੀ, 'ਫਲਸਤੀਨ ਉਸੇ ਤਰ੍ਹਾਂ ਅਰਬ ਲੋਕਾਂ ਦਾ ਹੈ, ਜਿਸ ਤਰ੍ਹਾਂ ਇੰਗਲੈਂਡ, ਅੰਗਰੇਜ਼ਾਂ ਦਾ ਅਤੇ ਫਰਾਂਸ, ਫਰਾਂਸੀਸੀਆਂ ਦਾ।' ਉਨ੍ਹਾ ਇਹ ਵੀ ਲਿਖਿਆ ਸੀ ਕਿ ਈਸਾਈਆਂ ਦੇ ਹੱਥੋਂ ਯਹੂਦੀਆਂ ਨੇ ਜ਼ੁਲਮ ਝੱਲਿਆ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਫਲਸਤੀਨੀਆਂ ਤੋਂ ਉਨ੍ਹਾਂ ਦੀ ਜ਼ਮੀਨ ਖੋਹ ਲਈ ਜਾਵੇ।

ਇਸ ਮਾਮਲੇ ਵਿੱਚ ਕਈ ਚਿੰਤਕ ਸਿਰਫ ਹਮਾਸ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਹੇ ਹਨ ਅਤੇ ਯੁੱਧ ਦੀਆਂ ਸਥਿਤੀਆਂ ਪੈਦਾ ਕਰਨ ਲਈ ਹਮਾਸ ਨੂੰ ਜ਼ਿੰਮੇਵਾਰ ਮੰਨ ਰਹੇ ਹਨ, ਪਰ ਨਾਲ ਹੀ ਇਹ ਸਵਾਗਤਯੋਗ ਹੈ ਕਿ ਇੰਗਲੈਂਡ ਅਤੇ ਅਮਰੀਕਾ ਵਿੱਚ ਇਜ਼ਰਾਈਲ ਦੇ ਵਿਰੁੱਧ ਕਈ ਵੱਡੇ ਪ੍ਰਦਰਸ਼ਨ ਹੋਏ ਹਨ (ਹਾਲਾਂਕਿ, ਮੀਡੀਆ ਨੇ ਉਨ੍ਹਾਂ ਦੀ ਬਹੁਤ ਘੱਟ ਚਰਚਾ ਕੀਤੀ) ਅਤੇ ਕਈ ਯਹੂਦੀਆਂ ਨੇ ਪੱਛਮੀ ਏਸ਼ੀਆ ਵਿੱਚ ਇਜ਼ਰਾਈਲ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਹੈ।


ਅੱਜ ਸੰਯੁਕਤ ਰਾਸ਼ਟਰ ਸੰਘ ਦੇ ਕਈ ਪ੍ਰਸਤਾਵਾਂ ਨੂੰ ਇਜ਼ਰਾਈਲ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਅਮਰੀਕਾ ਇਜ਼ਰਾਈਲ ਦੀਆਂ ਯਹੂਦੀਵਾਦੀ ਨੀਤੀਆਂ ਦਾ ਖੁੱਲ੍ਹ ਕੇ ਸਮਰਥਨ ਕਰਦਾ ਆ ਰਿਹਾ ਹੈ ਤੇ ਇਸ ਦੇ ਬਦਲੇ ਇਜ਼ਰਾਈਲ ਪੱਛਮੀ ਏਸ਼ੀਆ ਵਿੱਚ ਕੱਚੇ ਤੇਲ ਦੇ ਸਾਧਨਾਂ ਉੱਤੇ ਕਬਜ਼ਾ ਕਰਨ ਵਿੱਚ ਅਮਰੀਕਾ ਦੀ ਮਦਦ ਕਰਦਾ ਰਿਹਾ ਹੈ।

ਇਹ ਕਿਤਾਬ ਇਜ਼ਰਾਈਲ ਫਲਸਤੀਨ ਜੰਗ 'ਚ ਹੋਏ ਮਨੁੱਖਤਾ ਦੇ ਘਾਣ ਦਾ ਬਿਰਤਾਂਤ ਤੱਥਾਂ ਨਾਲ ਬਿਆਨ ਕਰਦੀ ਹੈ। **ਸੰਪਰਕ-94647-97400**

## ਸੱਜਰਾ ਸਾਹਿਤ




**ਅਰੂਜ-ਏ-ਜ਼ਵਾਲ**
ਇੰਦਰਜੀਤ ਸਿੰਘ ਸੇਖੋਂ
ਸਫੇ : 196, ਮੁੱਲ :240 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਸਾਡੇ ਨਾਲੋਂ ਪੰਛੀ ਚੰਗੇ**
ਬਲਵਿੰਦਰ ਸਿੰਘ 'ਬਿੰਦੀ ਪੰਧੇਰ'
ਸਫੇ : 92, ਮੁੱਲ : 175 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ




**ਨਾਨਕ ਦਰਸ਼ਨ ਤੇ ਸਹਿਜ-ਸੁਭਾਅ**
(ਕਾਵਿ ਨਾਟਕ)
ਚਰਨ ਸਿੰਘ
ਸਫੇ : 139, ਮੁੱਲ : 350 ਰੁਪਏ
ਕਾਵਿ ਸ਼ਾਸਤਰ ਪ੍ਰਕਾਸ਼ਨ, ਫਗਵਾੜਾ

# ਪੁਸਤਕ ਰੀਵਿਊ

## ਚਿਤਵਣੀ

ਹਜ਼ਾਰਾ ਸਿੰਘ ਮੁਸ਼ਤਾਕ
ਪੰਨੇ-112, ਮੁੱਲ-250 ਰੁਪਏ (ਪੇਪਰਬੈਕ)
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਹਜ਼ਾਰਾ ਸਿੰਘ ਮੁਸ਼ਤਾਕ ਪੰਜਾਬੀ ਸਾਹਿਤ ਇਤਿਹਾਸ ਵਿਚ 1970 ਵਿਆਂ ਦਾ ਉੱਘਾ ਸਟੇਜੀ ਸ਼ਾਇਰ ਰਿਹਾ ਹੈ। ਦੱਸਦੇ ਹਨ ਕਿ ਪੰਜਾਬ ਵਿਚ ਉਸ ਵੇਲੇ ਸਟੇਜੀ ਸ਼ਾਇਰੀ ਬੁਲੰਦੀਆਂ 'ਤੇ ਸੀ।




ਪੰਜਾਬ ਵਿਚ ਕਵੀ ਦਰਬਾਰ ਲੱਗਦੇ ਸਨ। ਲੋਕ ਦੂਰੋਂ-ਦੂਰੋਂ ਕਵੀ ਸੱਜਣਾਂ ਨੂੰ ਸੁਣਨ, ਵੇਖਣ ਆਇਆ ਕਰਦੇ ਸਨ। ਕਈ ਹਾਸਰਸੀ ਕਵੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੇ ਤੇ ਲੋਕਾਂ ਨੂੰ ਹਸਾ-ਹਸਾ ਕੇ ਦੂਹਰਾ ਕਰ ਦਿੰਦੇ। ਇਸ ਕਿਤਾਬ ਦਾ ਦੂਸਰਾ ਐਡੀਸ਼ਨ ਛਪਿਆ ਹੈ। ਇਸ ਦੂਸਰੇ ਐਡੀਸ਼ਨ ਛਪਣ ਲਈ ਸਹਿਯੋਗ ਕਿਵੇਂ ਤੇ ਕਿੱਥੋਂ ਮਿਲਿਆ। ਇਸ ਬਾਰੇ ਕਿਤਾਬ ਵਿਚ ਕੋਈ ਜ਼ਿਕਰ ਨਹੀਂ ਹੈ। ਮੈਂ ਜਦ ਇਸ ਕਿਤਾਬ ਦਾ ਅਧਿਐਨ ਕੀਤਾ ਤਾਂ ਉਹ 50 ਸਾਲ ਪਹਿਲਾਂ ਦਾ ਸਮਾਂ ਯਾਦ ਆ ਗਿਆ। ਪੰਜਾਬੀ ਕਵਿਤਾ ਦੇ ਵਿਕਾਸ ਦੀਆਂ ਪੈੜਾਂ ਸਾਫ ਦਿਸਣ ਲੱਗੀਆਂ। ਕਾਵਿ ਸੰਗ੍ਰਹਿ ਦੀ ਭੂਮਿਕਾ ਨੂੰ ਰਿਵਾਜੀ ਅੱਖਰ ਲਿਖਿਆ ਹੈ ।ਇਨ੍ਹਾਂ ਅੱਖਰਾਂ ਦੇ ਅੰਸ਼ ਹਨ, 'ਮੈਂ ਉਸਤਾਦੀ/ ਸ਼ਾਗਿਰਦੀ ਵਿਚ ਯਕੀਨ ਨਹੀਂ ਰੱਖਦਾ, ਕਵਿਤਾ ਪਿਆਰ ਕਰਨ ਵਾਲੇ ਮਨ ਦੀ ਉਹ ਤੜਪ ਹੈ, ਜੋ ਬਿਆਨੀ ਨਹੀਂ ਜਾ ਸਕਦੀ। ਛੰਦਾਬੰਦੀ ਮਨ ਦੇ ਸਾਂਚੇ ਆਪ-ਮੁਹਾਰੇ ਢਲਦੀ ਹੈ। ਪ੍ਰੋਫੈਸਰ ਲੋਕ ਕਿਸੇ ਕਵੀ ਦੀ ਕਵਿਤਾ ਦੀ ਆਲੋਚਨਾ ਤਾਂ ਕਰ ਸਕਦੇ ਹਨ, ਪਰ ਆਪ ਕਵਿਤਾ ਲਿਖ ਨਹੀ ਸਕਦੇ। ਹੁਣ ਉਸ ਦੌਰ ਤੋਂ ਖੁੱਲ੍ਹੀ ਕਵਿਤਾ / ਛੰਦ ਰਹਿਤ ਕਵਿਤਾ ਇਸੇ ਸੋਚ ਦਾ ਨਤੀਜਾ ਹੈ।'

ਜਲੰਧਰ ਦੇ ਸ਼ਾਇਰ (ਉਸ ਸਮੇਂ ਦੇ) ਪ੍ਰੀਤਮ ਸਿੰਘ ਕਵੀ ਨੇ ਆਖਣ ਯੋਗ ਸ਼ਬਦ ਲਿਖ ਕੇ ਕਵਿਤਾ ਦੀ ਕਾਵਿਕ ਮਹਿਕ ਵਿਚ ਵਾਧਾ ਕੀਤਾ ਹੈ। ਕੁਝ ਅੰਸ਼ ਵੇਖੋ—ਪੰਜਾਬ ਨੂੰ ਪੂਰਬੀ ਤੇ ਪੱਛਮੀ ਭਾਗਾਂ ਵਿਚ ਵੰਡੇ ਜਾਣਾ ਸ਼ਾਇਰ ਮੁਸ਼ਤਾਕ ਨੂੰ ਡਾਢਾ ਅੱਖਰਦਾ ਹੈ, ਜਿਸ ਨੇ ਲਹੂ ਤੇ ਮਾਸ ਨੂੰ ਅੱਡ-ਅੱਡ ਕਰ ਧਰਿਆ ਏ। ਸੰਨ ਸੰਤਾਲੀ ਦੀ ਪੰਜਾਬ ਦੀ ਗੈਰ-ਕੁਦਰਤੀ ਵੰਡ ਨੇ ਸਾਡੇ ਸਾਹਿਤਕਾਰਾਂ ਦੀ ਸੰਵੇਦਨਾ ਨੂੰ ਬਹੁਤ ਜ਼ਿਆਦਾ ਟੁੰਬਿਆ। ਮਾਨਵਤਾ ਖ਼ੂਨ ਨਾਲ ਰੰਗੀ ਗਈ। ਇਸ ਵੰਡ ਦਾ ਕਰੂਰ ਅਸਰ ਅਜੇ ਤੱਕ ਸਾਡੇ ਸਾਹਿਤ ਵਿਚ ਵੇਖਿਆ, ਸੁਣਿਆ ਜਾ ਰਿਹਾ ਹੈ।

ਹਜ਼ਾਰਾ ਸਿੰਘ ਮੁਸ਼ਤਾਕ ਦੀ ਇਸ ਕਿਤਾਬ ਵਿਚ ਦੇਸ਼ ਵੰਡ ਨਾਲ ਜੁੜੀਆ ਕਈ ਯਾਦਾਂ ਹਨ। ਕਿਤਾਬ ਦੀਆਂ ਸਾਰੀਆਂ ਰਚਨਾਵਾਂ ਨੂੰ ਉਸ ਸਮੇਂ ਵਿਚ ਲੋਕਾਂ ਤੋਂ ਬਹੁਤ ਬਹੁਤ ਦਾਦ ਮਿਲੀ ਹੈ। ਹਥਲੀ ਕਾਵਿ ਕਿਤਾਬ ਵਿਚ ਰਚਨਾਵਾਂ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ। ਤਜ਼ਮੀਨ ਸਿਰਲੇਖ ਤਹਿਤ 8 ਕਵਿਤਾਵਾਂ ਹਨ, ਜਿਨ੍ਹਾਂ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੰਘ, ਮਹਾਤਮਾ ਗਾਂਧੀ,ਜਵਾਹਰ ਲਾਲ ਨਹਿਰੂ ਬਾਰੇ ਕਾਵਿਕ ਰੇਖਾ ਚਿੱਤਰ ਹਨ। ਦੂਸਰੇ ਭਾਗ ਵਿਚ ਉੱਚ ਪਾਏ ਦੀਆ 17 ਗਜ਼ਲਾਂ ਹਨ। ਗਜ਼ਲਾਂ ਵਿਚ ਮਿਆਰੀ ਸ਼ਿਅਰ ਹਨ ।

ਉਸ ਵੇਲੇ ਪੰਜਾਬੀ ਗਜ਼ਲ ਦੇ ਵਿਸ਼ਿਆਂ ਵਿਚ ਠੇਕਾ, ਪੰਡਤ, ਮੁੱਲਾਂ, ਹੁਸਨ, ਇਸ਼ਕ, ਮੂਸਾ, ਗੈਰਤ, ਗਰਦਿਸ਼, ਤਕਬਰ ਆਦਿ ਬਿੰਬ ਵਰਤੇ ਜਾਂਦੇ ਰਹੇ ਹਨ, ਕਿਉਂਕਿ ਪੰਜਾਬੀ ਗਜ਼ਲ ਉਸ ਸਮੇਂ ਨਵੀਂ-ਨਵੀਂ ਫਾਰਸੀ, ਉਰਦੂ ਵਿਚੋਂ ਆਈ ਸੀ। ਕੁਝ ਗਜ਼ਲ ਉਸਤਾਦਾਂ ਦੀ ਗਜ਼ਲ 'ਤੇ ਕੀਤੀ ਖੋਜ ਕਾਰਨ ਸਮੇਂ ਨਾਲ ਪੰਜਾਬੀ ਗਜ਼ਲ ਦਾ ਦਾਇਰਾ ਵਸੀਹ ਹੋਇਆ ਹੈ।

ਪੁਸਤਕ ਦੇ ਤੀਸਰੇ ਭਾਗ ਵਿਚ ਧਾਰਮਕ ਕਵਿਤਾਵਾਂ ਹਨ। ਵਿਸ਼ੇ ਸਿੱਖ ਪ੍ਰਸੰਗ ਵਿਚੋਂ ਹਨ। ਖਾਲਸੇ ਦੀ ਉਸਤਤ ਹੈ। ਗੁਰੂ ਸਾਹਿਬਾਨ ਦਾ ਜੀਵਨ ਹੈ। ਪ੍ਰਸੰਗ ਬੰਦਾ ਬਹਾਦਰ ਹੈ। ਕਿਤਾਬ ਦੇ ਚੌਥੇ ਭਾਗ ਵਿਚ ਵਤਨ ਦੀ ਪੁਕਾਰ ਸਿਰਲੇਖ ਤਹਿਤ 5 ਬਿਹਤਰੀਨ ਕਵਿਤਾਵਾਂ ਹਨ। ਕਵੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ, ਭਾਈਚਾਰਕ ਸਾਂਝ ਦਾ ਜ਼ਿਕਰ ਹੈ। ਰਿਸ਼ਵਤਖੋਰੀ ਆਦਿ ਸਮਾਜਿਕ ਮਸਲਿਆਂ 'ਤੇ ਵਿਅੰਗਮਈ ਕਲਮ ਚਲਾਈ ਹੈ। ਪੰਜਵੇਂ ਭਾਗ ਵਿਚ ਦੇਸ਼ ਵੰਡ ਬਾਰੇ ਸ਼ਿਅਰ ਹੈ—ਏਦਾਂ ਖ਼ੂਨ ਸਫੈਦ ਹੋ ਗਿਆ/ ਵੀਰ ਵੀਰਾਂ ਨੂੰ ਨਜ਼ਰ ਨਾ ਆਇਆ/ ਖ਼ੂਨ ਦੇ ਪਿਆਸੇ ਵੀਰ ਵੀਰਾਂ ਲਈ / ਪਾਣੀ ਦੇ ਵਿਚ ਜ਼ਹਿਰ ਮਿਲਾਇਆ । ਕਿਤਾਬ ਵਿਚ 'ਮੁਸ਼ਤਾਕ' ਦੀ ਚਿੱਠੀ ਪੜ੍ਹਨ ਵਾਲੀ ਹੈ। (ਪੰਨਾ-103) ਕਿਤਾਬ ਦੇ ਇਸ ਭਾਗ ਦੀ ਆਖਰੀ ਕਵਿਤਾ ਵਿਚ ਕਵੀ ਹੀਰ ਨੂੰ ਕੋਸਦਾ ਹੈ ਕਿ ਹੀਰ ਨੇ ਇਸ਼ਕ ਦੇ ਨਾਂਅ 'ਤੇ ਪਿਓ ਦੀ ਪੱਗ ਨੂੰ ਦਾਗ ਲਾਇਆ ਹੈ। ਕਵੀ ਹਜ਼ਾਰਾ ਸਿੰਘ ਮੁਸ਼ਤਾਕ ਦੀ ਕਿਤਾਬ ਦਾ ਇਹ ਦੂਸਰਾ ਐਡੀਸ਼ਨ ਪੁਰਾਣੀ ਪੰਜਾਬੀ ਗਜ਼ਲ/ ਕਵਿਤਾ ਇਤਿਹਾਸ ਦੀ ਅਹਿਮ ਦਸਤਾਵੇਜ਼ ਹੈ।

**—ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**

## ਉੱਚ ਜਾਤੀ ਹੋਣ ਦਾ ਸੰਤਾਪ

(ਯਾਦਾਂ)
ਗੁਰਦੀਪ ਸਿੰਘ ਵੜੈਚ
ਪੰਨੇ : 60, ਮੁੱਲ : 150 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਯਾਦ ਆਧਾਰਤ ਨੌਂ ਲੇਖਾਂ ਦੀ ਗੁਰਦੀਪ ਸਿੰਘ 'ਵੜੈਚ' ਦੀ ਪੁਸਤਕ 'ਉੱਚ ਜਾਤੀ ਹੋਣ ਦਾ ਸੰਤਾਪ' ਉਸ ਦੀ ਪੰਜਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਵੀ ਉਹ ਚਾਰ ਪੁਸਤਕਾਂ 'ਵਕਤ ਦੀ ਕੈਨਵਸ 'ਤੇ', 'ਪਲਕਾਂ ਦੇ ਓਹਲੇ', 'ਜੀਵਨੀ ਇਕ ਕਰਮਯੋਗੀ ਦੀ' ਅਤੇ 'ਸਾਡੀ ਵੀ ਸੁਣ ਲਵੋ' ਪ੍ਰਕਾਸ਼ਤ ਕਰਵਾ ਚੁੱਕਾ ਹੈ, ਜੋ ਉਸ ਦੇ ਲੰਮੇ ਜੀਵਨ ਅਨੁਭਵਾਂ ਤੇ ਉਹਨਾਂ ਨਾਲ ਸੰਬੰਧਤ ਯਾਦਾਂ ਦੇ ਅਧਾਰਤ ਲੇਖ ਹਨ। ਇਹਨਾਂ ਲੇਖਾਂ ਵਿੱਚ ਉਸ ਨੇ ਉਹਨਾਂ ਵਿਅਕਤੀਆਂ ਨਾਲ ਸੰਬੰਧਤ ਆਪਣੇ ਅਨੁਭਵ ਤੇ ਵਿਚਾਰ ਸ਼ਾਮਲ ਕੀਤੇ ਹਨ, ਜੋ ਕੇਵਲ ਇਸ ਕਾਰਨ ਔਖਿਆਈ ਭਰਿਆ ਜੀਵਨ ਜਿਉ ਰਹੇ ਹਨ ਕਿ ਉਹ ਗਰੀਬ ਹਨ, ਪਰ ਉੱਚ ਜਾਤੀ ਨਾਲ ਸੰਬੰਧ ਰੱਖਦੇ ਹਨ, ਜਿਸ ਕਾਰਨ ਆਰਥਿਕ ਸਰਕਾਰੀ ਮਦਦ ਤੋਂ ਵਾਂਝੇ ਹਨ। ਸਾਡੇ ਸਮਾਜ ਵਿੱਚ ਉੱਚ ਜਾਤੀ ਨਾਲ਼ ਸੰਬੰਧਤ ਆਰਥਿਕ ਰੂਪ ਵਿੱਚ ਕਮਜ਼ੋਰ ਨਾਗਰਿਕਾਂ ਦੇ ਦੁੱਖਾਂ ਨੂੰ ਉਜਾਗਰ ਕਰਦੀ ਇਸ ਪੁਸਤਕ ਰਾਹੀਂ ਲੇਖਕ ਇਸ ਮਸਲੇ ਪ੍ਰਤੀ ਇਹ ਰੋਸ ਪ੍ਰਗਟ ਕਰਦਾ ਦਿਸਦਾ ਹੈ ਕਿ ਇਹ ਮਸਲਾ ਦੇਸ਼ ਦੇ ਸੰਸਦ ਅਤੇ ਸਰਬਉੱਚ ਅਦਾਲਤ ਦੇ ਧਿਆਨ ਵਿੱਚ ਵੀ ਨਹੀਂ ਹੈ। ਸਭ ਤੋਂ ਪਹਿਲਾਂ ਲੇਖਕ ਇੱਕ ਬੱਸ ਕੰਡਕਟਰ ਨਿੰਦਰ ਦੀ ਗੱਲ ਕਰਦਾ ਹੈ, ਜਿਸ ਦੇ ਪੁਰਖੇ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਤੋਂ ਆਏ ਸਨ ਅਤੇ ਉਹਨਾਂ ਨੂੰ ਪਾਕਿਸਤਾਨ ਵਿੱਚ ਰਹਿ ਗਈ ਆਪਣੀ ਜ਼ਮੀਨ ਦੇ ਬਰਾਬਰ ਜ਼ਮੀਨ ਅਲਾਟ ਨਹੀਂ ਹੋਈ ਸੀ। ਹੁਣ ਤੱਕ ਨਿੰਦਰ ਤੇ ਉਸ ਦਾ ਪਰਵਾਰ ਗਰੀਬੀ ਵਿੱਚ ਦਿਨ ਕੱਟ ਰਿਹਾ ਹੈ, ਪਰ ਉੱਚ ਜਾਤੀ ਦਾ ਹੋਣ ਕਰਕੇ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮਦਦ ਨਹੀਂ ਮਿਲਦੀ। ਅਗਲੀ ਗੱਲ ਉਹ ਸੰਤਾ ਸਿੰਘ ਦੀ ਸੁਣਾਉਂਦਾ ਹੈ, ਜੋ ਬਹੁਤ ਹੀ ਸ਼ਰੀਫ ਵਿਅਕਤੀ ਹੈ ਅਤੇ ਪਿੰਡ ਵਿੱਚ ਉਸ ਦੀ ਇਮਾਨਦਾਰੀ ਦੇ ਚਰਚੇ ਹਰ ਇਕ ਦੀ ਜ਼ੁਬਾਨ 'ਤੇ ਰਹਿੰਦੇ ਸਨ, ਦੂਜੇ ਪਾਸੇ ਛੋਟੀ ਜਾਤ ਦੀ ਪਰ ਰੱਜ ਕੇ ਸੋਹਣੀ ਬੰਤੋ ਸੰਤਾ ਸਿੰਘ ਉੱਤੇ ਸ਼ੋਸ਼ਣ ਦਾ ਇਲਜ਼ਾਮ ਲਗਾ ਦਿੰਦੀ ਹੈ, ਜਿਸ ਕਾਰਨ ਪਿੰਡ ਦੀ ਪੰਚਾਇਤ ਉਸ ਦੀ ਗੱਲ ਸੁਣੇ ਬਿਨਾਂ ਉਸ ਨੂੰ ਸਜ਼ਾ ਵੀ ਦਿੰਦੀ ਹੈ। ਇਸ ਨਮੋਸ਼ੀ ਵਿੱਚ ਸੰਤਾ ਸਿੰਘ ਖ਼ੁਦਕੁਸ਼ੀ ਕਰ ਲੈਂਦਾ ਹੈ। ਰੋੜੀ ਕੁੱਟ ਲੇਖ ਲੇਖਕ ਦੇ ਸਕੂਲ ਨਾਲ਼ ਪੜ੍ਹਨ ਵਾਲੇ ਬ੍ਰਾਹਮਣ ਮਿੱਤਰ ਨਰਾਤੇ ਰਾਮ ਦੀ ਕਹਾਣੀ ਹੈ, ਜੋ ਫੌਜ ਵਿੱਚ ਭਰਤੀ ਹੋ ਗਿਆ ਸੀ, ਪਰ ਘਰੇਲੂ ਕਾਰਨਾਂ ਕਰਕੇ ਉਸ ਨੂੰ ਨੌਕਰੀ ਛੱਡ ਕੇ ਵਾਪਸ ਪਿੰਡ ਮੁੜਨਾ ਪਿਆ ਤੇ ਫਿਰ ਹੋਰ ਕੋਈ ਰੋਜ਼ੀ-ਰੋਟੀ ਦਾ ਸਾਧਨ ਨਾ ਹੋਣ ਕਾਰਨ ਉਹ ਮਜ਼ਦੂਰੀ ਕਰਕੇ ਪਰਵਾਰ ਦਾ ਪੇਟ ਪਾਲ ਰਿਹਾ ਹੈ। ਇਸੇ ਤਰੀਕੇ ਦਾ ਪਾਤਰ ਰੁਲਦੂ ਬਾਹਮਣ ਹੈ, ਜੋ ਪਿੰਡ ਵਿੱਚ ਰਹਿੰਦਿਆਂ ਧਾਰਮਿਕ ਕਾਰ-ਵਿਹਾਰਾਂ ਦੇ ਘਟ ਜਾਣ ਕਾਰਨ ਗਰੀਬੀ ਵਿੱਚ ਦਿਨ ਕੱਟ ਰਿਹਾ ਹੈ। 'ਪੱਥਰ ਦਿਲ ਲੋਕ' ਲੇਖ ਵਿੱਚ ਲੇਖਕ ਰਾਜਵਿੰਦਰ ਨਾਂਅ ਦੀ ਇੱਕ ਜੱਟਾਂ ਦੀ ਨੂੰਹ ਦੀ ਗੱਲ ਸੁਣਾਉਂਦਾ ਹੈ, ਜਿਸ ਦੇ ਦੁੱਖਾਂ ਦਾ ਕਾਰਨ ਉਸ ਦਾ ਆਪਣਾ ਪਤੀ ਦੀ ਮੌਤ ਹੈ, ਜੋ ਸ਼ਰਾਬ ਪੀਣ ਕਾਰਨ ਹੁੰਦੀ ਹੈ ਅਤੇ ਪਰਵਾਰ ਦੇ ਤਿਰਸਕਾਰ ਤੋਂ ਬਾਅਦ ਰਾਜਵਿੰਦਰ ਆਪਣੇ ਬੱਚਿਆਂ ਨੂੰ ਪਾਲਣ ਲਈ ਮੁਸੀਬਤਾਂ ਝੱਲ ਰਹੀ ਹੈ। ਦਸੌਂਧਾ ਸਿੰਘ ਅਤੇ ਛੱਜੂ ਬਾਣੀਆ ਦੋਵੇਂ ਹੀ ਹਾਲਾਤਾਂ ਦੇ ਮਾਰੇ ਵਿਅਕਤੀ ਹਨ, ਜੋ ਆਰਥਿਕਤਾ ਦੀ ਮਾਰ ਝੱਲ ਰਹੇ ਹਨ ਅਤੇ ਭਾਂਡੇ ਕਲੀ ਕਰਨ ਵਾਲਾ ਲੱਭੂ ਰਾਮ ਆਧੁਨਿਕ ਸਮੇਂ ਵਿੱਚ ਪਿੱਤਲ ਦੇ ਭਾਂਡਿਆਂ ਦੀ ਵਰਤੋਂ ਘਟ ਜਾਣ ਕਾਰਨ ਆਪਣੇ ਧੰਦੇ ਦੇ ਖ਼ਤਮ ਹੋਣ ਤੋਂ ਡਰਦਾ ਹੈ। ਅੰਤਿਮ ਲੇਖ ਨਸ਼ਿਆਂ ਕਾਰਨ ਖ਼ਤਮ ਹੋ ਰਹੇ ਚਰਨਜੀਤ ਦੀ ਗੱਲ ਹੈ।ਲੇਖਕ ਦੀ ਭਾਸ਼ਾ ਸਰਲ ਹੈ ਅਤੇ ਸੰਵਾਦ ਸ਼ੈਲੀ ਦੀ ਵਰਤੋਂ ਵੱਧ ਕੀਤੀ ਗਈ ਹੈ। ਇਸ ਢੰਗ ਨਾਲ਼ ਇਹ ਪੁਸਤਕ ਇਹਨਾਂ ਸਭ ਪਾਤਰਾਂ ਦੀ ਗੱਲ ਸੁਣਾਉਂਦੀ ਹੋਈ ਪਾਠਕ ਨੂੰ ਸਮਾਜ ਦਾ ਇਕ ਵੱਖਰਾ ਪੱਖ ਵਿਖਾਉਂਦੀ ਹੈ।




**— ਡਾ. ਸੰਦੀਪ ਰਾਣਾ**

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਦੇਵੇਂਦਰ ਧਰ ਨਾਲ ਰੂਬਰੂ



**ਬਰਨਾਲਾ**—ਬੀਤੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ ਦੀ ਬਰਨਾਲਾ ਇਕਾਈ ਵੱਲੋਂ ਸਥਾਨਕ ਐੱਸ ਡੀ ਕਾਲਜ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਕਰਦਿਆਂ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਸ਼ਾਇਰ ਦੇਵੇਂਦਰ ਧਰ ਨਾਲ ਰੂਬਰੂ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਆਲੋਚਕ ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਕੀਤੀ ਅਤੇ ਡਾਕਟਰ ਜੋਗਿੰਦਰ ਸਿੰਘ ਨਿਰਾਲਾ ਬਤੌਰ ਮੁੱਖ ਮਹਿਮਾਨ ਤੇ ਹਰਜਤਿੰਦਰ ਪਾਲ ਗੁਪਤਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਪਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ ਨੇ ਕਿਹਾ ਕਿ ਇਹ ਸਮਾਗਮ ਇਸ ਕਰਕੇ ਮਹੱਤਵਪੂਰਨ ਹੈ ਕਿ ਚੈਪਟਰ ਮਿੱਤਰਤਾ ਰਾਹੀਂ ਭਾਰਤੀ ਭਾਸ਼ਾਵਾਂ ਬਾਰੇ ਨਿਰੋਈ ਸੋਚ ਨੂੰ ਲੈ ਕੇ ਆਰੰਭ ਹੋਇਆ। ਕੁਲਦੀਪ ਸਿੰਘ ਦੀਪ ਸਕੱਤਰ ਪਰਲੇਸ ਨੇ ਦੇਵੇਂਦਰ ਧਰ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਕਵੀ ਹਿਮਾਚਲ ਦੇ ਸੱਭਿਆਚਾਰ ਨੂੰ ਆਪਣੀ ਕਵਿਤਾ ਰਾਹੀਂ ਉਜਾਗਰ ਕਰਦਾ ਹੈ। ਸ਼ਾਇਰ ਧਰ ਨੇ ਆਪਣੀ ਕਵਿਤਾ ਦੀ ਸਿਰਜਣਾ ਬਾਰੇ ਬੋਲਦਿਆਂ ਕਿਹਾ ਕਿ ਇਹ ਕੋਈ ਕੁਦਰਤੀ ਵਰਤਾਰਾ ਹੈ, ਜਿਸ ਨੂੰ ਬਿਆਨ ਕਰਨਾ ਮੁਸ਼ਕਲ ਹੈ। ਉਹਨਾਂ ਆਪਣੇ ਜੀਵਨ ਦੇ ਸੰਘਰਸ਼ ਤੋਂ ਲੈ ਕੇ ਨੌਕਰੀ ਦੌਰਾਨ ਆਈਆਂ ਮੁਸ਼ਕਲਾਂ ਬਾਰੇ ਵੀ ਵਿਸਥਾਰ ਸਹਿਤ ਦੱਸਿਆ। ਡਾਕਟਰ ਜੋਗਿੰਦਰ ਸਿੰਘ ਨਿਰਾਲਾ ਨੇ ਪਰਲੇਸ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਨਕਸ਼ੇ ਕਦਮਾਂ 'ਤੇ ਤੁਰਨ ਵਾਲੀ ਸੰਸਥਾ ਕਿਹਾ। ਹਰਜਤਿੰਦਰ ਪਾਲ ਗੁਪਤਾ ਨੇ ਚੈਪਟਰ ਮਿੱਤਰਤਾ ਦੀ ਸ਼ੁਰੂਆਤ 'ਤੇ ਵਧਾਈ ਦਿੱਤੀ। ਪਰਲੇਸ ਪੰਜਾਬ ਦੇ ਕਨਵੀਨਰ ਸ਼ਾਇਰ ਤਰਸੇਮ ਨੇ ਚੈਪਟਰ ਮਿੱਤਰਤਾ ਪ੍ਰੋਜੈਕਟ ਬਾਰੇ ਦੱਸਿਆ ਕਿ ਅਸੀਂ ਅਕਸਰ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਨੂੰ ਮਿਲਣੋਂ ਵਿਰਵੇ ਰਹਿ ਜਾਂਦੇ ਹਾਂ।

ਡਾਕਟਰ ਸਿਰਸਾ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਦੇਵੇਂਦਰ ਧਰ ਹਿਮਾਚਲ ਖੇਤਰ ਦੇ ਵੱਡੇ ਸ਼ਾਇਰ ਅਤੇ ਚਿੰਤਕ ਹਨ, ਜਿਨ੍ਹਾ ਨੇ ਹਿਮਾਚਲ ਦੇ ਸੰਘਰਸ਼ ਨੂੰ, ਸੰਸਕ੍ਰਿਤੀ ਨੂੰ ਆਪਣੀ ਕਵਿਤਾ ਵਿਚ ਫੈਲਾਇਆ ਹੈ। ਇਸ ਦੌਰਾਨ ਤ੍ਰੈਮਾਸਿਕ ਰਸਾਲਾ 'ਤਾਸਮਨ' ਦਾ ਸਤਾਰਵਾਂ ਅੰਕ ਲੋਕ ਅਰਪਣ ਕੀਤਾ ਗਿਆ।

ਨਾਵਲਕਾਰ ਓਮ ਪ੍ਰਕਾਸ਼ ਗਾਸੋ, ਡਾਕਟਰ ਤਰਸਪਾਲ ਕੌਰ ਅਤੇ ਮੇਜਰ ਸਿੰਘ ਗਿੱਲ ਨੇ ਅਜਿਹੇ ਸਮਾਗਮ ਨੂੰ ਲੇਖਕਾਂ ਲਈ ਊਰਜਾਵਾਨ ਪ੍ਰੇਰਣਾ ਕਿਹਾ। ਸਮਾਗਮ ਦੇ ਦੂਜੇ ਭਾਗ ਵਿਚ ਰਾਮ ਸਰੂਪ ਸ਼ਰਮਾ, ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਇਕਬਾਲ ਕੌਰ ਉਦਾਸੀ, ਹਾਕਮ ਸਿੰਘ ਰੂੜੇਕੇ, ਤੇਜਾ ਸਿੰਘ ਤਿਲਕ, ਭੋਲਾ ਸਿੰਘ ਸੰਘੇੜਾ, ਡਾਕਟਰ ਹਰਿਭਗਵਾਨ, ਜੰਗੀਰ ਸਿੰਘ ਦਿਲਬਰ, ਦਰਸ਼ਨ ਸਿੰਘ ਚੀਮਾ, ਰਾਜਿੰਦਰ ਸ਼ੌਂਕੀ, ਰਘਬੀਰ ਸਿੰਘ ਗਿੱਲ, ਡਾਕਟਰ ਹਰੀਸ਼, ਕੁਲਵਿੰਦਰ ਕੌਸ਼ਲ, ਪਵਨ ਪਰਿੰਦਾ, ਐੱਸ ਐੱਸ ਗਿੱਲ, ਗੁਰਮੇਲ ਰੂੜੇਕੇ, ਕੁਲਦੀਪ ਭੁੱਲਰ, ਰਾਜਿੰਦਰ ਕੁਮਾਰ, ਰਬਿੰਦਰ ਸ਼ਰਮਾ, ਜਗਜੀਤ ਕੌਰ ਢਿੱਲਵਾਂ, ਜੰਗ ਸਿੰਘ ਫੱਟੜ, ਦਰਸ਼ਨ ਗੁਰੂ, ਡਾਕਟਰ ਭੁਪਿੰਦਰ ਸਿੰਘ ਬੇਦੀ ਆਦਿ ਅਦੀਬਾਂ ਨੇ ਕਵੀ ਦਰਬਾਰ ਵਿੱਚ ਉਚੇਚੇ ਤੌਰ 'ਤੇ ਭਾਗ ਲਿਆ।

# ਨਾਵਲ 'ਸੁਰਖ਼ ਸਾਜ਼' ਤੇ ਵਿਚਾਰ-ਚਰਚਾ



**ਚੰਡੀਗੜ੍ਹ** : ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਵਿਖੇ ਡਾ. ਜਸਵਿੰਦਰ ਸਿੰਘ ਰਚਿਤ ਨਾਵਲ 'ਸੁਰਖ਼ ਸਾਜ਼' ਦੇ ਸੰਦਰਭ ਵਿੱਚ 'ਵਾਸ, ਪਰਵਾਸ ਤੇ ਸਵੈ ਦਾ ਵਿਸਥਾਪਨ@ ਵਿਸ਼ੇ ਉੱਪਰ ਆਲੋਚਨਾਤਮਕ ਵਿਚਾਰਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਵਿਚਾਰ ਚਰਚਾ ਦੇ ਆਰੰਭ ਵਿੱਚ ਵਿਭਾਗ ਦੇ ਅਕਾਦਮਿਕ ਇੰਚਾਰਜ, ਪ੍ਰੋਫੈਸਰ ਗੁਰਪਾਲ ਸਿੰਘ ਸੰਧੂ ਨੇ ਆਪਣੇ ਸਵਾਗਤੀ ਸ਼ਬਦਾਂ ਵਿੱਚ ਵਿਭਾਗੀ ਗਤੀਵਿਧੀਆਂ ਅਤੇ ਨਾਵਲ ਦੇ ਮੂਲ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਡਾ. ਮਨਮੋਹਨ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਇਸ ਨਾਵਲ ਦਾ ਮੁੱਖ ਪਾਤਰ ਚਿੰਤਨਸ਼ੀਲ ਸਵੈ ਦੀ ਯਾਤਰਾ ਦੇ ਪ੍ਰਤੀਕ ਵਜੋਂ ਉਭਰਦਾ ਹੈ ਅਤੇ ਪੰਜਾਬ ਦੀ ਅਜਿਹੀ ਸਾਂਝੀ ਪਛਾਣ ਗ੍ਰਹਿਣ ਕਰਦਾ ਹੈ, ਜਿਸ ਅੰਦਰ ਸਮਾਜਿਕ ਅਤੇ ਸਭਿਆਚਾਰਕ ਪਛਾਣਾਂ ਤਰਲ ਰੂਪ ਵਿਚ ਵਿਚਰਦੀਆਂ ਹਨ। ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਪ੍ਰੋ. ਹਰਸਿਮਰਨ ਸਿੰਘ ਰੰਧਾਵਾ ਨੇ ਨਾਵਲ ਅੰਦਰ ਕਾਰਜਸ਼ੀਲ ਦੁਕਾਲਕ ਸਥਿਤੀ ਦੀ ਵਿਸਤਾਰ ਨਾਲ ਵਿਆਖਿਆ ਕੀਤੀ।

ਡਾ. ਮਨਜਿੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਨਾਵਲ ਹਰ ਤਰ੍ਹਾਂ ਦੇ ਵਿਚਾਰਧਾਰਕ ਵਰਗੀਕਰਨ ਤੋਂ ਮੁਕਤ ਹੈ ਅਤੇ ਇਸ ਨਾਲ ਪੰਜਾਬੀ ਨਾਵਲ ਵਿੱਚ ਇਕ ਨਵੇਂ ਅਧਿਆਇ ਦਾ ਆਰੰਭ ਹੋਇਆ ਹੈ। ਡਾ. ਗੁਰਮੁਖ ਸਿੰਘ ਨੇ ਨਾਵਲ ਬਾਰੇ ਕਿਹਾ ਕਿ ਨਾਵਲ ਅੰਦਰ ਦਰਸਾਏ ਗਏ ਪਾਤਰਾਂ ਦਾ ਜੀਵਨ ਅਨੁਭਵ ਸਿੱਧਰਾ-ਪੱਧਰਾ ਨਾ ਹੋ ਕੇ ਬੇਹੱਦ ਜਟਿਲ ਸਥਿਤੀਆਂ ਨੂੰ ਪ੍ਰਸਤੁਤ ਕਰਦਾ ਹੈ। ਵਿਚਾਰ ਚਰਚਾ ਵਿੱਚ ਭਾਗ ਲੈਂਦਿਆ ਡਾ. ਪ੍ਰਵੀਨ ਕੁਮਾਰ, ਡਾ. ਰਵਿੰਦਰ ਧਾਲੀਵਾਲ ਅਤੇ ਡਾ. ਹਰਮੇਲ ਸਿੰਘ ਦਾ ਕਹਿਣਾ ਸੀ ਕਿ ਨਾਵਲ ਵਿੱਚ ਪੇਸ਼ ਪਛਾਣਾਂ ਅਤੇ ਨਾਇਕ ਘਰ ਅਤੇ ਪਰਵਾਸ ਦੇ ਦਵੰਦ ਨੂੰ ਪੇਸ਼ ਕਰਦੇ ਹਨ। ਇਸ ਮੌਕੇ ਨਾਵਲ ਦੇ ਲੇਖਕ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਇਹ ਨਾਵਲ ਮੇਰੇ ਮਨ ਅੰਦਰ ਵਿਦਮਾਨ ਪਾਤਰਾਂ ਨੂੰ ਤਲਾਸ਼ ਕਰਨ ਅਤੇ ਉਹਨਾਂ ਦੀ ਮੌਲਿਕਤਾ ਨੂੰ ਸਿਰਜਣ ਦੀ ਕੋਸ਼ਿਸ਼ ਹੈ। ਇਸ ਮੌਕੇ ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਡਾ. ਧਨਵੰਤ ਕੌਰ, ਡਾ. ਮਨਜੀਤ ਕੌਰ, ਡਾ. ਰਾਜੇਸ਼, ਡਾ. ਅਕਵਿੰਦਰ ਕੌਰ ਤਨਵੀ, ਡਾ. ਹਰਪਰਵੀਨ ਕੌਰ, ਡਾ. ਲਾਭ ਸਿੰਘ, ਡਾ. ਉਮਾ ਸੇਠੀ ਆਦਿ ਵੀ ਹਾਜਰ ਸਨ ਅਤੇ ਮੰਚ ਸੰਚਾਲਨ ਦੀ ਭੂਮਿਕਾ ਡਾ. ਸੁਖਵਿੰਦਰ ਸਿੰਘ ਦੁਆਰਾ ਬਾਖ਼ੂਬੀ ਨਿਭਾਈ ਗਈ।

# ਪੋਹਲੀ ਦੇ ਫੁੱਲ 'ਤੇ ਵਿਚਾਰ-ਚਰਚਾ




**ਮੋਹਾਲੀ** : ਸਵਪਨ ਫਾਉਂਡੇਸ਼ਨ, ਪਟਿਆਲਾ (ਰਜਿ.) ਵੱਲੋਂ ਭਾਸ਼ਾ ਵਿਭਾਗ ਐੱਸ. ਏ. ਐੱਸ. ਨਗਰ(ਮੋਹਾਲੀ ) ਦੇ ਸਹਿਯੋਗ ਨਾਲ ਦਫ਼ਤਰ ਭਾਸ਼ਾ ਵਿਭਾਗ ਮੋਹਾਲੀ ਵਿਖੇ ਉੱਘੇ ਸ਼ਾਇਰ ਧਰਮ ਕੰਮੇਆਣਾ ਦੇ ਗੀਤ ਸੰਗ੍ਰਹਿ 'ਪੋਹਲੀ ਦੇ ਫੁੱਲ' 'ਤੇ ਵਿਚਾਰ ਚਰਚਾ ਕਰਵਾਈ ਗਈ।ਜ਼ਿਲ੍ਹਾ ਖੋਜ ਅਫ਼ਸਰ ਡਾ. ਦਰਸ਼ਨ ਕੌਰ ਨੇ ਸਾਰੇ ਆਏ ਮਹਿਮਾਨਾਂ ਦਾ ਸੁਆਗਤ ਕੀਤਾ. ਇਸ ਉਪਰੰਤ ਸ਼ਾਇਰ ਸੁਰਜੀਤ ਸੁਮਨ ਹੋਰਾਂ ਨੇ ਵਿਚਾਰ ਚਰਚਾ ਦਾ ਆਗਾਜ਼ ਕਰਦੇ ਹੋਏ ਕਿਹਾ ਕਿ ਇਸ ਗੀਤ ਸੰਗ੍ਰਹਿ ਵਿੱਚ ਸਮਾਜਿਕ ਮੁੱਦੇ ਗੰਭੀਰਤਾ ਨਾਲ ਉਭਾਰੇ ਗਏ ਹਨ।ਆਲੋਚਕਾ ਡਾ. ਵੀਰਪਾਲ ਕੌਰ ਸਿੱਧੂ ਨੇ ਕਿਹਾ ਕਿ ਧਰਮ ਕੰਮੇਆਣਾ ਹੋਰਾਂ ਦੇ ਗੀਤਾਂ ਨੂੰ ਲੱਗਭੱਗ ਸਾਰੇ ਪ੍ਰਮੁੱਖ ਗਾਇਕਾਂ ਨੇ ਗਾਇਆ ਹੈ।ਅਗਲੇ ਬੁਲਾਰੇ ਜਲੌਰ ਸਿੰਘ ਖੀਵਾ ਨੇ ਧਰਮ ਕੰਮੇਆਣਾ ਨਾਲ ਆਪਣੇ ਨਿਜੀ ਸੰਬੰਧਾ ਜ਼ਰੀਏ ਉਹਨਾਂ ਦੀ ਸਿਰਜਣਾ ਦੇ ਕਈ ਭੇਦ ਖੋਲ੍ਹੇ।ਹਰਵਿੰਦਰ ਸਿੰਘ ਹੋਰਾਂ ਨੇ ਗੀਤ ਪ੍ਰਤੀ ਆਪਣੀ ਫਿਕਰਮੰਦੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਗੀਤ ਸਾਡੀ ਰਹਿਤਲ ਨਾਲ ਜੁੜਿਆ, ਹਾਲ਼ੀਆਂ ਪਾਲ਼ੀਆਂ ਦਾ ਸ਼ਾਇਰ ਹੈ।ਧਰਮ ਕੰਮੇਆਣਾ ਨੇ ਕਿਹਾ ਕਿ ਸਾਹਿਤ ਦੇ ਕਿਲ੍ਹੇ ਦਾ ਨਿਰਮਾਣ ਕਰਨਾ ਸੌਖਾ ਨਹੀਂ ਹੈ।ਉਹਨਾਂ ਆਪਣੇ ਸਾਹਿਤਕ ਜੀਵਨ ਬਾਰੇ ਵਿਸਥਾਰ ਸਹਿਤ ਦੱਸਿਆ।ਮੁੱਖ ਮਹਿਮਾਨ ਪ੍ਰੋ. ਅਤੈ ਸਿੰਘ ਨੇ ਪੰਜਾਬੀ ਗੀਤਕਾਰੀ ਦੇ ਇਤਿਹਾਸਕ ਪਰਿਪੇਖ ਬਾਰੇ ਗੱਲ ਕੀਤੀ।ਪ੍ਰਧਾਨਗੀ ਕਰਦੇ ਹੋਏ ਉੱਘੇ ਆਲੋਚਕ ਡਾ. ਰਾਜਿੰਦਰਪਾਲ ਬਰਾੜ ਹੋਰਾਂ ਨੇ ਗੀਤਕਾਰੀ ਦਾ ਇਤਿਹਾਸ ਸਾਂਝਾ ਕਰਦੇ ਹੋਏ, ਗੀਤ ਦੇ ਪੱਛੜ ਜਾਣ ਬਾਰੇ ਕਈ ਗੱਲਾਂ ਸਾਂਝੀਆਂ ਕੀਤੀਆਂ।ਉਹਨਾਂ ਧਰਮ ਕੰਮੇਆਣਾ ਦੀ ਗੀਤਕਾਰੀ ਬਾਰੇ ਗੱਲ ਕਰਦਿਆਂ ਕਿਹਾ ਕਿ ਧਰਮ ਦੀ ਸ਼ਾਇਰੀ ਹੋਸ਼ ਤੇ ਜੋਸ਼ ਦਾ ਸੁਮੇਲ ਹੈ।ਅੰਤ ਚ ਫਾਉਂਡੇਸ਼ਨ ਦੇ ਪ੍ਰਧਾਨ ਡਾ. ਕੁਲਪਿੰਦਰ ਸ਼ਰਮਾ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਫਾਉਂਡੇਸ਼ ਦੇ ਜਨਰਲ ਸਕੱਤਰ ਜਗਦੀਪ ਸਿੱਧੂ ਨੇ ਕੀਤਾ। ਇਸ ਸਮਾਰੋਹ ਵਿੱਚ ਪਰਵਾਸੀ ਸ਼ਾਇਰ ਗੁਰਦੇਵ ਚੌਹਾਨ, ਪਾਲ ਅਜਨਬੀ, ਗੁਰਦੀਪ ਸਿੰਘ, ਮੰਦਰ ਗਿੱਲ, ਪਿਆਰਾ ਸਿੰਘ ਰਾਹੀ, ਲਾਭ ਸਿੰਘ ਲਹਿਲੀ, ਧਰਮਿੰਦਰ ਸੇਖੋਂ, ਧਿਆਨ ਸਿੰਘ ਕਾਹਲੋਂ, ਲਕਸ਼ਮੀ ਸਿੱਧੂ,ਗਾਇਕ ਪਵਨਦੀਪ, ਭੁਪਿੰਦਰ ਮਲਿਕ, ਹਜ਼ਾਰਾ ਸਿੰਘ ਚੀਮਾ ਆਦਿ ਹੋਰਾਂ ਨੇ ਸ਼ਿਰਕਤ ਕੀਤੀ।

# ਕਮਲ ਗਿੱਲ ਦਾ ਨਾਵਲ 'ਅਧੂਰੀ ਕਹਾਣੀ' ਲੋਕ ਅਰਪਣ



**ਫ਼ਰੀਦਕੋਟ**—ਕਲਮਾਂ ਦੇ ਰੰਗ ਸਾਹਿਤ ਸਭਾ ਫ਼ਰੀਦਕੋਟ ਵੱਲੋਂ ਦੇਸ਼ ਭਗਤ ਪੰਡਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਫ਼ਰੀਦਕੋਟ ਵਿਖੇ ਕਮਲ ਗਿੱਲ ਦੇ ਦੂਸਰੇ ਨਾਵਲ 'ਅਧੂਰੀ ਕਹਾਣੀ' ਦੀ ਘੁੰਢ ਚੁਕਾਈ ਕੀਤੀ ਗਈ।ਸਭਾ ਦੇ ਜਨਰਲ ਸਕੱਤਰ ਜਸਵਿੰਦਰ ਜੱਸ ਨੇ ਦੱਸਿਆਂ ਕਿਹਾ ਕਿ ਮਾਣਮੱਤੀ ਲੇਖਕਾ ਕਮਲ ਗਿੱਲ ਵਿਸ਼ੇਸ਼ ਤੌਰ 'ਤੇ ਯੂ ਕੇ ਤੋਂ ਫ਼ਰੀਦਕੋਟ ਪਹੁੰਚੇ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਲੇਖਕ ਨਿੰਦਰ ਘੁਗਿਆਣਵੀ, ਵਿਸ਼ੇਸ਼ ਮਹਿਮਾਨ ਮਨਜੀਤ ਪੁਰੀ ਪਹੁੰਚੇ। ਸਮਾਗਮ ਦੀ ਪ੍ਰਧਾਨਗੀ ਸੰਗੀਤਕਾਰ ਡਾ. ਰਾਜੇਸ਼ ਮੋਹਨ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਸਮੇਂ ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ ਵੱਲੋਂ ਸਭ ਨੂੰ ਜੀ ਆਇਆਂ ਕਿਹਾ ਗਿਆ। ਇਸ ਸਮੇਂ ਨਾਵਲ ਲੋਕ ਅਰਪਣ ਦੇ ਨਾਲ ਖ਼ੂਬਸੂਰਤ ਕਵੀ ਦਰਬਾਰ ਵੀ ਕਰਵਾਇਆ ਗਿਆ। ਬੀਰ ਸਿੰਘ ਕੰਮੇਆਣਾ, ਰਸਪਿੰਦਰ ਕੌਰ, ਰੇਖਾ ਕੌਰ, ਜੀ. ਸ਼ਰਮੀਲਾ, ਜਸਕਰਨ ਸਿੰਘ ਗਿੱਲ ਯੂ ਕੇ, ਜਤਿੰਦਰ ਸਿੰਘ ਰਾਵਤ ਤੇ ਕਰਮ ਸਿੰਘ ਮਹਿਮੀ ਆਦਿ ਸ਼ਾਮਲ ਸਨ। ਪੰਜਾਬੀ ਮਾਂ ਬੋਲੀ ਦੇ ਲਾਡਲੇ ਲੇਖਕ ਤੇ ਰੰਗਕਰਮੀ ਕਸ਼ਮੀਰ ਮਾਨਾ ਤੇ ਚਰਚਿਤ ਗਜ਼ਲਗੋ ਸਿਕੰਦਰ ਮਾਨਵ ਨੇ ਮੰਚ ਸੰਚਾਲਕ ਵਜੋਂ ਵਿਲੱਖਣ ਭੂਮਿਕਾ ਨਿਭਾਈ ਤੇ ਆਪਣੇ ਬੇਹਤਰੀਨ ਸ਼ੇਅਰਾਂ ਨਾਲ ਸਰੋਤਿਆਂ ਵਿਚ ਰਸਮਈ ਰੰਗ ਬਣਾਈ ਰੱਖਿਆ।ਇਸ ਸਮੇਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਰਬਿੰਦਰ ਸਿੰਘ ਬੇਦੀ, ਮੀਤ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋ, ਮੀਤ ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ ਆਦਿ ਹਾਜ਼ਰ ਸਨ।

# 'ਮੀਡੀਆ ਅਲੋਚਕ ਦੀ ਆਤਮ ਕਥਾ' 'ਤੇ ਵਿਚਾਰ-ਚਰਚਾ



**ਅੰਮ੍ਰਿਤਸਰ**-ਪ੍ਰਮੁੱਖ ਕਾਲਮ ਨਵੀਸ ਤੇ ਮੀਡੀਆ ਅਲੋਚਕ ਪ੍ਰੋ. ਕੁਲਬੀਰ ਸਿੰਘ ਦੀ ਨਵ-ਪ੍ਰਕਾਸ਼ਤ ਅਲੋਚਨਾ ਪੁਸਤਕ 'ਮੀਡੀਆ ਅਲੋਚਕ ਦੀ ਆਤਮ ਕਥਾ' ਉੱਤੇ ਸਥਾਨਕ ਕੇ ਟੀ ਕਲਾ ਮਿਊਜ਼ਮ ਲਾਰੰਸ ਰੋਡ ਵਿਖੇ ਭਰਵੀਂ ਵਿਚਾਰ-ਚਰਚਾ ਕਰਵਾਈ ਗਈ।ਯੂ ਐੱਨ ਇੰਟਰਟੇਨਮੈਂਟ ਸੁਸਾਇਟੀ ਵੱਲੋਂ ਗਾਇਕ ਅਤੇ ਸੰਗੀਤਕਾਰ ਹਰਿੰਦਰ ਸੋਹਲ ਅਤੇ ਬਿਰਜੇਸ਼ ਜੌਲੀ ਦੇ ਸਾਂਝੇ ਸਹਿਯੋਗ ਨਾਲ ਹੋਏ ਸਮਾਗਮ ਨੂੰ ਸ਼ਾਇਰ ਮਲਵਿੰਦਰ ਨੇ ਤਰਤੀਬ ਦਿੱਤੀ। ਡਾ. ਲਖਬੀਰ ਸਿੰਘ ਨੇ ਚਰਚਾ ਦਾ ਆਗਾਜ਼ ਕਰਦਿਆਂ ਕਿਹਾ ਕਿ ਪੁਸਤਕ ਅੰਦਰਲੀ ਸਾਹਿਤਕ ਸ਼ਬਦਾਵਲੀ ਸੋਹਜਮਈ ਸੰਵਾਦ ਰਚਾਉਦੀ ਹੈ। ਡਾ. ਹੀਰਾ ਸਿੰਘ ਨੇ ਕਿਹਾ ਕਿ ਪ੍ਰੋ. ਕੁਲਬੀਰ ਸਿੰਘ ਦੀ ਇਹ ਪੁਸਤਕ ਇਕ ਸਫਲ ਬੰਦੇ ਦੀ ਜੀਵਨ ਗਾਥਾ ਹੈ, ਜਿਸ ਵਿਚ ਉਹ ਸਫਲ ਜੀਵਨ ਦੇ ਗੁਰ ਦੱਸਦਾ ਹੈ। ਡਾ. ਬਲਜੀਤ ਰਿਆੜ ਨੇ ਦੱਸਿਆ ਕਿ ਚਰਚਾ ਅਧੀਨ ਪੁਸਤਕ ਦੇ ਲੇਖਕ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਉਸ ਨੇ ਆਪਣਾ ਮਨਪਸੰਦ ਕਿੱਤਾ ਚੁਣਿਆ ਅਤੇ ਆਪਣੇ ਸ਼ੌਕ ਨੂੰ ਕਿੱਤੇ ਨਾਲ ਜੋੜ ਕੇ ਸਫਲਤਾ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਸਮੁੱਚੀ ਚਰਚਾ ਨੂੰ ਸਮੇਟਦਿਆਂ ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚੋਂ ਪੰਜਾਬੀ ਮੀਡੀਆ ਦੇ ਵਿਕਾਸ ਦੀ ਇਤਿਹਾਸਕ ਰੇਖਾ ਨੂੰ ਵੀ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਪ੍ਰੋ. ਕੁਲਬੀਰ ਸਿੰਘ ਨੇ ਕਿਹਾ ਕਿ ਵਿਦਵਾਨਾਂ ਦੇ ਵਿਚਾਰਾਂ ਨੇ ਉਹਨਾਂ ਦੀ ਪੁਸਤਕ ਨੂੰ ਨਵੇਂ ਅਰਥ ਬਖਸ਼ੇ ਹਨ।ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਸਮੁੱਚੇ ਸਮਾਗਮ ਨੂੰ ਸਰਾਹਿਆ।

# ਸਾਹਿਤਕ ਸੱਥ ਪੱਤੋ ਵੱਲੋਂ ਰੂਬਰੂ ਤੇ ਸਨਮਾਨ ਸਮਾਰੋਹ

**ਮੋਗਾ**-ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਿਹਾਲ ਸਿੰਘ ਵਾਲਾ ਵਿਖੇ ਸਾਹਿਤਕ ਸੱਥ ਪੱਤੋ ਹੀਰਾ ਸਿੰਘ ਵੱਲੋਂ ਮਜ਼ਦੂਰ ਦਿਵਸ ਨੂੰ ਸਮਰਪਿਤ ਰੂਬਰੂ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਉੱਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਪ੍ਰਸਿੱਧ ਆਲੋਚਕ ਡਾ. ਸੁਰਜੀਤ ਬਰਾੜ ਘੋਲੀਆ, ਗੁਰਮੇਲ ਬੌਡੇ, ਲੈਕਚਰਾਰ ਬਲਬੀਰ ਕੌਰ ਰਾਏਕੋਟੀ ਤੇ ਸੱਥ ਦੇ ਪ੍ਰਧਾਨ ਰਾਜਪਾਲ ਪੱਤੋ ਬਿਰਾਜਮਾਨ ਹੋਏ। ਇਸ ਸਮੇਂ ਸ਼ਾਇਰ ਚਰਨਜੀਤ ਸਮਾਲਸਰ ਨਾਲ ਰੂਬਰੂ ਕਰਵਾਇਆ ਗਿਆ ਤੇ ਉਨ੍ਹਾ ਨੂੰ ਮਰਹੂਮ ਮਾਸਟਰ ਲਛਮਣ ਰਾਮ ਪੱਤੋ ਦੀ ਯਾਦ ਵਿਚ ਪਲੇਠੇ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਉਹਨਾ ਆਪਣੇ ਜੀਵਨ ਦੇ ਅਨੇਕਾਂ ਤਜਰਬੇ ਸਾਂਝੇ ਕੀਤੇ।



ਇਸ ਦੇ ਨਾਲ ਹੀ ਚਰਨਜੀਤ ਨੇ ਆਪਣੀਆਂ ਕੁਝ ਕਵਿਤਾਵਾਂ ਤੇ ਗ਼ਜ਼ਲਾਂ ਵੀ ਸੁਣਾਈਆਂ।ਇਸ ਤੋਂ ਬਾਅਦ ਕਵਿੱਤਰੀ ਗੁਰਬਿੰਦਰ ਕੌਰ ਗਿੱਲ ਨੂੰ ਪੰਜਵਾਂ ਮਰਹੂਮ ਸੁਰਿੰਦਰ ਸ਼ਰਮਾ ਪਤਨੀ ਕਵੀ ਪ੍ਰਸ਼ੋਤਮ ਪੱਤੋ ਸਨਮਾਨ ਦਿੱਤਾ ਗਿਆ। ਲੇਖਕ ਸ਼ਿਵ ਦਿਆਲ ਰਸੂਲਪੁਰੀ ਜਲੰਧਰ ਨੂੰ ਦੂਜਾ ਮਰਹੂਮ ਹਰਨਵਦੀਪ ਸਿੰਘ ਸਪੁੱਤਰ ਲੇਖਕ ਮੰਗਲ ਮੀਤ ਪੱਤੋ ਸਨਮਾਨ ਨਾਲ ਸਨਮਾਨਤ ਕੀਤਾ। ਆਪਣੇ ਰੂਬਰੂ ਦੌਰਾਨ ਚਰਨਜੀਤ ਸਮਾਲਸਰ ਨੇ ਆਪਣੇ ਅਕਾਦਮਿਕ ਤੇ ਸਾਹਿਤਕ ਸਫ਼ਰ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਉਸ ਨੇ ਮਿਹਨਤ-ਮਜ਼ਦੂਰੀ ਤੋਂ ਲੈ ਕੇ ਹੈੱਡਮਾਸਟਰ ਤੱਕ ਦੇ ਸਫ਼ਰ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਦੱਸਿਆ। ਲੈਕਚਰਾਰ ਬਲਬੀਰ ਕੌਰ ਰਾਏਕੋਟੀ ਨੇ ਔਰਤ ਦੇ ਹੱਕਾਂ ਬਾਰੇ ਵਿਸਥਾਰਪੂਰਵਕ ਗੱਲਾਂ ਕੀਤੀਆਂ। ਹਾਜ਼ਰ ਕਵੀਆਂ ਦਾ ਕਵੀ ਦਰਬਾਰ ਵੀ ਹੋਇਆ। ਅਖੀਰ ਵਿੱਚ ਮੁੱਖ ਮਹਿਮਾਨ ਬਲਦੇਵ ਸਿੰਘ ਸੜਕਨਾਮਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਕਿਹਾ ਕਿ ਜੇ ਕਿਸੇ ਨੇ ਗੀਤਕਾਰ ਜਾਂ ਗਾਇਕ ਬਣਨਾ ਹੋਵੇ ਤਾਂ ਉਹ ਪੱਤੋ ਪਿੰਡ ਆ ਕੇ ਸਿੱਖ ਸਕਦਾ ਹੈ।ਉਨ੍ਹਾ ਕਿਹਾ ਕਿ ਇਸ ਪਿੰਡ ਦੇ ਬੱਤੀ ਲੇਖਕ ਹੋਏ ਹਨ।ਸਮਾਗਮ ਦੀ ਸਮਾਪਤੀ ਸੱਥ ਦੇ ਪ੍ਰਧਾਨ ਰਾਜਪਾਲ ਪੱਤੋ ਨੇ ਆਏ ਹੋਏ ਦੂਰ-ਨੇੜੇ ਦੇ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕਰਕੇ ਕੀਤੀ।

# ਲੇਖਕ ਪਾਠਕ ਸਾਹਿਤ ਸਭਾ ਵੱਲੋਂ ਸਨਮਾਨ ਸਮਾਗਮ

**ਬਰਨਾਲਾ**-ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸ਼ਹੀਦ ਬਿੱਕਰ ਸਿੰਘ ਹੌਲਦਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਚੌਥਾ ਸਵ. ਸਰਦਾਰਨੀ ਮਨਜੀਤ ਕੌਰ ਅਤੇ ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਅਤੇ ਨਾਵਲਕਾਰ ਦਰਸ਼ਨ ਸਿੰਘ ਗੁਰੂ ਨੇ ਕੀਤੀ। ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਨੇ ਆਏ ਲੇਖਕਾਂ, ਪਾਠਕਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਇਸ ਵਾਰ ਯਾਦਗਾਰੀ ਸਨਮਾਨ ਮਿਸ ਪੁਨੀਤ ਗੁਪਤਾ ਨੂੰ ਦਿੱਤਾ ਗਿਆ ਅਤੇ ਤਿੰਨ ਪੁਸਤਕਾਂ ਪੁਨੀਤ ਗੁਪਤਾ ਦੀ ਸੰਜੀਵਨੀ ਇਕ ਰੋਲ ਮਾਡਲ, ਲਵਪ੍ਰੀਤ ਸਿੰਘ ਦੀ ਕਾਵਿ ਪੁਸਤਕ ਕਲੀ ਜੋਟਾ ਅਤੇ ਵਕੀਲ ਹਾਕਮ ਸਿੰਘ ਭੁੱਲਰ ਦੀ ਪੁਸਤਕ 'ਜ਼ਿੰਮੇ ਲੱਗਿਆ ਕੰਮ' ਲੋਕ ਅਰਪਣ ਕੀਤੀਆਂ ਗਈਆਂ। ਸਨਮਾਨ ਵਿੱਚ ਫੁਲਕਾਰੀ, ਸਨਮਾਨ ਚਿੰਨ੍ਹ, ਪੁਸਤਕਾਂ ਦਾ ਸੈੱਟ ਅਤੇ ਨਗਦ ਰਾਸ਼ੀ ਪ੍ਰਦਾਨ ਕੀਤੀ ਗਈ। ਇਸ ਬਾਰੇ ਬੋਲਦਿਆਂ ਤਰਸੇਮ ਅਤੇ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਇੱਕ ਉੱਤਮ ਉਪਰਾਲਾ ਹੈ ਕਿ ਆਪਣੇ ਗੁਜ਼ਰ ਚੁੱਕੇ ਬਜ਼ੁਰਗਾਂ ਨੂੰ ਯਾਦ ਕੀਤਾ ਜਾਂਦਾ ਹੈ। ਤੇਜਾ ਸਿੰਘ ਤਿਲਕ ਨੇ ਯਾਦਗਾਰੀ ਸਮਾਗਮ ਅਤੇ ਪੁਨੀਤ ਗੁਪਤਾ ਦੀ ਪੁਸਤਕ ਬਾਰੇ ਸਾਂਝੇ ਤੌਰ 'ਤੇ ਵਿਚਾਰ ਰੱਖੇ। ਐਡਵੋਕੇਟ ਹਾਕਮ ਸਿੰਘ ਭੁੱਲਰ ਦੀ ਪੁਸਤਕ ਬਾਰੇ ਐਡਵੋਕੇਟ ਗੁਰਮੀਤ ਸਿੰਘ ਅਤੇ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਅਤੇ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਅਤੇ ਲਵਪ੍ਰੀਤ ਸਿੰਘ ਦੀ ਪੁਸਤਕ ਬਾਰੇ ਗਗਨ ਸੰਧੂ ਨੇ ਜਾਣਕਾਰੀ ਦਿੱਤੀ। ਤਿੰਨਾਂ ਲੇਖਕਾਂ ਦਾ ਸਭਾ ਵੱਲੋਂ ਸਨਮਾਨ ਵੀ ਕੀਤਾ ਗਿਆ।

ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਮੰਚ ਖ਼ੂਬਸੂਰਤੀ ਨਾਲ ਨਿਭਾਉਂਦਿਆਂ ਦੱਸਿਆ ਕਿ ਸਭਾ ਵੱਲੋਂ ਇਸ ਤੋਂ ਪਹਿਲਾਂ ਚਰਨੀ ਬੇਦਿਲ, ਜਗਰਾਜ ਚੰਦ ਰਾਏਸਰ, ਕੁਲਵੀਰ ਜੋਤੀ ਨੂੰ ਦਿੱਤਾ ਜਾ ਚੁੱਕਾ ਹੈ। ਸਮੇਂ ਮੁਤਾਬਕ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਕੁਲਵੀਰ ਕੌਰ ਜੋਤੀ, ਰਾਜਿੰਦਰਾ ਕੁਮਾਰੀ, ਪਾਲ ਸਿੰਘ ਲਹਿਰੀ, ਮਾਲਵਿੰਦਰ ਸ਼ਾਇਰ, ਡਾਕਟਰ ਅਨਿਲ ਸ਼ੋਰੀ, ਮਨਦੀਪ ਕੁਮਾਰ, ਡਾ. ਉਜਾਗਰ ਸਿੰਘ ਮਾਨ, ਮੈਡਮ ਨਰਿੰਦਰ ਕੌਰ ਸਿੱਧੂ, ਹਾਕਮ ਸਿੰਘ ਰੂੜੇਕੇ, ਅੰਜਨਾ ਮੈਨਨ, ਡਾਕਟਰ ਸੁਰਿੰਦਰ ਭੱਠਲ, ਕਲਾਕਾਰ ਸੰਗਮ ਦੇ ਕੰਵਰਜੀਤ ਭੱਠਲ, ਰਾਮ ਸਰੂਪ ਸ਼ਰਮਾ, ਲਵਪ੍ਰੀਤ ਸਿੰਘ ਭੰਗੂ, ਡਾ. ਰਾਮਪਾਲ ਸਿੰਘ, ਰਾਜਿੰਦਰ ਸ਼ੌਂਕੀ ਆਦਿ ਨੇ ਕਵਿਤਾ ਪਾਠ ਕੀਤਾ।

## ਸਾਈਬਰ ਕ੍ਰਾਈਮ ਜਾਗਰੂਕਤਾ ਸੰਬੰਧੀ ਸੈਮੀਨਾਰ

**ਹੁਸ਼ਿਆਰਪੁਰ**—ਇੱਥੇ ਲਾਇਬ੍ਰੇਰੀ ਹਾਲ ਸਾਧੂ ਆਸ਼ਰਮ ਵਿਖੇ ਦ੍ਰਿਸ਼ਟੀ ਦਾ ਵਿਜ਼ਨ ਮੰਚ, ਹੁਸ਼ਿਆਰਪੁਰ ਵੱਲੋਂ ਸਾਈਬਰ ਕ੍ਰਾਈਮ ਜਾਗਰੂਕਤਾ ਸੰਬੰਧੀ ਸੈਮੀਨਾਰ ਆਯੋਜਿਤ ਕੀਤਾ ਗਿਆ। ਮੰਚ ਦੇ ਕਨਵੀਨਰ ਡਾ. ਧਰਮਪਾਲ ਸਾਹਿਲ ਵੱਲੋਂ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਅਤੇ ਸੈਮੀਨਾਰ ਦੇ ਉਦੇਸ਼ ਦੀ ਜਾਣਕਾਰੀ ਦੇਣ ਉਪਰੰਤ ਮੁੱਖ ਵਕਤਾ ਜਗਜੀਤ ਸਿੰਘ (ਕੰਪਿਊਟਰ ਅਧਿਆਪਕ-ਲੇਖਕ) ਨੇ ਸਾਈਬਰ ਕ੍ਰਾਈਮ ਦੇ ਪਿਛੋਕੜ, ਸਾਈਬਰ ਕ੍ਰਾਈਮ ਦੀਆਂ ਕਿਸਮਾਂ ਅਤੇ ਉਸ ਤੋਂ ਬਚਾਅ ਬਾਰੇ ਵਿਸਥਾਰ ਨਾਲ ਦੱਸਿਆ। ਸੰਸਕ੍ਰਿਤ ਕਾਲਜ ਦੀ ਚੇਅਰਪਰਸਨ ਡਾ. ਰਿਤੂ ਬਾਲਾ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਸਰੋਤਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਪ੍ਰਭਾਵਸ਼ਾਲੀ ਭੂਮਿਕਾ ਮੀਨਾਕਸ਼ੀ ਮੈਨਨ ਨੇ ਨਿਭਾਈ।

# ਪਾਠਕਾਂ ਦੇ ਝਰੋਖੇ 'ਚੋਂ

## 'ਦ੍ਰਿਸ਼ਟੀਕੋਣ'

27 ਅਪ੍ਰੈਲ ਦਾ 'ਐਤਵਾਰਤਾ' ਪਹਿਲਾਂ ਵਾਂਗ ਹੀ ਲਾਜਵਾਬ ਸੀ। ਮੁੱਖ ਸਫ਼ੇ 'ਤੇ ਬਸਤਰ 'ਚ ਕਤਲੇਆਮ ਰੂਹ ਨੂੰ ਝੰਜੋੜਨ ਵਾਲੀ ਲਿਖ਼ਤ ਸੀ। ਜਤਿੰਦਰ ਪਨੂੰ ਨੇ 'ਦ੍ਰਿਸ਼ਟੀਕੋਣ' ਬਹੁਤ ਖ਼ੂਬਸੂਰਤ ਤਰੀਕੇ ਨਾਲ ਲਿਖਿਆ। ਇਸ ਤੋਂ ਇਲਾਵਾ ਬਲਜੀਤ ਕੌਰ ਦੀਆਂ ਮਿੰਨੀ ਕਹਾਣੀਆਂ, ਡਾਕਟਰ ਭੰਡਾਲ ਦਾ 'ਮਿਟ ਜਾਵਣ ਇਹ ਲੀਕਾਂ', ਸੁਮਨ ਦਾ 'ਦਾਤੀ ਨੂੰ ਲਵਾਦੇ ਘੁੰਗਰੂ' ਅਤੇ ਇਸ ਤੋਂ ਬਿਨਾਂ 'ਸਮਾਜ ਤੇ ਨੈਤਿਕਤਾ' ਆਦਿ ਸਭ ਕਾਬਲੇਤਰੀਫ਼ ਸਨ। 'ਐਤਵਾਰਤਾ' ਦੇ ਅੰਕ ਤੋਂ ਬਿਨਾਂ ਇਨਸਾਨ ਅਧੂਰਾ ਹੈ। ਅਦਾਰਾ 'ਨਵਾਂ ਜ਼ਮਾਨਾ' ਵਧਾਈ ਦਾ ਹੱਕਦਾਰ ਹੈ।

- **ਚਰਨਜੀਤ ਸਿੰਘ ਬਰਾੜ**
**ਹਰੀਆ ਪੱਤੀ, ਸਮਾਲਸਰ, (ਮੋਗਾ)**

## ਮਾਰਕਸਵਾਦ ਅਤੇ ਪ੍ਰਸੰਗਤਾ

4 ਮਈ ਦਾ 'ਐਵਵਾਰਤਾ' ਪੜ੍ਹਨ ਵਾਲਾ ਸੀ। ਜਗਰੂਪ ਹੁਰਾਂ ਮਾਰਕਸ ਬਾਰੇ ਸਿਧਾਂਤਕ ਭਾਸ਼ਾ 'ਚ ਜਾਣਕਾਰੀ ਦਿੱਤੀ। ਜਤਿੰਦਰ ਪਨੂੰ, ਵਿਜੈ ਬੰਬੇਲੀ, ਸੁਰਜੀਤ ਸੁਮਨ ਦੇ ਕਾਲਮ ਰੌਚਿਕ ਸਨ। ਕਿਤਾਬਾਂ ਵਾਲਾ ਪੰਨਾ ਸੋਹਣਾ ਚੱਲ ਰਿਹਾ ਹੈ। ਫੋਕਸ ਦਾ ਮਿਆਰ ਉੱਚ ਪੱਧਰ ਦਾ ਹੁੰਦਾ ਹੈ। 'ਸਮਕਾਲ' 'ਚ ਨਵੇਂ ਰਸਾਲਿਆਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਮਲਵਿੰਦਰ ਦੀਆਂ ਕਵਿਤਾਵਾਂ ਚੰਗੀਆਂ ਲੱਗੀਆਂ।

- **ਕਮਲ ਗਿੱਲ ਗਾਹਲੜੀ**
**ਜ਼ਿਲ੍ਹਾ ਗੁਰਦਾਸਪੁਰ**

## ਦਾਰਸ਼ਨਿਕ ਕਾਰਲ ਮਾਰਕਸ

4 ਮਈ ਦੇ 'ਐਤਵਾਰਤਾ' ਵਿਚ ਡਾ. ਸ਼ਿਆਮ ਸੁੰਦਰ ਦੀਪਤੀ ਨੇ ਉਘੇ ਦਾਰਸ਼ਨਿਕ ਕਾਰਲ ਮਾਰਕਸ ਦੇ ਜੀਵਨ ਫਲਸਫੇ 'ਤੇ ਗਹਿਰੀ ਝਾਤ ਪਾਈ ਹੈ। ਆਰਥਿਕ ਮਸਲਿਆਂ ਬਾਰੇ ਕਾਰਲ ਮਾਰਕਸ ਨੇ ਕਿਰਤ ਦਾ ਸੰਦੇਸ਼ ਦਿੱਤਾ। ਉਸ ਦੀ ਸੋਚ ਦੇਸ਼ ਦੀ ਪੂੰਜੀ ਦੀ ਇਕਸਾਰ ਵੰਡ ਸੀ ।ਕਿਰਤੀ ਨੂੰ ਉਸ ਦੀ ਮਿਹਨਤ ਦਾ ਇਵਾਜ਼ਨਾ ਤੁਰੰਤ ਮਿਲਣਾ ਚਾਹੀਦਾ ਹੈ ਤੇ ਆਰਥਕ ਸੋਸ਼ਣ ਕਿਸੇ ਵੀ ਬੰਦੇ ਦਾ ਬੰਦ ਹੋਣਾ ਜ਼ਰੂਰੀ ਹੈ।

ਉਜਰਤ ਵਿਚ ਲੰਮਾ-ਚੌੜਾ ਅੰਤਰ ਨਹੀਂ ਹੋਣਾ ਚਾਹੀਦਾ ।ਇਹ ਬਹੁਤ ਮਾੜਾ ਰੁਝਾਨ ਹੈ, ਇਸ ਨਾਲ ਲੋਕਾਂ ਵਿਚ ਵਿਦਰੋਹ ਦੀ ਭਾਵਨਾ ਪਨਪਦੀ ਹੈ, ਜੋ ਇਕ ਦਿਨ ਵੱਡੇ ਇਨਕਲਾਬ ਦਾ ਰੂਪ ਧਾਰ ਸਕਦੀ ਹੈ। ਮਾਰਕਸਵਾਦ ਬਾਰੇ ਜਗਰੂਪ ਦਾ ਲੇਖ ਵੀ ਇਸ ਸਿਧਾਂਤ ਦੀ ਖੁੱਲ੍ਹ ਕੇ ਚਰਚਾ ਕਰਦਾ ਹੈ। 'ਦ੍ਰਿਸ਼ਟੀਕੋਣ' ਨੇ ਪਾਣੀ ਦੇ ਮੁੱਦੇ ਬਾਰੇ ਗਹਿਰੇ ਵਿਚਾਰ ਲਿਖੇ ਹਨ। ਹੁਣ ਦੀ ਸਰਕਾਰ ਪਾਣੀ ਦੇ ਸਟੈਂਡ 'ਤੇ ਡਟ ਗਈ ਹੈ, ਜੋ ਸ਼ਲਾਘਾਯੋਗ ਹੈ, ਪਰ ਹੋਰ ਸਿਆਸੀ ਪਾਰਟੀਆਂ ਖਾਸ ਕਰਕੇ ਕਾਂਗਰਸ ਸਿਰਫ ਵਿਰੋਧ ਦੀ ਖਾਤਰ ਵਿਰੋਧ ਕਰ ਰਹੀ ਹੈ, ਇਹ ਦਰੁਸਤ ਪਹੁੰਚ ਨਹੀਂ ਲਗਦੀ। ਇਸ ਅੰਕ ਵਿਚ ਸੁਰਜੀਤ ਸੁਮਨ ਨੇ ਪਹਿਲਗਾਮ ਵਿਚ ਹੋਈ ਕਤਲੇਆਮ ਦੀ ਇਕ ਚਰਚਿਤ ਦੁਖਦਾਈ ਤਸਵੀਰ ਬਾਰੇ ਭਾਵੁਕ ਵਿਚਾਰ ਲਿਖੇ ਹਨ। ਇਹ ਤਸਵੀਰ ਬਹੁਤ ਕੁਝ ਕਹਿ ਰਹੀ ਹੈ। ਸਾਡੇ ਮੀਡੀਆ ਵਿਚ ਇਸ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਇਸ ਤਸਵੀਰ ਨੇ ਬਹੁਤ ਸਾਰੇ ਲੋਕਾਂ ਦੇ ਮਨਾਂ ਨੂੰ ਠੇਸ ਪੁਚਾਈ ਹੈ। ਮਲਵਿੰਦਰ ਦੀਆਂ ਪਰਵਾਸ ਬਾਰੇ ਕਵਿਤਾਵਾਂ ਟੁੰਬਣ ਵਾਲੀਆਂ ਹਨ। ਪਰਵਾਸ ਦਾ ਸਿੱਧਾ ਅਸਰ ਮਾਨਸਿਕਤਾ 'ਤੇ ਪੈਂਦਾ ਹੈ, ਪਰਵਾਰ ਪਰਵਾਸ ਦਾ ਦਰਦ ਮਹਿਸੂਸ ਕਰਦਾ ਹੈ। ਪੰਜਾਬੀ ਗੀਤਾਂ ਵਿਚ ਪਰਵਾਸ ਦਾ ਦਰਦ ਵੇਖਿਆ ਜਾ ਸਕਦਾ ਹੈ।

— **ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- **ਸੰਪਾਦਕ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਸੰਘ ਪਰਵਾਰ ਅਤੇ ਅੰਬੇਡਕਰ ਫਲਸਫਾ : ਡਾ. ਆਨੰਦ ਤੇਲਤੁੰਬੜੇ**
**ਸੁਰ-ਸੰਗੀਤ ਦੇ ਹੀਰੇ-10 : ਪ੍ਰੋ. ਬੀ ਆਰ ਦਿਓਧਰ**
**'ਪੰਜਾਬੀ ਸਾਹਿਤ : ਇਤਿਹਾਸ ਤੇ ਇਤਿਹਾਸਕਾਰੀ' : ਹਰਿਭਜਨ ਸਿੰਘ ਭਾਟੀਆ, (ਫੋਕਸ) ਬੂਟਾ ਸਿੰਘ ਬਰਾੜ**
**ਜਗਦੀਸ਼ ਰਾਏ ਕੁਲਰੀਆਂ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**


# ਸਮਕਾਲ

## ਅਣੂ : ਚੁਰੰਜਵਾਂ ਵਰ੍ਹਾ




ਮਿੰਨੀ ਰਚਨਾਵਾਂ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕਰਨ ਵਾਲੇ ਪਰਚੇ 'ਅਣੂ' ਦਾ ਅਪਰੈਲ-ਜੂਨ, 2025 ਅੰਕ ਵਿੱਚ ਸੰਪਾਦਕੀ ਪੰਨੇ ਉੱਤੇ ਆਲਮੀ ਵਰਤਾਰੇ 'ਨਫ਼ਰਤ' ਦੀ ਗੱਲ ਕੀਤੀ ਹੈ। ਹੱਥਲੇ ਅੰਕ ਵਿੱਚ ਸੁਭਾਸ਼ ਨੀਰਵ, ਡਾ. ਕਰਮਜੀਤ ਸਿੰਘ ਨਡਾਲਾ, ਬਲਵਿੰਦਰ ਸਿੰਘ ਕਾਲੀਆ, ਬਲਵਿੰਦਰ ਸਿੰਘ ਭੁੱਲਰ, ਰਘਬੀਰ ਸਿੰਘ ਮਹਿਮੀ ਦੀਆਂ ਮਿੰਨੀ ਕਹਾਣੀਆਂ ਛਪੀਆਂ ਹਨ। ਜਿਗਰਪਾਰਾ 'ਚ ਸੁਰਿੰਦਰ ਸਿੰਘ ਸੁੰਨੜ (ਪੰਜਾਬ ਦੀ ਕਿਰਤੀ ਕਿਸਾਨੀ) ਲੇਖ ਹੈ। ਅਨੁਪਿੰਦਰ ਸਿੰਘ ਅਨੂਪ, ਵਿਜੇ ਕੁਮਾਰ ਤਾਲਿਬ, ਅਮਨਦੀਪ ਸ਼ਰਮਾ ਗੁਰਨੇ ਕਲਾਂ, ਹਰਭਜਨ ਸਿੰਘ ਹੁੰਦਲ, ਹਰਮਿੰਦਰ ਸਿੰਘ ਕੋਹਾਰਵਾਲਾ, ਨਵਰਾਹੀ ਘੁਗਿਆਣਵੀ ਦੀਆਂ ਕਵਿਤਾਵਾਂ ਹਨ। ਬਾਲ ਕੋਨਾ 'ਚ ਹਰਪ੍ਰੀਤ ਪੱਤੋ ਦੀ ਇਕ ਰਚਨਾ ਹੈ। ਅੰਤ ਵਿੱਚ ਸ਼ਹੀਦ ਭਗਤ ਸਿੰਘ ਦਾ 'ਵਿਦਿਆਰਥੀਆਂ ਨੂੰ ਸੰਦੇਸ਼' ਛਪਿਆ ਹੈ। ਰਗ ਰਗ ਤੇ ਰੰਗ, ਮਰਜੀਵੜੇ ਕਿਤਾਬਾਂ 'ਤੇ ਟਿੱਪਣੀ ਕੀਤੀ ਹੈ। ਅਣੂ ਦੇ ਸੰਪਾਦਕ ਹਨ : ਸੁਰਿੰਦਰ ਕੈਲੇ (98725-91653)

## ਲੋਹਮਣੀ: ਅਪ੍ਰੈਲ-ਜੂਨ,2025




ਹੱਥਲੇ ਅੰਕ ਵਿੱਚ ਸੰਪਾਦਕ ਨੇ ਅਮਰੀਕਾ ਦਾ ਪੰਜਾਬ ਪ੍ਰਤੀ ਵਿਵਹਾਰ ਤੇ ਸੰਪਾਦਕੀ ਟਿੱਪਣੀ ਲਿਖੀ ਹੈ। ਨਵੇਂ ਅੰਕ ਵਿੱਚ ਅਸਤਿਤ੍ਵਵਾਦ ਸਿਧਾਂਤਕ ਪਰਿਪੇਖ (ਕੁਲਦੀਪ ਸਿੰਘ ਢਿੱਲੋਂ), ਫਲਸਤੀਨ ਬਾਰੇ ਲੇਖ, ਜੜ੍ਹ ਸੱਭਿਅਤਾ ਅਤੇ ਸੱਭਿਆਚਾਰ ਮਨੁੱਖੀ ਸ਼ਾਂਤੀ (ਅਮਰ ਗਰਗ ਕਲਮਦਾਨ), ਡਾ. ਇਕਬਾਲ ਸਿੰਘ ਸਕਰੌਦੀ ਦੇ ਤਿੰਨ ਲੇਖ- ਸੱਚ ਦੀ ਫ਼ਤਹਿ, ਜਸਵੰਤ ਸਿੰਘ ਕੰਵਲ,ਪ੍ਰੋ. ਸਾਹਿਬ ਸਿੰਘ ਜੀ ਛਪੇ ਹਨ। ਡਾ. ਹਰਗੁਰਪ੍ਰਤਾਪ ਸਿੰਘ ਨੇ ਕੈਂਸਰ ਬਾਰੇ ਲਿਖਿਆ ਹੈ। ਮਹਿੰਦਰਪਾਲ ਸਿੰਘ ਧਾਲੀਵਾਲ (ਨਵਾਂ ਬੰਦਾ), ਨਛੱਤਰ ਸਿੰਘ ਗਿੱਲ (ਮੈਂ, ਕੁਦਰਤ ਤੇ ਮੀਂਹ), ਮੋਹਨ ਰਾਕੇਸ਼ (ਗੁੰਡਾ), ਭੋਲਾ ਸਿੰਘ ਸੰਘੇੜਾ (ਸਰਹੱਦ) ਦੀਆਂ ਕਹਾਣੀਆਂ ਸਮੇਤ ਦੋ ਦਰਜਨ ਕਵੀਆਂ ਦੀਆਂ ਕਵਿਤਾਵਾਂ ਛਪੀਆਂ ਹਨ। ਲੋਹਮਣੀ ਦੇ ਸੰਪਾਦਕੀ ਮੰਡਲ 'ਚ ਹਨ : ਡਾ. ਸੁਰਜੀਤ ਬਰਾੜ (98553-71313)

## ਸੰਗਰਾਮੀ ਲਹਿਰ: ਅਪ੍ਰੈਲ,2025




ਹੱਥਲੇ ਅੰਕ ਵਿੱਚ ਨਵਤੇਜ ਸਿੰਘ ਦੀ ਕਹਾਣੀ 'ਜਲ੍ਹਿਆਂਵਾਲਾ ਜਾਗ ਪਿਆ' ਕਹਾਣੀ ਸਮੇਤ ਹਿੰਦੀ ਵਿਅੰਗ ਤੇ ਮੰਗਤ ਰਾਮ ਪਾਸਲਾ, ਮੱਖਣ ਕੁਹਾੜ, ਦੁਸ਼ਿਅੰਤ ਕੁਮਾਰ, ਅਰਸ਼ਦ ਮੰਜੂਰ ਦੀਆਂ ਕਵਿਤਾਵਾਂ ਛਪੀਆਂ ਹਨ। ਭਾਈਚਾਰਕ ਸਾਂਝ ਤੇ ਦੇਸ਼ ਦੀ ਏਕਤਾ (ਮੰਗਤ ਰਾਮ ਪਾਸਲਾ), ਫਿਰਕੂ ਦੰਗੇ ਭੜਕਾਊ ਕੁਚਾਲਾਂ (ਪ੍ਰੋ. ਜੈਪਾਲ ਸਿੰਘ), ਮਿਹਨਤੀਆਂ ਖ਼ਿਲਾਫ਼ ਵਿਸ਼ਵੀ ਹਮਲਾ (ਪ੍ਰਭਾਤ ਪਟਨਾਇਕ), ਕੀ ਹੁਣ ਅਸੀਂ ਸੱਚਾ ਇਤਿਹਾਸ ਫਿਲਮਾਂ ਰਾਹੀਂ ਪੜ੍ਹਾਂਗੇ (ਮੁਕੁਲ ਸਰਲ), ਸ਼ਹੀਦੀ ਸਾਕੇ (ਡਾ. ਨਵਜੋਤ), ਯੁੱਧ ਨਸ਼ਿਆ ਵਿਰੁੱਧ (ਸਰਬਜੀਤ ਗਿੱਲ), ਫੈਡਰਲ ਢਾਂਚਾ (ਰਮੇਸ਼ ਰਤਨ), ਆਮਦਨਾਂ ਜਾਇਦਾਦਾਂ ਦੀ ਦਰਦਨਾਕ ਕਾਣੀ ਵੰਡ ਆਦਿ ਲੋਕ ਪੱਖੀ ਤੇ ਲੋਕ ਮੁੱਦਿਆਂ ਨੂੰ ਉਭਾਰਨ ਵਾਲੇ ਮਹੱਤਵਪੂਰਨ ਲੇਖ ਹਨ। ਕੌਮਾਂਤਰੀ ਪਿੜ ਤਹਿਤ ਗ੍ਰੀਸ ਤੇ ਪਾਕਿਸਤਾਨ ਦੇ ਕਿਰਤੀ ਲੋਕਾਂ ਦੇ ਸੰਘਰਸ਼ ਬਾਰੇ ਲਿਖਿਆ ਹੈ। ਜਨਤਕ ਲਾਮਬੰਦੀ ਤਹਿਤ ਜਨਤਕ ਘੋਲਾਂ ਬਾਰੇ ਜਾਣਕਾਰੀ ਹੈ। ਆਰ ਐੱਸ. ਐੱਸ. ਦੀ ਸਾਜ਼ਿਸ਼ਾਂ ਤੇ ਮਹੱਤਵਪੂਰਨ ਸੰਪਾਦਕੀ ਹੈ।

ਸੰਗਰਾਮੀ ਲਹਿਰ ਦੇ ਸੰਪਾਦਕ ਹਨ: ਮੰਗਤ ਰਾਮ ਪਾਸਲਾ (81467-87788)

## ਲੋਕ ਲਹਿਰ : ਅਪ੍ਰੈਲ,2025




ਹੱਥਲੇ ਅੰਕ ਵਿੱਚ ਸੀ ਪੀ ਆਈ (ਐਮ) ਦੀ ਪੋਲਿਟ ਬਿਊਰੋ ਦੀ 11-12 ਮਾਰਚ, 2025 ਨੂੰ ਹੋਈ ਮੀਟਿੰਗ ਦੇ ਫੈਸਲੇ ਸੰਬੰਧੀ 'ਰਾਜਨੀਤਕ ਸਮੀਖਿਆ ਰਿਪੋਰਟ' ਛਪੀ ਹੈ। ਜਿਸ ਵਿਚ ਪਾਰਟੀ ਦੀ ਕਾਰਜ ਪ੍ਰਣਾਲੀ ਦੀਆਂ ਸੀਮਾਵਾਂ ਤੇ ਸੰਭਾਵਨਾਂ ਤੇ ਚਰਚਾ ਕੀਤੀ ਹੈ। ਲੋਕਲ, ਮਿਹਨਤਕਸ਼ ਜਮਾਜ ਦੇ ਸੰਘਰਸ਼, ਹਿੰਦੂਤਵ ਵਿਰੁੱਧ ਲੜਾਈ, ਧਰਮ ਨਿਰਪੱਖ ਵਿਰੋਧੀ ਧਿਰ ਦੀ ਵਿਆਪਕ ਏਕਤਾ,ਖੱਬੀ ਏਕਤਾ ਤੇ ਖੱਬਾ ਜਮਹੂਰੀ ਮੋਰਚਾ ਫਰੰਟ, ਨਵ ਫਾਸ਼ੀਵਾਦ ਸ਼ਬਦ ਤੇ ਵਿਚਾਰ ਆਦਿ ਦਾ ਜ਼ਿਕਰ ਹੈ। ਉਸ ਤੋਂ ਪਹਿਲਾਂ ਸੰਪਾਦਕੀ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮਹਿੰਮ ਦਾ ਕੱਚ ਸੱਚ ਪੇਸ਼ ਕੀਤਾ ਹੈ। ਲਹਿੰਬਰ ਸਿੰਘ ਤੱਗੜ ਨੇ ਟਰੰਪ-ਮੋਦੀ ਦੀ ਸਾਂਝ ਬਾਰੇ ਲਿਖਿਆ ਹੈ। ਇਨਕਲਾਬ ਜ਼ਿੰਦਾਬਾਦ ਤੇ ਹਰਭਜਨ ਸਿੰਘ ਦਾ ਲੇਖ ਹੈ।

ਲੋਕ ਲਹਿਰ ਦੇ ਸੰਪਾਦਕ ਹਨ: ਲਹਿੰਬਰ ਸਿੰਘ ਤੱਗੜ (0172-2657429)

## ਸਤਿਯੁਗ ਅਪ੍ਰੈਲ,2025




ਸਤਿਯੁਗ ਦੇ ਹੱਥਲੇ ਅੰਕ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਹੋਲਾ ਮਹੱਲਾ ਤੇ ਉਪਦੇਸ਼ ਪ੍ਰਕਾਸ਼ਤ ਹੋਇਆ ਹੈ। ਗੁਰੂਬਚਨ ਸਿੰਘ (ਵਿਸਾਖੀ ਇਕ ਕ੍ਰਾਂਤੀ), ਸੁਵਰਨ ਸਿੰਘ ਵਿਰਕ (ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਗੁਰਮੁੱਖ ਸਿੰਘ ਝੱਬਰ ਦੀਆਂ ਚਾਦਾਂ, ਅੱਖੀਂ ਡਿੱਠਾ ਕਿੱਸਾ ਕੀਤਾ), ਮਹਿੰਦਰ ਸਿੰਘ ਕੂਕਾ (ਸਹਜ ਕੀ ਅਕਥ ਕਥਾ ਹੈ ਨਿਰਾਰੀ), ਪ੍ਰੀਤਮ ਸਿੰਘ ਕਵੀ (ਬੀਤੇ ਦੀਆਂ ਪੈੜਾਂ) ਆਦਿ ਲੇਖ ਛਪੇ ਹਨ। ਸ੍ਰੀ ਭੈਣੀ ਸਾਹਿਬ ਦੇ ਸਮਾਗਮਾਂ ਨੂੰ ਬਿਆਨ ਕਰਦੀਆਂ ਰੰਗਦਾਰ ਤਸਵੀਰਾਂ ਵੀ ਛਪੀਆਂ ਹਨ। ਸਹਿਯੁਗ ਦੇ ਸੰਪਾਦਕ ਹਨ: ਗੁਰਲਾਲ ਸਿੰਘ (97800-97898)

## ਗੁਰਮਤਿ ਪ੍ਰਕਾਸ਼: ਅਪ੍ਰੈਲ, 2025




ਹੱਥਲੇ ਅੰਕ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ (ਡਾ. ਗੁੰਜਨਜੋਤ ਕੌਰ), ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (ਜਸਬੀਰ ਸਿੰਘ ਤੇਗ), ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਹੁਪੱਖੀ ਦੇਣ (ਬਲਵਿੰਦਰ ਸਿੰਘ ਕਾਹਲਵਾਂ), ਖਾਲਸਈ ਅਮਲ (ਹਰਿੰਦਰ ਮਹਿਬੂਬ), ਵਾਰ ਸ੍ਰੀ ਭਗਉਤੀ (ਗੁਰਚਰਨਜੀਤ ਸਿੰਘ ਲਾਂਬਾ) ਕਿਰਪਾਨ ਇਤਿਹਾਸ ਅਤੇ ਚੁਣੌਤੀਆਂ (ਗੁਰਮਿੰਦਰ ਸਿੰਘ ਰੂਪੋਵਾਲੀ), ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ (ਕਿਰਪਾਲ ਸਿੰਘ ਬਡੂੰਗਰ), ਅਸ਼ਲੀਲ ਬੋਲਾਂ ਤੇ ਨਿਯੰਤਰਣ ਦੀ ਲੋੜ (ਜਸਵੰਤ ਸਿੰਘ ਨੇਕੀ), ਦਾਸਤਾਰ (ਅਜਾਦ ਦੀਪ ਸਿੰਘ) ਸਮੇਤ ਗੁਰਪ੍ਰੀਤ ਸਿੰਘ, ਗੁਰਚਰਨਜੀਤ ਸਿੰਘ ਲਾਂਬਾ, ਭਾਈ ਰੇਸ਼ਮ ਸਿੰਘ, ਡਾ. ਸ਼ਿਆਮ ਸੁੰਦਰ ਦੀਪਤੀ, ਬਲਬੀਰ ਸਿੰਘ ਹੰਸਪਾਲ ਤੇ ਡਾ. ਰਣਜੀਤ ਕੌਰ ਪੰਨਵਾਂ ਦੇ ਲੇਖ ਛਪੇ ਹਨ। ਖਾਲਸਾ ਪੰਥ ਦੀ ਸਾਜਨਾ ਤੇ ਸੰਪਾਦਕੀ ਹੈ।

ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਹਨ: ਸਤਿਵਿੰਦਰ ਸਿੰਘ (0183-2553956)

## ਯੁਗ ਬੋਧ: ਅਪ੍ਰੈਲ, 2025




ਹੱਥਲੇ ਅੰਕ ਵਿੱਚ ਸੰਪਾਦਕ ਨੇ 'ਕਿਸਾਨ ਅੰਦੋਲਨ ਡਾ. ਅੰਬੇਡਕਰ ਦੀ ਨਜ਼ਰਾਂ ਤੋਂ' ਤੇ ਸੰਪਾਦਕੀ ਲਿਖੀ ਹੈ। ਅੱਗੇ ਹੇਮਕੁੰਟ ਸਾਹਿਬ ਤੇ ਕੇਦਾਰਨਾਥ ਧਾਮ, ਔਰੰਗਜ਼ੇਬ ਦੀ ਵਕਾਲਤ, ਫਿਲਮ ਛਾਵਾ, ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ, ਪਾਕਿਸਤਾਨ , ਸੁਨੀਤਾ ਵਿਲੀਅਮਜ਼, ਵਧਦੀ ਗਰਮੀ, ਗੋਬਿੰਦ ਸਿੰਘ, ਪੰਜਾਬ ਦੀ ਲੋਕ ਕਥਾ, ਸਤਨਾਮੀ ਸੰਪ੍ਰਦਾਇ, ਗਾਇਕਾ ਮਨਮੋਹਨ ਕੌਰ, ਜੀਵਨ ਜਾਂਚ, ਸਾਡੀ ਸਿਹਤ, ਕੈਰੀਅਰ, ਬਾਲਵਾੜੀ ਆਦਿ ਉੱਤੇ ਸਮੱਗਰੀ ਛਾਪੀ ਗਈ ਹੈ। ਯੁਗਬੋਧ ਦੇ ਸੰਪਾਦਕ ਹਨ: ਰਾਕੇਸ਼ ਸੈਨ (77106-55605)

- *ਭਗਵੰਤ ਰਸੂਲਪੁਰੀ*

# ਅਰਵਿੰਦਰ ਕੌਰ ਕਾਕੜਾ ਦੀਆਂ ਕਵਿਤਾਵਾਂ

ਸਜੇ ਪੰਡਾਲ ਵਿੱਚ
ਸੋਹਣੀਆਂ ਪੁਸ਼ਾਕਾਂ ਪਾਈ
ਇਰਦ-ਗਿਰਦ ਬੈਠੇ ਲੋਕ
ਜਸ਼ਨਾਂ ਦੇ ਜਲੌਅ 'ਚ
ਔਰਤਾਂ ਦਾ ਸਨਮਾਨ ਕਰੋ
ਦੱਸ ਰਿਹਾ ਬੈਨਰ
ਸਟੇਜ ਤੋਂ ਆਵਾਜ਼ ਆਈ
ਔਰਤ ਦਾ, ਜਣਨੀ ਦਾ
ਸਤਿਕਾਰ ਕਰੋ ਹਮੇਸ਼ਾ
ਬਰਾਬਰੀ ਦਾ ਸੁਆਲ ਹੈ
ਕੀ ਔਰਤ ਕੀ ਬਾਲ ਹੈ
ਗੂੰਜਿਆ ਪੰਡਾਲ
ਤਾੜੀ ਦੇ ਲੋਰ ਵਿੱਚ
ਪਾਣੀ ਪਿਲਾਉਂਦੀ ਚੰਦ ਕੌਰ
ਰੁਕ ਗਈ ਸੁਣਨ ਲਈ
ਆਪਣੇ ਹਿੱਸੇ ਦੇ ਬੋਲ
ਮਹਿਮਾਨ ਕੁਝ ਤਾਂ ਬੋਲੇਗਾ
ਪਈਆਂ ਵਿੱਥਾਂ ਖੋਲ੍ਹੇਗਾ
ਮੈਡਮ ਦੀ ਸੁਣੀ ਗਰਜ
ਆਵਾਜ਼ ਆਰ-ਪਾਰ
ਚੰਦ ਕੌਰ ਸੁਣ..
ਤੈਨੂੰ ਨਹੀਂ ਦਿਖਦਾ
ਚੁੱਕ ਜੂਠੇ ਭਾਂਡੇ
ਠਠੰਬਰ ਗਈ ਉਹ
ਚੁੱਕਣ ਲੱਗੀ ਗਲਾਸ
ਮੁੱਕ ਗਿਆ ਧਰਵਾਸ
ਮੁੱਖ ਮਹਿਮਾਨ ਲੈਕਚਰ ਦੇ ਰਿਹੈ
ਸਮਾਗਮ ਜੋਬਨ ਵੱਲ ਵਧ ਰਿਹੈ
ਚੰਦ ਕੌਰ ਅੰਦਰੋਂ ਖਾਲੀ ਹੋ ਰਹੀ
ਹਾਜ਼ਰ ਹੈ ਉਂਝ ਉਹ ਵੀ
ਔਰਤ ਮੁਕਤੀ ਦਾ ਦਿਹਾੜਾ
ਮਨਾਉਣ ਵਿੱਚ

(2)

ਅਸੀਂ ਨਹੀਂ ਜਾਣਦੀਆਂ
ਉਨ੍ਹਾਂ ਦੇ ਫਲਸਫੇ ਨੂੰ
ਜੋ ਜਿਲਦ ਅੰਦਰ ਕੈਦ ਨੇ
ਸਾਥੋਂ ਕੋਹਾਂ ਦੂਰ ...
ਭਾਰੀ ਲਫ਼ਜ਼ਾਂ ਦੇ ਲੇਪ ਲੈ ਕੇ
ਗੂੜ੍ਹੀ ਨੀਂਦ ਸੁੱਤੇ ਪਏ
ਅਸੀਂ ਉਨ੍ਹਾਂ ਦੀ ਨਿੱਘੀ ਗੋਦ ਦਾ
ਆਨੰਦ ਮਾਨਣ ਤੋਂ ਵਿਰਵੀਆਂ
ਜ਼ਰੂਰ ਹਾਂ, ਪਰ ਬੇਖਬਰ ਨਹੀਂ
ਘਾਹ ਖੋਤਦਿਆਂ ਜਾਣਦੀਆਂ
ਧਰਤ ਦੀ ਮਾਂਗ ਦਾ ਸੰਧੂਰ
ਕਿਦਾਂ ਚਮਕਦਾ ਏ
ਸਾਨੂੰ ਨਹੀਂ ਸਮਝ ਆਉਂਦੇ
ਉਹ ਵਿਖਿਆਨ...
ਜੋ ਬੰਦ ਕਮਰਿਆਂ ਦਾ ਸ਼ਿੰਗਾਰ ਬਣਦੇ
ਪਰ ਸਾਡੇ ਰੋਗ ਦਾ ਦਾਰੂ ਨਾ ਹੁੰਦੇ
ਅਸੀਂ ਤਾਂ ਇਹ ਜਾਣਦੀਆਂ ਹਾਂ
ਪੋਟਿਆਂ 'ਤੇ ਆਈਆਂ ਤਰੇੜਾਂ
ਪਾਟੀਆਂ ਬਿਆਈਆਂ ਦੀ
ਮਲਮ ਕਿਹੜੇ ਦਵਾਖ਼ਾਨੇ ਬਣਦੀ ਹੈ
ਮੁਕਤੀ ਦਾ ਬੂਹਾ
ਚਾਰਦਵਾਰੀ ਵੱਲ ਨਹੀਂ
ਵਗਦੇ ਰਾਹਾਂ ਦੇ ਵੱਲ ਖੁੱਲ੍ਹਦਾ ਹੈ

(3)

ਉਹ ਸਮਝਦੇ ਨੇ
ਕਿ ਮੈਂ ਉਨ੍ਹਾਂ ਦੇ ਪੈਰਾਂ ਨਾਲ ਤੁਰਾਂ
ਮੱਥੇ 'ਤੇ ਉੱਗੇ ਸੂਰਜ ਨੂੰ ਦਫ਼ਨ ਕਰ
ਉਨ੍ਹਾਂ ਦੀਆਂ ਅੱਖਾਂ ਨਾਲ ਤੱਕਾਂ
ਮੇਰੇ ਪੋਟਿਆਂ ਦੀ ਹਰਕਤ
ਉਨ੍ਹਾਂ ਦੇ ਮਨਸੂਬਿਆਂ ਨੂੰ ਤੋੜਦੀ
ਉਹ ਮੇਰੀਆਂ ਉਂਗਲਾਂ ਵੱਢਣਾ ਚਾਹੁੰਦੇ
ਮੇਰੇ ਕਈ ਹੱਥ ਉੱਗ ਆਉਂਦੇ
ਉਹਦੀ ਬੀਜੀ ਨਦੀਨ ਪੁੱਟਦੇ
ਮੇਰੀ ਆਵਾਜ਼ ਹਵਾ ਵਿੱਚ ਫੈਲਦੀ
ਉਹ ਮੇਰੀ ਜੀਭ ਕੱਟਣਾ ਚਾਹੁੰਦੇ
ਬਾਗ਼ ਵਿੱਚ ਖਿੜੇ ਰੰਗ-ਬਰੰਗੇ ਫੁੱਲਾਂ ਨੂੰ
ਉਹ ਵਿਸ਼ ਸਮਝਦੇ
ਉਹ ਅਜਿਹੇ ਰੰਗਸਾਜ ਨੇ
ਜੋ ਤਮਾਮ ਰਾਹਾਂ 'ਚ ਚਿਤਰਨਾ ਚਾਹੁੰਦੇ ਨੇ
ਇੱਕੋ ਰੰਗ ਦੀ ਤਸਵੀਰ
ਮੇਰੇ ਭਖਦੇ ਜ਼ਜਬਾਤਾਂ ਨੂੰ
ਨਕਸ਼ਾਂ ਨੂੰ ਮੇਟ ਨਹੀਂ ਸਕਦੇ
ਮੈਂ ਐਲਾਨਨਾਮਾ ਲਿਖ
ਖੁੱਲ੍ਹੀ ਹਵਾ ਦੇ ਵਿਚ
ਉਡਾਰੀ ਭਰਨ ਆਈ ਹਾਂ
ਮੈਨੂੰ ਮੁਲਕ ਦੀ ਖਲ਼ਕ ਨਾਲ
ਬੜੀ ਮੁਹੱਬਤ ਹੈ
ਅੜਕਣਾ ਮੇਰਾ ਰਿਵਾਜ ਨਹੀਂ
ਮੈਂ ਘੜ ਕੇ ਨਵੀਂਆਂ ਕਲਮਾਂ
ਜ਼ਿਮੀਂ 'ਤੇ ਬੀਜ ਰਹੀ ਹਾਂ
ਤੂੰ ਦੇਖਦਾ ਰਹੀਂ
ਸੂਹੇ ਗੁਲਾਬ ਉਗਣਗੇ



# ਡਾ. ਸੁਖਵਿੰਦਰ ਸਿੰਘ ਦੀਆਂ ਕਵਿਤਾਵਾਂ

ਉਹ ਕਵਿਤਾ
ਜਿਸ ਦੀ ਲੋਕਾਂ ਵਿਚ
ਵਾਹ! ਵਾਹ! ਸੀ
ਬੱਲੇ-ਬੱਲੇ ਸੀ
ਜੀਹਨੂੰ ਮਿਲਦਾ
ਮਾਣ ਤੇ ਸਤਿਕਾਰ ਸੀ
ਜੱਸ ਤੇ ਪਿਆਰ ਸੀ
ਲੈ ਕੇ ਮੈਂ ਦਰਬਾਰ ਗਿਆ।
ਨਕਾਰੀ ਗਈ
ਦੁਰਕਾਰੀ ਗਈ
ਕਿਉਂਕਿ, ਇਹ ਸੀ
ਭੇਤ ਸੱਤਾ ਦੇ ਖੋਲ੍ਹਣ ਵਾਲੀ
ਝੁੱਗੀ, ਝੌਂਪੜੀ, ਕਿਰਤ, ਕਿਸਾਨੀ
ਸਭ ਦੇ ਹੱਕ 'ਚ ਬੋਲਣ ਵਾਲੀ
ਸੱਤਾ ਦੀ ਤਾਕਤ ਦੇ ਸਾਹਵੇਂ
ਨਾ ਸੀ ਕਦੇ ਵੀ ਡੋਲਣ ਵਾਲੀ
ਸਰਬ-ਸਾਂਝੇ ਸਮਾਜ ਦੀ ਕਵਿਤਾ।
ਭੁੱਖ, ਨੰਗ ਤੇ ਪੀੜਾਂ ਮਾਰੇ
ਲੋਕਾਂ ਦੇ ਜਜ਼ਬਾਤ ਦੀ ਕਵਿਤਾ
ਜਬਰ, ਜ਼ੁਲਮ ਤੇ ਧੱਕੇਸ਼ਾਹੀ
ਲਾਚਾਰੀ ਦੀ ਬਾਤ ਦੀ ਕਵਿਤਾ
ਤੰਗੀ, ਤੁਰਸ਼ੀ ਅਤੇ ਬਿਮਾਰੀ
ਵੰਡਦੀ ਹੋਈ ਕਮਜ਼ਾਤ ਦੀ ਕਵਿਤਾ।
ਵੇਖ ਕੇ ਹਾਕਮ ਆਖਣ ਲੱਗਾ
ਇਹ ਨਹੀਂ ਹੈ ਸਰਕਾਰ ਦੀ ਕਵਿਤਾ।
ਕਵੀਆ!
ਰੁਤਬਾ, ਮਾਣ-ਸਨਮਾਨ ਸਭ ਪਾਵੇਂ
ਜੇ ਤੂੰ ਸਾਡੀ ਸ਼ਰਨ 'ਚ ਆਵੇਂ
ਜਬਰ, ਜ਼ੁਲਮ, ਅਨਿਆਂ ਤੇ ਹੱਕ
ਸਭ ਸ਼ਬਦਾਂ ਨੂੰ ਪਾਸੇ ਰੱਖ
ਸਿਧਾਂਤ, ਅਸੂਲ, ਸੱਚ, ਕ੍ਰਾਂਤੀ
ਤੇ ਬਲਿਦਾਨ ਦੇ ਨਾਅਰੇ
ਸਭ ਕਵਿਤਾ 'ਚੋਂ ਮਨਫੀ ਕਰਦੇ
ਸੱਤਾ ਦੇ ਗੁਣ ਗਾਵਣ ਵਾਲੀ
ਸਾਰੀ ਤੂੰ ਸ਼ਬਦਾਵਲੀ ਭਰ ਦੇ
ਸੁਣ ਇਹ ਕਵੀ ਸੀ ਹੱਸਣ ਲੱਗਾ
ਤੇ ਹੱਸਦਿਆਂ-ਹੱਸਦਿਆਂ ਆਖਣ ਲੱਗਾ
ਮੈਂ ਕੋਈ ਤਗ਼ਮਾ ਲੈਣ ਨਹੀਂ ਆਇਆ
ਮੈਂ ਕੋਈ ਤਗ਼ਮਾ ਲੈਣ ਨਹੀਂ ਆਇਆ।

(2)

ਸਾਡਾ ਸਿਦਕ
ਜੋਸ਼, ਹੋਸ਼ ਤੇ ਸਬਰ
ਜਬਰ ਦਾ ਖੋਹ ਲੈਣਗੇ ਚੈਨ
ਸੱਤਾ ਦੀ ਤਾਕਤ, ਹੈਂਕੜ ਤੇ ਗ਼ਰੂਰ
ਲਾਹ ਦੇਣਗੇ ਧਰਤੀ ਦੇ ਪੁੱਤ
ਤੇ ਵਿਖਾ ਦੇਣਗੇ ਤੈਨੂੰ ਤੇਰੀ ਔਕਾਤ।
ਤੇਰੀ ਨਜ਼ਰ ਵਿਚ ਅਸੀਂ ਕੱਖ ਹਾਂ
ਪਰ ਜਦ ਇਹ ਬਲਦੇ ਨੇ
ਤਾਂ ਹਨੇਰਿਆਂ ਨੂੰ ਪਾ ਦੇਂਦੇ ਨੇ ਭਾਜੜਾਂ
ਤੇ ਤਖਤਾਂ ਨੂੰ ਭਸਮ ਕਰ ਦੇਂਦੇ ਨੇ
ਇਹ ਇਤਿਹਾਸ ਹੈ ਗੁਰਾਂ ਦੀ ਧਰਤੀ ਦਾ
ਜ਼ੁਲਮ ਨਾ ਕਰਨਾ ਤੇ ਨਾ ਸਹਿਣਾ
ਇਹ ਹੈ ਸਾਡਾ ਸਿਧਾਂਤ ਮੁੱਢ ਦਾ
ਜੇ ਕੋਈ ਜੀਣ ਦਾ ਹੱਕ ਵੀ ਖੋਹਣ ਲੱਗੇ
ਉਹਦੇ ਖਿਲਾਫ ਹੈ ਸਾਡਾ
ਅਸੂਲ ਯੁੱਧ ਦਾ।

(3)

ਮੈਂ ਉਸ ਨੂੰ ਪੁੱਛਿਆ
ਤੂੰ ਮੌਕੇ ਮੁਤਾਬਿਕ
ਗਿਰਗਟ ਵਾਂਗ ਰੰਗ
ਕਿਉਂ ਬਦਲ ਲੈਨਾ ਏਂ
ਉਸ ਆਖਿਆ
ਮੌਸਮ ਵੀ ਤਾਂ ਇੱਕੋ ਜਿਹੇ ਨਹੀਂ ਰਹਿੰਦੇ।
ਸ੍ਰਿਸ਼ਟੀ ਵੀ ਤਾਂ ਬਦਲਦੀ
ਰਹਿੰਦੀ ਹੈ ਹਰ ਪਲ
ਤੇ ਮੈਂ ਸ੍ਰਿਸ਼ਟੀ ਦਾ ਜੀਵ
ਬਦਲਣ ਦੇ ਨਿਯਮ ਤੋਂ
ਬਾਹਰਾ ਕਿਵੇਂ ਰਹਿ ਸਕਦਾ ਹਾਂ
ਠਹਿਰੇ ਤਾਂ ਪਾਣੀ ਵੀ ਬੁੱਸ ਜਾਂਦੇ ਨੇ
ਤੈਨੂੰ ਸ਼ਾਇਦ ਸਿਆਣਿਆਂ ਦੀ
ਇਹ ਗੱਲ ਭੁੱਲ ਗਈ ਹੈ ਕਿ
ਜੋ ਸਮੇਂ ਅਨੁਸਾਰ ਨਹੀਂ ਬਦਲਦੇ
ਉਹ ਕਦੇ ਤਰੱਕੀ ਨਹੀਂ ਕਰਦੇ
ਤੇਰੇ ਵਾਂਗ।

(4)

ਤੇਰੀ ਚੁੱਕੀ ਹੋਈ
ਅੱਤ ਦਾ ਅੰਤ
ਯੁੱਧ ਨਾਲ ਹੀ ਹੋਣਾ ਹੈ।
ਜਿੱਥੇ ਤੇਰੀ ਤਲਵਾਰ 'ਤੇ
ਔਰੰਗਾ ਲਿਖਿਆ ਹੋਵੇਗਾ
ਤੇ ਸਾਡੇ ਹਥਿਆਰਾਂ 'ਤੇ
ਗੁਰੂ ਦੀ ਮੋਹਰ ਹੋਵੇਗੀ।
ਸਾਡੇ ਸਰਬੱਤ ਦੇ ਭਲੇ ਲਈ
ਲੜਨ ਵਾਲੇ ਸਿਰਲੱਥ ਯੋਧੇ
ਤੇਰੀ ਭਾੜੇ ਦੀ ਫ਼ੌਜ ਨੂੰ
ਪਾ ਦੇਣਗੇ ਭਾਜੜਾਂ।
ਤੇਰੀ ਤਲਵਾਰ ਵਾਂਗ
ਗੁਰੂ ਦਾ ਖੰਡਾ ਮਜ਼ਲੂਮਾਂ, ਨਿਤਾਣਿਆਂ,
ਨਿਹੱਥਿਆਂ ਤੇ ਬੇਦੋਸ਼ਿਆਂ
'ਤੇ ਨਹੀਂ ਚਲਦਾ
ਉਹ ਤਾਂ
ਇਨ੍ਹਾਂ ਦੀ ਰਾਖੀ ਲਈ
ਤੇ ਜ਼ਾਲਮਾਂ ਦੇ ਗਾਟੇ ਲਾਹੁਣ ਲਈ
ਬਣਿਆ ਹੈ।
ਤੇਰੀ ਇਹ ਭੁੱਲ ਹੈ ਕਿ
ਅਸੀਂ ਥੋੜ੍ਹੇ ਜਿਹੇ ਕੀ ਕਰਲਾਂਗੇ
ਜਿੱਤ ਦੇ ਪਿੱਛੇ ਫ਼ੌਜ ਦੀ ਗਿਣਤੀ ਨਹੀਂ
ਸਵੈ ਵਿਸ਼ਵਾਸ ਤੇ ਨਿਸ਼ਚਾ ਹੁੰਦਾ ਹੈ
ਜੋ ਸਾਡੇ ਗੁਰਾਂ ਨੇ ਲੋਹੜੇ ਦਾ ਬਖਸ਼ਿਆ ਹੈ
ਸਾਨੂੰ।
ਇਸ ਲਈ ਗੁਰਾਂ ਦਾ ਸਿੱਖ
ਇਕ ਹੋ ਕੇ ਵੀ ਸਵਾ ਲੱਖ ਹੋ ਜਾਂਦਾ ਹੈ
ਦੁਸ਼ਮਣਾਂ ਲਈ।

ਮੋਬਾਇਲ : 98776-63691

# ਚਾਓਕੇ ਪਿੰਡ ਦੇ ਆਦਰਸ਼ ਸਕੂਲ ਮਾਮਲੇ ਦੀ ਜਾਂਚ ਰਿਪੋਰਟ 'ਤੇ ਕਾਰਵਾਈ ਦੀ ਮੰਗ

ਸੁਮੀਤ ਸਿੰਘ

ਪੰਜਾਬ ਵਿੱਚ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਅਤੇ ਸਿੱਖਿਆ ਕ੍ਰਾਂਤੀ ਲਿਆਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਕੌਮੀ ਸਿੱਖਿਆ ਨੀਤੀ 2020 ਨੂੰ ਲਾਗੂ ਕਰਕੇ ਸਿੱਖਿਆ ਦਾ ਨਿੱਜੀਕਰਨ ਅਤੇ ਵਪਾਰੀਕਰਨ ਕਰਕੇ ਮਿਆਰੀ ਸਿੱਖਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕੀਤਾ ਜਾ ਰਿਹਾ ਹੈ। ਵਿਦਿਅਕ ਅਦਾਰਿਆਂ ਵਿੱਚ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਰੈਗੂਲਰ ਅਧਿਆਪਕਾਂ ਦੀ ਭਰਤੀ ਨਹੀਂ ਕੀਤੀ ਜਾ ਰਹੀ ਅਤੇ ਕਈ ਸਾਲਾਂ ਤੋਂ ਕੱਚੇ ਅਧਿਆਪਕਾਂ ਨੂੰ ਪੱਕਿਆਂ ਨਹੀਂ ਕੀਤਾ ਜਾ ਰਿਹਾ। ਅਧਿਆਪਕਾਂ ਨੂੰ ਸਾਰਾ ਸਾਲ ਗੈਰ ਵਿੱਦਿਅਕ ਕਾਰਜਾਂ ਵਿੱਚ ਉਲਝਾ ਕੇ ਸਿੱਖਿਆ ਦੇ ਮਿਆਰ ਅਤੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੋ ਕਿ ਆਦਰਸ਼ ਸਕੂਲਾਂ ਦੇ ਚੇਅਰਮੈਨ ਵੀ ਹਨ, ਨੇ ਪੰਜਾਬ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਪੰਜਾਬ ਵਿੱਚ ਠੇਕੇਦਾਰਾਂ ਦੇ ਹੱਥ ਸਕੂਲ ਨਹੀਂ ਦਿੱਤੇ ਜਾਣਗੇ, ਪਰ ਇਸ ਦੇ ਬਿਲਕੁੱਲ ਉਲਟ ਬਠਿੰਡਾ ਦੇ ਪਿੰਡ ਚਾਓਕੇ ਦੇ ਨਿੱਜੀ ਸਰਕਾਰੀ ਭਾਈਵਾਲੀ ਤਹਿਤ ਨਿੱਜੀ ਠੇਕੇਦਾਰ ਨੂੰ ਸੌਂਪੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਜਿਸ ਤਰ੍ਹਾਂ ਵਰਦੀਆਂ, ਕਿਤਾਬਾਂ, ਫੀਸਾਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਲੱਖਾਂ ਰੁਪਏ ਦਾ ਵੱਡਾ ਘੋਟਾਲਾ ਕੀਤਾ ਗਿਆ ਹੈ ਅਤੇ ਸਿੱਖਿਆ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿਸ ਤਰ੍ਹਾਂ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਨਿੱਜੀ ਠੇਕੇਦਾਰ ਨੂੰ ਬਚਾਉਣ ਲਈ ਸਕੂਲ ਦੇ ਅਧਿਆਪਕਾਂ, ਮਾਪਿਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਉੱਤੇ ਹਰ ਤਰ੍ਹਾਂ ਦੇ ਜਬਰ ਕਰਨ ਦੇ ਹਥਕੰਡੇ ਅਪਣਾਏ ਗਏ ਹਨ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਘੋਟਾਲੇ ਦਾ ਖੁਲਾਸਾ ਬਠਿੰਡਾ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੀ ਜਾਂਚ ਪੜਤਾਲ ਦੀ ਰਿਪੋਰਟ ਵਿੱਚ ਖੁਦ ਕੀਤਾ ਗਿਆ ਹੈ ਪਰ ਆਦਰਸ਼ ਸਕੂਲ ਦੇ ਪ੍ਰਬੰਧਕਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਕਰਨ ਦੀ ਬਜਾਏ ਪੁਲਸ ਪ੍ਰਸ਼ਾਸਨ ਵੱਲੋਂ ਉਲਟਾ ਪੀੜਤ ਅਧਿਆਪਕਾਂ ਅਤੇ ਮਾਪਿਆਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਇਸ ਜਨਵਰੀ ਮਹੀਨੇ ਜਦੋਂ ਕੁਝ ਅਧਿਆਪਕਾਂ ਨੇ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਸਿੱਖਿਆ ਵਿਭਾਗ ਦਾ ਧਿਆਨ ਇਨ੍ਹਾਂ ਬੇਨਿਯਮੀਆਂ ਵੱਲ ਦਿਵਾਇਆ ਤਾਂ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਇਕ ਸਾਜ਼ਿਸ਼ ਤਹਿਤ ਪੜ੍ਹਾਉਣ ਦੇ ਅਯੋਗ ਠਹਿਰਾ ਕੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ।

ਦਰਅਸਲ ਕੁਝ ਸਮਾਂ ਪਹਿਲਾਂ ਕੁਝ ਅਧਿਆਪਕਾਂ ਵੱਲੋਂ ਸਕੂਲ ਦੇ ਪ੍ਰਿੰਸੀਪਲ ਦੇ ਔਰਤ ਅਧਿਆਪਕਾਂ ਪ੍ਰਤੀ ਛੇੜਛਾੜ ਅਤੇ ਮਾੜੇ ਵਤੀਰੇ ਦੇ ਖਿਲਾਫ ਸਕੂਲ ਪ੍ਰਬੰਧਕਾਂ ਅਤੇ ਉੱਚ ਸਿੱਖਿਆ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਪਰ ਸਿਆਸੀ ਦਬਾਅ ਹੇਠ ਪ੍ਰਿੰਸੀਪਲ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਜ਼ਿਲ੍ਹੇ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਅਧਿਆਪਕ ਅਤੇ ਵਿਦਿਆਰਥੀ ਜੱਥੇਬੰਦੀਆਂ ਵੱਲੋਂ ਇਨ੍ਹਾਂ ਪੀੜਤ ਅਧਿਆਪਕਾਂ ਅਤੇ ਮਾਪਿਆਂ ਦੀ ਡਟਵੀਂ ਹਮਾਇਤ ਕੀਤੇ ਜਾਣ ਦੇ ਨਤੀਜੇ ਵਜੋਂ ਸਕੂਲ ਪ੍ਰਿੰਸੀਪਲ ਨੂੰ ਲਿਖਤੀ ਮਾਫ਼ੀ ਮੰਗਣੀ ਪਈ ਅਤੇ ਸਕੂਲ ਪ੍ਰਬੰਧਕਾਂ ਨੂੰ ਦਬਾਅ ਹੇਠ ਪ੍ਰਿੰਸੀਪਲ ਦੀ ਬਦਲੀ ਕਰਨ ਲਈ ਵੀ ਮਜਬੂਰ ਹੋਣਾ ਪਿਆ।

ਦਰਅਸਲ ਤਤਕਾਲੀ ਬਾਦਲ ਸਰਕਾਰ ਵੱਲੋਂ ਸਿੱਖਿਆ ਦੇ ਨਿੱਜੀਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਦੇ ਹੋਏ ਨਿੱਜੀ ਸਰਕਾਰੀ ਭਾਈਵਾਲੀ ਤਹਿਤ ਕੁੱਝ ਆਦਰਸ਼ ਸਕੂਲਾਂ ਦੇ ਪ੍ਰਬੰਧ ਨੂੰ ਨਿੱਜੀ ਪ੍ਰਬੰਧਕ ਕਮੇਟੀਆਂ ਦੇ ਹਵਾਲੇ ਕੀਤਾ ਗਿਆ ਸੀ। ਇਸ ਨੀਤੀ ਹੇਠ ਕੀਤੇ ਸਮਝੌਤੇ ਅਨੁਸਾਰ ਅਜਿਹੇ ਸਕੂਲਾਂ ਦਾ ਪ੍ਰਬੰਧ ਚਲਾਉਣ ਲਈ ਕੁੱਲ ਸਾਲਾਨਾ ਖਰਚੇ ਦਾ ਸੱਤਰ ਫੀਸਦੀ ਪੈਸਾ ਪੰਜਾਬ ਸਰਕਾਰ ਨੇ ਦੇਣਾ ਹੁੰਦਾ ਹੈ ਜਦਕਿ ਬਾਕੀ ਤੀਹ ਫੀਸਦੀ ਹਿੱਸਾ ਨਿੱਜੀ ਪ੍ਰਬੰਧਕਾਂ ਵੱਲੋਂ ਖਰਚਣਾ ਹੁੰਦਾ ਹੈ।

ਵੇਖਣ ਵਿੱਚ ਆਇਆ ਹੈ ਕਿ ਅਜਿਹੇ ਸਕੂਲ ਚਲਾਉਣ ਵਾਲੀਆਂ ਜ਼ਿਆਦਾਤਰ ਨਿੱਜੀ ਪ੍ਰਬੰਧਕ ਕਮੇਟੀਆਂ ਆਪਣੇ ਹਿੱਸੇ ਦਾ ਤੀਹ ਫੀਸਦੀ ਪੈਸਾ ਪਾਉਣ ਦੀ ਬਜਾਏ ਸਰਕਾਰ ਦੀ ਸੱਤਰ ਫੀਸਦੀ ਗਰਾਂਟ ਵਿੱਚੋਂ ਵੀ ਪੰਜਾਹ ਫੀਸਦੀ ਪੈਸਾ ਬਚਾ ਕੇ ਆਪਣੇ ਖਜ਼ਾਨੇ ਭਰਦੀਆਂ ਹਨ। ਅਜਿਹਾ ਕਰਨ ਲਈ ਉਨ੍ਹਾਂ ਵੱਲੋਂ ਹਰ ਤਰ੍ਹਾਂ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਵਿਦਿਆਰਥੀਆਂ ਦੀਆਂ ਵਰਦੀਆਂ, ਕਿਤਾਬਾਂ, ਸਟੇਸ਼ਨਰੀ, ਫੀਸਾਂ ਅਤੇ ਹੋਰਨਾਂ ਬੁਨਿਆਦੀ ਸਹੂਲਤਾਂ ਵਿੱਚ ਭ੍ਰਿਸ਼ਟਾਚਾਰ ਕਰਨ ਤੋਂ ਇਲਾਵਾ ਅਧਿਆਪਕਾਂ ਅਤੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਘੁਟਾਲਾ ਕੀਤਾ ਜਾਂਦਾ ਹੈ। ਘੱਟ ਤੋਂ ਘੱਟ ਗਿਣਤੀ ਵਿੱਚ, ਘੱਟ ਤਨਖਾਹ ਉੱਤੇ ਅਣਸਿੱਖਿਅਕ ਸਟਾਫ ਨਿਯੁਕਤ ਕਰਕੇ ਆਪਣੇ ਮੁਨਾਫ਼ੇ ਵਿੱਚ ਵਾਧਾ ਕੀਤਾ ਜਾਂਦਾ ਹੈ। ਸਕੂਲ ਪ੍ਰਬੰਧਕਾਂ ਦੀਆਂ ਅਜਿਹੀਆਂ ਬੇਨਿਯਮੀਆਂ ਦਾ ਵਿਰੋਧ ਕਰਨ ਵਾਲਿਆਂ ਦੀਆਂ ਤਨਖਾਹਾਂ ਰੋਕ ਲਈਆਂ ਜਾਂਦੀਆਂ ਹਨ ਅਤੇ ਫਿਰ ਕੋਈ ਨਾ ਕੋਈ ਝੂਠੇ ਦੋਸ਼ ਲਾ ਕੇ ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਂਦਾ ਹੈ।

ਪਿੰਡ ਚਾਓਕੇ ਦੇ ਆਦਰਸ਼ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਵੀ ਸਮਝੌਤੇ ਦੀਆਂ ਸਾਰੀਆਂ ਮੱਦਾਂ ਦੀ ਉਲੰਘਣਾ ਕਰਦੇ ਹੋਏ ਵਰਦੀਆਂ, ਕਿਤਾਬਾਂ, ਸਟੇਸ਼ਨਰੀ, ਫੀਸਾਂ, ਪ੍ਰੋਜੈਕਟਰ, ਕੰਪਿਊਟਰ ਸਮੇਤ ਹੋਰਨਾਂ ਬੁਨਿਆਦੀ ਸਹੂਲਤਾਂ ਵਿੱਚ ਭ੍ਰਿਸ਼ਟਾਚਾਰ ਕਰਨ ਤੋਂ ਇਲਾਵਾ ਅਧਿਆਪਕਾਂ ਅਤੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਘੁਟਾਲਾ ਕੀਤਾ ਗਿਆ। ਇਸੇ ਘੁਟਾਲੇ ਹੇਠ ਸਕੂਲ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਤੋਂ ਉਪਰੋਕਤ ਮੁਫ਼ਤ ਸਹੂਲਤਾਂ ਲਈ ਮੋਟੀਆਂ ਰਕਮਾਂ ਲੈਣ ਤੋਂ ਇਲਾਵਾ ਅਧਿਆਪਕਾਂ ਦਾ ਏ ਟੀ ਐੱਮ ਕਾਰਡ ਲੈ ਕੇ ਉਨ੍ਹਾਂ ਦੇ ਬੈਂਕ ਖਾਤਿਆਂ 'ਚੋਂ ਲੱਗਭੱਗ ਸੱਤਰ ਫੀਸਦੀ ਤਨਖਾਹ ਵਾਪਸ ਕਢਵਾ ਲਈ ਜਾਂਦੀ ਸੀ। ਜੱਥੇਬੰਦਕ ਦਬਾਅ ਹੇਠ ਜਦੋਂ ਇਸ ਸੰਬੰਧੀ ਬਠਿੰਡਾ ਦੇ ਡਿਪਟੀ ਕਮਿਸ਼ਨਰ ਵੱਲੋਂ ਉੱਚ ਅਧਿਕਾਰੀਆਂ ਰਾਹੀਂ ਸਕੂਲ ਰਿਕਾਰਡ ਅਤੇ ਬੈਂਕ ਖਾਤਿਆਂ ਦੀ ਜਾਂਚ ਪੜਤਾਲ ਕਰਵਾਈ ਗਈ ਤਾਂ ਸਕੂਲ ਪ੍ਰਬੰਧਕਾਂ ਖਿਲਾਫ ਉਪਰੋਕਤ ਸਾਰੇ ਦੋਸ਼ ਸਹੀ ਪਾਏ ਗਏ।

ਆਪਣੀਆਂ ਮੰਗਾਂ ਪ੍ਰਤੀ ਕੋਈ ਜਵਾਬ ਨਾ ਮਿਲਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲ ਪ੍ਰਬੰਧਕਾਂ ਵਿਰੁੱਧ ਕੋਈ ਕਾਰਵਾਈ ਨਾ ਹੁੰਦੀ ਵੇਖ ਕੇ ਪੀੜਤ ਅਧਿਆਪਕਾਂ ਅਤੇ ਮਾਪਿਆਂ ਨੇ 17 ਮਾਰਚ ਨੂੰ ਸਕੂਲ ਦੇ ਮੁੱਖ ਗੇਟ ਨੂੰ ਤਾਲਾ ਲਾ ਕੇ ਉਥੇ ਪੱਕਾ ਧਰਨਾ ਲਾ ਦਿੱਤਾ, ਜਿਸ ਨੂੰ ਚੁਕਵਾਉਣ ਲਈ ਪੁਲਸ ਅਧਿਕਾਰੀਆਂ ਵੱਲੋਂ ਅਧਿਆਪਕਾਂ, ਮੁਲਾਜ਼ਮਾਂ, ਮਾਪਿਆਂ ਅਤੇ ਹਮਾਇਤ ਵਿੱਚ ਆਏ ਕਿਸਾਨਾਂ, ਅਧਿਆਪਕ ਆਗੂਆਂ ਉੱਤੇ ਬੜੀ ਬੇਰਹਿਮੀ ਨਾਲ ਲਾਠੀਚਾਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਪੁਲਸ ਜਬਰ ਦੇ ਵਿਰੁੱਧ ਅਤੇ ਅਧਿਆਪਕਾਂ ਨੂੰ ਛੁਡਾਉਣ ਲਈ ਜਦੋਂ ਕਿਸਾਨ, ਮਜ਼ਦੂਰ, ਮੁਲਾਜ਼ਮ, ਅਧਿਆਪਕ ਜੱਥੇਬੰਦੀਆਂ ਨੇ ਰਾਮਪੁਰਾ ਥਾਣੇ ਦੇ ਬਾਹਰ ਧਰਨਾ ਲਾਇਆ ਤਾਂ 5 ਅਪ੍ਰੈਲ ਨੂੰ ਪੁਲਸ ਨੇ ਬੜੀ ਬੇਰਹਿਮੀ ਨਾਲ ਔਰਤ ਕਿਸਾਨ ਆਗੂਆਂ, ਅਧਿਆਪਕਾਂ ਅਤੇ ਬਜ਼ੁਰਗਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ, ਉਨ੍ਹਾਂ ਦੇ ਕੱਪੜੇ ਪਾੜੇ ਗਏ ਅਤੇ ਖਾਸ ਕਰਕੇ ਕਿਸਾਨ ਆਗੂ ਹਰਿੰਦਰ ਬਿੰਦੂ ਉਤੇ ਸਬਕ ਸਿਖਾਉਣ ਦੇ ਲਹਿਜ਼ੇ ਵਿੱਚ ਬੇਤਹਾਸ਼ਾ ਤਸ਼ੱਦਦ ਕੀਤਾ, ਗਾਲ ਮੰਦਾ ਬੋਲਣ ਦੇ ਇਲਾਵਾ ਉਸ ਦੀਆਂ ਐਨਕਾਂ ਤੋੜ ਦਿੱਤੀਆਂ ਅਤੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਦਰਅਸਲ ਇਹ ਮਸਲਾ ਇੰਨਾ ਗੰਭੀਰ ਰੁਖ ਅਖਤਿਆਰ ਨਾ ਕਰਦਾ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਮਾਨਦਾਰੀ ਵਿਖਾਉਂਦੇ ਹੋਏ ਆਪਣੀ ਜਾਂਚ-ਪੜਤਾਲ ਦੀ ਰਿਪੋਰਟ ਦੇ ਆਧਾਰ 'ਤੇ ਸਕੂਲ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ ਇਸ ਦਾ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਧਿਕਾਰੀ ਜਾਂ ਐੱਸ ਡੀ ਐੱਮ ਦੇ ਹਵਾਲੇ ਕਰ ਦਿੱਤਾ ਜਾਂਦਾ ਅਤੇ ਅਧਿਆਪਕਾਂ, ਮੁਲਾਜ਼ਮਾਂ, ਮਾਪਿਆਂ ਦੀਆਂ ਮੰਗਾਂ ਮੰਨ ਲਈਆਂ ਜਾਂਦੀਆਂ।

ਇਸ ਜਬਰ ਦੇ ਵਿਰੁੱਧ 12 ਅਪ੍ਰੈਲ ਨੂੰ ਰਾਮਪੁਰਾ ਫੂਲ ਦੀ ਦਾਣਾ ਮੰਡੀ ਵਿਖੇ ਅਧਿਆਪਕਾਂ ਅਤੇ ਮਾਪਿਆਂ ਵੱਲੋਂ ਕੀਤੀ ਗਈ ਜਬਰ ਵਿਰੋਧੀ ਰੈਲੀ ਜਿਸ ਵਿੱਚ ਪੰਜਾਬ ਦੇ ਸਮੂਹ ਜ਼ਿਲ੍ਹਿਆਂ 'ਚੋਂ ਹਜ਼ਾਰਾਂ ਕਿਸਾਨ, ਮਜ਼ਦੂਰ, ਮੁਲਾਜ਼ਮ, ਅਧਿਆਪਕ, ਵਿਦਿਆਰਥੀ, ਸਾਬਕਾ ਫੌਜੀ ਅਤੇ ਚਾਓਕੇ ਪਿੰਡ ਦੇ ਵਾਸੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ, ਦੇ ਮੰਚ ਤੋਂ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਆਦਰਸ਼ ਸਕੂਲ ਚਾਓਕੇ ਦੀ ਸਕੂਲ ਪ੍ਰਬੰਧਕ ਕਮੇਟੀ ਨੂੰ ਤੁਰੰਤ ਬਰਖਾਸਤ ਕਰਕੇ ਭ੍ਰਿਸ਼ਟਾਚਾਰ ਕਰਨ ਵਾਲੇ ਦੋਸ਼ੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਸਕੂਲ ਦਾ ਪ੍ਰਬੰਧ ਸਰਕਾਰੀ ਕੰਟਰੋਲ ਹੇਠ ਲਿਆ ਜਾਵੇ। ਸਾਰੇ ਅਧਿਆਪਕਾਂ, ਕਿਸਾਨਾਂ, ਮੁਲਾਜ਼ਮਾਂ ਵਿਰੁੱਧ ਦਰਜ ਪੁਲਸ ਕੇਸ ਰੱਦ ਕਰਕੇ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਕਿਸਾਨ ਆਗੂਆਂ, ਅਧਿਆਪਕਾਂ ਦੀ ਬੇਰਹਿਮੀ ਨਾਲ ਘੜੀਸ ਕੇ ਕੁੱਟ ਮਾਰ ਕਰਨ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਹੁਣ ਜਦਕਿ ਇਹ ਸਕੂਲ ਚਲਾਉਣ ਵਾਲੀ ਨਿੱਜੀ ਭਾਈਵਾਲ ਸ੍ਰੀ ਰਾਧੇ ਕ੍ਰਿਸ਼ਨਾ ਸੇਵਾ ਸੰਮਤੀ ਆਪਣੇ 'ਤੇ ਲੱਗੇ ਦੋਸ਼ਾਂ ਕਾਰਨ ਇਸ ਦਾ ਪ੍ਰਬੰਧ ਕਰਨ ਤੋਂ ਭੱਜ ਗਈ ਹੈ ਅਤੇ ਪੰਜਾਬ ਸਰਕਾਰ ਨੇ 25 ਅਪ੍ਰੈਲ ਨੂੰ ਇਕ ਚਿੱਠੀ ਜਾਰੀ ਕਰਕੇ ਆਦਰਸ਼ ਸਕੂਲ ਚਾਓਕੇ ਦਾ ਸਮੁੱਚਾ ਪ੍ਰਬੰਧ ਸਥਾਨਕ ਸਬ ਡਵੀਜ਼ਨਲ ਮੈਜਿਸਟਰੇਟ ਨੂੰ ਸੌਂਪ ਦਿੱਤਾ ਹੈ ਤਾਂ ਹੁਣ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਕਰਨ ਵਾਲੇ ਨਿੱਜੀ ਪ੍ਰਬੰਧਕਾਂ ਵਿਰੁੱਧ ਤੁਰੰਤ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਡਿਪਟੀ ਕਮਿਸ਼ਨਰ ਬਠਿੰਡਾ ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਇਸ ਅਹਿਮ ਮਸਲੇ ਨੂੰ ਬਿਨਾਂ ਕਿਸੇ ਹੋਰ ਦੇਰੀ ਦੇ ਹੱਲ ਕਰੇ ਅਤੇ ਲੋਕ ਹਿੱਤਾਂ ਦੀ ਰਾਖੀ ਲਈ ਸਿੱਖਿਆ, ਸਿਹਤ ਰੁਜ਼ਗਾਰ, ਬਿਜਲੀ, ਪਾਣੀ, ਸੜਕਾਂ ਦੇ ਬੁਨਿਆਦੀ ਖੇਤਰ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਨੂੰ ਮੁੱਢੋਂ ਰੱਦ ਕਰਨ ਦੀ ਰਾਜਸੀ ਇੱਛਾ ਸ਼ਕਤੀ ਅਤੇ ਨੇਕ ਨੀਤੀ ਵਿਖਾਵੇ।

ਮੋਬਾ. 76960-30173

# ਧੀਆਂ ਡਾਲਰ ਖੋਜਣ ਚੱਲੀਆਂ

ਪ੍ਰੋ. ਕੁਲਵੰਤ ਔਜਲਾ

ਮੇਰੀਆਂ ਕਵਿਤਾ ਵਰਗੀਆਂ ਧੀਆਂ ਹੁਣ ਪਰਦੇਸਣਾਂ ਨਹੀਂ, ਪਰਵਾਸਣਾਂ ਹੋਣ ਨੂੰ ਫਿਰਦੀਆਂ ਨੇ। ਪਰਦੇਸਣਾਂ ਹੋਣ ਦੀ ਸ਼ਨਾਖ਼ਤ ਇਨ੍ਹਾਂ ਨੂੰ ਸਮਾਜਿਕ ਤੇ ਸੱਭਿਆਚਾਰਕ ਵਿਰਸੇ ਨੇ ਪ੍ਰਦਾਨ ਕੀਤੀ ਹੈ। ਪਰਵਾਸਣਾਂ ਹੋਣ ਦਾ ਜਨੂੰਨ ਇਨ੍ਹਾਂ ਨੂੰ ਹਕੂਮਤਾਂ ਦੀ ਬਦਨੀਅਤ, ਵਕਤ ਦੀ ਬੇਰੁਖ਼ੀ ਤੇ ਰਿਜ਼ਕ ਦੀ ਮਹਾਂਮਾਰੀ ਨੇ ਬਖਸ਼ਿਆ ਹੈ। ਇਹ ਹੁਣ ਉੱਡਣਾ ਚਾਹੁੰਦੀਆਂ ਨੇ। ਸਮਾਜ ਦੀਆਂ ਬੰਦਿਸ਼ਾਂ ਤੇ ਬੇਈਮਾਨੀਆਂ ਤੋਂ ਮੁਕਤ ਹੋਣ ਦਾ ਅਹਿਸਾਸ ਇਨ੍ਹਾਂ ਨੂੰ ਡਾਲਰਾਂ ਦੀ ਖੋਜ ਪ੍ਰਤੀ ਉਕਸਾ ਰਿਹਾ ਹੈ। ਇਨ੍ਹਾਂ ਨੂੰ ਲੱਗਦਾ ਹੈ ਕਿ ਡਾਲਰਾਂ ਵਾਲੇ ਦੇਸ਼ਾਂ ਦੀ ਸੁਤੰਤਰ ਤੇ ਸੁਪਨਸਾਜ਼ ਫ਼ਿਜ਼ਾ ਇਨ੍ਹਾਂ ਨੂੰ ਫੈਲਣ ਲਈ ਵਧੇਰੇ ਮੌਕੇ ਦੇਵੇਗੀ। ਰੁਪਈਆਂ ਦੇ ਦੇਸ਼ ਵਿੱਚ ਇਨ੍ਹਾਂ ਦਾ ਭਵਿੱਖ ਸੁਰੱਖਿਅਤ ਨਹੀਂ। ਮਾਂ-ਬਾਪ ਵੀ ਇਨ੍ਹਾਂ ਨੂੰ ਪਰਵਾਸ ਭੇਜ ਕੇ ਸੁਰਖ਼ਰੂ ਹੋਣ ਦਾ ਲਾਹਾ ਲੈਣ ਲਈ ਤਤਪਰ ਹਨ। ਖੋਖਲੇ ਤੇ ਖਾਬਹੀਣ ਹੋ ਰਹੇ ਰਿਵਾਜ ਤੇ ਰਵਾਇਤਾਂ ਵੀ ਮੇਰੀਆਂ ਕਵਿਤਾ ਵਰਗੀਆਂ ਧੀਆਂ ਨੂੰ ਜਲਾਵਤਨ ਕਰਨ ਲਈ ਜ਼ਿੰਮੇਵਾਰ ਹਨ। ਕਦੇ ਕੁੜੀਆਂ ਦੀਆਂ ਡਾਰਾਂ ਦੀਆਂ ਡਾਰਾਂ ਕਾਲਜਾਂ ਨੂੰ ਪੜ੍ਹਨ ਲਈ ਜਾਂਦੀਆਂ ਹੁੰਦੀਆਂ ਸਨ। ਹੁਣ ਲੱਗਭੱਗ ਬਹੁਗਿਣਤੀ ਕੁੜੀਆਂ ਆਈਲੈਟਸ ਸੈਂਟਰਾਂ ਨੂੰ ਸਵੇਰੇ-ਸਵੇਰੇ ਭੱਜੀਆਂ ਜਾਂਦੀਆਂ ਦਿਸਦੀਆਂ ਹਨ। ਆਈਲੈਟਸ ਕਰਨ ਦੀ ਜੋਸ਼ੀਲੀ ਤਮੰਨਾ ਨੇ ਮੇਰੀਆਂ ਕਵਿਤਾ ਵਰਗੀਆਂ ਧੀਆਂ ਨੂੰ ਪਲੱਸ ਟੂ ਦੀ ਪੜ੍ਹਾਈ ਤੀਕ ਸੀਮਤ ਕਰ ਦਿੱਤਾ ਹੈ। ਉਹ ਜਲਦੀ-ਜਲਦੀ ਹਵਾ ਹੋ ਜਾਣਾ ਚਾਹੁੰਦੀਆਂ ਨੇ। ਦੇਸ਼ ਹੁਣ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਨਿਰਮੋਹ ਹੋਣ ਦੀ ਇਹ ਸਿਖ਼ਰ ਹੈ। ਬੇਗਾਨਗੀ ਦੀ ਇਹ ਇੰਤਹਾ ਹੈ।

ਚਲ ਮਨਾਂ ਤੁਰ ਚਲੀਏ ਏਥੋਂ
ਇਹ ਨਹੀਂ ਹੁਣ ਰਹਿਣ ਦੀ ਥਾਂ
ਸੱਥਾਂ ਦੇ ਵਿੱਚ ਗੱਲਾਂ ਹੁੰਦੀਆਂ
ਉਜੜ ਜਾਇਗਾ ਇਹ ਗਿਰਾਂ

ਕੁਦਰਤ, ਕਿਰਤ, ਕਾਵਿਕਤਾ, ਕਾਫ਼ਲਿਆਂ, ਕਿਤਾਬਾਂ, ਕਾਮਨਾਵਾਂ ਤੇ ਕਮਾਈਆਂ ਦੇ ਅਸਹਿਜ ਤੇ ਅਵਸਰਵਾਦੀ ਹੋਣ ਦਾ ਨਾਂਅ ਹੀ ਉਜਾੜਾ ਹੈ। ਦੇਖਣ ਨੂੰ ਸਭ ਕੁਝ ਠੀਕ ਲੱਗਦਾ ਹੈ ਅੰਦਰੋਂ, ਪਰ ਕੁਝ ਵੀ ਸਬੂਤਾ ਨਹੀਂ। ਸਿਸਟਮ, ਸਕੂਲ, ਸੰਸਥਾਵਾਂ, ਸਲੀਕੇ, ਸਿਆਸਤ ਤੇ ਸਮਾਜ ਨੂੰ ਅੰਦਰੋਂ ਘੁਣ ਲੱਗ ਗਿਆ ਹੈ। ਉਂਜ ਆਪਣਾ-ਆਪਣਾ ਸਿਆਸਤੀ। ਸਜਾਵਟ ਭਰਪੂਰ ਤੇ ਸਵਾਰਥੀ ਰੋਲ ਹਰ ਕੋਈ ਨਿਭਾਅ ਰਿਹਾ ਹੈ। ਨਾਅਰੇ, ਭਾਸ਼ਨ ਤੇ ਦਲੀਲਾਂ ਸੁਣ ਕੇ ਇੰਜ ਜਾਪਦਾ ਹੈ, ਜਿਵੇਂ ਹੁਣੇ ਹੀ ਇਨਕਲਾਬ ਆ ਜਾਏਗਾ। ਵਾਪਰਦਾ ਪਰ ਕੁਝ ਵੀ ਨਹੀਂ। ਤਨ ਤੇ ਧਨ ਦੇ ਤਾਨਾਸ਼ਾਹਾਂ ਨੇ ਹਰ ਵਰਤਾਰੇ, ਹਰ ਅਮਲ ਤੇ ਹਰ ਹਰਕਤ ਦਾ ਸਿਆਸਤੀਕਰਨ ਕਰ ਦਿੱਤਾ ਹੈ। ਅਜਿਹੇ ਮਨਮੁੱਖ ਤੇ ਮਾਤਮੀ ਮਾਹੌਲ ਵਿੱਚ ਧੀਆਂ ਕਿੱਥੇ ਜਾਣ? ਕਿਤੇ ਰੇਪ, ਕਿਤੇ ਦੰਗੇ ਤੇ ਕਿਤੇ ਮਰਦਾਊਪੁਣਾ ਉਨ੍ਹਾਂ ਨੂੰ ਡਰਾਉਂਦਾ ਤੇ ਧਮਕਾਉਂਦਾ ਹੈ। ਘਰ, ਬਾਜ਼ਾਰ, ਦਫ਼ਤਰ ਤੇ ਆਲਾ-ਦੁਆਲਾ ਧੀਆਂ ਨੂੰ ਅਸ਼ਾਂਤ ਤੇ ਅਸੰਤੁਸ਼ਟ ਕਰਨ ਲਈ ਜ਼ਿੰਮੇਵਾਰ ਹੈ। ਧੀਆਂ ਲਈ ਡਾਲਰਾਂ ਦੀ ਖੋਜ ਦਾ ਸਫ਼ਰ ਹੀ ਉਨ੍ਹਾਂ ਦਾ ਆਖ਼ਰੀ ਹੰਭਲਾ ਤੇ ਬਚਾਅ ਹੈ। ਇਹ ਸਫ਼ਰ ਵੀ ਭਾਵੇਂ ਬਹੁਤਾ ਸੁਖਾਵਾਂ ਤੇ ਸਹਿਜ ਨਹੀਂ, ਪਰ ਉਨ੍ਹਾਂ ਕੋਲ ਇਸ ਤੋਂ ਬਿਨਾਂ ਹੋਰ ਕੋਈ ਬਦਲ ਵੀ ਨਹੀਂ ਹੈ। ਏਸੇ ਲਈ ਉਹ ਡਾਲਰ ਖੋਜਣ ਲਈ ਉਤਾਵਲੀਆਂ ਤੇ ਉਤੇਜਿਤ ਹਨ।

ਕੋਈ ਕਹੇ ਸਿਆਣੀਆਂ
ਕੋਈ ਕਹੇ ਝੱਲੀਆਂ
ਮੇਰੀਆਂ ਕਵਿਤਾ ਵਰਗੀਆਂ ਧੀਆਂ
ਡਾਲਰ ਖੋਜਣ ਚੱਲੀਆਂ
ਢਿੱਡਾਂ ਵਿੱਚ ਅਰਜ਼ੋਈਆਂ
ਦਿਲਾਂ ਵਿੱਚ ਅਰਦਾਸ
ਮਾਸੂਮ ਜਿਹੀਆਂ ਨਹੀਂ ਜਾਣਦੀਆਂ
ਹੁੰਦਾ ਕੀ ਪਰਵਾਸ?

ਸਾਡੇ ਘਰ ਆਈਲੈਟਸ ਦੀ ਪੜ੍ਹਾਈ ਕਰਨ ਹਿਤ ਰਿਸ਼ਤੇਦਾਰ ਇੱਕ ਧੀ ਕੁਝ ਮਹੀਨੇ ਰਹਿੰਦੀ ਰਹੀ। ਮੋਹਖੋਰੀ, ਮਾਸੂਮ ਤੇ ਮਿਲਾਪੜੀ। ਸਾਡਾ ਜੀਅ ਲਾਈ ਰੱਖਿਆ ਉਸ ਨੇ ਦਿਨ-ਰਾਤ ਪੜ੍ਹਦੀ ਰਹਿੰਦੀ। ਅੰਗਰੇਜ਼ੀ ਵਿਸ਼ੇ ਵਿੱਚ ਕਮਜ਼ੋਰ ਹੋਣ ਕਰਕੇ ਮੇਰੀ ਪਤਨੀ ਉਸ ਨੂੰ ਕਦੇ-ਕਦੇ ਅੰਗਰੇਜ਼ੀ ਪੜ੍ਹਾ ਦਿੰਦੀ। ਮੈਂ ਉਸ ਨੂੰ ਹਰ ਰੋਜ਼ ਆਈਲੈਟਸ ਸੈਂਟਰ ਛੱਡ ਕੇ ਤੇ ਲੈ ਕੇ ਆਉਂਦਾ। ਮੇਰੀ ਪਤਨੀ ਨੂੰ ਵਹਿਮ ਸੀ ਕਿ ਨਿਆਣੀ ਜਿਹੀ ਇਹ ਕਿਤੇ ਭੁੱਲ-ਭਟਕ ਨਾ ਜਾਵੇ। ਉਹ ਤੇਜ਼-ਤੇਜ਼ ਕਦਮ ਤੁਰਦੀ। ਮੈਂ ਤੁਰਿਆ ਜਾਂਦਾ ਉਸ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ। ਉਸ ਅੰਦਰ ਜਲਦੀ-ਜਲਦੀ ਕੈਨੇਡਾ ਪਹੁੰਚਣ ਦੀ ਰੀਝ ਛਟਪਟਾਉਂਦੀ। ਮੈਂ ਉਸ ਨੂੰ ਬੜੀ ਵੇਰ ਕਿਹਾ ਕਿ ਤੂੰ ਹੋਰ ਪੜ੍ਹ। ਤੇਰੇ ਘਰ ਦੇ ਨਜ਼ਦੀਕ ਯੂਨੀਵਰਸਿਟੀ ਹੈ। ਪੜ੍ਹ ਕੇ ਕੁਝ ਬਣ, ਪਰ ਉਸ ਦੇ ਮਨ ਵਿੱਚ ਸਿਰਫ਼ ਕੈਨੇਡਾ ਜਾਣ ਦਾ ਭੂਤ ਹੀ ਸਵਾਰ ਸੀ। ਅੰਗਰੇਜ਼ੀ ਵਿੱਚ ਕਮਜ਼ੋਰ ਹੋਣ ਕਰਕੇ ਉਹ ਆਈਲੈਟਸ ਵਿੱਚੋਂ ਲੋੜੀਂਦੇ ਨੰਬਰ ਨਾ ਲੈ ਸਕੀ। ਨਿਰਾਸ਼ਾ ਨੇ ਉਸ ਨੂੰ ਘੇਰ ਲਿਆ। ਉਸ ਨੇ ਆਪਣੇ ਘਰ ਜਾ ਕੇ ਇਕ ਵਾਰ ਫੇਰ ਆਈਲੈਟਸ ਦੇ ਪੇਪਰ ਦਿੱਤੇ, ਪਰ ਫਿਰ ਵੀ ਲੋੜ ਜੋਗੇ ਨੰਬਰ ਨਾ ਆਏ। ਉਸ ਦੀ ਮਾਂ ਦੀ ਇੱਛਾ ਸੀ ਕਿ ਮੇਰੀ ਕੁੜੀ ਹਰ ਹਾਲਤ ਪਰਦੇਸ ਚਲੀ ਜਾਵੇ। ਮਾਂ ਹਰ ਹੀਲੇ ਉਸ ਨੂੰ ਪਰਦੇਸ ਭੇਜਣਾ ਚਾਹੁੰਦੀ ਸੀ। ਜਦੋਂ ਸਭ ਹੀਲੇ ਬੇਕਾਰ ਹੋ ਗਏ ਤਾਂ ਉਸ ਨੇ ਮੋਟੀ ਰਕਮ ਖਰਚ ਕੇ ਏਜੰਟ ਰਾਹੀਂ ਜਾਲ੍ਹੀ ਢੰਗ ਨਾਲ ਉਸ ਨੂੰ ਅਮਰੀਕਾ ਭੇਜ ਦਿੱਤਾ। ਅਮਰੀਕਾ ਪਹੁੰਚ ਕੇ ਉਸ ਨੂੰ ਕਾਫ਼ੀ ਮੁਸ਼ਕਲਾਂ ਆਈਆਂ। ਕੋਈ ਰਿਸ਼ਤੇਦਾਰ ਢੋਈ ਨਾ ਦੇਵੇ। ਇਕੱਲੀ ਕੁੜੀ ਕਦੇ ਕਿਤੇ, ਕਦੇ ਕਿਤੇ ਟਿਕਾਣਾ ਲੱਭਦੀ ਰਹੀ। ਉਸ ਦੀ ਕਥਾ ਪੂਰੇ ਪੰਜਾਬ ਦੀਆਂ ਧੀਆਂ ਦੀ ਕਥਾ ਹੈ। ਧੀਆਂ ਨੂੰ ਧੀਆਂ ਧਿਆਣੀਆਂ ਕਹਿਣ ਵਾਲੇ ਅਸੀਂ ਲੋਕ ਕਿੰਨੇ ਬੇਗਾਨੇ ਤੇ ਬੇਸ਼ਰਮ ਹੋ ਗਏ ਹਾਂ। ਮਾਸੂਮ ਧੀਆਂ ਬੇਗਾਨੇ ਦੇਸ਼ਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਸੰਤਾਪ ਝੱਲ ਰਹੀਆਂ ਹਨ ਅਤੇ ਅਸੀਂ ਮਾਪੇ ਲੋਕ ਗੁਰੂਆਂ-ਪੀਰਾਂ ਦੇ ਪੰਜਾਬ ਨੂੰ ਉਜਾੜਨ ਦੇ ਜਨੂੰਨ ਨੂੰ ਆਪਣਾ ਜੀਵਨ ਮਨੋਰਥ ਬਣਾਈ ਬੈਠੇ ਹਾਂ। ਕੌਣ ਫੜੇ ਧੀਆਂ ਦੀ ਬਾਂਹ? ਮੇਰੀ ਰਿਸ਼ਤੇਦਾਰ ਧੀ ਡਾਲਰ ਖੋਜਣ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲ ਰਹੀ ਹੈ। ਕੁਝ ਡਾਲਰ ਬਚਾ ਕੇ ਮਾਂ ਨੂੰ ਭੇਜਦੀ ਹੈ। ਭਰਾ ਲਈ ਮੋਟਰ ਸਾਈਕਲ ਤੇ ਮਾਂ ਲਈ ਕਾਰ ਲੈ ਕੇ ਦੇਣ ਦੇ ਵਾਅਦੇ ਡਾਲਰਾਂ ਦੀ ਖੋਜ ਵਿੱਚ ਭਸਮ ਹੋ ਗਏ ਜਾਪਦੇ ਹਨ। ਡਾਲਰ ਖੋਜਦਿਆਂ-ਖੋਜਦਿਆਂ ਉਮਰ ਲੰਘਾ ਲੈਂਦੀਆਂ ਨੇ ਧੀਆਂ। ਇਕੱਲੀਆਂ ਰਹਿੰਦੀਆਂ-ਰਹਿੰਦੀਆਂ ਨਿਰਮੋਹ ਹੋ ਜਾਂਦੀਆਂ ਹਨ। ਰਿਜ਼ਕ ਦੀ ਤੇਜ਼ ਤੇ ਤਰਲ ਦੌੜ ਨਾਲ ਹੰਭ ਜਾਂਦੀਆਂ ਹਨ। ਧੀਆਂ ਦੀ ਬੇਗਾਨਗੀ ਤੇ ਬਾਮੁਸ਼ੱਕਤ ਜਲਾਵਤਨੀ ਦੇ ਦਰਦ ਨੂੰ ਕਿਹੜਾ ਵਾਰਿਸ ਸ਼ਾਹ ਲਿਖੇਗਾ। ਆਪਣੇ ਦੁੱਖ ਮੋਬਾਈਲਾਂ ਨੂੰ ਦੱਸ-ਦੱਸ ਕੇ ਥੱਕ ਗਈਆਂ ਧੀਆਂ ਨੂੰ ਮਾਂ-ਬਾਪ ਦੇ ਗਲ ਲੱਗ ਕੇ ਰੋਣ ਦਾ ਚੇਤਾ ਭੁੱਲ ਜਾਂਦਾ ਹੈ। ਜੁਆਕੜੀਆਂ ਜਿਹੀਆਂ ਅੰਦਰਲੇ ਹੌਲ ਕਿਸ ਕੋਲ ਫਰੋਲਣ? ਤਪਦੀਆਂ, ਰਿੱਝਦੀਆਂ, ਖਪਦੀਆਂ ਤੇ ਸੋਚਦੀਆਂ ਧੀਆਂ ਦੀ ਅਵਾਜਾਰੀ ਕੌਣ ਸਮਝੇ। ਮੇਰੀਆਂ ਕਵਿਤਾ ਵਰਗੀਆਂ ਧੀਆਂ ਹੌਲੀ-ਹੌਲੀ ਸੈਟਲ ਤਾਂ ਹੋ ਜਾਂਦੀਆਂ ਹਨ, ਪਰ ਉਨ੍ਹਾਂ ਦੀ ਨਾੜ-ਨਾੜ ਵਿੱਚ ਜਲਾਵਤਨੀ ਜੰਮ ਜਾਂਦੀ ਹੈ। ਪਤਾ ਸਾਨੂੰ ਸਾਰਿਆਂ ਨੂੰ ਹੈ, ਪਰ ਅਸੀਂ ਸਾਰੇ ਲੋਕ ਵਸਤੂਆਂ ਤੇ ਵਰਤਾਰਿਆਂ ਨੂੰ ਫਿਲਮੀਕ੍ਰਿਤ ਕਰਦੇ ਰਹਿੰਦੇ ਹਾਂ। ਸੱਚ ਸਾਡੇ ਕੋਲੋਂ ਨਾਨਕ, ਫਰੀਦ, ਬੁੱਲ੍ਹੇ ਤੇ ਵਾਰਿਸ ਵਾਂਗੂੰ ਫੜਿਆ ਨਹੀਂ ਜਾਂਦਾ, ਕਿਉਂਕਿ ਅਸੀਂ ਦਰਵੇਸ਼, ਫ਼ਕੀਰ ਤੇ ਗੁਰੂ ਨਹੀਂ ਹਾਂ। ਅਸੀਂ ਡਾਲਰਾਂ ਦੀ ਭਾਸ਼ਾ ਵਿੱਚ ਜ਼ਿੰਦਗੀ ਨੂੰ ਮਾਪਦੇ ਹਾਂ। ਜ਼ਿੰਦਗੀ ਮਾਪਣ ਤੇ ਮਿਣਨ ਵਾਲੀ ਚੀਜ਼ ਨਹੀਂ। ਜ਼ਿੰਦਗੀ ਮਾਨਣ ਤੇ ਮੋਹ ਕਰਨ ਵਾਲੀ ਸ਼ਾਇਰੀ ਵੀ ਹੈ। ਡਾਲਰਾਂ ਦੀ ਤੱਕੜੀ ਵਿੱਚ ਰਿਸ਼ਤਿਆਂ, ਕਾਰੋਬਾਰਾਂ, ਮੁੱਲਾਂ ਤੇ ਵਰਤਾਰਿਆਂ ਨੂੰ ਤੋਲ-ਤੋਲ ਕੇ ਸਿਵਿਆਂ ਤੀਕ ਲੈ ਗਏ ਹਾਂ ਅਸੀਂ। ਪੱਕਾ ਤੇ ਪਾਕ ਕੁਝ ਵੀ ਨਹੀਂ ਰਿਹਾ। ਨਿਭਣ ਨਿਭਾਉਣ ਦੀਆਂ ਗੱਲਾਂ ਖ਼ਤਮ ਹੋਣ ਨੂੰ ਫਿਰਦੀਆਂ ਹਨ। ਗ੍ਰਹਿਸਥੀ ਢਾਂਚੇ ਦੀਆਂ ਚੂਲਾਂ ਲੱਗਭੱਗ ਹਿੱਲ ਗਈਆਂ ਹਨ। ਇਸ ਸਮੁੱਚੀ ਟੁੱਟ-ਭੱਜ ਤੇ ਡਾਲਰ-ਦੌੜ ਵਿੱਚ ਸਭ ਤੋਂ ਜ਼ਿਆਦਾ ਨੁਕਸਾਨ ਮੇਰੀਆਂ ਕਵਿਤਾ ਵਰਗੀਆਂ ਧੀਆਂ ਦਾ ਹੋਇਆ ਹੈ। ਫਿਰਨ-ਤੁਰਨ, ਕੱਪੜੇ ਪਾਉਣ, ਖਾਣ-ਪੀਣ ਤੇ ਰਿਸ਼ਤੇ ਬਣਾਉਣ ਵਰਗੀਆਂ ਤਮਾਮ ਆਜ਼ਾਦੀਆਂ ਦੇ ਬਾਵਜੂਦ ਧੀਆਂ ਡਾਲਰਾਂ ਦੇ ਦੇਸ਼ ਵਿੱਚ ਆਪਣਾ ਆਦਰਸ਼ਕ ਸੰਸਾਰ ਨਹੀਂ ਸਿਰਜ ਸਕੀਆਂ। ਨੈਤਿਕ, ਸਮਾਜਿਕ ਤੇ ਸੱਭਿਆਚਾਰਕ ਮੁੱਲਾਂ ਤੋਂ ਬਾਗ਼ੀ ਹੋਣ ਦੀਆਂ ਹਰਕਤਾਂ ਨੇ ਧੀਆਂ ਨੂੰ ਡਾਲਰਾਂ ਦਾ ਮੁਥਾਜ਼ ਬਣਾ ਦਿੱਤਾ ਹੈ। ਡਾਲਰਾਂ ਦੀ ਮਸ਼ੀਨੀ ਤੇ ਮਾਰੂ ਖੋਜ ਨਾਲ ਹੰਭ ਕੇ ਤਰ੍ਹਾਂ-ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਮਨਪ੍ਰਚਾਵੇ ਲੱਭਣਾ ਉਨ੍ਹਾਂ ਦੀ ਲੋੜ ਬਣ ਗਿਆ ਹੈ। ਜਿਹੜੀਆਂ ਧੀਆਂ ਪੰਜਾਬ ਰਹਿੰਦਿਆਂ ਰਾਜਨੀਤਕ ਖੇਤਰ ਵਿੱਚ ਸੁਚੇਤ ਤੇ ਸਰਗਰਮ ਸਨ, ਉਹ ਵੀ ਡਾਲਰਾਂ ਦੇ ਤਲਿਸਮ ਦਾ ਸ਼ਿਕਾਰ ਹੋ ਗਈਆਂ ਹਨ। ਡਾਲਰ ਦੇਸ਼ ਦੇ ਸਿਸਟਮ ਦੀ ਸੁਵਿਧਾ ਤੇ ਕੁਸ਼ਲਤਾ, ਹਰ ਕਿਸੇ ਨੂੰ ਮੋਹਿਤ ਕਰਦੀ ਹੈ। ਘਰ ਵਸਾਉਣ ਨਾਲੋਂ ਘਰ, ਕਾਰ ਤੇ ਹੋਰ ਸਹੂਲਤਾਂ ਖਰੀਦਣ ਦੀ ਹੋੜ ਜ਼ਿਆਦਾ ਹੈ। ਵਰ ਖਰੀਦਣ ਤੇ ਵੇਚਣ ਦੇ ਕਾਰੋਬਾਰ ਨੇ ਧੀਆਂ ਦੇ ਅਸਤਿਤਵ ਤੇ ਆਜ਼ਾਦੀ ਨੂੰ ਕਲੰਕਿਤ ਕਰ ਦਿੱਤਾ ਹੈ। ਰਿਸ਼ਤੇ ਟੁੱਟਣਾ ਆਮ ਜਿਹਾ ਵਰਤਾਰਾ ਹੈ। ਧੀਆਂ ਦਾ ਘਰ ਛੱਡ ਕੇ ਜਾਣਾ ਤੇ ਸੁਤੰਤਰ ਯੂਨਿਟ ਵਜੋਂ ਰਹਿਣਾ ਡਾਲਰ ਦੇਸ਼ ਦਾ ਰਿਵਾਜ ਹੈ। ਪੱਕੇ ਬੰਧਨ ਕਿਤੇ-ਕਿਤੇ ਨਿਭਦੇ ਹਨ। ਜ਼ਿਆਦਾਤਰ ਧੀਆਂ ਵਿਆਹ ਕਰਵਾਉਣ ਤੋਂ ਮੁਨਕਰ ਹੋ ਰਹੀਆਂ ਹਨ। ਅਗਜ਼ਲ ਵਰਗੀਆਂ ਹੋ ਗਈਆਂ ਨੇ ਮੇਰੀਆਂ ਕਵਿਤਾ ਵਰਗੀਆਂ ਧੀਆਂ। ਸੁਪਨਿਆਂ ਨਾਲੋਂ ਸਰੀਰਕ ਖ਼ਾਹਸ਼ਾਂ ਜ਼ਿਆਦਾ ਮਕਬੂਲ ਹੋ ਗਈਆਂ ਹਨ। ਪੇਕਿਆਂ ਦੀ ਲੋੜ ਤੋਂ ਜ਼ਿਆਦਾ ਦਖ਼ਲ-ਅੰਦਾਜ਼ੀ ਨਾਲ ਧੀਆਂ ਪੇਕਾ ਮੁਖੀ ਵੀ ਹੋ ਗਈਆਂ ਹਨ। ਘਰ ਕਮਰਿਆਂ ਵਿੱਚ ਤਬਦੀਲ ਹੋ ਗਏ ਹਨ। ਰਸੋਈ ਨਾਲੋਂ ਬਾਜ਼ਾਰ ਦੀ ਲੋੜ ਵਧ ਗਈ ਹੈ। ਇਕੱਠੇ ਰਹਿ ਕੇ ਵੀ ਦਿਲ ਇਕੱਠਾ ਨਹੀਂ। ਮੇਰੀ ਬਹੁਤ ਸਿਆਣੀ ਇਕ ਵਿਦਿਆਰਥਣ ਕੈਨੇਡਾ ਚਲੇ ਗਈ। ਬਾਪ ਨੇ ਸਰੀਰਕ ਪੱਖੋਂ ਸੁੰਦਰ ਲੜਕਾ ਵੇਖ ਕੇ ਵਿਆਹ ਕਰ ਦਿੱਤਾ। ਪਹਿਲੇ ਬੱਚੇ ਦੀ ਆਮਦ ਤੋਂ ਬਾਅਦ ਰਿਸ਼ਤਾ ਟੁੱਟ ਗਿਆ। ਹੁਣ ਕਿਸੇ ਦਹਾਜੂ ਸਟੋਰ ਮਾਲਕ ਨਾਲ ਰਹਿ ਰਹੀ ਹੈ। ਅਜਿਹੀ ਤ੍ਰਾਸਦੀ ਘਰ-ਘਰ ਦੇਖਣ ਨੂੰ ਮਿਲਦੀ ਹੈ। ਡਾਲਰ ਖੋਜਣ ਕਮਾਉਣ ਦੀ ਲਾਲਸਾ ਨੇ ਧੀਆਂ ਨੂੰ ਆਜ਼ਾਦੀ ਦੀ ਥਾਂ ਅਸਥਿਰਤਾ ਤੇ ਆਤੰਕ ਵਧੇਰੇ ਦਿੱਤਾ ਹੈ। ਟੁੱਟੇ ਵਿਆਹਾਂ ਦੇ ਬੱਚੇ ਕਿੱਥੇ ਜਾਣ। ਸਰਕਾਰ ਲੱਖ ਸਹੂਲਤਾਂ ਦੇਵੇ, ਲੇਕਿਨ ਟੁੱਟੇ ਵਿੱਛੜੇ ਰਿਸ਼ਤਿਆਂ ਦੀ ਔਲਾਦ ਨੂੰ ਹਰ ਹਾਲਤ ਤਾ ਉਮਰ ਜਲਾਵਤਨੀ ਭੋਗਣੀ ਪਏਗੀ। ਤਾਉਮਰ ਜਲਾਵਤਨੀ ਵਿੱਚ ਵਿਸ਼ਾਦ ਊਰਜਿਤ ਹੁੰਦੇ ਹਨ। ਆਤੰਕ ਫੈਲਦਾ ਹੈ। ਅਸਥਿਰਤਾ ਵਧਦੀ ਹੈ। ਅਜਿਹੀਆਂ ਅਸਹਿਜਤਾਵਾਂ ਡਾਲਰਾਂ ਨਾਲ ਪਰਚਾਈਆਂ ਨਹੀਂ ਜਾ ਸਕਦੀਆਂ।

ਜ਼ਿਆਦਾਤਰ ਧੀਆਂ ਭਾਵੇਂ ਖ਼ਾਨਾਬਦੋਸ਼ ਹੋਣ ਦੀ ਹੋਣੀ ਭੋਗ ਰਹੀਆਂ ਹਨ, ਪਰ ਅਜੇ ਵੀ ਬਹੁਤ ਸਾਰੇ ਘਰਾਂ ਨੇ ਖ਼ੁਦ ਨੂੰ ਸਿਹਤਮੰਦ, ਸਬੂਤੇ ਤੇ ਸੁਪਨਸਾਜ਼ ਬਣਾਈ ਰੱਖਿਆ ਹੈ। ਜਿਨ੍ਹਾਂ ਘਰਾਂ ਨੇ ਡਾਲਰ ਦੇਸ਼ ਦੀ ਤਪਸ਼ ਭਰਪੂਰ ਹਵਾ ਤੋਂ ਖ਼ੁਦ ਨੂੰ ਬਚਾ ਲਿਆ, ਉਹ ਘਰ ਅਜੇ ਵੀ ਜੀਊਂਦੇ ਤੇ ਜਾਗਦੇ ਹਨ। ਜਿਹੜੇ ਘਰਾਂ ਨੇ ਵਿਰਸਾ ਤੇ ਵਿਰਾਸਤ ਸੰਭਾਲੀ ਹੈ, ਉਹ ਘਰ ਅਜੇ ਵੀ ਕਵਿਤਾ ਵਰਗੇ ਹਨ। ਧੀਆਂ ਦੇ ਚੰਗੇ ਵਸੇਬੇ ਲਈ ਸਾਨੂੰ ਸਾਰਿਆਂ ਨੂੰ ਦੁਆਵਾਂ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਧੀਆਂ ਦੀ ਸ਼ਾਇਰੀ ਦਾ ਤੋਲ ਤੁਕਾਂਤ ਪੂਰਾ ਤੇ ਪਰਪੱਕ ਰਹੇ। ਸ਼ਾਇਰੀ ਦੇ ਬਿੰਬ, ਰੂਪਕ ਤੇ ਅਲੰਕਾਰ ਮੌਲਿਕ ਤੇ ਮੁਹੱਬਤੀ ਰਹਿਣ। ਸ਼ਬਦ-ਸ਼ਬਦ ਮਾਨਵੀ ਹੋਵੇ। ਧੀਆਂ ਦੇ ਕਾਵਿਕ ਭਵਿੱਖ ਲਈ ਅਜਿਹੀਆਂ ਅਰਜ਼ੋਈਆਂ ਪੂਰੇ ਪੰਜਾਬ ਨੂੰ ਕਰਨ ਦੀ ਲੋੜ ਹੈ। ਡਾਲਰਾਂ ਦੀ ਤੱਕੜੀ ਨਾਲੋਂ ਤੇਰਾ ਤੇਰਾ ਤੋਲਣ ਵਾਲੀ ਤੱਕੜੀ ਨੂੰ ਤਰਜੀਹ ਦੇਣ ਨਾਲ ਪੈਮਾਨੇ ਬਦਲ ਸਕਦੇ ਹਨ। ਧੀਆਂ ਦੇ ਹਉਕਿਆਂ ਨੂੰ ਸੁਣਨ ਨਾਲ ਧੀਆਂ ਦਾ ਸੰਸਾਰ ਸੰਜੀਵ ਰਹਿ ਸਕਦਾ ਹੈ। ਸੌਖੇ ਸਾਹ ਆ ਸਕਦੇ ਹਨ।

ਵੱਡਾ ਸਾਰਾ ਹੌਂਸਲਾ ਤੇ ਨਿੱਕੀ ਜਿਹੀ ਉਮੀਦ ਬਚਾ ਕੇ ਰਖੀਂ
ਕਲਪਨਾ ਦੀਆਂ ਕਿਆਰੀਆਂ ਵਿੱਚ ਨਗ਼ਮੇ ਤੇ ਨਜ਼ਮਾਂ ਉਗਾਕੇ ਰੱਖੀਂ।

ਸਫ਼ਾ 3 ਦੀ ਬਾਕੀ

## ਵੀਹਵੀਂ ਸਦੀ ਦੀ ਵਾਰਤਕ ਦੇ ਤਲਿਸਮੀ ਰੰਗ...

ਸਮੁੱਚੇ ਪੰਜਾਬ ਦੇ ਦਰਸ਼ਨ ਕੀਤੇ ਜਾ ਸਕਦੇ ਹਨ-

ਪੰਦਰਾਂ-ਵੀਹ ਬੂਟਿਆਂ ਦੇ ਅੰਬ ਚੂਪ ਲੈਂਦੇ ਤਾਂ ਪਤਾ ਲੱਗ ਜਾਂਦਾ ਕਿ ਸਭ ਤੋਂ ਸੁਆਦੀ ਅੰਬ ਕਿਹੜੇ ਬੂਟੇ ਦੇ ਹਨ। ਫੇਰ ਉਸੇ ਬੂਟੇ ਦੇ ਅੰਬਾਂ ਦਾ ਟੋਕਰਾ ਮੰਗਵਾ ਲੈਂਦੇ ਤੇ ਠੰਢੇ ਪਾਣੀ ਵਿਚ ਧੋ ਕੇ ਬਾਲਟੀ ਭਰ ਲੈਂਦੇ। ਇਨ੍ਹਾਂ ਹੁਸ਼ਿਆਰਪੁਰੀ ਪਿੰਡਾਂ ਦਾ ਠੰਢਾ ਪਾਣੀ ਵੀ ਨਿਆਮਤ ਹੈ। ਗਰਮੀਆਂ ਵਿਚ ਵੀ ਐਨਾ ਠੰਢਾ, ਜੇ ਨਹਾਓ ਤਾਂ ਕਾਂਬਾ ਲੱਗ ਜਾਵੇ। ਅੰਬਾਂ ਨੂੰ ਠੰਢਾ ਕਰਕੇ ਰੱਜ ਕੇ ਚੂਪਣਾ। ਕੋਈ ਖੱਟ ਮਿੱਠਾ, ਕੋਈ ਖੱਟਾ, ਕੋਈ ਸੌਂਫੀਆ।

ਪੰਜਾਬੀ ਵਿਚ ਗਿਆਨ ਮੂਲਕ ਵਾਰਤਕ ਜੋ ਫਲਸਫੇ ਦੀਆਂ ਪਰਤਾਂ ਖੋਲ੍ਹਣ ਵਾਲੀ ਹੈ, ਲਿਖਣ ਦਾ ਸਿਹਰਾ ਕਪੂਰ ਸਿੰਘ ਨੂੰ ਜਾਂਦਾ ਹੈ। ਇਸ ਕਿਤਾਬ ਵਿਚ ਉਨ੍ਹਾਂ ਦਾ ਲੇਖ 'ਗੁਰੂ ਨਾਨਕ ਦੇ ਸਮੇਂ ਦੀ ਸਮੱਸਿਆ' ਇਹੋ ਜਿਹੇ ਵਿਸ਼ੇ ਨਾਲ ਸੰਬੰਧਤ ਹੈ। ਉਹ ਸਾਹਿਤ, ਦਰਸ਼ਨ ਤੇ ਇਤਿਹਾਸ ਦੀ ਫੋਲਾਫਾਲੀ ਕਰਕੇ ਆਪਣੇ ਤਰਕ ਨੂੰ ਪੇਸ਼ ਕਰਦਾ ਹੈ। ਉਹਦੀ ਸ਼ੈਲੀ ਬੌਧਿਕ ਖਾਸੇ ਵਾਲੀ ਹੈ-

ਮੈਨੂੰ ਖਿਆਲ ਆਇਆ ਕਿ ਅੱਜ ਤੋਂ 5000 ਸਾਲ ਪਹਿਲਾਂ ਵੀ ਇਹੋ ਜਿਹੀ ਹਾਲਤ ਹੀ ਹੋਵੇਗੀ ਜਾਂ ਫਿਰ ਇਹ ਐਵੇਂ ਗੱਲ ਕਰਨ ਦਾ ਇਕ ਢੰਗ ਹੈ। ਮੈਂ ਵਾਰ-ਵਾਰ ਸੋਚਦਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਬਚਨਾਂ ਨੂੰ ਕਿੱਥੋਂ ਤੱਕ ਯਥਾਰਥਕ ਸਮਝਿਆ ਜਾਵੇ।ਇਸ ਖਾਤਰ ਮੈਂ ਭਾਰਤ ਦਾ ਇਤਿਹਾਸ ਪੜ੍ਹਨਾ ਸ਼ੁਰੂ ਕੀਤਾ। ਤਦ ਮੈਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਕੇਵਲ ਕਾਵਿ-ਸ਼ੈਲੀ ਜਾਂ ਅੱਤਕਥਨੀ ਨਹੀਂ ਹਨ ਜਾਂ ਕੇਵਲ ਲਿਖਣ ਦਾ ਢੰਗ ਹੀ ਨਹੀਂ, ਸਗੋਂ ਬਿਲਕੁਲ ਸੱਚੀਆਂ ਗੱਲਾਂ ਹਨ।

ਹਲਕੀ-ਫੁਲਕੀ ਵਾਰਤਕ ਲਿਖਣੀ ਬੜੀ ਔਖੀ ਹੁੰਦੀ ਹੈ। ਇਹਦੇ ਲਈ ਜ਼ਿੰਦਗੀ ਦਾ ਤਜਰਬਾ ਤੇ ਬਾਰੀਕਬੀਨੀ ਸੂਝ ਦੀ ਲੋੜ ਹੁੰਦੀ ਹੈ। ਬਾਵਾ ਬਲਵੰਤ ਪੰਜਾਬੀ ਦਾ ਉੱਘਾ ਕਾਵਿ ਹਸਤਾਖਰ ਹੈ। ਪ੍ਰਗਤੀਵਾਦੀ ਕਵਿਤਾ ਵਿਚ ਉਹਦਾ ਨਾਂਅ ਮੂਹਰਲੀਆਂ ਸਫਾਂ ਵਿਚ ਆਉਂਦਾ ਹੈ। ਕਵਿਤਾ ਵਾਂਗ ਹੀ ਉਹਨੇ ਨਿੱਕੇ-ਨਿੱਕੇ ਵਿਸ਼ਿਆਂ 'ਤੇ ਲੇਖ ਵੀ ਲਿਖੇ ਹਨ। ਉਹ ਬੜੀ ਦੂਰਦਰਸ਼ੀ ਸੋਚ ਵਾਲਾ ਲੇਖਕ ਸੀ। ਹੱਥਲੀ ਕਿਤਾਬ ਵਿਚ ਸ਼ਾਮਲ 'ਸ਼ਾਮ ਦੀ ਚਾਹ' ਉਹਦਾ ਬੜਾ ਦਿਲਚਸਪ ਲੇਖ ਹੈ-

ਦੂਸਰੀ ਚੀਜ਼ ਜਿਸ ਲਈ ਸ਼ਾਮ ਦੀ ਚਾਹ ਬਹੁਤ ਹੀ ਪਿਆਰੀ ਲੱਗਦੀ ਹੈ, ਉਹ ਹੈ, ਕੋਸ਼ਿਸ਼ ਕਰਕੇ ਚਾਹ ਨੂੰ ਹਾਸਲ ਕਰਨਾ। ਸੌ ਰੁਪਏ ਸੇਰ ਤੇ ਹੋਰ ਵਧੀਆ ਚਾਹ ਜੋ ਅਸਾਨੀ ਨਾਲ ਹਾਸਲ ਹੋ ਜਾਵੇ, ਉਸ ਦਾ ਮਜ਼ਾ ਤਾਂ ਬਹੁਤ ਹੀ ਫਿੱਕਾ ਹੈ। ਜ਼ਰਾ ਸ਼ਾਮ ਦੀ ਚਾਹ ਲਈ 'ਕੋਸ਼ਿਸ਼' ਦੇ ਨਜ਼ਾਰੇ ਦੇਖੋ! ਕੰਮ ਦਾ ਜ਼ਰਾ ਮੰਦਾ ਆਇਆ ਤਾਂ ਪਹਿਲੀ ਕੋਸ਼ਿਸ਼ ਇਸ ਤਰ੍ਹਾਂ ਕਰਨੀ ਪਈ। ਚਾਹ ਦਾ ਸਾਮਾਨ ਥੋੜ੍ਹਾ-ਬਹੁਤ ਮੌਜੂਦ ਸੀ, ਪਰ ਅਗਨੀ ਦੇਵਤੇ ਦਾ ਘਾਟਾ ਸੀ।

ਪੰਜਾਬੀ ਵਿਚ ਪਾਪੜਾਂ ਵਰਗੀ ਕਰਾਰੀ ਵਾਰਤਕ ਬਲਵੰਤ ਗਾਰਗੀ ਨੇ ਲਿਖੀ ਹੈ। ਉਹ ਸ਼ਬਦਾਂ ਵਿਚ ਇਸ ਤਰ੍ਹਾਂ ਜਾਨ ਪਾ ਦੇਂਦਾ ਹੈ ਕਿ ਪੜ੍ਹਨ ਵਾਲਾ ਦੇਖਦਾ ਰਹਿ ਜਾਂਦਾ ਹੈ। ਇਸ ਕਿਤਾਬ ਵਿਚ ਉਹਦਾ 'ਬੰਬਈ' ਨਾਮੀ ਲੇਖ ਸ਼ਾਮਲ ਹੈ। ਬੰਬਈ ਭਾਰਤ ਦੀ ਆਰਥਿਕ ਰਾਜਧਾਨੀ ਦੇ ਨਾਲ-ਨਾਲ ਹੁਸਨ ਤੇ ਖ਼ੂਬਸੂਰਤੀ ਦੀ ਮਲਿਕਾ ਮੰਨੀ ਜਾਂਦੀ ਹੈ। ਇਸ ਦੀ ਖਾਸੀਅਤ ਬਾਰੇ ਗਾਰਗੀ ਲਿਖਦਾ ਹੈ-ਬੰਬਈ ਕਾਰਖਾਨਿਆਂ ਦਾ ਘਰ ਹੈ। ਏਥੇ ਕੱਪੜਾ ਬੁਣਨ ਦੇ ਕਾਰਖਾਨੇ, ਪਲਾਸਟਿਕ, ਜੁੱਤੇ, ਦਵਾਈਆਂ, ਕਰੀਮਾਂ, ਸਾਬਣ ਤੇ ਫਿਲਮਾਂ ਬਣਾਉਣ ਦੇ ਕਾਰਖਾਨੇ ਹਨ। ਫਿਲਮ ਦੇ ਕਾਰਖਾਨੇ ਨੂੰ ਸਟੂਡੀਓ ਆਖਦੇ ਹਨ। ਉਹ ਲੋਕ ਜਿਨ੍ਹਾਂ ਜੰਗ ਦੇ ਦਿਨੀਂ ਅੰਨ੍ਹੇਵਾਹ ਰੁਪਿਆ ਕਮਾਇਆ, ਹੁਣ ਫਿਲਮ ਪ੍ਰੋਡਿਊਸਰ ਹਨ। ਫਿਲਮ ਪ੍ਰੋਡਿਊਸਰ ਬਣਨ ਲਈ ਫਿਲਮ ਦੀ ਟੈਕਨੀਕ ਦੀ ਸਿਖਲਾਈ, ਕੈਮਰੇ ਦੀ ਸਮਝ, ਸਾਹਿਤਕ ਸਿਕਸ਼ਾ, ਕਿਸੇ ਚੀਜ਼ ਦੀ ਵੀ ਲੋੜ ਨਹੀਂ, ਬਸ ਰੁਪਿਆਂ ਦੀ ਇਕ ਥੈਲੀ ਲੋੜੀਂਦੀ ਹੈ। ਇਸ ਕਿਤਾਬ ਦਾ ਹਰ ਲੇਖ ਤਵੱਜੋ ਦੀ ਮੰਗ ਕਰਦਾ ਹੈ, ਪਰ ਸਪੇਸ ਦੀ ਆਪਣੀ ਸੀਮਾ ਹੁੰਦੀ ਹੈ। ਉਹਨੂੰ ਉਲੰਘਣ ਨਾਲ ਕਈ ਵਾਰੀ ਖਿਲਾਰਾ ਪੈ ਜਾਂਦਾ ਹੈ। ਇਸ ਲਈ ਅੰਤ 'ਤੇ ਸੰਪਾਦਕ ਦੇ ਲੇਖ 'ਕੁਨਨ ਕੁਨਨ ਦਅ ਦਅ' ਦੀ ਗੱਲ ਕਰਨੀ ਬਣਦੀ ਹੈ। ਚੰਦਨ ਦੀ ਵਾਰਤਕ ਸ਼ੈਲੀ ਵੱਖਰੀ ਕਿਸਮ ਦੀ ਹੈ। ਉਹ ਪਾਠਕ ਨੂੰ ਉਂਗਲ ਫੜ ਕੇ ਉਨ੍ਹਾਂ ਘਾਟੀਆਂ ਵਿਚ ਲੈ ਜਾਂਦਾ ਹੈ, ਜਿੱਥੋਂ ਅੱਗੇ ਸਫਰ ਉਹਨੇ ਖੁਦ ਕਰਨਾ ਹੈ। ਬਹੁਤ ਕੁਝ ਪਾਠਕ ਲਈ ਛੱਡ ਦੇਣਾ, ਸੁਆਲ ਖੜੇ ਕਰ ਦੇਣੇ ਵਧੀਆ ਵਾਰਤਕ ਦੀ ਨਿਸ਼ਾਨੀ ਹੈ। ਉਹ ਲਿਖਦਾ ਹੈ-ਕੁਨਨ ਕੁਨਨ ਆਵਾਜ਼ ਦਰਅਸਲ ਧਰੁਪਤ ਦੇ ਅਲਾਪ ਵਿਚ ਅਸਥਾਈ ਤੇ ਅੰਤਰੇ ਦੇ ਵਿਚਾਲੇ ਕੱਢੀ ਜਾਂਦੀ ਹੈ-ਕੁ ਨ ਨ... ਰਾਗੀ ਇਸ ਆਵਾਜ਼ ਨੂੰ ਹੱਥਾਂ ਨਾਲ ਖਿੱਚ-ਖਿੱਚ ਕੇ ਲੰਬੀ ਕਰਦਾ ਹੈ। ਆਲਾਪ ਧਵਨੀ ਦਾ ਵਿਰਲਾਪ ਹੈ, ਜੋ ਆਪਣੇ ਮੂਲ ਤੋਂ ਵਿੱਛੜ ਕੇ ਉਹਨੂੰ ਲੱਭਦੀ ਤੜਪ ਰਹੀ ਹੈ : ਜਾਂ ਇਹ ਮੂਲ ਵੱਲ ਯਾਤਰਾ ਏਨੀ ਬਿਖੜੀ ਹੈ ਕਿ ਉਸ ਪੰਧ ਦੀ ਵੇਦਨਾ ਦੱਸੀ ਨਹੀਂ ਜਾਂਦੀ। ਅਮੀਰ ਖੁਸਰੋ ਨੇ ਉਲ-ਜਲੂਲ ਧਵਨੀਆਂ ਨੂੰ ਤਰਾਨੇ ਵਿਚ ਬੰਨ੍ਹਿਆ ਸੀ-ਨਾਦਰ ਦੀਮ ਤਾ ਨਾ ਦੀ ਰੇ ਨਾ। ਇਸ ਸੰਖੇਪ ਜਿਹੀ ਚਰਚਾ ਰਾਹੀਂ ਅਸੀਂ ਵੀਹਵੀਂ ਸਦੀ ਦੀ ਵਾਰਤਕ ਦੇ ਗੁਣਾਂ, ਲੱਛਣਾਂ ਤੇ ਰਚਨਾਕਾਰਾਂ ਦੀਆਂ ਕੁਝ ਪਰਤਾਂ ਫਰੋਲਣ ਦਾ ਯਤਨ ਕੀਤਾ ਹੈ। ਇਹ ਕਿਤਾਬ ਇਕ ਪੂਰੀ ਸਦੀ ਨੂੰ ਕਲਾਵੇ ਵਿਚ ਲੈ ਕੇ ਭਾਸ਼ਾ, ਵਿਸ਼ੇ, ਸ਼ੈਲੀ, ਤਕਨੀਕ, ਜੁਗਤਾਂ ਤੇ ਪੇਸ਼ਕਾਰੀ ਪੱਖੋਂ ਕੈਲਾਡੀਓ ਸਕੋਪ ਬਣ ਜਾਂਦੀ ਹੈ। ਇਸ ਵਿਚ ਵੰਨ-ਵੰਨ ਦੇ ਰੰਗ ਪਾਠਕ ਵਿਚ ਜਿੱਥੇ ਉਤਸੁਕਤਾ ਪੈਦਾ ਕਰਦੇ ਹਨ, ਉੱਥੇ ਉਹਨੂੰ ਗਿਆਨ ਦੇ ਰਾਹ ਦਾ ਪਾਂਧੀ ਵੀ ਬਣਾਉਂਦੇ ਹਨ। ਸੰਪਾਦਕ ਨੇ ਬੜੀ ਮਿਹਨਤ ਨਾਲ ਇਨ੍ਹਾਂ ਲੇਖਾਂ ਨੂੰ ਭਾਲ ਕੇ ਤਰਤੀਬ ਦਿਤੀ ਹੈ, ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਅੰਤ 'ਤੇ 'ਸਿਰਲੇਖਕਾਂ ਦੀ ਸਿਆਣ' ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਤੇ ਸ੍ਰੋਤ ਦੇ ਕੇ ਸੰਪਾਦਕ ਨੇ ਕਿਤਾਬ ਨੂੰ ਸਿੱਕੇਬੰਦ ਕਰ ਦਿੱਤਾ ਹੈ।

ਸੰਪਰਕ-94173-58120

## ਸੁਰ-ਸੰਗੀਤ ਦੇ ਹੀਰੇ-9

# ਪੰਡਤ ਵਿਸ਼ਣੂ ਨਾਰਾਇਣ ਭਾਤ ਖੰਡੇ

ਪ੍ਰੋ. ਬੀ ਆਰ ਦਿਓਧਰ
ਉਲੱਥਾਕਾਰ : ਮਕਸੂਦ ਸਾਕਿਬ
ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ

1921-22 ਵਿਚ ਸੁਰਗਈ (ਸਵਰਗਵਾਸੀ) ਪੰਡਤ ਵਿਸ਼ਣੂ ਨਾਰਾਇਣ ਭਾਤ ਖੰਡੇ ਦੇ ਨੌਲਣ ਵਾਲੇ (ਗਾਲੀਆਂ ਦੇਣਾ, ਨਿੰਦਣਾ) ਮਿਉਂਦੇ ਨਹੀਂ ਸਨ। ਮੈਨੂੰ ਸੰਗੀਤ ਦੀ ਮਾੜੀ-ਮੋਟੀ ਜਾਗ ਲੱਗੀ ਤਾਂ ਕਸਬੀ ਗਵੱਈਆਂ ਨਾਲ ਬਹਿਣ-ਖਲੋਣ ਲੱਗ ਪਿਆ। ਕਈਂ ਵਾਰ ਮੁਸਲਮਾਨ ਤੇ ਹਿੰਦੂ ਗਵੱਈਆਂ ਦੀਆਂ ਸਾਂਝੀਆਂ ਮਹਿਫ਼ਲਾਂ ਵੀ ਹੋਣੀਆਂ। ਵੱਡੇ-ਵੱਡੇ ਕਸਬੀ ਬੈਠੇ ਝੇੜੇ ਭੰਨਦੇ (ਬਹਿਸਾਂ ਕਰਨੀਆਂ) ਤਾਂ ਕੰਨ ਰਸ ਲੈਣਾ। ਮੈਨੂੰ ਚੰਗੀ ਸਮ੍ਹਾਲ (ਸੋਝੀ, ਹੋਸ਼) ਏ ਉਚੇਰੀ ਪੱਧਰ ਦੇ ਕਸਬੀ ਲੋਕ ਪੰਡਤ ਹੋਰਾਂ ਦਾ ਆਦਰ ਨਹੀਂ ਸਨ ਕਰਦੇ। ਪੰਡਤ ਸਾਹਿਬ ਦਾ ਵਕੀਲ ਹੋਵਣ ਦੁਖਦਾ ਸਨ ਨੇਂ। ਓਹਨਾਂ ਭਾਣੇ ਉਹ ਕੂੜ ਸਨ। ਸੜ ਕੇ ਆਖਦੇ, "ਲੈ ਸਾਨੂੰ ਗਾਉਣਾ ਦੱਸੂ ਈ। ਏਹੋ ਜੇਹੇ ਕਈਂ ਆਏ।"

ਪੰਡਤ ਜੀ ਦੀ ਨਿੰਦਿਆ ਸੁਣ-ਸੁਣਕੇ ਮੇਰੇ ਦਿਲ ਵਿਚ ਵੀ ਬੰਨ੍ਹ ਵੱਜ ਗਿਆ ਸੀ। 1924 ਲਾਗੇ ਇਕ ਬੇਲੀ ਦੇ ਘਰ ਪੰਡਤ ਹੋਰਾਂ ਦੀ ਕਿਤਾਬ "ਹਿੰਦੋਸਤਾਨੀ ਸੰਗੀਤ ਪੱਧਤੀ" ਵੇਖੀ। ਪੜ੍ਹੀ ਤੇ ਸੂੰਹ (ਜਾਣ ਪਛਾਣ) ਲੈਣ ਬਹਿ ਗਿਆ। ਸੁਰਤੀਆਂ, ਰਾਗ ਆਕਾਰਾਂ, ਰਾਗ ਸਬੰਧੀ ਸੁਰ ਬੋਲਾਂ ਦਾ ਲਿਖਿਆ ਹੋਇਆ ਸੀ। ਏਹਨਾਂ ਗੱਲਾਂ ਦੀ ਮੈਨੂੰ ਹਵਾ ਨਹੀਂ ਸੀ। ਉਤਾਵਲ ਹੋਈ, ਅਲਫ਼ੋਂ ਯੇ ਤਾਈਂ ਪੜ੍ਹ ਛੱਡਾਂ। ਕਿਤਾਬ ਮੰਗ ਲੈ ਗਿਆ ਤੇ ਇਕਸਾਰ ਪੜ੍ਹ ਛੱਡੀ। ਪੰਡਤ ਹੋਰਾਂ ਵਲਾਇਤੀ ਸਿਆਣਿਆਂ ਹਾਰ ਖਰੇ ਹੱਥੀਂ ਹਿੰਦੋਸਤਾਨੀ ਰਾਗ ਪੜਚੋਲੇ ਸਨ। ਅਜੇਹੀ ਸ਼ੈ ਡਿੱਠੀ-ਸੁਣੀ ਨਹੀਂ ਸੀ। ਆਪਣਾ ਇਲਮ ਅਧੂਰਾ ਲੱਗਾ। ਰਹਿ-ਰਹਿ ਆਵੇ, ਜਾਏ ਮਿਲਾਂ।

ਜਿਗਰਾ ਕਰਕੇ ਵਾਕੇਸ਼ਵਰ ਜਾ ਅੱਪੜਿਆ। ਭਾਤ ਖੰਡੇ ਜੀ ਇਕ ਵਾਰ ਈ ਡਿੱਠੇ ਸਨ-ਚੌਪਾਟੀ ਦੇ ਰੇਤਲੇ ਕੰਢੇ ਬੰਚ ਤੇ ਬੈਠੇ। ਧੜਕਦੇ ਦਿਲ ਨਾਲ ਕਮਰੇ ਵੜਿਆ, ਨਮਸਕਾਰ ਕੀਤਾ, ਮੋਹਰੇ ਹੋ ਖਲ੍ਹਿਆ। ਵੇਂਹਦਿਆਂ ਕੰਨ ਵਿਚ ਟੂਟੀ ਲਾਇਓ ਨੇਂ, 'ਸੰਜਾਤਾ ਨਹੀਂ।" ਮੈਂ ਦੱਸਿਆ, "ਪੰਡਤ ਵਿਸ਼ਣੂ ਦਿਗੰਬਰ ਪਲੋਸਕਰ ਹੋਰਾਂ ਤੋਂ ਆਂ। ਤੁਹਾਡੀ ਕਿਤਾਬ ਪੜ੍ਹਕੇ ਰਾਗ ਪੁੱਛਣ ਆਇਆ।"

ਵਿਸ਼ਣੂ ਦਿਗੰਬਰ ਸੁਣਦਿਆਂ ਈ ਮੂੰਹ ਬਣ (ਮੂੰਹ ਬਣਾਉਣਾ-ਚਿੜ ਜਾਣਾ) ਗਇਓ ਨੇਂ, "ਮੈਂ ਗਵੱਈਆ ਨਾ ਉਸਤਾਦ... ਨਿਰਾ ਵਕੀਲ। ਰਾਗਾਂ ਦਾ ਕੀ ਦੱਸਾਂ?"

ਮੈਂ ਕਹਿਆ, "ਵਧੀਆ ਕਿਤਾਬਾਂ ਲਿਖੀਆਂ ਜੇ, ਰਾਗਾਂ ਦੀ ਦੱਸ ਪਾਈ ਜੇ। ਸੰਗੀਤ ਦਾ ਕਿਵੇਂ ਨਹੀਂ ਪਤਾ?"

ਅਖੇ, "ਸੰਗੀਤ ਮਸ਼ਗ਼ਲਾ (ਮਜ਼ਾਕ ਟਿਚਕਰ) ਏ, ਪੜ੍ਹਿਆ ਏ। ਜੋ ਲੱਭਿਆ ਏ ਵਰਤਾ ਦਿੱਤਾ ਏ। ਪੜ੍ਹ ਵੇਖੋ, ਹੈ ਜੇ ਸਰ ਜਾਵੇ। ਮੈਂ ਨਹਾਊ (ਨਹਾਉਣ ਵਾਲਾ) ਆਂ। ਵਤ (ਫੇਰ, ਦੁਬਾਰਾ) ਆਵਿਆ ਏ।"

ਮੇਰਾ ਦਿਲ ਬੜਾ ਢੱਠਾ। ਸਮਝ ਨਾ ਆਵੇ ਕੀਤੀ ਕੀ ਨੇਂ। ਮਗਰੋਂ ਬੇਲੀਆਂ ਦੱਸਿਆ ਪੰਡਤ ਜੀ ਤੇ ਸਾਡੇ ਗੁਰੂ ਵਿਸ਼ਣੂ ਦਿਗੰਬਰ ਦੀ ਬਣਦੀ ਨਹੀਂ। ਮੈਨੂੰ ਭਾਤ ਖੰਡੇ ਹੋਰਾਂ ਕਿਤਾਬਾਂ ਤੋਂ ਰਾਗ ਭਾਲ ਦਾ ਨਵਾਂ ਰਾਹ ਵਖਾਇਆ। ਸਿੱਖਣ-ਪੁੱਛਣ ਦੀ ਡੰਝ (ਪਿਆਸ, ਤ੍ਰੇਹ) ਲਾ ਦਿੱਤੀ। ਲੱਗੇ ਪੰਡਤ ਵਿਸ਼ਣੂ ਦਿਗੰਬਰ ਦੀ ਸ਼ਾਗਿਰਦੀ ਅੜਿਕਾ ਬਣ ਗਈ ਏ। ਦੋ ਮਹੀਨੇ ਏਹੋ ਸੋਚਦਾ ਰਹਿਆ। ਓੜਕ ਦਾਅ ਸੁੱਝਾ।

ਇਕ ਦਿਨ ਛੇ, ਸਾਢੇ ਛੇ ਵਜੇ ਸਾਮੀਂ ਪੰਡਤ ਹੋਰੀਂ ਚੌਪਾਟੀ ਬੈਠੇ ਦਿਸੇ। ਸਲਾਮ ਝੱਲਕੇ ਕੋਲ ਬਹਾ ਲਿਓ ਨੇਂ। ਉਰਾਂਹ-ਪਰਾਂਹ ਦੀਆਂ ਹੋਈਆਂ। ਮੈਂ ਕਹਿਆ, "ਪੰਡਤ ਜੀ ਰਾਗ ਵਰਤਾਰੇ ਉੱਤੇ ਮੈਂ ਤੁਹਾਡੀ ਕਿਤਾਬ ਦਾ ਤਰੀਜਾ ਹਿੱਸਾ ਪੜ੍ਹਿਆ ਏ। ਦੋ ਦਿਨ ਪਹਿਲਾਂ ਫਲਾਨੇ ਖਾਂ ਸਾਹਿਬ ਦਾ ਗਾਣਾ ਸੁਣਿਆ। ਵੱਡੇ ਘਰਾਣੇਦਾਰ ਨੇਂ। ਓਹਨਾਂ ਦਾ ਰਾਗ ਵਰਤਾਰਾ ਉੱਕਾ ਵੱਖਰਾ ਸੀ। ਡਰਨਾਂ, ਤੁਸੀਂ ਖੁੰਝ ਗਏ ਓ।"

ਦਾਅ ਲੱਗ ਗਿਆ। ਕੈਲੀ ਅੱਖੀਂ ਵੇਖਿਓ ਨੇਂ ਤੇ ਛਿੜ ਪਏ, "ਬਾਲ ਓ, ਹੰਢਿਆ-ਵਰਤਿਆ ਕੁਝ ਨਹੀਂ। ਤੁਹਾਨੂੰ ਕੀ, ਕੇਹੜੀਆਂ ਮੁਸੀਬਤਾਂ ਨਾਲ ਮੈਂ ਰਾਗ ਪੁਣੇ-ਨਿਤਾਰੇ ਨੇਂ। ਦੱਸਨਾ।" ਓਹ ਡੂਢ ਘੰਟਾ ਬੋਲਦੇ ਰਹੇ। ਇਕੋ ਵੰਡ ਦੇ ਰਾਗ ਓਹਨਾਂ ਕਿੰਨੀ ਵਾਰ ਕੇਹਨਾਂ ਗਵੱਈਆਂ ਤੋਂ ਸੁਣੇ, ਚੀਜ਼ਾਂ ਕਿੰਨੇ ਘਰਾਣਿਆਂ ਤੋਂ ਸੁਣੀਆਂ, ਲਈਆਂ, ਕੇਡੇ ਸਿਆਣਿਆਂ, ਕਸਬੀਆਂ ਨਾਲ ਪਿੜ ਪਾਏ, ਸਰੂਪ ਨਿਤਾਰੇ, ਕੇਹਨਾਂ ਸ਼ਹਿਰਾਂ ਦੀ ਮਿੱਟੀ ਛਾਣੀ।

ਮੈਂ ਬੜੇ ਧਿਆਨ ਨਾਲ ਓਹਨਾਂ ਦੀ ਗੱਲ ਸੁਣੀ, ਬਹੂੰ ਲਿਫ਼ਾਦਿਆਂ ਕਹਿਆ, "ਏਹੋ ਤਾਂ ਭਾਲਦਾ ਸਾਂ। ਤਦੋਂ (ਉਸ ਵੇਲੇ, ਤਦ) ਹਾਜ਼ਰੀ ਦਿੱਤੀ, ਖਾਲੀ ਹੱਥ ਮੋੜ ਛੱਡਿਓ ਜੇ। ਅੱਜ ਕਰਾਮਾਤ ਹੋ ਗਈ। ਤੁਸਾਂ ਝੋਲੀ ਭਰ ਦਿੱਤੀ ਏ। ਘਰਾਣਿਆਂ ਦਾ ਏਨਾ ਕੁਝ ਦੱਸ ਦਿੱਤਾ ਏ। ਆਪਣਾ ਪਰਖ-ਪੜਚੋਲ ਢੰਗ ਸਮਝਾ ਦਿੱਤਾ ਏ। ਕਿਸੇ ਸ਼ੈ ਦਾ ਭੇਤ ਨਹੀਂ ਰਹਿਆ। ਤੁਹਾਡਾ ਧੰਨਵਾਦੀ ਆਂ। ਤੁਹਾਡੇ ਗਿਆਨ-ਧਿਆਨ ਦਾ ਸਦਾ ਆਦਰ ਰਹਿਆ ਏ ਪਰ ਜੀਵੇਂ ਅੱਜ ਖੋਲ ਸੁਣਾਇਆ ਜੇ, ਮੰਨ ਗਿਆਂ ਤੁਹਾਡੇ ਜੋੜ ਦਾ ਕੋਈ ਨਹੀਂ।" ਲੱਗਾ ਏਹ ਗੱਲਾਂ ਢੇਰ ਪੋਹੀਆਂ।

ਕੁਝ ਮੱਤ ਦਿਤਿਓ ਨੇਂ। ਕਹਿਣ ਲੱਗੇ, "ਹੌਲੇ ਤੇ ਵਿਚਲੇ ਮੇਲ ਦੇ ਗਵੱਈਏ ਨਹੀਂ ਸੁਣਨੇ। ਕੁਰਾਹੇ ਪੈ ਜਾਸੋ। ਅੱਜ ਵੱਡੇ ਗਵੱਈਆਂ ਦੇ ਖਰੇ ਸ਼ਾਗਿਰਦ ਵਿਰਲੇ ਰਹਿ ਗਏ ਨੇਂ।"

ਮੈਂ ਅਡੋਲ ਓਹਨਾਂ ਦੀ ਗੱਲ ਵਿਚੋਂ ਫੜਦਿਆਂ ਆਖਿਆ, "ਘੜੀ ਅਗਦੋਂ ਤੁਹਾਨੂੰ ਪੂਰਿਆ ਧਨਾਸਰੀ ਬਾਰੇ ਜੋ ਦੱਸਿਆ, ਮਨ ਘੜਤ ਸੀ। ਤਿੰਨ ਮਹੀਨੇ ਪਹਿਲਾਂ ਤੁਹਾਡੇ ਘਰੋਂ ਹੱਥ ਲਮਕਾਉਂਦਾ ਆਇਆ ਸਾਂ। ਅੱਜ ਤੁਹਾਡਾ ਲਿਖਿਆ ਕਸੂਤਾ ਦੱਸਿਆ, ਤੁਹਾਨੂੰ ਹੀਣਤ ਆਈ। ਤੁਸੀਂ ਤਪੇ ਤੇ ਮੇਰਾ ਕੰਮ ਬਣ ਗਿਆ।" ਆਖਣ ਲੱਗੇ, "ਬੜਾ ਦਾਅ ਮਾਰਿਆ ਈ ਭਈ। ਚੱਲ ਸੰਗੀਤ ਪ੍ਰੇਮੀ ਏਂ। ਜਦੋਂ ਜੀ ਕਰੀ, ਆ ਗਿਆ।"

ਘੱਟ ਵੱਧ ਦੋ ਵਰ੍ਹੇ ਮੇਲ ਨਾ ਹੋਇਆ। ਪੰਡਤ ਜੀ ਲਖਨਾਊ ਵਿਚ ਮੀਰਸ ਕਾਲਜ ਬਣਾਵਣ ਡਹੇ ਸਨ। ਇਮਤਹਾਨ ਲੈਣ ਓਹਨਾਂ ਕਈਂ-ਕਈਂ ਵਾਰ ਗਵਾਲੀਅਰ, ਬੜੌਦੇ ਤੇ ਹੋਰ ਥਾਈਂ ਜਾਣਾ ਹੋਂਦਾ।

ਪਤਾ ਲੱਗਾ, ਪੰਡਤ ਜੀ ਬੰਬਈ ਨੇਂ, ਮੈਂ ਸਵੇਰੇ ਨੌ ਕੁ ਵਜੇ ਓਹਨਾਂ ਘਰ ਅੱਪੜ ਗਿਆ। ਕੁਝ ਪੜ੍ਹਦੇ ਪਏ ਸਨ। ਮੈਨੂੰ ਹੁੰਡਰ (ਹੁਨਰ, ਜਾਚ, ਕਾਰੀਗਰੀ) ਆ ਗਿਆ ਸੀ ਅਖਤਾ (ਤੰਗ ਕਰਕੇ, ਸਤਾ ਕੇ) ਕਰਕੇ ਗੱਲਾਂ ਕਢਾਣ ਦਾ। ਪੈਂਦਿਆਂ ਈ ਮਹਾਰਾਸ਼ਟਰ ਦੇ ਦੋ ਉੱਠਦੇ ਗਵੱਈਆਂ ਦੀ ਵਡਿਆਈ ਛੋਹ ਦਿੱਤੀ। ਉਤੋਂ ਰਾਅ (ਰਾਇ, ਸਲਾਹ) ਪੁੱਛ ਲਈ। ਕਹਿਣ ਲੱਗੇ, "ਜਦੋਂ ਤਾਈਂ ਬੰਬਿਉਂ ਨਿਕਲ ਕੇ ਦੂਜੇ ਸ਼ਹਿਰਾਂ ਦੇ ਵੱਡੇ ਗਵੱਈਏ ਨਹੀਂ ਜੇ ਸੁਣ ਲੈਂਦੇ ਚੰਗੇ ਸੰਗੀਤ ਦਾ ਪਤਾ ਨਹੀਂ ਲੱਗਣਾ। ਕਦੀ ਧੁਰਪਦੀਆ ਯਾ ਕੋਈ ਸੁਣਿਆ ਹੋਵੇ?" ਮੈਂ ਕਹਿਆ, "ਬੰਬਈ ਤੇ ਚੰਗਾ ਹੈ ਕੋਈ ਨਹੀਂ। ਡਿੱਠਾ ਈ ਨਹੀਂ, ਸੁਣਨਾ ਕਿੱਥੋਂ ਸੀ। ਪਰ ਧੁਰਪਦ ਦਾ ਖ਼ਿਆਲ ਨਾਲ ਕੀ ਲਾਗਾ ਦੇਗਾ?"

ਖਿਝ ਗਏ, "ਧੁਰਪਦ ਧਮਾਰ ਜਾਣਿਆ ਈ ਕਿਸੇ ਰਾਗ ਦੇ ਵਲ ਫੇਰ ਤੇ ਵਾਧੇ ਘਾਟੇ ਪਤਾ ਲੱਗਦੇ ਨੇਂ। ਤੁਹਾਨੂੰ ਗੁਰੂ ਨੇ ਧੁਰਪਦ ਧਮਾਰ ਦੱਸੇ ਨੇਂ?" ਮੈਂ ਕਹਿਆ, "ਓਹ ਚੋਖਾ ਬਾਹਰ ਹੋਂਦੇ ਨੇਂ, ਸਾਨੂੰ ਨਵਿਆਂ ਨੂੰ ਦੂਜੇ ਉਸਤਾਦਾਂ ਤੋਂ ਸਿੱਖਣਾ ਪੌਂਦਾ ਏ। ਧੁਰਪਦ ਸਾਨੂੰ ਭਾਂਦਾ ਨਹੀਂ, ਬਦੋ-ਬਦੀ ਪੰਜਾਹ ਧੁਰਪਦ ਧਮਾਰ ਕਰਵਾ ਮਾਰੇ ਨੇਂ।"

ਪੰਡਤ ਹੋਰਾਂ ਕਹਿਆ, "ਸੁਣਾਓ ਹਾਂ।" ਮੈਂ ਗੰਵਿਆ। ਹਟਿਆ ਤਾਂ ਪੁੱਛਾਂ ਦਾ ਮੇੜ੍ਹ ਪਾ ਦਿਤਿਓ ਨੇਂ।

ਮੇਰਾ ਧੁਰਪਦ ਪੋਹਿਆ ਨਹੀਂ ਸਨ ਨੇਂ। ਕਹਿਣ ਲੱਗੇ, "ਧੁਰਪਦ ਗੰਵੇ ਦਾ ਏ। ਨਜ਼ਮਾਂ ਵਾਕਣ ਨਿਰਾ ਪੜ੍ਹ ਛੱਡਿਆ ਜੇ। ਮੈਂ ਕਣ ਈ ਲੱਭਦਾ ਰਹਿਆਂ। ਕਣ ਦੱਸੇ ਬਿਨਾ ਤੁਸੀਂ ਧੁਰਪਦ ਨਹੀਂ ਗੌਂ ਸਕਦੇ। ਧੁਰਪਦ ਦੱਸਾਂ?" ਉਹ ਧੁਰਪਦ ਗਾਉਣ ਲਗ ਪਏ। ਮੈਂ ਸੁਣਿਆਂ ਸੀ ਪੰਡਤ ਹੋਰੀਂ ਗਾਵਣਾ ਨਹੀਂ ਜਾਣਦੇ। ਓਹ ਦਿਨ ਓਹਨਾਂ ਏਹ ਓਹਲਾ ਵੀ ਲਾਹ ਦਿੱਤਾ। ਓਹ ਵੀ ਨਾ ਤੰਬੂਰਾ ਨਾ ਪਖਾਵਜ। ਵਾਜ ਮਿੱਠਾ ਤਾਂ ਨਹੀਂ, ਰੌਸ਼ਨ ਸੀ। ਗਾਇਕੀ ਸੋਹਣੀ ਸੀ। ਬੰਦਸ਼ ਦਾ ਇਕ-ਇਕ ਲਫ਼ਜ਼ ਜਾਣਦੇ ਸਮਝਦੇ ਸਨ। ਹਰ ਕਣ ਆਉਂਦਾ ਸਨ ਨੇਂ। ਰਾਗ ਦਾ ਪੂਰਾ ਸਰੂਪ ਉਜਾਗਰ ਹੋ ਗਿਆ। ਰਾਗ ਦੀ ਇਕ-ਇਕ ਸੌੜੀ-ਮੋਕਲੀ ਥਾਂ ਲੰਘ ਵਿਖਾਇਓ ਨੇਂ। ਮੈਨੂੰ ਗੁਰੂ ਜੀ ਦੇ ਧੁਰਪਦ ਧਮਾਰ ਚੇਤੇ ਆ ਗਏ। ਕੋਈ ਵਧੀਆ ਮਰਦੰਗੀਆ ਆਇਆ ਹੋਂਦਾ ਤਾਂ ਇੰਜ ਈ ਧੁਰਪਦ ਗਾਵਣ ਲੱਗ ਪੈਂਦੇ। ਹੁਣ ਪਤਾ ਲੱਗਾ ਗੁਰੂ ਹੋਰਾਂ ਧੁਰਪਦ ਸਿਖਲਾਈ ਕਿਉਂ ਲਾਜ਼ਮੀ ਕੀਤੀ ਸੀ। ਪੰਡਤ ਭਾਤ ਖੰਡੇ ਸੰਗੀਤ ਦੀਆਂ ਮਹੀਨ ਪਰਤਾਂ ਦੱਸਣ ਲੱਗ ਪਏ। ਹਰ ਵਾਰ ਆਖਦੇ, "ਖ਼ਬਰੇ ਕਿਸੇ ਦੱਸਿਆ ਏ ਕਿ ਨਹੀਂ?" ਓਹਨਾਂ ਕਣ ਦੱਸੇ। (ਸੁਰਾਂ ਨੂੰ ਛੁਹਾਕੇ ਲੰਘਣ ਰਾਗਦਾਰੀ ਦਾ ਸ਼ਿੰਗਾਰ ਹੋਇਆ) ਫੇਰ ਪੁੱਛਿਓ ਨੇਂ, "ਹੁਣੇ ਤੁਸਾਂ ਜੇਹੜਾ ਧੁਰਪਦ ਏਹਦੇ ਮਾਅਨੇ ਆਉਂਦੇ ਨੇਂ?" ਮੇਰੇ ਨਾਂਹ ਆਖਣ ਤੇ ਪੂਰਾ ਧੁਰਪਦ ਦੁਹਰਾਇਆ, ਇਕ-ਇਕ ਲਫ਼ਜ਼ ਦੇ ਮਾਅਨੇ ਸਮਝਾਏ। ਜੇਹੜਾ-ਜੇਹੜਾ ਲਫ਼ਜ਼ ਮੈਥੋਂ ਵਿਗੜਿਆ ਸੀ ਓਹਦੀ ਦੱਸ ਪਾਈ। ਮੇਰੀ ਟੁੱਟੀ-ਭੱਜੀ ਹਿੰਦੀ ਦੀ ਗੱਲ ਕਰਦਿਆਂ ਬੋਲੇ, "ਅਜੇ ਤਾਈਂ ਕੋਈ ਮਰਾਠੀ ਗਵੱਈਆ ਨਹੀਂ ਲੱਭਾ ਜੋ ਅਸਥਾਈ ਅੰਤਰਿਆਂ ਦੇ ਲਫ਼ਜ਼ ਉਘੇੜਕੇ ਗਾਉਂਦਾ ਹੋਵੇ।"

ਓਹਨਾਂ ਮੈਨੂੰ ਹਿੰਦੀ ਵੱਲ ਧਿਆਨ ਦੇਣ ਦਾ ਆਖਿਆ। ਨਾਲੇ ਪੱਕੀ ਕੀਤੀ ਬਿਨਾ ਸੁੰਜਾਣੇ ਕੋਈ ਲਫ਼ਜ਼ ਨਹੀਂ ਗਾਵਣਾ।

ਫ਼ਾਈਲਾਂ ਕੱਢਿਓ ਨੇਂ। ਕਈਂ ਕਈਂ ਸ਼ੈਆਂ ਵਖਾਈਆਂ। ਜੇਹੜੇ ਜੱਫਰਾਂ ਨਾਲ ਸੋਧ ਕੀਤੀ ਓਹ ਦੱਸੇ। ਚੀਜ਼ਾਂ ਨਿਆਰਨ ਦੀ ਅਟਕਲ ਦੱਸੀ। ਕੇਹੜੀ-ਕੇਹੜੀ ਸਾਵਧਾਨੀ ਦੀ ਲੋੜ ਹੋਂਦੀ ਏ ਏਹਦਾ ਚਾਨਣ ਕਰਾਇਆ।

ਪੰਡਤ ਹੋਰਾਂ ਦੱਸਿਆ, "ਸਭ ਤੋਂ ਪਹਿਲਾਂ ਜੀਵੇਂ, ਦੀ ਕੋਈ ਚੀਜ਼ ਲੱਭੇ ਸਗਵੀਂ ਲੈ ਲਵੋ। ਫੇਰ ਬ੍ਰਿਜ ਭਾਸ਼ਾ ਦੇ ਕਿਸੇ ਅੱਤ ਸਿਆਣੇ ਨਾਲ ਪੁੱਛ ਦੱਸ ਕਰੋ। ਜੇ ਮਾਅਨੇ ਉੱਘੜ ਆਵਣ ਤਾਂ ਵਾਹ ਭਲਾ। ਨਾ ਉੱਘੜਣ ਤਾਂ ਬਿਨਾ ਛੇੜਖਾਨੀ ਚੀਜ਼ ਕੁੰਜ-ਸਾਂਭ ਲਵੋ। ਪੀੜ੍ਹੀਓ-ਪੀੜ੍ਹੀ ਟੁਰੀ ਆਉਂਦੀ ਸਿੱਕੇ ਬੰਦ ਚੀਜ਼ ਅਕਸਰ ਗਵੱਈਆਂ ਨੂੰ ਆਉਂਦੀ ਹੋਂਦੀ ਏ। ਤੁਸੀਂ ਉਹਦੀਆਂ ਸ਼ਕਲਾਂ ਇਕ ਥਾਂ ਕਰ ਲਵੋ, ਫੇਰ ਅਸਲ ਸ਼ਕਲ ਸਮਝਣੀ ਔਖੀ ਨਹੀਂ ਰਹਿੰਦੀ। ਅਸੀਂ ਮਰਾਠੇ ਲੋਕ ਹਿੰਦੀ ਦੇ ਸਿਆਣੇ ਨਹੀਂ। ਮੁਸਲਮਾਨ ਸੰਸਕ੍ਰਿਤੋਂ ਵਾਂਜੇ ਨੇਂ। ਕੋਈ ਲਫ਼ਜ਼ ਆ ਜਾਵੇ ਪਤਾ ਨਹੀਂ ਨੇਂ ਹੋਂਦਾ ਕੀ ਏ, ਕੀ ਨਹੀਂ। ਏਸੇ ਪਾਰੋਂ ਅਕਸਰ ਅੰਤਰੇ ਇਕ ਦੂਜੇ ਨਾਲ ਨਹੀਂ ਰਲਦੇ।"

ਪੰਡਤ ਹੋਰੀਂ ਮੈਨੂੰ ਗੱਲ-ਗੱਲ ਤੇ ਛਿੱਬੀਆਂ (ਛਿੱਬੀਆਂ ਦੇਣਾ-ਮੂਹਾ-ਹੱਥ ਦਾ ਇਸ਼ਾਰਾ ਕਰਕੇ ਕਿਸੇ ਨੂੰ ਮਿਹਣਾ ਮਾਰਨਾ ਜਾਂ ਠਿੱਠ ਕਰਨਾ) ਦੇਂਦੇ ਰਹੇ। ਮੈਂ ਵੀ ਭੈੜਾ ਨਾ ਪਿਆ। ਜਾਣਕਾਰੀ ਲੋਹੜਿਆਂ ਦੀ ਸੀ। ਲੌਢਾ ਵੇਲਾ ਹੋ ਗਿਆ। ਓਹਨਾਂ ਨਹਾਣਾ ਸੀ। ਤਾਂ ਕਰਕੇ ਬਸ ਹੋਈ। ਉਹਨਾਂ ਦੀ ਸੰਗੀਤ ਤੱਕਣੀ ਅਚੰਭਾ ਸੀ। ਕਈਂ ਵਰ੍ਹੇ ਗਾਲ ਕੇ ਵੀ ਮੈਨੂੰ ਕੱਖ ਪਤਾ ਨਹੀਂ ਸੀ। ਮੈਂ ਦੂਜੇ ਸ਼ਹਿਰਾਂ ਗਰਾਵਾਂ ਵਿਚ ਗਿਆ ਤਾਂ ਗਵੱਈਏ ਬੜੇ ਧਿਆਨ ਨਾਲ ਸੁਣੇ। ਸਭਨਾਂ ਦੀ ਛਾਪ ਮੇਰੇ ਮਨ ਵਿਚ ਡੂੰਘੀ ਲੱਗੀ।

ਪੰਡਤ ਹੋਰਾਂ ਨੂੰ ਛੇ ਸੱਤ ਵਾਰਾਂ ਈ ਮਿਲਿਆ ਹੋਸਾਂ। ਚੱਲ-ਚਲਾ ਸੀ। ਮੇਰੇ ਲਈ ਜਾਣਕਾਰੀ ਦੀ ਖਾਣ ਸਨ। ਓਹਨਾਂ ਜੋ ਈ ਨੰਬਰ ਆਉਂਦਾ ਏ। ਪੰਡਤ ਜੀ ਬੜੇ ਰਾਜ਼ੀ ਸਨ। ਅਖੇ, "ਵੇਖਿਆ ਮੇਰੇ ਕੰਮ ਨੂੰ ਸਾਰਾ ਮੁਲਕ ਸਲਾਹੁੰਦਾ ਏ, ਇਕ ਮੇਰੇ ਜਨਮ ਤਪੇ (ਜੰਮਣ ਭੂਮੀ, ਇਲਾਕਾ) ਮਹਾਰਾਸ਼ਟਰ ਬਾਝ।" ਮੈਂ ਕਹਿਆ, "ਤੁਸੀਂ ਵੀ ਤਾਂ ਮਰਾਠੀ ਵਾਲਿਆਂ ਨਾਲ ਨਹੀਂ ਜੇ ਘੁਲਦੇ ਮਿਲਦੇ। ਓਹਨਾਂ ਨੂੰ ਕੀਵੇਂ ਪਤਾ ਲੱਗੇ ਤੁਹਾਡਾ।" ਬੋਲੇ, "ਓਹ ਤਾਂ ਮੈਨੂੰ ਧੱਕੇ ਨਾਲ ਕਬੁੱਧਾ ਆਖੀ ਆਉਂਦੇ ਨੇਂ। ਮੈਂ ਜੋ ਲਿਖਿਆ ਨੇਕ ਨੀਤੀ ਨਾਲ ਲਿਖਿਆ। ਓਹਨਾਂ ਦਾ ਸ਼ੱਕ ਈ ਨਹੀਂ ਜਾਂਦਾ। ਸਭ ਤੋਂ ਪਹਿਲਾਂ ਮੇਰੇ ਵੈਰ ਵੀ ਏਹੋ ਪਏ। ਬਿਨਾ ਜਾਣੇ-ਬੁੱਝੇ ਗਾਹਲਾਂ ਕੱਢਣ ਵਿਚ ਮਹਾਰਾਸ਼ਟਰ ਦਾ ਜੋੜ ਨਹੀਂ। ਔਗਣ ਈ ਦਿਸਦੇ ਨੇਂ ਏਹਨਾਂ ਨੂੰ। ਫੇਰ ਅਜੇਹਾ ਢੰਡੋਰਾ ਫੇਰਦੇ ਨੇਂ ਜੇਹੜਾ ਸੁਣੇ, ਗੁਣ ਨਾ ਸੰਜਾਣ ਸਕੇ। ਮੈਂ ਕੰਮ ਈ ਓਹ ਕਰਨਾਂ ਜੇਹਦਾ ਪੂਰਾ ਭਾਰ ਝੱਲ ਸਕਾਂ। ਆਖ਼ਰ ਖੋਜ-ਪੜਚੋਲ ਦੀਆਂ ਕੋਈ ਨਾ ਕੋਈ ਲੀਹੀਆਂ ਤਾਂ ਮਿੱਥਣੀਆਂ ਈ ਪੌਂਦੀਆਂ ਨੇਂ। ਤੁਸੀਂ ਮੇਰਾ ਢੰਗ ਸਮਝਣਾ ਏ ਤਾਂ ਮੇਰੀ ਕਾਪੀ ਵੇਖੋ। ਹਰ ਕੰਮ ਦਾ ਪੂਰਾ ਵੇਰਵਾ ਲਿਖਿਆ ਹੋਇਆ ਏ।" ਓਹਨਾਂ ਮੈਨੂੰ ਇਕ ਵੱਡਾ ਸਾਰਾ ਰਜਿਸਟਰ ਫੜਾ ਦਿੱਤਾ।

ਏਹਦੇ ਵਿਚ ਓਹਨਾਂ ਦੇ ਦੱਖਣੀ ਹਿੰਦੋਸਤਾਨ ਗਾਹਣ ਦਾ ਰੋਜ਼ਨਾਮਚਾ ਲਿਖਿਆ ਹੋਇਆ ਸੀ। ਸਾਹਮਣੇ ਸਫ਼ਿਆਂ ਉੱਤੇ ਉਚੇਰੀਆਂ ਗੱਲਾਂ ਦੇ ਤੱਤ ਦਿੱਤੇ ਹੋਏ ਸਨ। ਵਿਚੋਂ ਤਿੰਨ ਤਾਂ ਮੈਨੂੰ ਅਜੇ ਵੀ ਚੇਤੇ ਨੇਂ-1. ਰੋਟੀਆਂ ਖਾਣੇ ਤੇ ਹੋਰ ਇੰਜ ਦੀ ਆ-ਜਾ ਵੇਲਾ ਖੋਟਾ ਕਰਦੀ ਏ।

2. ਜੇਹੜੇ ਵੀ ਗੁਣੀਆਂ ਗੰਧਰਵਾਂ ਦਾ ਪਤਾ ਲੱਗੇ ਅੱਪੜ ਮਿਲਣਾ ਏ। ਗੱਲਾਂ ਪੁੱਛਣੀਆਂ ਨੇਂ, ਜਾਣਕਾਰੀ ਲੈਣੀ ਤੇ ਖਾਤੇ ਚਾੜ੍ਹਨੀ ਏ।

ਅਗਲੇ ਤਿੰਨ ਚਾਰ ਪੰਨੇ ਦੱਖਣੀ ਸੰਗੀਤ ਦੀਆਂ ਕਿਤਾਬਾਂ ਦੇ ਨਾਂ ਲਿਖੇ ਹੋਏ ਸਨ। ਏਹਨਾਂ ਕਿਤਾਬਾਂ ਤੋਂ ਓਹਨਾਂ ਨੂੰ ਜੋ ਸੋਚਾਂ ਆਈਆਂ, ਜੋ ਖ਼ਿਆਲ ਸੁੱਝੇ ਲਿਖੇ ਹੋਏ ਸਨ। ਘੁੰਢੀਆਂ ਤੇ ਪੇਚ ਜੇਹਨਾਂ ਨੂੰ ਖੋਲ੍ਹਣਾ ਸੀ। ਜੇਹੜੇ-ਜੇਹੜੇ ਬੰਦੇ ਮਿਲੇ ਓਹਨਾਂ ਦੇ ਹੁਲੀਏ ਗੱਲਾਂ ਤੇ ਵਿਚਾਰ। ਸਾਰਾ ਕੁਝ ਖਰੜੇ ਰੂਪ ਸੀ। ਵਿਦਵਾਨਾਂ ਦਾ ਵੇਰਵਾ ਵੱਖਰਾ ਸੀ।

ਏਹ ਰਜਿਸਟਰ ਪਾਤਰ ਸੁੰਜਾਣ ਦਾ ਦਫ਼ਤਰ ਈ ਸੀ। ਏਹਦੇ ਵਿਚ ਸੰਗੀਤ ਸੰਸਕ੍ਰਿਤ ਵਿਚ ਲਿਖਣ ਦੀ ਲੋੜ ਦਾ ਦੱਸਿਆ ਹੋਇਆ ਸਨ ਨੇਂ। ਹੈਦਰਾਬਾਦ ਓਹਨਾਂ ਦੀ ਮੁਲਾਕਾਤ ਸੰਸਕ੍ਰਿਤ ਦੇ ਵਿਦਵਾਨ ਤੇ ਸੰਗੀਤ ਗੰਧਰਵ ਆਪਾ ਤੁਲਸੀ ਨਾਲ ਹੋਈ। ਪੁੱਛਿਆ, "ਅੱਜ ਦਾ ਸੰਗੀਤ ਪੁਰਾਣੇ ਸ਼ਾਸਤਰੀਂ ਲਿਖੇ ਤੋਂ ਢੇਰਾਂ ਵੱਖਰਾ ਏ। ਕੋਈ ਪੱਕੀ-ਥਿੱਥੀ ਕਿਤਾਬ ਹੈ ਜੋ ਪ੍ਰਚੱਲਤ ਰਾਗਾਂ ਦੀ ਖਰੀ ਸ਼ਕਲ ਵਖਾਵੇ।" ਪੰਡਤ ਤੁਲਸੀ ਅੱਗੋਂ ਚੋਣ ਰਾਗਾਂ ਦੇ ਸੰਸਕ੍ਰਿਤ ਲਕਸ਼ਨ ਗੀਤ ਸੁਣਾਏ। ਬੜਾ ਆਚੰਭਾ ਹੋਇਓ ਨੇਂ। ਕਿਤਾਬ ਮੰਗੀ। ਤੁਲਸੀ ਹੋਰਾਂ ਨਾਂਹ ਕਰ ਦਿੱਤੀ। ਹੋਰ ਦਿਨ ਪਏ ਤਾਂ ਯਾਰੀ ਗੂੜ੍ਹੀ ਹੋਈ। ਕਿਤਾਬ ਦਾ ਫੇਰ ਪੁੱਛਿਆ। ਤੁਲਸੀ ਹੋਰਾਂ ਕਹਿਆ ਕੋਈ ਕਿਤਾਬ ਨਹੀਂ ਲਕਸ਼ਨ ਗੀਤ ਤਾਂ ਓਹਨਾਂ ਦੀ ਆਪਣੀ ਘੜਤ ਨੇਂ। ਪੰਡਤ ਭਾਤ ਖੰਡੇ ਏਹ ਸਿੱਟਾ ਜੋੜਿਆ। ਰਾਗਾਂ ਦੀਆਂ ਨਿੱਤਰੀਆਂ ਸ਼ਕਲਾਂ ਨੂੰ ਉਦੋਂ ਤੀਕਰ ਕਿਸੇ ਨਹੀਂ ਪਰਵਾਨਣਾ ਜਦੋਂ ਤੀਕਰ ਏਹਨਾਂ ਦਾ ਸੰਸਕ੍ਰਿਤ ਵਿਚ ਲਿਖਕੇ ਪਰਚਾਰ ਨਹੀਂ ਕੀਤਾ ਜਾਂਦਾ। ਏਸ ਕਰਕੇ ਇਕੱਠੀਆਂ ਕੀਤੀਆਂ ਸਾਰੀਆਂ ਸ਼ਕਲਾਂ ਸੰਸਕ੍ਰਿਤ ਵਿਚ ਲਿਖੀਆਂ ਹੋਣੀਆਂ ਚਾਹੀਦੀਆਂ ਨੇਂ। ਇੰਜ ਕੀਤਿਆਂ ਲੋਕ ਮੰਨ ਵੀ ਜਾਸਣ ਤੇ ਮੇਰੇ ਸਿਰੋਂ ਉਲਾਹਮਾ ਵੀ ਲਹਿ ਜਾਸੀ।





ਉਚਰਾਂ ਨੂੰ ਮੇਰੀ ਓਹਨਾਂ ਦੇ ਬਹੁੰ ਗੂੜ੍ਹੇ ਬੇਲੀ ਸ਼ੰਕਰ ਰਾਓ ਕਰਨਾਰਡ ਨਾਲ ਮਿਲਣੀ ਹੋ ਗਈ। ਸੰਗੀਤ ਬਾਬਤ ਮੇਰੀ ਟੋਹ ਤੋਂ ਬੜੇ ਰਾਜ਼ੀ ਹੋਏ। ਓਹਨਾਂ ਪੰਡਤ ਹੋਰਾਂ ਨੂੰ ਬੜੇ ਚੰਗੇ ਲਫ਼ਜ਼ਾਂ ਵਿਚ ਮੇਰਾ ਦੱਸਿਆ। ਪੰਡਤ ਹੋਰੀਂ ਕਰਨਾਰਡ ਹੋਰਾਂ ਦੀਆਂ ਗੱਲਾਂ ਮੰਨਦੇ ਸਨ। ਸੋ ਮੇਰੇ ਤੇ ਹੋਰ ਮਿਹਰਬਾਨ ਹੋ ਗਏ।

1928 ਈ ਹੋਣਾ ਏ। ਪੰਡਤ ਹੋਰਾਂ ਨੂੰ ਮਿਲਣ ਗਿਆ। ਰੌਂ ਚੰਗਾ ਸਨ ਨੇਂ। ਬੰਗਾਲੀ ਦੇ ਇਕ ਬੜੇ ਵੱਡੇ ਵਿਦਵਾਨ ਦੀ ਚਿੱਠੀ ਲਈ ਬੈਠੇ ਹੋਣ। ਫੜਾ-ਦਿਤਿਓ ਨੇਂ। ਬੜੀਆਂ ਵਡਿਆਈਆਂ ਕੀਤੀਆਂ ਹੋਈਆਂ ਸਨ ਚਿੱਠਿਆਰ (ਚਿੱਠੀ ਲਿਖਕੇ ਭੇਜਣ ਵਾਲਾ) ਨੇਂ। ਅਖੇ ਸ਼ਾਰੰਗ ਦੇਵ ਦੇ 'ਸੰਗੀਤ ਰਤਨਾਕਰ' ਮਗਰੋਂ ਭਾਤ ਖੰਡੇ ਹੋਰਾਂ ਦੀਆਂ ਸੰਗੀਤ ਕਿਤਾਬਾਂ ਦਾ ਦਿੱਤਾ, ਇਕ ਗਰਾਹੀ ਸੀ ਯਾ ਚੋਖਾ, ਏਹ ਜ਼ਰੂਰ ਆਖਿਆ, "ਮੇਰਾ ਨਹੀਂ ਖ਼ਿਆਲ ਤੁਹਾਨੂੰ ਕਿਸੇ ਦੱਸਿਆ ਹੋਵੇ।"

"ਲਕਸ਼ੀਆ ਸੰਗੀਤ" ਪੰਡਤ ਹੋਰਾਂ ਤਦੋਂ ਈ ਸੰਸਕ੍ਰਿਤ ਵਿਚ ਲਿਖੀ। ਅਚੰਭਾ ਹੋਂਦਾ ਪੰਡਤ ਦਿਗੰਬਰ ਤੇ ਭਾਤ ਖੰਡੇ ਹੋਰੀਂ ਰਲਕੇ ਨਹੀਂ ਟੁਰਦੇ। ਇਕ ਵਾਰੀ ਮੈਂ ਪੰਡਤ ਦਿਗੰਬਰ ਹੋਰਾਂ ਤੋਂ ਪੁੱਛਿਆ ਵੀ। ਕਹਿਣ ਲੱਗੇ,

"ਮੈਂ ਬੰਬੇ ਆਇਆ ਤਾਂ ਭਾਤ ਖੰਡੇ ਵੀ ਏਥੇ ਈ ਸਨ। ਮੇਰਾ ਗਾਣਾ ਵੀ ਸੁਣਨ ਆਉਂਦੇ। ਚੰਗਾ ਲੱਗਦਾ ਸਨ ਨੇਂ। ਦੋ ਚਾਰ ਵਾਰੀ ਮਗਰੋਂ ਮਿਲੇ ਬੈਠੇ ਵੀ। ਕਹਿਣ ਲੱਗੇ, ਕਿਉਂ ਨਾ ਇਕ ਕੰਮ ਕਰੀਏ? ਅੱਜ ਕਲ ਦੇ ਰਾਗਾਂ ਨੂੰ ਕਿਸੇ ਗੁਣੀਏ ਵਿਚ ਲੈ ਆਈਏ। ਕੋਈ ਕੁੰਜੀ ਬਣਾ ਦਈਏ। ਲੋਕ ਸੌਖੇ ਜਾਣਤਕਾਰ ਹੋ ਜਾਸਣ ਤੁਸੀਂ ਓਹਨਾਂ ਨੂੰ ਗੌਂ ਕੇ ਦੱਸੋ ਮੈਂ ਗੱਲ-ਕਥ ਰਾਹੀਂ ਦੱਸੀ ਜਾਵਾਂ। ਭਾਤ ਖੰਡੇ ਜੀ ਕਿਤਾਬਾਂ ਨਕਸ਼ੇ ਵੀ ਜੋੜ ਲਏ। ਪੂਰਾ ਮਤਾ ਪਕਾ ਲਿਆ। ਰਲਕੇ ਕੰਮ ਵੰਡ ਨਾਲ ਟੁਰਨ ਦਾ।"

ਮੈਨੂੰ ਸਮਝ ਲੱਗ ਗਈ ਪੰਡਤ ਦਿਗੰਬਰ ਹੋਰੀਂ ਭਾਤ ਖੰਡੇ ਹੋਰਾਂ ਨਾਲ ਏਸ ਮਤੇ ਉੱਤੇ ਈ ਇਕ ਮਤ ਨਾ ਹੋ ਸਕੇ।

ਚਾਹੁੰਦਾ ਸਾਂ ਕਦੀਂ ਦੋਵਾਂ ਪੰਡਤਾਂ ਨੂੰ ਇਕੱਠਿਆ ਬਠਾਵਾਂ।

ਛੇਤੀ ਢੋਅ ਲੱਗ ਗਿਆ। 6 ਜਨਵਰੀ, 1929 ਨੂੰ ਮੇਰੇ ਸੰਗੀਤ ਸਕੂਲ ਦਾ ਇਕੱਠ ਸੀ। ਮੈਂ ਦੋਵਾਂ ਪੰਡਤਾਂ ਨੂੰ ਸਟੇਜ ਉੱਤੇ ਨਾਲੋ-ਨਾਲ ਬਠਾਇਆ। ਲੋਕੀਂ ਵੇਖਦੇ ਪਏ ਸਨ, ਸਵਾਦ ਲੈਂਦੇ ਪਏ ਸਨ। ਸੰਗੀਤ ਵਿੱਦਿਆ ਤੇ ਕਲਾ ਦੀਆਂ ਏਡੀਆਂ ਵੱਡੀਆਂ ਹਸਤੀਆਂ ਰਲਕੇ ਬੈਠੀਆਂ ਆਪੋ ਵਿਚ ਹੱਸਦੀਆਂ-ਬੋਲਦੀਆਂ ਪਈਆਂ ਸਨ।

ਪੰਡਤ ਭਾਤ ਖੰਡੇ ਨਾ ਕਿਸੇ ਉੱਤੇ ਪੈਸਾ ਲਾਂਦੇ ਸਨ ਨਾ ਆਪਣੇ ਉੱਤੇ ਲਵਾਂਦੇ ਸਨ। ਇਕ ਵਾਰੀ ਬਸ ਵਿਚ ਮੇਰੇ ਨਾਲ ਬਹਿ ਗਏ। ਕੰਡਕਟਰ ਆਇਆ ਤਾਂ ਸਾਫ਼ ਆਖ ਦਿੱਤੋ ਨੇਂ, "ਭਾੜਾ ਆਪੋ ਆਪਣਾ ਹੋਸੀ।"

ਓਹਨਾਂ ਨੂੰ ਸਾਡੇ ਗੁਰੂ ਪੰਡਤ ਵਿਸ਼ਣੂ ਦਿਗੰਬਰ ਪਲੋਸਕਰ ਦੀ ਬੜੀ ਚਿੰਤਾ ਰਹਿੰਦੀ ਸੀ। ਇਕ ਵਾਰੀ ਕਿਧਰੇ ਓਹਨਾਂ ਨੂੰ ਗੰਗਾ ਜਮਨਾ ਦੇ ਸੰਗਮ ਤੇ ਲੱਕ-ਲੱਕ ਪਾਣੀ ਵਿਚ ਖਲੋਕੇ ਰਾਮ ਨਾਲ ਜਪਦਿਆਂ ਵੇਖ ਲਿਆ ਸਨ ਨੇਂ। "ਓਹ ਘੰਟਿਆਂ ਬੱਧੀ ਖਲੋਤੇ ਰਾਮ ਭਗਤੀ ਕਰਦੇ ਪਏ ਸਨ। ਉਮਰ ਦੇ ਏਸ ਹਿੱਸੇ ਵਿਚ ਏਡਾ ਜਪ ਓਹਨਾਂ ਨੂੰ ਲੈ ਬਹਿਸੀ। ਤਰਲਾ ਮਿਨਤ ਕਰਕੇ ਏਡੀ ਕਰੜੀ ਤਪੱਸਿਆ ਤੋਂ ਮੋੜੂ ਨੇਂ। ਸੰਗੀਤ ਨੂੰ ਓਹਨਾਂ ਦੀ ਬਹੁੰ ਲੋੜ ਏ।"

1930 ਦੇ ਜ਼ਮਾਨੇ ਅਹਿਮਦਾਬਾਦ ਵਿਚ ਅੰਗਰੇਜ਼ ਕਲੈਕਟਰ ਕਲੈਮਨਟ ਨੇ ਹਿੰਦੋਸਤਾਨੀ ਸੰਗੀਤ ਲਈ ਸਟਾਫ਼ ਨੋਟੇਸ਼ਨ ਦਾ ਢੰਗ ਲਾਜ਼ਮੀ ਬਣਾਨ ਲਈ ਇਕ ਇਕੱਠ ਰੱਖਿਆ। ਪੰਡਤ ਭਾਤ ਖੰਡੇ ਨੂੰ ਬੜੀ ਤਪ ਚੜ੍ਹੀ। "ਅੰਗਰੇਜ਼ ਅਫ਼ਸਰ ਨੂੰ ਆਪਣੇ ਰਾਜ ਦੀ ਤਾਕਤ ਦਾ ਮਾਣ ਏ। ਉਹ ਸਾਡੇ ਤੇ ਆਪਣੀ ਸੰਗੀਤ ਲਿੱਪੀ ਮੜ੍ਹੂ ਏ। ਪੰਡਤ ਪਲੋਸਕਰ ਹੋਰਾਂ ਨੂੰ ਆਖੋ ਏਹਦਾ ਕੋਈ ਤਰੋੜ ਕਰਨ।"

ਨਾਰਾਇਣ ਰਾਓ ਖਰੇ ਏਹ ਕੰਮ ਪਹਿਲਾਂ ਈ ਕਰੀ ਬੈਠੇ ਸਨ। ਓਹਨਾਂ ਨੂੰ ਪਲੋਸਕਰ ਹੋਰਾਂ ਅਹਿਮਦਾਬਾਦ ਵਿਚ ਵੱਡੇ ਵੱਡੇ ਇਸ਼ਤਹਾਰਾਂ ਨਾਲ ਹੋਕਾ ਦੇਣ ਦਾ ਆਖ ਦਿੱਤਾ ਸੀ ਫ਼ਲਾਂ ਦਿਨ ਪੰਡਤ ਵਿਸ਼ਣੂ ਦਿਗੰਬਰ ਪਲੋਸਕਰ ਤੇ ਓਹਨਾਂ ਦੇ ਸ਼ਾਗਿਰਦਾਂ ਦਾ ਅਹਿਮਦਾਬਾਦ ਵਿਚ ਗਾਇਨ ਹੋਸੀ। ਹੋਕਾ ਸੁਣਦਿਆਂ ਈ ਕਲੈਮਨਟ ਸਾਹਿਬ ਆਪਣਾ ਇਕੱਠ ਗੋਲ ਕਰ ਗਏ।

1932-33 ਦੀ ਗੱਲ ਏ ਇਕ ਸ਼ਾਮ ਪੰਡਤ ਭਾਤ ਖੰਡੇ ਕਿਸੇ ਓਪਰੇ ਬੰਦੇ ਨਾਲ ਚੌਪਾਟੀ ਬੈਠੇ ਸਨ। ਓਹ ਬੰਦਾ ਓਹਨਾਂ ਨੂੰ ਅੰਗਰੇਜ਼ੀ ਵਿਚ ਲਿਖਣ ਲਈ ਪਰੇਰਦਾ ਪਿਆ ਸੀ। ਪੰਡਤ ਹੋਰਾਂ ਕਹਿਆ, "ਅੰਗਰੇਜ਼ਾਂ ਨੂੰ ਚਾਹੀਦਾ ਨਹੀਂ ਆਪਣੀਆਂ ਸਾਇੰਸੀ ਕਿਤਾਬਾਂ ਮਰਾਠੀ ਵਿਚ ਲਿਖ ਘੱਲਣ। ਮਰਾਠੀ ਵਾਲਿਆਂ ਸਾਰਿਆਂ ਨੂੰ ਸਮਝ ਆ ਜਾਵੇ। ਅੰਗਰੇਜ਼ ਸਾਡਾ ਸੰਗੀਤ ਜਾਣਨਾ ਚਾਹੁੰਦੇ ਨੇਂ ਮਰਾਠੀ ਕਿਉਂ ਨਹੀਂ ਸਿੱਖ ਲੈਂਦੇ?" ਓਪਰਾ ਬੰਦਾ ਹੁਣ ਹਿੰਦੀ ਵਿਚ ਲਿਖਵਾਣ ਦੀ ਅੜੀ ਕਰਨ ਲੱਗ ਪਿਆ।

ਪੰਡਤ ਜੀ ਕਹਿਣ ਲੱਗੇ, "ਸੰਗੀਤ ਹਿੰਦੂਆਂ ਹੱਥੋਂ ਨਿਕਲ ਗਿਆ ਹੋਇਆ ਏ। ਵਾਪਸ ਲੈ ਲੈਂਦੇ ਪਰ ਹਾਕਮਾਂ ਦੇ ਪੈਰ ਚੱਟਣੇ ਪੈਣੇ ਸਨ। ਸੰਗੀਤ ਸ਼ਾਸਤਰੀ ਈ ਬਚੇ। ਕੁਝ ਮਨੈਤ (ਮੰਨਿਆ ਜਾਣਾ) ਹੋ ਜਾਂਦੀ ਏ। ਏਹ ਵੀ ਗਵਾ ਬੈਠੀਏ। ਚਲੋ ਕਸਬੀ ਨਾ ਸਹੀ, ਪੰਡਤ ਈ ਸਹੀ। ਏਹ ਗੱਲ ਘੁੱਟਕੇ ਪੱਲੇ ਬੰਨ੍ਹ ਲਵੋ। ਸੰਗੀਤ ਬਾਰੇ ਜਦੋਂ ਲਿਖੋ ਆਪਣੀ ਮਾਂ ਬੋਲੀ ਵਿਚ ਲਿਖੋ।"

ਪੰਡਤ ਭਾਤ ਖੰਡੇ ਪੜ੍ਹਦੇ ਬੜਾ ਸਨ। ਹਿੰਦੋਸਤਾਨ ਦੀ ਕੋਈ ਲਾਇਬਰੇਰੀ ਨਹੀਂ ਸੀ ਜਿੱਥੋਂ ਓਹਨਾਂ ਸੰਗੀਤ ਉੱਤੇ ਨਾ ਪੜ੍ਹਿਆ ਹੋਵੇ। ਮੁਣਸ਼ੀਆਂ ਨੂੰ ਪੈਸੇ ਦੇ-ਦੇ ਕੇ ਸੰਗੀਤ ਦੀਆਂ ਫ਼ਾਰਸੀ ਉਰਦੂ ਲਿਖਤਾਂ ਪੜ੍ਹੀਆਂ। ਕਈਂ ਅਛੋਪ (ਆਪ੍ਰਕਾਸ਼ਿਤ, ਅਣਛਪੀਆਂ) ਕਿਤਾਬਾਂ ਪੱਲਿਉਂ ਛਪਵਾਈਆਂ। ਘਰਾਣੇਦਾਰ ਗਵੱਈਆਂ ਨੂੰ ਕਿਰਾਏ ਭਾੜੇ ਦੇ ਕੇ ਨਿੱਤ ਬੁਲਾਈ ਰੱਖਦੇ। ਓਹਨਾਂ ਤੋਂ ਚੀਜ਼ਾਂ ਲੈਂਦੇ। ਕਿਸੇ ਮੁਸਲਮਾਨ ਉਸਤਾਦ ਨਾਂਹ ਕਰਨੀ ਤੇ ਗੰਢਾ ਬਨ੍ਹਵਾਕੇ ਸ਼ਾਗਿਰਦ ਪੈ ਜਾਂਦੇ। ਹਨ ਤੇ ਸ਼ਰਮਾਕਲ ਪਰ ਖਰੀ ਕਰਨੋਂ ਨਹੁੰ ਵਲਾਂਦੇ। (ਗੱਲ ਨੂੰ ਛੁਪਾਉਣ ਦੀ ਕੋਸ਼ਿਸ਼ ਕਰਨੀ) ਮਸ਼ਹੂਰੀ ਦਾ ਭੁਸ ਤਾਂ ਕਿਧਰੇ ਰਹਿਆ ਬਹੁਤਾ ਮਿਲਣ-ਜੁਲਣ ਤੋਂ ਵੀ ਭੈੜੇ ਪੈਂਦੇ ਸਨ। ਕਿਸੇ ਤੋਂ ਪੈਸੇ ਧੇਲੇ ਦਾ ਆਸਰਾ ਨਹੀਂ ਸਨ ਲੈਂਦੇ। ਢੇਰ ਮਜ਼ਹਬੀ ਸਨ। ਰੋਜ਼ ਇਸ਼ਨਾਨ ਤੇ ਪੂਜਾ ਪਾਠ ਕਰਦੇ। ਰਾਤੀਂ ਚਿਰਕੇ ਨਹੀਂ ਸਨ ਸੌਂਦੇ। ਅਖ਼ੀਰ ਵੇਲੇ ਤਾਈਂ ਕਾਇਆਂ ਚੰਗੀ ਸਨ ਨੇਂ।

1935 ਵਿਚ ਬੀਮਾਰ ਹੋਏ, ਵਰ੍ਹਾ ਮੰਜੀ ਤੇ ਰਹੇ। ਵਲ ਵੀ ਹੋ ਜਾਂਦੇ, ਬੀਮਾਰੀ ਮੁੜ ਆਣ ਫੜਦੀ 19 ਸਤੰਬਰ, 1936 ਦਾ ਸਾਹਾ ਢੁੱਕਿਆ। ਬਾਲਾ ਚੰਦਰ ਨੇ ਮੈਨੂੰ ਤੇ ਵਮਨ ਰਾਓ ਦੇਸ਼ਪਾਂਡੇ ਨੂੰ ਸੱਦਿਆ। ਮੈਂ ਪਾਂਡੇ ਨੂੰ ਪੰਡਤ ਜੀ ਦੇ ਘਰ ਛੱਡਿਆ, ਟੈਕਸੀ ਫੜੀ ਤੇ ਸੰਗੀਤ ਪ੍ਰੇਮੀਆਂ ਤੇ ਕਸਬੀਆਂ ਗਾਇਕਾਂ ਨੂੰ ਖ਼ਬਰ ਕਰਨ ਟੁਰ ਗਿਆ। ਚੌਪਾਟੀ ਬੈਂਡ ਸਟੈਂਡ ਸਭ ਤੋਂ ਪਹਿਲਾਂ ਖ਼ਾਨ ਸਾਹਿਬ ਅੱਲ੍ਹਾ ਦੀਏ ਖ਼ਾਂ ਹੋਰਾਂ ਨੂੰ ਦੱਸਿਆ। ਫੇਰ ਹੋਰਨਾਂ ਨੂੰ ਖ਼ਬਰ ਕੀਤੀ। ਓਹਨਾਂ ਦੇ ਚਲਾਣੇ ਤੇ ਮਸਾਂ ਛੇ ਸੱਤ ਬੰਦੇ ਈ ਆਏ। ਕਸਬੀਆਂ ਗਵੱਈਆਂ ਵਿੱਚੋਂ ਕੋਈ ਨਾ ਆਇਆ।

ਦਸ ਵਜੇ ਸਵੇਰ ਅਰਥੀ ਉੱਠੀ। ਵਾਕੇਸ਼ਵਰ ਦੇ ਸ਼ਮਸ਼ਾਨ ਘਰ ਸਿਵਾ ਫੂਕਿਆ ਗਿਆ।

ਪੰਡਤ ਭਾਤ ਖੰਡੇ ਹੋਰਾਂ ਸੰਗੀਤ ਦੀਆਂ ਸਾਇੰਸੀ ਲੀਹਾਂ ਮਿੱਥੀਆਂ। ਸੰਗੀਤ ਜਗਤ ਓਹਨਾਂ ਦੀ ਸੇਵਾ ਦਾ ਦਿੱਤਾ ਨਹੀਂ ਦੇ ਸਕਦਾ।

ਸੰਪਰਕ : 89683-43252

## ਬਾਲ ਕੋਨਾ

### ਹਾਥੀ ਅਤੇ ਗਲਹਿਰੀ

ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਵਿੱਚ ਹਾਥੀ ਅਤੇ ਗਲਹਿਰੀ ਰਹਿੰਦੇ ਸਨ। ਹਾਥੀ ਬਹੁਤ ਗੁੱਸੇ ਵਾਲਾ ਸੀ। ਉਹ ਰੁੱਖਾਂ ਨੂੰ ਤੋੜਦਾ ਰਹਿੰਦਾ ਸੀ। ਇੱਕ ਦਿਨ ਜਦ ਹਾਥੀ ਰੁੱਖਾਂ ਨੂੰ ਤੋੜਨ ਲੱਗਾ ਤਾਂ ਉਸ ਰੁੱਖ ਉੱਤੇ ਗਲਹਿਰੀ ਰਹਿੰਦੀ ਸੀ। ਉਸ ਗਲਹਿਰੀ ਨੇ ਹਾਥੀ ਨੂੰ ਕਿਹਾ ਕਿ ਮੇਰਾ ਘਰ ਨਾ ਤੋੜ, ਕਿਉਂਕਿ ਇਹਨਾਂ ਰੁੱਖਾਂ 'ਤੇ ਪੰਛੀ ਵੀ ਆਪਣਾ ਘਰ ਬਣਾਉਂਦੇ ਹਨ ਤੇ ਰਹਿੰਦੇ ਹਨ। ਇਹ ਰੁੱਖ ਸਾਨੂੰ ਆਕਸੀਜਨ, ਫਲ, ਲੱਕੜੀਆਂ ਦਿੰਦੇ ਹਨ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਚੀਜ਼ਾਂ ਦਿੰਦੇ ਹਨ। ਹਾਥੀ ਗਲਹਿਰੀ ਦੀਆਂ ਗੱਲਾਂ ਸੁਣ ਕੇ ਹੈਰਾਨ ਸੀ। ਫਿਰ ਹਾਥੀ ਨੂੰ ਸਮਝ ਆ ਗਈ। ਹੁਣ ਅੱਗੇ ਤੋਂ ਉਸ ਨੇ ਰੁੱਖ ਤੋੜਨਾ ਬੰਦ ਕਰ ਦਿੱਤਾ। ਸਿੱਖਿਆ :- ਸਾਨੂੰ ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਰੁੱਖ ਕਦੇ ਨਹੀਂ ਤੋੜਨੇ ਚਾਹੀਦੇ ਤੇ ਰੁੱਖਾਂ ਦੀ ਸੰਭਾਲ ਕਰਨੀ ਚਾਹੀਦੀ ਹੈ।

**- ਬਲਜੋਤ ਸਿੰਘ,**
**ਜਮਾਤ ਚੌਥੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ,**

### ਪੂਛ ਵਾਲਾ ਮੁੰਡਾ


ਇੱਕ ਵਾਰ ਦੀ ਗੱਲ ਹੈ। ਸਾਡੇ ਪਿੰਡ ਵਿੱਚ ਇੱਕ ਵਿਆਹ ਹੋਇਆ। ਉਸ ਦਿਨ ਤੋਂ ਉਹਨਾਂ ਨੂੰ ਸੀ ਕਿ ਸਾਡੇ ਘਰ ਲੜਕੀ ਹੋਵੇ। ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹਨਾਂ ਦੇ ਲੜਕਾ ਹੋਵੇਗਾ। ਉਹ ਵੀ ਪੂਛ ਵਾਲਾ। ਇਕ ਸਾਲ ਬਾਅਦ ਉਹਨਾਂ ਦੇ ਘਰ ਖੁਸ਼ੀ ਆਈ। ਮੇਰੀ ਤਾਈ ਉਹਨਾਂ ਦੇ ਘਰੇ ਪੁੱਛਣ ਗਈ ਕਿ ਤੁਹਾਡੇ ਘਰ ਏਨੀ ਖੁਸ਼ੀ ਕਿਉਂ ਹੈ? ਉਹ ਕਹਿੰਦੇ ਸਾਡੇ ਲੜਕਾ ਹੋਇਆ ਹੈ। ਉਹਨਾਂ ਨੂੰ ਪਤਾ ਨਹੀਂ ਸੀ ਕਿ ਅਸੀਂ ਅੱਜ ਤੋਂ ਸਾਲ ਪਹਿਲਾਂ ਲੜਕੀ ਮੰਗੀ ਸੀ। ਉਹਨਾਂ ਨੇ ਉਸ ਮੁੰਡੇ ਦੀ ਪਿੱਠ ਨਹੀਂ ਦੇਖੀ ਸੀ, ਕਿਉਂਕਿ ਉੱਥੇ ਮੁੰਡੇ ਦੀ ਪੂਛ ਸੀ। ਜਦੋਂ ਉਹਨਾਂ ਨੇ ਉਹਦੀ ਪਿੱਠ ਦੇਖੀ, ਦੇਖਿਆ ਕਿ ਉਹਦੇ ਪੂਛ ਸੀ। ਉਹ ਗੱਲ ਪਿੰਡ ਵਿੱਚ ਬੱਸ ਮੇਰੀ ਤਾਈ ਨੂੰ ਪਤਾ ਸੀ। ਫਿਰ ਉਹ ਲੜਕਾ ਵੱਡਾ ਹੋ ਗਿਆ। ਉਸ ਦੀ ਮੰਮੀ ਨੇ ਉਸ ਦੀ ਸਕੂਲ ਵਿੱਚ ਅਡਮਿਸ਼ਨ ਕਰਵਾ ਦਿੱਤੀ ਸੀ। ਉਸ ਦੀ ਮੰਮੀ ਨੇ ਉਸ ਦੀ ਪੂਛ ਕੱਪੜੇ ਨਾਲ ਪੈਂਟ ਦੇ ਵਿੱਚ ਇਕੱਠੀ ਕਰ ਦਿੱਤੀ ਤੇ ਉਹ ਸਕੂਲ ਚਲਾ ਆਇਆ।

ਉਸ ਦਾ ਸਕੂਲ ਵਿੱਚ ਪਹਿਲਾ ਦਿਨ ਸੀ। ਉਸ ਦੇ ਸਕੂਲ ਵਿੱਚ ਨਵੇਂ-ਨਵੇਂ ਦੋਸਤ ਬਣੇ। ਉਸ ਦੇ ਦੋਸਤਾਂ ਨੂੰ ਵੀ ਨਹੀਂ ਪਤਾ ਸੀ ਕਿ ਇਸ ਦੇ ਪੂਛ ਹੈ। ਜਦੋਂ ਉਸ ਦੇ ਦੋਸਤਾਂ ਨੂੰ ਪਤਾ ਲੱਗਿਆ ਕਿ ਸਾਡੇ ਨਵੇਂ ਦੋਸਤ ਦੇ ਪੂਛ ਹੈ। ਪੂਛ ਵਾਲੇ ਮੁੰਡੇ ਨੇ ਉਹਨਾਂ ਨੂੰ ਆਪਣੀ ਪੂਛ ਦਿਖਾਈ। ਉਸ ਦੇ ਦੋਸਤ ਵੀ ਖੁਸ਼ ਹੋ ਗਏ। ਫਿਰ ਉਹ ਉਸ ਦੀ ਪੂਛ ਨਾਲ ਖੇਡਦੇ ਤੇ ਅੰਬ ਵੀ ਤੋੜ ਕੇ ਖਾਂਦੇ। ਉਹ ਆਪਣੀ ਜਮਾਤ ਵੀ ਸਾਫ ਕਰਦੇ। ਇਸ ਤਰ੍ਹਾਂ ਉਹ ਦਿਨਾਂ ਵਿੱਚ ਪੱਕੇ ਦੋਸਤ ਬਣ ਗਏ।


**—ਗੁਰਜਿੰਦਰ ਸਿੰਘ,**
**ਜਮਾਤ ਪੰਜਵੀਂ, ਸ ਐ ਸਕੂਲ ਅਸਰਪੁਰ, ਪਟਿਆਲਾ**



ਕਿਰਨਾ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ



ਹਾਦੀਆ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ



ਜਸਕਰਨ ਸਿੰਘ, ਚੌਥੀ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ



ਸ਼ਗਨ ਕੌਰ, ਚੌਥੀ, ਸਰਕਾਰੀ ਪ੍ਰਾਇਮਰੀ ਸਕੂਲ, ਉਡਤ ਭਗਤ ਰਾਮ

### ਫੁੱਲ ਨਾ ਤੋੜੋ

ਫੁੱਲ ਨਾ ਤੋੜੋ, ਤੁਸੀਂ ਫੁੱਲ ਨਾ ਤੋੜੋ।
ਬੱਚਿਓ ਕਦੇ ਵੀ ਫੁੱਲ ਨਾ ਤੋੜੋ।
ਟਾਹਣੀ ਇਨ੍ਹਾਂ ਦੀ ਮਾਂ ਹੁੰਦੀ ਹੈ,
ਮਾਂ ਨਾਲੋਂ ਨਾ ਇਸ ਨੂੰ ਵਿਛੋੜੋ।
ਫੁੱਲ ਨਾ ਤੋੜੋ----------।
ਸੋਹਣੇ-ਸੋਹਣੇ ਅਤੇ ਰੰਗ ਬਿਰੰਗੇ,
ਦੀਪ ਹੋਣ ਜਿਉਂ ਟਾਹਣੀ ਟੰਗੇ।
ਫੁੱਲ ਤੋੜਨਾ ਮਾੜੀ ਆਦਤ,
ਅੱਜ ਹੀ ਇਹ ਆਦਤ ਛੋੜੋ।
ਫੁੱਲ ਨਾ ਤੋੜੋ---------।
ਚਾਰੇ ਪਾਸੇ ਮਹਿਕ ਬਿਖੇਰੀ,
ਭੇਦਭਾਵ ਨਾ ਤੇਰੀ-ਮੇਰੀ।
ਭੇਦਭਾਵ ਹੈ ਮਾੜੀ ਆਦਤ,
ਤੁਸੀਂ ਵੀ ਭੇਦਭਾਵ ਨੂੰ ਛੋੜੋ।
ਫੁੱਲ ਨਾ ਤੋੜੋ---------।
ਰਾਵਿੰਦਰ ਅੰਕਲ ਤੁਹਾਨੂੰ ਹੈ ਕਹਿੰਦਾ,
ਸੋਹਣੇ ਫੁੱਲਾਂ ਵਿੱਚ ਰੱਬ ਹੈ ਰਹਿੰਦਾ।
ਰੱਬ ਸੋਡੇ ਨਾਲ ਹੋ ਜਾਊ ਗੁੱਸੇ,
ਤੋੜ ਫੁੱਲ ਮਾਲਾ ਵਿੱਚ ਨਾ ਜੋੜੋ।
ਫੁੱਲ ਨਾ ਤੋੜੋ, ਤੁਸੀਂ ਫੁੱਲ ਨਾ ਤੋੜੋ।
ਬੱਚਿਓ ਕਦੇ ਵੀ ਫੁੱਲ ਨਾ ਤੋੜੋ॥

**— ਰਾਵਿੰਦਰ ਫ਼ਫ਼ੜੇ**
**ਮੋਬਾ. 98156-80980**

